ਐਤਵਾਰ, 20 ਅਕਤੂਬਰ, 2024
4 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 140

# ਨਵਾਂ ਜ਼ਮਾਨਾ

DAILY NAWAN ZAMANA • SUNDAY, 20 OCTOBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਜਹਾਜ਼ ਉਡਾਉਣ ਦੀਆਂ ਇੱਕ ਦਿਨ 'ਚ 30 ਤੋਂ ਵੱਧ ਧਮਕੀਆਂ



**ਨਵੀਂ ਦਿੱਲੀ** : ਭਾਰਤੀ ਏਅਰਲਾਈਨਾਂ ਦੇ 30 ਤੋਂ ਵੱਧ ਜਹਾਜ਼ਾਂ ਨੂੰ ਸ਼ਨੀਵਾਰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ। ਇਨ੍ਹਾਂ 'ਚ ਇੰਡੀਗੋ, ਏਅਰ ਇੰਡੀਆ, ਅਕਾਸਾ, ਵਿਸਤਾਰਾ, ਸਪਾਈਸ ਜੈੱਟ, ਸਟਾਰ ਏਅਰ ਤੇ ਅਲਾਇੰਸ ਏਅਰ ਸ਼ਾਮਲ ਕੰਪਨੀਆਂ ਦੇ ਜਹਾਜ਼ ਸ਼ਾਮਲ ਸਨ। ਪਿਛਲੇ ਇੱਕ ਹਫਤੇ 'ਚ 70 ਤੋਂ ਵੱਧ ਜਹਾਜ਼ਾਂ ਨੂੰ ਧਮਕੀਆਂ ਮਿਲ ਚੁੱਕੀਆਂ ਹਨ। ਇਹ ਸਾਰੀਆਂ ਝੂਠੀਆਂ ਨਿਕਲੀਆਂ ਹਨ, ਪਰ ਇਨ੍ਹਾਂ ਨੇ 80 ਕਰੋੜ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ।

## ਬੱਸ ਖੱਡ 'ਚ



**ਚੰਡੀਗੜ੍ਹ** : ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ 'ਚ ਸਨਿੱਚਰਵਾਰ 45 ਵਿਦਿਆਰਥੀਆਂ ਨੂੰ ਪਿਕਨਿਕ 'ਤੇ ਲੈ ਕੇ ਜਾ ਰਹੀ ਬੱਸ ਖੱਡ 'ਚ ਡਿੱਗਣ ਕਾਰਨ ਡਰਾਈਵਰ ਤੇ ਦੋ ਬੱਚੇ ਜ਼ਖਮੀ ਹੋ ਗਏ। ਮੋਰਨੀ ਦੇ ਟਿੱਕਰ ਤਾਲ ਨੇੜੇ ਇਹ ਹਾਦਸਾ ਵਾਪਰਿਆ।

## ਜ਼ਿਮਨੀ ਚੋਣਾਂ ਅੱਗੇ ਪਾਈਆਂ ਜਾਣ : ਬਾਜਵਾ

**ਚੰਡੀਗੜ੍ਹ** : ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ 15 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਪੰਜਾਬ 'ਚ 13 ਨਵੰਬਰ ਨੂੰ ਵਿਧਾਨ ਸਭਾ ਦੇ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਨੂੰ ਮੁਲਤਵੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਪ੍ਰਕਾਸ਼ ਦਿਹਾੜੇ ਦੇ ਸਮਾਗਮ 13 ਨਵੰਬਰ ਤੋਂ ਸ਼ੁਰੂ ਹੋ ਕੇ ਤਿੰਨ ਦਿਨਾਂ ਤੱਕ ਚੱਲਣਗੇ ਅਤੇ ਇਸ ਨਾਲ ਵੋਟਰਾਂ ਦੀ ਗਿਣਤੀ ਪ੍ਰਭਾਵਤ ਹੋ ਸਕਦੀ ਹੈ।

# ਮੁੱਖ ਮੰਤਰੀ ਦੇ ਭਰੋਸੇ ਤੋਂ ਬਾਅਦ ਪ੍ਰੋਟੈਸਟ ਖਤਮ

## ਚਾਰ ਦਿਨਾਂ 'ਚ ਝੋਨੇ ਦੀ ਨਿਰਵਿਘਨ ਖਰੀਦ ਤੇ ਲਿਫਟਿੰਗ ਨਾ ਹੋਈ ਤਾਂ ਕਿਸਾਨ ਫਿਰ ਅੰਦੋਲਨ ਕਰਨਗੇ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨਾਲ ਸ਼ਨੀਵਾਰ ਸ਼ਾਮ ਮੀਟਿੰਗ 'ਚ ਮੰਗਾਂ ਮੰਨੇ ਜਾਣ ਦਾ ਭਰੋਸਾ ਮਿਲਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ, ਆੜ੍ਹਤੀਆਂ ਤੇ ਰਾਈਸ ਮਿਲਰਾਂ ਨੇ ਝੋਨੇ ਦੀ ਸੁਸਤ ਖਰੀਦ ਵਿਰੁੱਧ ਪ੍ਰੋਟੈਸਟ ਖਤਮ ਕਰ ਦਿੱਤਾ। ਮੁੱਖ ਮੰਤਰੀ ਨੇ ਇਨ੍ਹਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਮੀਟਿੰਗ ਲਈ ਸ਼ੁੱਕਰਵਾਰ ਸੱਦਾ ਦਿੱਤਾ ਸੀ। ਮੀਟਿੰਗ ਤੋਂ ਬਾਅਦ ਪ੍ਰੋਟੈਸਟ ਖਤਮ ਕਰਨ ਦਾ ਐਲਾਨ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕੀਤਾ। ਮੁੱਖ ਮੰਤਰੀ ਨਾਲ ਮੀਟਿੰਗ ਲਈ ਜਾਣ ਤੋਂ ਪਹਿਲਾਂ ਨੁਮਾਇੰਦਿਆਂ ਨੇ ਕਿਸਾਨ ਭਵਨ ਵਿਚ ਦੋ ਘੰਟੇ ਮੀਟਿੰਗ ਕੀਤੀ।



ਕਿਸਾਨ ਮੋਰਚੇ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਨੇ 2 ਦਿਨ ਦਾ ਸਮਾਂ ਮੰਗਿਆ ਤੇ ਕਿਹਾ ਕਿ 2 ਦਿਨਾਂ ਦੇ ਅੰਦਰ-ਅੰਦਰ ਮੰਡੀਆਂ 'ਚ ਝੋਨੇ ਦੀ ਨਿਰਵਿਘਨ ਖਰੀਦ ਤੇ ਲਿਫਟਿੰਗ ਦਾ ਕੰਮ ਸ਼ੁਰੂ ਹੋ ਜਾਵੇਗਾ, ਜਿਸ ਕਾਰਨ ਮੋਰਚੇ ਨੇ ਧਰਨਾ ਖਤਮ ਕਰਨ ਦਾ ਫੈਸਲਾ ਕੀਤਾ। ਉਨ੍ਹਾ ਕਿਹਾ—ਸਾਡੇ ਤੋਂ ਮੁੱਖ ਮੰਤਰੀ ਨੇ 2 ਦਿਨ ਮੰਗੇ ਹਨ, ਪਰ ਅਸੀਂ ਸਰਕਾਰ ਨੂੰ 4 ਦਿਨ ਦੇ ਰਹੇ ਹਾਂ, ਜੇ ਫਿਰ ਵੀ ਇਹ ਕੰਮ ਸ਼ੁਰੂ ਨਾ ਹੋਇਆ ਤਾਂ ਅਸੀਂ 4 ਦਿਨ ਬਾਅਦ ਧਰਨਾ ਫਿਰ ਸ਼ੁਰੂ ਕਰ ਦੇਵਾਂਗੇ।

ਮਾਨ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਇਸ ਸਾਲ 18.05 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਣ ਦੀ ਉਮੀਦ ਹੈ, ਜਿਸ ਲਈ ਸੂਬੇ ਭਰ 'ਚ 2651 ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਮੰਡੀਆਂ 'ਚ ਝੋਨੇ ਦੀ ਜਬਰੀ ਵਿਕਰੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ 16.35 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਕਿਸਾਨਾਂ ਨੂੰ 3000 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਮੁੱਖ ਮੰਤਰੀ ਹਾਊਸ ਦਾ ਘਿਰਾਓ ਕਰਨ ਲਈ ਕਿਸਾਨ, ਆੜ੍ਹਤੀ ਤੇ ਰਾਈਸ ਮਿਲਰ ਵੱਡੀ ਗਿਣਤੀ 'ਚ ਕਿਸਾਨ ਭਵਨ ਪੁੱਜ ਗਏ ਸਨ। ਇਸ ਮਗਰੋਂ ਪੁਲਸ ਨੇ ਕਿਸਾਨ ਭਵਨ ਦੇ ਗੇਟ ਬੰਦ ਕਰ ਦਿੱਤੇ ਤੇ ਕਿਸਾਨਾਂ ਨੇ ਉਥੇ ਹੀ ਪੱਕਾ ਮੋਰਚਾ ਲਗਾ ਲਿਆ ਸੀ। ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ ਡੀ ਜੀ ਪੀ ਗੌਰਵ ਯਾਦਵ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਇੱਕ ਉਮੀਦਵਾਰ ਰਹਿ ਜਾਣ 'ਤੇ ਨੋਟਾ ਦਾ ਵਿਕਲਪ ਬੇਤੁਕਾ : ਹਾਈ ਕੋਰਟ

**ਚੰਡੀਗੜ੍ਹ** : ਪੰਜਾਬ 'ਚ ਪੰਚਾਇਤ ਚੋਣਾਂ ਨੂੰ ਲੈ ਕੇ 888 ਪਟੀਸ਼ਨਾਂ 'ਤੇ ਆਪਣੀ 129 ਸਫਿਆਂ ਦੀ ਰੂਲਿੰਗ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੋ ਅਹਿਮ ਕਾਨੂੰਨੀ ਨੁਕਤੇ ਸਪੱਸ਼ਟ ਕੀਤੇ ਹਨ। ਪਹਿਲਾ ਇਹ ਕਿ ਨਾਮਜ਼ਦਗੀ ਕਾਗਜ਼ ਰੱਦ ਹੋਣ ਨੂੰ ਚਲਦੀ ਚੋਣ ਪ੍ਰਕਿਰਿਆ ਵਿਚ ਚੈਲੰਜ ਨਹੀਂ ਕੀਤਾ ਜਾ ਸਕਦਾ ਅਤੇ ਦੂਜਾ ਇਹ ਕਿ ਜੇ ਮੁਕਾਬਲੇ 'ਚ ਇਕ ਉਮੀਦਵਾਰ ਹੈ ਤਾਂ ਨੋਟਾ ਦੇ ਵਿਕਲਪ ਦੀ ਵਰਤੋਂ ਦੀ ਕੋਈ ਤੁੱਕ ਨਹੀਂ।

ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਸੁਦੀਪਤੀ ਸ਼ਰਮਾ ਦੀ ਬੈਂਚ ਨੇ ਕਿਹਾ ਕਿ ਨਾਮਜ਼ਦਗੀ ਕਾਗਜ਼ ਰੱਦ ਕੀਤੇ ਜਾਣ ਬਾਰੇ ਕੋਈ ਵੀ ਸ਼ਿਕਾਇਤ ਚੋਣ ਮੁਕੰਮਲ ਹੋਣ ਤੋਂ ਬਾਅਦ ਇਲੈਕਸ਼ਨ ਟ੍ਰਿਬਿਊਨਲ ਅੱਗੇ ਚੋਣ ਪਟੀਸ਼ਨ ਦੀ ਸ਼ਕਲ 'ਚ ਕੀਤੀ ਜਾ ਸਕਦੀ ਹੈ। ਉਨ੍ਹਾਂ ਇਸ ਲਈ ਸੁਪਰੀਮ ਕੋਰਟ ਦੇ ਐੱਨ ਪੀ ਪੋਨੂੰਸਵਾਮੀ ਕੇਸ ਬਾਰੇ ਫੈਸਲੇ ਦਾ ਹਵਾਲਾ ਦਿੱਤਾ ਹੈ, ਜਿਸ ਮੁਤਾਬਕ ਚੋਣਾਂ ਦੌਰਾਨ ਪੈਦਾ ਹੋਣ ਵਾਲੇ ਝਗੜੇ ਵਿਚ ਦਖਲ ਦਿੱਤੇ ਬਿਨਾਂ ਚੋਣ ਪ੍ਰਕਿਰਿਆ ਪੂਰੀ ਕੀਤੀ ਜਾਣੀ ਚਾਹੀਦੀ ਹੈ। ਪ੍ਰਭਾਵਤ ਧਿਰਾਂ ਨਤੀਜਾ ਨਿਕਲਣ ਤੋਂ ਬਾਅਦ ਨਾਮਜ਼ਦਗੀ ਕਾਗਜ਼ ਰੱਦ ਹੋਣ ਸਮੇਤ ਹੋਰਨਾਂ ਬੇਨੇਮੀਆਂ ਬਾਰੇ ਇਲੈਕਸ਼ਨ ਟ੍ਰਿਬਿਊਨਲ ਕੋਲ ਪਹੁੰਚ ਕਰ ਸਕਦੀਆਂ ਹਨ। ਬੈਂਚ ਨੇ ਕਿਹਾ ਕਿ ਚੋਣ ਪ੍ਰਕਿਰਿਆ ਦੌਰਾਨ ਗਲਤ ਢੰਗ ਨਾਲ ਨਾਮਜ਼ਦਗੀ ਕਾਗਜ਼ ਰੱਦ ਕਰਨਾ ਅਜਿਹਾ ਝਗੜਾ ਨਹੀਂ, ਜਿਹੜਾ ਇਸ ਪੜਾਅ 'ਤੇ ਹਾਈ ਕੋਰਟ ਵਿਚ ਉਠਾਇਆ ਜਾਵੇ, ਇਸ ਦਾ ਇਲਾਜ ਨਤੀਜੇ ਤੋਂ ਬਾਅਦ ਇਲੈਕਸ਼ਨ ਟ੍ਰਿਬਿਊਨਲ ਹੀ ਕਰ ਸਕਦਾ ਹੈ। ਨੋਟਾ ਦੇ ਸੰਬੰਧ 'ਚ ਹਾਈ ਕੋਰਟ ਨੇ ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਦੇ ਹਵਾਲੇ ਨਾਲ ਕਿਹਾ ਕਿ ਜਦੋਂ ਇਕ ਉਮੀਦਵਾਰ ਮੈਦਾਨ ਵਿਚ ਰਹਿ ਜਾਂਦਾ ਹੈ ਤਾਂ ਰਿਟਰਨਿੰਗ ਅਫਸਰ ਉਸ ਨੂੰ ਬਿਨਾਂ ਮੁਕਾਬਲਾ ਜੇਤੂ ਐਲਾਨਣ ਦਾ ਪਾਬੰਦ ਹੈ। ਇੱਥੇ ਨੋਟਾ ਦਾ ਵਿਕਲਪ ਬੇਤਕਾ ਰਹਿ ਜਾਂਦਾ ਹੈ। ਨੋਟਾ ਦੀ ਵਰਤੋਂ ਉਦੋਂ ਹੋ ਸਕਦੀ ਹੈ, ਜਦੋਂ ਮੁਕਾਬਲੇ ਵਿਚ ਦੋ ਜਾਂ ਵੱਧ ਉਮੀਦਵਾਰ ਹੋਣ।

## ਵਿਕਾਸ ਯਾਦਵ ਨੂੰ ਦਿੱਲੀ ਪੁਲਸ ਨੇ ਪਿਛਲੇ ਸਾਲ ਫੜਿਆ ਸੀ

**ਨਵੀਂ ਦਿੱਲੀ** : ਅਮਰੀਕੀ ਅਧਿਕਾਰੀਆਂ ਨੇ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਜਿਸ ਸਾਬਕਾ ਭਾਰਤੀ ਅਧਿਕਾਰੀ ਵਿਕਾਸ ਯਾਦਵ 'ਤੇ ਦੋਸ਼ ਲਾਇਆ ਹੈ, ਉਸ ਨੂੰ ਦਿੱਲੀ ਪੁਲਸ ਨੇ ਰੋਹਿਣੀ ਦੇ ਵਪਾਰੀ ਨੂੰ ਅਗਵਾ ਕਰਨ ਤੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਾਂਅ 'ਤੇ ਪੈਸੇ ਮੰਗਣ ਦੇ ਦੋਸ਼ 'ਚ ਪਿਛਲੇ ਸਾਲ 18 ਦਸੰਬਰ ਨੂੰ ਗ੍ਰਿਫਤਾਰ ਕੀਤਾ ਸੀ। ਉਸ ਨੂੰ ਅਪਰੈਲ 'ਚ ਜ਼ਮਾਨਤ ਮਿਲ ਗਈ ਸੀ। ਹੁਣ ਪਤਾ ਨਹੀਂ ਕਿ ਯਾਦਵ ਕਿੱਥੇ ਹੈ।

## ਰਹਾਟਕਰ ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ



**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਵਿਜਯਾ ਕਿਸ਼ੋਰ ਰਹਾਟਕਰ ਨੂੰ ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਬਣਾਇਆ ਹੈ। ਸਰਕਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਇਹ ਨਿਯੁਕਤੀ ਤਿੰਨ ਸਾਲ ਜਾਂ ਰਹਾਟਕਰ ਦੇ 65 ਸਾਲ ਦੇ ਹੋਣ (ਦੋਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ) ਤੱਕ ਲਈ ਹੋਵੇਗੀ। ਰਹਾਟਕਰ ਤੋਂ ਇਲਾਵਾ ਸਰਕਾਰ ਨੇ ਡਾ. ਅਰਚਨਾ ਮਜੂਮਦਾਰ ਨੂੰ ਤਿੰਨ ਸਾਲ ਦੇ ਕਾਰਜਕਾਲ ਲਈ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਹੈ।

## ਛੱਤੀਸਗੜ੍ਹ 'ਚ ਦੋ ਜਵਾਨ ਸ਼ਹੀਦ

**ਨਾਰਾਇਣਪੁਰ** : ਛੱਤੀਸਗੜ੍ਹ ਦੇ ਨਕਸਲ ਪ੍ਰਭਾਵਤ ਨਾਰਾਇਣਪੁਰ ਜ਼ਿਲ੍ਹੇ 'ਚ ਨਕਸਲੀਆਂ ਵੱਲੋਂ ਸ਼ਨੀਵਾਰ ਬਾਰੂਦੀ ਸੁਰੰਗ ਧਮਾਕਾ ਕਰਨ ਨਾਲ ਇੰਡੋ-ਤਿੱਬਤਨ ਬਾਰਡਰ ਪੁਲਸ ਦੇ ਦੋ ਜਵਾਨ ਸ਼ਹੀਦ ਹੋ ਗਏ, ਜਦਕਿ ਪੁਲਸ ਦੇ ਦੋ ਜਵਾਨ ਜ਼ਖਮੀ ਹੋ ਗਏ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਕੋਡਲੀਅਰ ਪਿੰਡ ਨੇੜੇ ਇਕ ਜੰਗਲ 'ਚ ਇਹ ਧਮਾਕਾ ਹੋਇਆ, ਜਿਸ 'ਚ ਆਈ ਟੀ ਬੀ ਪੀ ਦੀ 53ਵੀਂ ਬਟਾਲੀਅਨ ਦੇ ਦੋ ਜਵਾਨ ਅਮਰ ਪਨਵਾਰ (36) ਅਤੇ ਕੇ. ਰਾਜੇਸ਼ (36) ਸ਼ਹੀਦ ਹੋ ਗਏ।

## ਭਾਰਤ ਨੇ ਜਾਪਾਨ ਨੂੰ 4-2 ਨਾਲ ਹਰਾਇਆ

**ਜੋਹੋਰ (ਮਲੇਸ਼ੀਆ)** : ਭਾਰਤੀ ਜੂਨੀਅਰ ਪੁਰਸ਼ ਹਾਕੀ ਟੀਮ ਨੇ ਸ਼ਨੀਵਾਰ ਇੱਥੇ ਜਾਪਾਨ ਨੂੰ 4-2 ਨਾਲ ਹਰਾ ਕੇ ਸੁਲਤਾਨ ਜੋਹੋਰ ਕੱਪ ਵਿੱਚ ਸ਼ਾਨਦਾਰ ਸ਼ੁਰੂਆਤ ਕੀਤੀ। ਭਾਰਤ ਲਈ ਆਮਿਰ ਅਲੀ (12ਵੇਂ ਮਿੰਟ), ਗੁਰਜੋਤ ਸਿੰਘ (36ਵੇਂ), ਆਨੰਦ ਸੌਰਭ ਕੁਸ਼ਵਾਹਾ (44ਵੇਂ) ਅਤੇ ਅੰਕਿਤ ਪਾਲ (47ਵੇਂ) ਨੇ, ਜਦਕਿ ਜਾਪਾਨ ਲਈ ਤਸੂਬਾਸ਼ਾ ਤਨਾਕਾ (26ਵੇਂ) ਅਤੇ ਰਾਕੁਸ਼ੀ ਯਾਮਾਨਾਕਾ (57ਵੇਂ) ਨੇ ਗੋਲ ਕੀਤੇ। ਭਾਰਤ ਦੇ ਸਾਬਕਾ ਗੋਲਕੀਪਰ ਅਤੇ ਜੂਨੀਅਰ ਟੀਮ ਦੇ ਕੋਚ ਪੀ ਆਰ ਸ੍ਰੀਜੇਸ਼ ਆਪਣੇ ਖਿਡਾਰੀਆਂ ਦੇ ਪ੍ਰਦਰਸ਼ਨ ਤੋਂ ਬੇਹੱਦ ਸੰਤੁਸ਼ਟ ਨਜ਼ਰ ਆ ਰਹੇ ਸਨ। ਭਾਰਤ ਨੇ ਹਮਲਾਵਰ ਖੇਡ ਦਿਖਾਈ ਅਤੇ ਉਹ ਸ਼ੁਰੂ ਤੋਂ ਹੀ ਗੋਲ ਕਰਨ ਦੇ ਮੌਕੇ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ।

## ਨੇਤਨਯਾਹੂ ਦੀ ਰਿਹਾਇਸ਼ ਕੋਲ ਡਰੋਨ ਹਮਲਾ

**ਯੇਰੂਸ਼ਲਮ** : ਹਿਜ਼ਬੁੱਲ੍ਹਾ ਨੇ ਸ਼ਨੀਵਾਰ ਸਵੇਰੇ ਤੇਲ ਅਵੀਵ ਦੇ ਉੱਤਰ 'ਚ ਪੈਂਦੇ ਕਸਬਾ ਸੈਸਰੀਆ ਵਿਖੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਨਿੱਜੀ ਰਿਹਾਇਸ਼ 'ਤੇ ਡਰੋਨ ਨਾਲ ਹਮਲਾ ਕੀਤਾ। ਪ੍ਰਧਾਨ ਮੰਤਰੀ ਦੇ ਤਰਜਮਾਨ ਨੇ ਦੱਸਿਆ ਕਿ ਉਸ ਵੇਲੇ ਨੇਤਨਯਾਹੂ ਤੇ ਉਨ੍ਹਾ ਦੀ ਪਤਨੀ ਘਰ 'ਚ ਨਹੀਂ ਸਨ। ਇਜ਼ਰਾਈਲੀ ਸੁਰੱਖਿਆ ਏਜੰਸੀਆਂ ਨੇ ਇਸ ਹਮਲੇ ਨੂੰ ਗੰਭੀਰਤਾ ਨਾਲ ਲਿਆ ਹੈ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਏਜੰਸੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਦੀ ਹਵਾਈ ਰੱਖਿਆ ਪ੍ਰਣਾਲੀ ਡਰੋਨ ਹਮਲੇ ਨੂੰ ਰੋਕਣ 'ਚ ਅਸਫਲ ਰਹੀ ਹੈ। ਹਾਲਾਂਕਿ ਤਿੰਨ ਡਰੋਨ ਹਮਲਿਆਂ ਵਿੱਚੋਂ ਦੋ ਨੂੰ ਰੋਕ ਦਿੱਤਾ ਗਿਆ ਸੀ, ਪਰ ਇੱਕ ਡਰੋਨ ਸੈਸਰੀਆ 'ਚ ਇੱਕ ਘਰ ਨੂੰ ਮਾਰ ਕਰ ਗਿਆ। ਚਸ਼ਮਦੀਦਾਂ ਨੇ ਦੱਸਿਆ ਕਿ ਡਰੋਨ ਦੇ ਘਰ ਨਾਲ ਟਕਰਾਉਣ ਤੋਂ ਬਾਅਦ ਜ਼ਬਰਦਸਤ ਧਮਾਕਾ ਹੋਇਆ। ਕੋਈ ਜਾਨੀ ਨੁਕਸਾਨ ਨਹੀਂ ਹੋਇਆ।



## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਨਿਰਮਲ ਕੁਮਾਰ ਫਿਲੌਰ 98147-04346


ਰਾਜੀਵ ਗੋਇਲ ਭਗਤਾ ਭਾਈਕਾ 92179-00426


ਰਮੇਸ਼ ਕਟਾਰੀਆ ਰਾਜਪੁਰਾ 99880-13675


ਸੁਖਵਿੰਦਰ ਸਫਰੀ ਟੂਟੋਮਜਾਰਾ 99158-16713


ਰਮਨ ਚੱਢਾ ਚੋਹਲਾ ਸਾਹਿਬ 98722-26721


ਇਕਬਾਲ ਸਿੰਘ ਮੋਗਾ 97798-39323


ਅਮਿਤ ਖੰਨਾ ਜਗਰਾਓਂ 99140-20819


ਸੰਜੀਵ ਅਰੋੜਾ ਜਗਰਾਓਂ 98145-56990


ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ) 94176-12036


ਇਕਬਾਲ ਸਿੰਘ ਸਮਾਣਾ 98550-29206


ਮੱਖਣ ਮਨੋਜ ਝਬਾਲ 88726-19500


ਗੁਰਪ੍ਰੀਤ ਭੋਗਲ ਭੋਗਪੁਰ 94636-82748

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

## 81 'ਚੋਂ 70 ਸੀਟਾਂ ਕਾਂਗਰਸ ਤੇ ਝਾਰਖੰਡ ਮੁਕਤੀ ਮੋਰਚਾ ਲੜਨਗੇ

### ਬਾਕੀ 11 ਸੀਟਾਂ ਰਾਜਦ ਤੇ ਖੱਬੀਆਂ ਪਾਰਟੀਆਂ ਲਈ ਛੱਡੀਆਂ



**ਰਾਂਚੀ** : ਝਾਰਖੰਡ ਅਸੰਬਲੀ ਲਈ 13 ਨਵੰਬਰ ਤੇ 20 ਨਵੰਬਰ ਨੂੰ ਹੋ ਰਹੀਆਂ ਚੋਣਾਂ 'ਇੰਡੀਆ' ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਮਿਲ ਕੇ ਲੜਨਗੀਆਂ। ਝਾਰਖੰਡ ਮੁਕਤੀ ਮੋਰਚਾ ਦੇ ਪ੍ਰਧਾਨ ਤੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਭਾਈਵਾਲਾਂ ਨਾਲ ਮੀਟਿੰਗ ਤੋਂ ਬਾਅਦ ਦੱਸਿਆ ਕਿ 81 ਵਿੱਚੋਂ 70 ਸੀਟਾਂ ਕਾਂਗਰਸ ਤੇ ਝਾਰਖੰਡ ਮੁਕਤੀ ਮੋਰਚਾ ਲੜਨਗੇ। ਬਾਕੀ 11 ਸੀਟਾਂ ਰਾਜਦ ਤੇ ਖੱਬੀਆਂ ਪਾਰਟੀਆਂ ਲੜਨਗੀਆਂ।

ਇਸ ਤੋਂ ਪਹਿਲਾਂ ਐੱਨ ਡੀ ਏ ਨੇ ਐਲਾਨਿਆ ਸੀ ਕਿ ਭਾਜਪਾ 68, ਆਲ ਝਾਰਖੰਡ ਸਟੂਡੈਂਟਸ ਯੂਨੀਅਨ 10, ਜਨਤਾ ਦਲ (ਯੂ) 2 ਤੇ ਲੋਕ ਜਨਸ਼ਕਤੀ ਪਾਰਟੀ ਇੱਕ ਸੀਟ ਲੜੇਗੀ।

## ਅਖਿਲੇਸ਼ ਨੇ ਮਹਾਰਾਸ਼ਟਰ 'ਚ 12 ਸੀਟਾਂ ਮੰਗੀਆਂ



**ਧੁਲੇ (ਮਹਾਰਾਸ਼ਟਰ)** : ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਸ਼ਨੀਵਾਰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਮਹਾਂ ਵਿਕਾਸ ਅਗਾੜੀ (ਐੱਮ ਵੀ ਏ) ਤੋਂ 12 ਸੀਟਾਂ ਮੰਗੀਆਂ ਹਨ। ਉੱਤਰ ਮਹਾਰਾਸ਼ਟਰ ਦੇ ਧੁਲੇ ਜ਼ਿਲ੍ਹੇ 'ਚ ਮੀਡੀਆ ਨਾਲ ਗੱਲਬਾਤ ਦੌਰਾਨ ਸਮਾਜਵਾਦੀ ਪਾਰਟੀ ਦੇ ਮੁਖੀ ਨੇ ਕਿਹਾ ਕਿ ਉਨ੍ਹਾ ਦੀ ਪਾਰਟੀ ਨੇ ਅਜਿਹੀਆਂ ਕੁਝ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨੇ ਹਨ, ਜਿੱਥੇ ਇਸ ਦੇ ਮੌਜੂਦਾ ਵਿਧਾਇਕ ਹਨ ਅਤੇ ਜਿੱਥੇ ਉਸ ਨੂੰ ਆਪਣੀ ਸਥਿਤੀ ਮਜ਼ਬੂਤ ਨਜ਼ਰ ਆ ਰਹੀ ਹੈ।

## ਜਮਨਾ ਮੈਲੀ ਹੋ ਗਈ...



ਨਵੀਂ ਦਿੱਲੀ : ਇੱਥੋਂ ਲੰਘਦੀ ਜਮਨਾ ਨਦੀ ਜ਼ਹਿਰੀਲੀ ਝੱਗ ਨਾਲ ਭਰ ਗਈ ਹੈ। ਨਵੰਬਰ 'ਚ ਛਟ ਵਰਗਾ ਵੱਡਾ ਤਿਉਹਾਰ ਹੈ। ਇਸ ਮੌਕੇ ਪੂਰਵਾਂਚਲ ਦੇ ਵੱਡੀ ਗਿਣਤੀ 'ਚ ਲੋਕ ਨਦੀ ਵਿਚ ਇਸ਼ਨਾਨ ਕਰਦੇ ਹਨ। ਸਰਕਾਰ ਜਮਨਾ ਨੂੰ ਸਾਫ ਕਰਨ ਲਈ ਹਰ ਸਾਲ ਕਰੋੜਾਂ ਰੁਪਏ ਖਰਚ ਕਰਦੀ ਹੈ, ਪਰ ਇਸ ਦਾ ਹਾਲ ਹਰ ਸਾਲ ਇਹੋ ਜਿਹਾ ਰਹਿੰਦਾ ਹੈ। ਚਿੱਤਰ 'ਚ ਕਾਲਿੰਦੀ ਕੁੰਜ ਵਿਖੇ ਜਮਨਾ ਵਿੱਚੋਂ ਕਿਸ਼ਤੀ ਲੰਘਾਉਂਦੇ ਮਲਾਹ।

## ਜੰਮੂ-ਕਸ਼ਮੀਰ ਦੇ ਦਰਜੇ ਬਾਰੇ ਮਤੇ ਨੂੰ ਉਪ ਰਾਜਪਾਲ ਦੀ ਮਨਜ਼ੂਰੀ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਮੰਤਰੀ ਮੰਡਲ ਦੇ ਉਸ ਮਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ 'ਚ ਕੇਂਦਰ ਸਰਕਾਰ ਨੂੰ ਜੰਮੂ-ਕਸ਼ਮੀਰ ਦਾ ਸੂਬੇ ਦਾ ਦਰਜਾ ਬਹਾਲ ਕਰਨ ਦੀ ਅਪੀਲ ਕੀਤੀ ਗਈ ਹੈ।

ਇਕ ਅਧਿਕਾਰਤ ਤਰਜਮਾਨ ਨੇ ਕਿਹਾ—ਵੀਰਵਾਰ ਨੂੰ ਅਬਦੁੱਲਾ ਦੀ ਪ੍ਰਧਾਨਗੀ 'ਚ ਹੋਈ ਕੈਬਨਿਟ ਦੀ ਮੀਟਿੰਗ 'ਚ ਸੂਬੇ ਦਾ ਮੂਲ ਦਰਜਾ ਬਹਾਲ ਕਰਨ ਦੇ ਮਤੇ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦਿੱਤੀ ਗਈ ਸੀ। ਤਰਜਮਾਨ ਨੇ ਵਿਸਥਾਰ 'ਚ ਜਾਣਕਾਰੀ ਦਿੱਤੇ ਬਿਨਾਂ ਕਿਹਾ ਕਿ ਉਪ ਰਾਜਪਾਲ ਨੇ ਮੰਤਰੀ ਮੰਡਲ ਦੇ ਮਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਤਰਜਮਾਨ ਨੇ ਕਿਹਾ ਕਿ ਸੂਬੇ ਦਾ ਦਰਜਾ ਬਹਾਲ ਕਰਨਾ ਸੁਧਾਰ ਪ੍ਰਕਿਰਿਆ ਦੀ ਇਕ ਸ਼ੁਰੂਆਤ ਹੋਵੇਗੀ, ਜਿਸ ਨਾਲ ਸੰਵਿਧਾਨਕ ਅਧਿਕਾਰ ਮੁੜ ਬਹਾਲ ਹੋਣਗੇ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਦੀ ਪਛਾਣ ਦੀ ਰੱਖਿਆ ਹੋਵੇਗੀ।

## 'ਮੇਲਾ ਗਦਰੀ ਬਾਬਿਆਂ ਦਾ' ਲਈ ਸਹਾਇਤਾ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਦੱਸਿਆ ਕਿ 7, 8 ਤੇ 9 ਨਵੰਬਰ ਨੂੰ ਹੋਣ ਵਾਲੇ ਮੇਲੇ 'ਚ ਲੰਗਰ ਤੇ ਬਾਕੀ ਪ੍ਰਬੰਧਾਂ ਵਾਸਤੇ ਲਗਾਤਾਰ ਆਰਥਕ ਮਦਦ ਆ ਰਹੀ ਹੈ।ਸ਼ਨੀਵਾਰ ਸੀ ਪੀ ਆਈ ਐੱਮ ਵੱਲੋਂ ਜਾਗਰਣ ਦੇ ਪੱਤਰਕਾਰ ਮਹਿੰਦਰ ਰਾਮ ਫੁਗਲਾਣਾ ਤੇ ਉੱਘੇ ਦੇਸ਼ ਭਗਤ ਭਾਈ ਛਾਂਗਾ ਬੱਬਰ ਦੇ ਪਰਵਾਰ ਵੱਲੋਂ ਐਡਵੋਕੇਟ ਕੇ. ਜਤਿੰਦਰ ਆਰਥਕ ਮਦਦ ਦੇ ਕੇ ਗਏ। ਕਮੇਟੀ ਧੰਨਵਾਦੀ ਹੈ।

## ਕੋਰੀਓਗ੍ਰਾਫਰ ਰੈਮੋ ਤੇ 6 ਹੋਰਨਾਂ ਖਿਲਾਫ ਧੋਖਾਧੜੀ ਦਾ ਕੇਸ



**ਠਾਣੇ** : ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ 'ਚ ਕੋਰੀਓਗ੍ਰਾਫਰ ਰੈਮੋ ਡਿਸੂਜ਼ਾ, ਉਸ ਦੀ ਪਤਨੀ ਅਤੇ ਪੰਜ ਹੋਰਨਾਂ ਖਿਲਾਫ ਇਕ ਨਾਚ ਮੰਡਲੀ ਨਾਲ 11.96 ਕਰੋੜ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ 26 ਸਾਲਾ ਡਾਂਸਰ ਦੀ ਸ਼ਿਕਾਇਤ 'ਤੇ 16 ਅਕਤੂਬਰ ਨੂੰ ਮੀਰਾ ਰੋਡ ਪੁਲਸ ਥਾਣੇ 'ਚ ਰੈਮੋ, ਉਸ ਦੀ ਪਤਨੀ ਲਿਜੈਲ ਅਤੇ ਪੰਜ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਐੱਫ ਆਈ ਆਰ ਮੁਤਾਬਕ ਸ਼ਿਕਾਇਤਕਰਤਾ ਤੇ ਉਸ ਦੇ ਸਾਥੀਆਂ ਨਾਲ 2018 ਤੋਂ ਜੁਲਾਈ 2024 ਵਿਚਾਲੇ ਕਥਿਤ ਤੌਰ 'ਤੇ ਧੋਖਾਧੜੀ ਕੀਤੀ ਗਈ। ਇਸ ਨਾਚ ਮੰਡਲੀ ਨੇ ਇਕ ਟੀ ਵੀ ਸ਼ੋਅ 'ਚ ਪੇਸ਼ਕਾਰੀ ਦਿੱਤੀ ਸੀ ਅਤੇ ਜਿੱਤ ਹਾਸਲ ਕੀਤੀ ਸੀ। ਐੱਫ ਆਈ ਆਰ 'ਚ ਦੋਸ਼ ਲਗਾਇਆ ਗਿਆ ਹੈ ਕਿ ਮੁਲਜ਼ਮਾਂ ਨੇ ਕਥਿਤ ਤੌਰ 'ਤੇ ਦਿਖਾਇਆ ਕਿ ਇਹ ਗਰੁੱਪ ਉਨ੍ਹਾਂ ਦਾ ਹੈ ਅਤੇ 11.96 ਕਰੋੜ ਰੁਪਏ ਦੀ ਪੁਰਸਕਾਰ ਰਾਸ਼ੀ ਹੜੱਪ ਲਈ।

## ਅੱਜ-ਨਾਮਾ

ਜੰਮੂ-ਕਸ਼ਮੀਰ ਵਿੱਚ ਨਵੀਂ ਸਰਕਾਰ ਆਈ,
ਆਉਂਦੇ ਸਾਰ ਸਰਗਰਮ ਫਿਰ ਹੋਈ ਮੀਆਂ।
ਪੂਰਨ ਰਾਜ ਲਈ ਲਿਆ ਫਿਰ ਮੰਗ ਦਰਜਾ,
ਜਿਹੜਾ ਖੁੱਸ ਗਿਆ, ਮੰਗਿਆ ਸੋਈ ਮੀਆਂ।
ਛਾਂਗ-ਛੰਗਾਈ ਇਹ ਜਿਨ੍ਹਾਂ ਸੀ ਆਪ ਕੀਤੀ,
ਅੱਜਕੱਲ੍ਹ ਕਰਦੇ ਵਿਰੋਧ ਨਹੀਂ ਕੋਈ ਮੀਆਂ।
ਦਿੱਸਦਾ ਇੰਜ ਕਿ ਲਾਏ ਕਈ ਦਾਗ ਜਿਹੜੇ,
ਖੁਦ ਹੀ ਦਾਗ ਉਹ ਜਾਣ ਫਿਰ ਧੋਈ ਮੀਆਂ।
ਆਪੇ ਜ਼ਖਮ ਦੇਣਾ, ਆਪੇ ਮਰਹਮ ਲਾਉਣਾ,
ਹੇਜਲੇ ਬਣਨ ਦਾ ਹੋਵੇ ਪਿਆ ਯਤਨ ਮੀਆਂ।
ਹੱਸਿਆ ਘੱਟ, ਪਰ ਚੀਕਦਾ ਬਹੁਤ ਰਹਿੰਦਾ,
ਇਹੋ ਜਿਹੇ ਹਾਲ ਦੇ ਵਿੱਚ ਹੈ ਵਤਨ ਮੀਆਂ।

-ਤੀਸ ਮਾਰ ਖਾਂ

## ਮਨੀਪੁਰ 'ਚ ਹਿੰਸਾ ਮੁੜ ਭੜਕੀ

**ਇੰਫਾਲ** : ਮਨੀਪੁਰ 'ਚ ਲੜਾਕਿਆਂ ਵੱਲੋਂ ਜਿਰੀਬਾਮ ਜ਼ਿਲ੍ਹੇ ਦੇ ਇਕ ਪਿੰਡ 'ਚ ਹਮਲਾ ਕਰਨ ਤੋਂ ਮਗਰੋਂ ਸਨਿੱਚਰਵਾਰ ਮੁੜ ਤੋਂ ਹਿੰਸਾ ਭੜਕ ਗਈ। ਲੜਾਕਿਆਂ ਨੇ ਆਧੁਨਿਕ ਹਥਿਆਰਾਂ ਨਾਲ ਬੋਰੋਬੇਕਰਾ ਪੁਲਸ ਥਾਣੇ ਅਧੀਨ ਆਉਣ ਵਾਲੇ ਪਿੰਡ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਬੰਬਾਰੀ ਵੀ ਕੀਤੀ। ਸੀ ਆਰ ਪੀ ਐੱਫ ਅਤੇ ਪੁਲਸ ਨੇ ਜਵਾਬੀ ਕਾਰਵਾਈ ਕੀਤੀ ਅਤੇ ਦੋਵੇਂ ਪਾਸਿਓਂ ਭਾਰੀ ਗੋਲੀਬਾਰੀ ਹੋਈ। ਇਕ ਅਧਿਕਾਰੀ ਨੇ ਦੱਸਿਆ ਕਿ ਘਟਨਾ ਸਥਾਨ 'ਤੇ ਵਾਧੂ ਸੁਰੱਖਿਆ ਬਲਾਂ ਨੂੰ ਭੇਜਿਆ ਜਾ ਰਿਹਾ ਹੈ। ਅਜੇ ਤੱਕ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ। ਮੁੜ ਤੋਂ ਹਿੰਸਾ ਸ਼ੁਰੂ ਹੋਣ 'ਤੇ ਸੁਰੱਖਿਆ ਬਲ ਬਜ਼ੁਰਗ ਲੋਕਾਂ, ਔਰਤਾਂ ਤੇ ਬੱਚਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾ ਰਹੇ ਹਾਂ। ਜਿਰੀਬਾਮ ਸ਼ਹਿਰ ਤੋਂ ਕਰੀਬ 30 ਕਿਲੋਮੀਟਰ ਦੂਰ ਬੋਰੋਬੇਕਰਾ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਪਹਾੜੀ ਖੇਤਰ ਹੈ। ਸੂਬੇ 'ਚ ਜਾਰੀ ਸੰਘਰਸ਼ ਦਾ ਸ਼ਾਂਤੀਪੂਰਨ ਹੱਲ ਕੱਢਣ ਲਈ ਸੰਘਰਸ਼ ਪ੍ਰਭਾਵਤ ਮੈਤੇਈ ਅਤੇ ਕੁੱਕੀ ਭਾਈਚਾਰਿਆਂ ਦੇ ਵਿਧਾਇਕਾਂ ਵਿਚਾਲੇ ਨਵੀਂ ਦਿੱਲੀ 'ਚ ਗੱਲਬਾਤ ਦੇ ਕੁਝ ਦਿਨ ਬਾਅਦ ਇਹ ਹਿੰਸਾ ਹੋਈ ਹੈ।

ਇਸੇ ਦੌਰਾਨ ਮਨੀਪੁਰ ਦੇ ਇੰਫਾਲ ਈਸਟ ਜ਼ਿਲ੍ਹੇ 'ਚ ਪੁਲਸ ਨੇ ਪਾਬੰਦੀਸ਼ੁਦਾ ਕਾਂਗਲੇਈਪਾਕ ਕਮਿਊਨਿਸਟ ਪਾਰਟੀ (ਪੀਪਲਜ਼ ਵਾਰ ਗਰੁੱਪ) ਦੇ ਮੁਤੁਮ ਇਲਾਓ ਸਿੰਘ (31) ਅਤੇ ਖਵੈਰਾਕਪਾਮ ਰਾਜੇਨ ਸਿੰਘ (25) ਨੂੰ ਗ੍ਰਿਫਤਾਰ ਹੈ। ਉਨ੍ਹਾਂ ਨੂੰ ਵਸੂਲੀ ਤੇ ਹੋਰ ਨੁਕਸਾਨਦਾਇਕ ਗਤੀਵਿਧੀਆਂ ਦੇ ਦੋਸ਼ਾਂ 'ਚ ਸ਼ੁੱਕਰਵਾਰ ਪੁਰੇਰੋਂਬੋ ਖੋਂਗਨਾਂਗਖੋਂਗ ਇਲਾਕੇ ਤੋਂ ਗ੍ਰਿਫਤਾਰ ਕੀਤਾ ਗਿਆ।

## ਬਾਬਾ ਸਿੱਦੀਕੀ ਦੇ ਹਮਲਾਵਰਾਂ ਦੇ ਫੋਨ 'ਚੋਂ ਬੇਟੇ ਦੀ ਫੋਟੋ ਮਿਲੀ



**ਮੁੰਬਈ** : ਐੱਨ ਸੀ ਪੀ ਨੇਤਾ ਬਾਬਾ ਸਿੱਦੀਕੀ ਕਤਲ ਮਾਮਲੇ ਵਿਚ ਮੁੰਬਈ ਪੁਲਸ ਨੇ ਸਨਿੱਚਰਵਾਰ ਦੱਸਿਆ ਕਿ ਉਸ ਦੇ ਪੁੱਤਰ ਜੀਸ਼ਾਨ ਸਿੱਦੀਕੀ ਦੀ ਫੋਟੋ ਇੱਕ ਮੁਲਜ਼ਮ ਦੇ ਫੋਨ ਵਿੱਚੋਂ ਮਿਲੀ ਹੈ। ਇਹ ਤਸਵੀਰ ਮੁਲਜ਼ਮਾਂ ਨਾਲ ਉਨ੍ਹਾਂ ਦੇ ਹੈਂਡਲਰ ਨੇ ਸਨੈਪਚੈਟ ਰਾਹੀਂ ਸਾਂਝੀ ਕੀਤੀ ਸੀ। ਪੁਲਸ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸ਼ੂਟਰਾਂ ਅਤੇ ਸਾਜ਼ਿਸ਼ਕਰਤਾਵਾਂ ਨੇ ਸਨੈਪਚੈਟ ਦੀ ਵਰਤੋਂ ਜਾਣਕਾਰੀ ਸਾਂਝੀ ਕਰਨ ਲਈ ਕੀਤੀ। ਮੁੰਬਈ ਕ੍ਰਾਈਮ ਬ੍ਰਾਂਚ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਰਾਮ ਕਨੌਂਜੀਆ ਨੇ ਪੁੱਛ-ਗਿੱਛ ਦੌਰਾਨ ਖੁਲਾਸਾ ਕੀਤਾ ਕਿ ਉਹ ਪਹਿਲਾ ਵਿਅਕਤੀ ਸੀ, ਜਿਸ ਨੂੰ ਐੱਨ ਸੀ ਪੀ ਨੇਤਾ ਦੀ ਹੱਤਿਆ ਦੀ ਸੁਪਾਰੀ ਦਿੱਤੀ ਗਈ ਸੀ ਅਤੇ ਉਸ ਨੇ ਪਹਿਲਾਂ ਇਕ ਕਰੋੜ ਰੁਪਏ ਦੀ ਮੰਗ ਕੀਤੀ ਸੀ। ਉਸ ਦੇ ਬਿਆਨ ਅਨੁਸਾਰ ਭਗੌੜੇ ਮੁਲਜ਼ਮ ਸ਼ੁਭਮ ਲੋਨਕਰ ਨੇ ਪਹਿਲਾਂ ਬਾਬਾ ਸਿੱਦੀਕੀ ਨੂੰ ਮਾਰਨ ਦੀ ਸੁਪਾਰੀ ਰਾਮ ਕਨੌਂਜੀਆ ਨੂੰ ਦਿੱਤੀ ਸੀ। ਕਨੌਂਜੀਆ ਨੇ ਇਸ ਕਤਲ ਨੂੰ ਅੰਜਾਮ ਦੇਣ ਲਈ ਇੱਕ ਕਰੋੜ ਰੁਪਏ ਦੀ ਫੀਸ ਮੰਗੀ ਸੀ। ਕਨੌਂਜੀਆ ਨੇ ਖੁਲਾਸਾ ਕੀਤਾ ਕਿ ਸ਼ੁਭਮ ਲੋਨਕਰ ਨੇ ਬਾਬਾ ਸਿੱਦੀਕੀ ਨੂੰ ਮਾਰਨ ਲਈ ਪਹਿਲਾਂ ਉਸ ਨੂੰ ਅਤੇ ਨਿਤਿਨ ਸਪਰੇ ਨੂੰ ਇਕਰਾਰਨਾਮੇ ਦੀ ਪੇਸ਼ਕਸ਼ ਕੀਤੀ ਸੀ। ਕਨੌਂਜੀਆ ਬਾਬਾ ਸਿੱਦੀਕੀ ਦੀ ਹੱਤਿਆ ਦੇ ਨਤੀਜਿਆਂ ਨੂੰ ਜਾਣਦਾ ਸੀ, ਜਿਸ ਕਾਰਨ ਉਹ ਇਕਰਾਰਨਾਮਾ ਕਰਨ ਲਈ ਝਿਜਕ ਰਿਹਾ ਸੀ। ਇਸ ਤੋਂ ਬਾਅਦ ਸ਼ੁਭਮ ਲੋਨਕਰ ਨੇ ਯੂ ਪੀ ਤੋਂ ਸ਼ੂਟਰਾਂ ਨੂੰ ਚੁਣਿਆ।

ਕਨੌਂਜੀਆ ਨੇ ਖੁਲਾਸਾ ਕੀਤਾ ਕਿ ਸ਼ੁਭਮ ਲੋਨਕਰ ਨੂੰ ਪਤਾ ਸੀ ਕਿ ਯੂ ਪੀ ਦੇ ਲੋਕ ਮਹਾਰਾਸ਼ਟਰ 'ਚ ਬਾਬਾ ਸਿੱਦੀਕੀ ਦੇ ਕੱਦ ਜਾਂ ਵੱਕਾਰ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹਨ। ਇਸ ਲਈ ਉਹ ਘੱਟ ਕੀਮਤ 'ਤੇ ਕਤਲ ਨੂੰ ਅੰਜਾਮ ਦੇਣ ਲਈ ਸਹਿਮਤ ਹੋਣਗੇ। ਜਦੋਂ ਰਾਮ ਕਨੌਂਜੀਆ ਅਤੇ ਨਿਤਿਨ ਸਪਰੇ ਪਿੱਛੇ ਹਟੇ ਤਾਂ ਸ਼ੁਭਮ ਨੇ ਯੂ ਪੀ ਤੋਂ ਧਰਮ ਰਾਜ ਕਸ਼ਯਪ, ਗੁਰਨੈਲ ਸਿੰਘ ਅਤੇ ਸ਼ਿਵ ਕੁਮਾਰ ਗੌਤਮ ਨੂੰ ਇਸ ਕੰਮ ਲਈ ਹਾਇਰ ਕੀਤਾ। ਖਬਰ ਹੈ ਕਿ ਧਮਕੀਆਂ ਤੋਂ ਬਾਅਦ ਬਾਬਾ ਸਿੱਦੀਕੀ ਦੇ ਮਿੱਤਰ ਸਲਮਾਨ ਖਾਨ ਨੇ ਦੁਬਈ ਤੋਂ ਨਿਸ਼ਾਨ ਐੱਸ ਯੂ ਵੀ ਮੰਗਵਾਈ ਹੈ, ਜਿਸ ਦੀ ਕੀਮਤ ਦੋ ਕਰੋੜ ਦੱਸੀ ਜਾਂਦੀ ਹੈ। ਕਾਰ ਵਿਚ ਮੋਟੇ ਬੁਲੇਟ ਪਰੂਫ ਗਲਾਸ, ਬੰਬ ਅਲਰਟ ਸੈਂਸਰ ਅਤੇ ਡਰਾਈਵਰ ਤੇ ਸਵਾਰੀਆਂ ਨੂੰ ਲੁਕੋਣ ਲਈ ਡਾਰਕ ਸ਼ੇਡਸ ਲੱਗੇ ਹਨ।

## ਰਾਜਪਾਲ ਵੰਡ-ਪਾਊ ਤਾਕਤਾਂ ਤੋਂ ਮੁਕਤ ਹੋਣ : ਸਟਾਲਿਨ



**ਚੇਨਈ** : ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਕਿਹਾ ਹੈ ਕਿ ਜੇ ਰਾਜਪਾਲ ਆਰ ਐੱਨ ਰਵੀ ਅਹੁਦੇ 'ਤੇ ਕਾਇਮ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾ ਨੂੰ ਖੁਦ ਨੂੰ ਵੰਡ ਪਾਉਣ ਵਾਲੀਆਂ ਤਾਕਤਾਂ ਤੋਂ ਮੁਕਤ ਕਰ ਲੈਣਾ ਚਾਹੀਦਾ ਹੈ ਅਤੇ ਸੰਵਿਧਾਨਕ ਮਾਪਦੰਡਾਂ ਮੁਤਾਬਕ ਆਪਣੇ ਫਰਜ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸਟਾਲਿਨ ਨੇ ਰਾਜਪਾਲ 'ਤੇ ਦ੍ਰਾਵਿੜ ਜਾਤੀ ਦਾ ਅਕਸ ਖਰਾਬ ਕਰਨ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਰਾਜ ਭਵਨ ਨੂੰ ਕਿਸੇ ਸਿਆਸੀ ਪਾਰਟੀ ਦੇ ਦਫਤਰ ਦੇ ਰੂਪ 'ਚ ਤਬਦੀਲ ਕਰਨ ਤੋਂ ਬਚਾਇਆ ਜਾਣਾ ਚਾਹੀਦਾ ਹੈ। ਸ਼ੁੱਕਰਵਾਰ ਰਾਜਪਾਲ ਦੀ ਮੌਜੂਦਗੀ 'ਚ ਹੋਏ ਇਕ ਪ੍ਰੋਗਰਾਮ 'ਚ ਤਾਮਿਲਨਾਡੂ ਦੇ ਰਾਜ ਗਾਣ ਦੀ ਇਕ ਲਾਈਨ ਛੱਡਣ ਨੂੰ ਲੈ ਕੇ ਰਵੀ ਤੇ ਸਟਾਲਿਨ ਵਿਚਾਲੇ ਤਿੱਖੀ ਬਹਿਸ ਹੋਈ ਸੀ। ਮੁੱਖ ਮੰਤਰੀ ਨੇ ਇਸ 'ਤੇ ਇਤਰਾਜ਼ ਦਾਇਰ ਕਰਦੇ ਹੋਏ ਪੁੱਛਿਆ ਕਿ ਜਦੋਂ ਰਾਜਪਾਲ ਦੇ ਸਾਹਮਣੇ ਤਾਮਿਲ ਗਾਣ ਦੀ ਇਕ ਲਾਈਨ ਛੱਡੀ ਗਈ ਤਾਂ ਉਨ੍ਹਾ ਤੁਰੰਤ ਇਸ ਦੀ ਆਲੋਚਨਾ ਕਿਉਂ ਨਹੀਂ ਕੀਤੀ। ਮੁੱਖ ਮੰਤਰੀ ਨੇ ਰਾਜਪਾਲ ਤੋਂ ਪੁੱਛਿਆ—ਤੁਸੀਂ ਕਹਿੰਦੇ ਹੋ ਕਿ ਤੁਸੀਂ 'ਤਾਮਿਲ ਥਾਈ ਵਲਥੂ' ਨੂੰ ਪੂਰੀ ਸ਼ਰਧਾ ਨਾਲ ਗਾਉਂਦੇ ਹੋ, ਪਰ ਜਦੋਂ ਗਾਇਕਾਂ ਨੇ ਦ੍ਰਾਵਿੜ ਨਾਲ ਸੰਬੰਧਤ ਇਕ ਲਾਈਨ ਛੱਡ ਦਿੱਤੀ ਤਾਂ ਤੁਸੀਂ ਤੁਰੰਤ ਇਸ ਦੀ ਆਲੋਚਨਾ ਕਿਉਂ ਨਹੀਂ ਕੀਤੀ?

20-OCT-PAGE-1.qxd 10/19/2024 10:54 PM Page 2



## ਜਸਵੰਤ ਸਿੰਘ ਨਿੱਕਾ ਬਣੇ ਬੀਰ ਕਲਾਂ ਦੇ ਸਰਪੰਚ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿਛਲੇ ਦਿਨੀ ਹੋਈਆਂ ਪੰਚਾਇਤੀ ਚੋਣਾਂ ਵਿੱਚ ਪਿੰਡ ਬੀਰ ਕਲਾਂ ਦੇ ਜਸਵੰਤ ਸਿੰਘ ਨਿੱਕਾ ਨੇ ਆਪਣੇ ਵਿਰੋਧੀ ਨੂੰ 470 ਵੋਟਾਂ ਨਾਲ ਪਛਾੜ ਕੇ ਪਿੰਡ ਦੀ ਸਰਪੰਚੀ ਦੀ ਚੋਣ ਜਿੱਤ ਲਈ ਹੈ। ਇਸ ਮੌਕੇ ਜਸਵੰਤ ਸਿੰਘ ਨਿੱਕਾ ਨੇ ਕਿਹਾ ਕਿ ਉਹ ਪਿੰਡ ਦੇ ਪਹਿਲ ਦੇ ਅਧਾਰ 'ਤੇ ਜੋ ਵੀ ਕੰਮ ਅਧੂਰੇ ਰਹਿਦੇ ਹਨ, ਸਾਰੇ ਕਰਨਗੇ ਤੇ ਹੁਣ ਉਹ ਕਿਸੇ ਇੱਕ ਪਾਰਟੀ ਦੇ ਨਹੀਂ ਸਾਰੇ ਪਿੰਡ ਦੇ ਸਾਂਝੇ ਸਰਪੰਚ ਹਨ ਤੇ ਹਰ ਇੱਕ ਦਾ ਕੰਮ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ ਖੁਸ਼ਪਾਲ ਸਿੰਘ ਸਾਬਕਾ ਚੇਅਰਮੈਨ ਮਿਲਕ ਪਲਾਂਟ ਜੀਤੀ ਬੀਰ ਕਲਾਂ, ਰਜਿੰਦਰ ਸਿੰਘ ਰਾਜਾ ਬੀਰ ਕਲਾਂ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਚੋਣ ਨੂੰ ਨਿਰਵਿਘਨ ਨੇਪਰੇ ਚਾੜ੍ਹਿਆ। ਇਸ ਮੌਕੇ ਮੈਂਬਰ ਉਧਮ ਸਿੰਘ, ਮੈਂਬਰ ਕੁਲਦੀਪ ਸਿੰਘ, ਮੈਂਬਰ ਪੱਪੀ ਨਵੇਂ ਚੁਣੇ ਪੰਚ ਤੇ ਪਿੰਡ ਵਾਸੀ ਹਾਜ਼ਰ ਸਨ।

## ਰਾਈਸ ਮਿਲਰਾਂ ਦੀ ਹੜਤਾਲ ਕਾਰਨ ਲੱਖਾਂ ਬੋਰੀਆਂ ਝੋਨਾ ਮੰਡੀ 'ਚ ਰੁਲ ਰਿਹੈ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਰਾਈਸ ਮਿਲਰਾਂ ਦੀ ਹੜਤਾਲ ਜਾਰੀ ਰਹਿਣ ਕਾਰਨ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਨਾ ਹੋਣ ਦਾ ਮੁੱਦਾ ਜਿੱਥੇ ਖਰੀਦ ਏਜੰਸੀਆਂ ਤੇ ਪ੍ਰਸ਼ਾਸਨ ਲਈ ਮਸਲਾ ਗੰਭੀਰ ਬਣਦਾ ਜਾ ਰਿਹਾ ਹੈ, ਉੱਥੇ ਇਹ ਸਰਕਾਰ ਦੇ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। ਹਾਲਾਤ ਇਹ ਹਨ ਕਿ ਹੁਣ ਖਰੀਦ ਏਜੰਸੀਆਂ ਖਰੀਦ ਕਰਨ ਤੋਂ ਵੀ ਅਸਮਰਥ ਹੋ ਗਈਆਂ ਹਨ, ਕਿਉਂਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀਆਂ ਲੱਖਾਂ ਬੋਰੀਆਂ ਖਰੀਦ ਤੋਂ ਬਾਅਦ ਨੀਲੀ ਛੱਤ ਥੱਲੇ ਪਈਆਂ ਹਨ।ਸ਼ੁਕਰ ਹੈ ਕਿ ਇਸ ਦੌਰਾਨ ਮੌਸਮ ਖੁਸ਼ਗਵਾਰ ਹੈ।ਜੇਕਰ ਮੀਂਹ ਪੈ ਜਾਂਦਾ ਤਾਂ ਸਥਿਤੀ ਹੋਰ ਹੋਣੀ ਸੀ।ਜ਼ਿਲ੍ਹੇ ਵਿੱਚ ਖਰੀਦੇ ਗਏ ਝੋਨੇ ਦੇ ਮੁਕਾਬਲੇ ਲਿਫਟਿੰਗ ਦੀ ਰਫ਼ਤਾਰ ਬਹੁਤ ਮੱਠੀ ਹੈ।ਕਿਸਾਨ ਹਰ ਰੋਜ਼ ਧਰਨੇ ਤੇ ਟ੍ਰੈਫਿਕ ਜਾਮ ਕਰ ਰਹੇ ਹਨ।ਮੰਡੀਆਂ ਵਿੱਚ ਖਰੀਦ ਪ੍ਰਬੰਧ ਡਗਮਗਾ ਰਹੇ ਹਨ।ਕਈ ਵਾਰ ਖਰੀਦਦਾਰੀ ਹੁੰਦੀ ਹੈ ਤੇ ਕਈ ਵਾਰ ਨਹੀਂ।ਕਾਰਨ ਇਹ ਹੈ ਕਿ ਮੰਡੀਆਂ ਵਿੱਚ ਝੋਨਾ ਸਟੋਰ ਕਰਨ ਲਈ ਥਾਂ ਨਹੀਂ ਹੈ।ਪੰਜਾਬ ਦੀਆਂ ਮੰਡੀਆਂ ਵਿੱਚ ਲੱਖਾਂ ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋਣੀ ਬਾਕੀ ਹੈ।ਮੰਡੀਆਂ ਵਿੱਚ ਝੋਨਾ ਸਟੋਰ ਕਰਨ ਲਈ ਥਾਂ ਨਹੀਂ ਬਚੀ ਹੈ।ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਤ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਲਿਫਟਿੰਗ ਨੂੰ ਸੁਚਾਰੂ ਢੰਗ ਨਾਲ ਕਰਨ ਤੇ ਖਰੀਦ ਸ਼ੁਰੂ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ।ਪਿਛਲੇ ਸੱਤਾਂ ਦਿਨਾਂ ਤੋਂ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦੇਖਦੇ ਹੋਏ ਵਿਰੋਧ ਅਜਿਹਾ ਸੰਭਵ ਨਹੀਂ ਜਾਪਦਾ।ਇਸ ਮੌਕੇ ਮੰਡੀ ਵਿੱਚ ਮੌਜੂਦ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਸਮਸ਼ੇਰ ਸਿੰਘ ਸ਼ੇਰਾ, ਜਨਰਲ ਸਕੱਤਰ ਜੈਮਲ ਸਿੰਘ ਭੜੀ, ਬੰਤ ਸਿੰਘ ਆਲੋਵਾਲ ਤੇ ਹੋਰ ਅਹੁਦੇਦਾਰਾਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਘਨੌਲੀ ਮੰਡੀ 'ਚ ਖਰੀਦ ਨਹੀਂ ਹੋ ਰਹੀ ਤੇ ਭਰਤਗੜ੍ਹ ਮੰਡੀ ਵਿੱਚ ਐੱਫ.ਸੀ.ਆਈ. ਖਰੀਦ ਏਜੰਸੀ ਨਾਲ ਜੁੜੇ ਸਿਰਫ ਇਕ ਆੜ੍ਹਤੀ ਦੇ ਫੜ੍ਹ ਤੋਂ ਖਰੀਦੇ ਝੋਨੇ ਦੀ ਲਿਫਟਿੰਗ ਹੋ ਰਹੀ ਹੈ, ਜਦੋਂਕਿ ਮਾਰਕਫੈੱਡ ਖਰੀਦ ਏਜੰਸੀ ਦੀ ਲਿਫਟਿੰਗ ਨਹੀਂ ਹੋ ਰਹੀ।ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਮੰਡੀਆਂ 'ਚ ਝੋਨੇ ਦੀ ਖਰੀਦ ਤੇ ਲਿਫਟਿੰਗ ਦੇ ਅਜਿਹੇ ਪੁਖਤਾ ਪ੍ਰਬੰਧ ਕੀਤੇ ਜਾਣ, ਜਿਸ ਨਾਲ ਕਿਸਾਨਾਂ ਨੂੰ ਮੰਡੀਆਂ ਵਿੱਚ ਰੁਲਣਾ ਨਾ ਪਵੇ।

ਐੱਸ ਡੀ ਐੱਮ ਸਚਿਨ ਪਾਠਕ ਵੱਲੋਂ ਡੀ ਐੱਮ ਐੱਫ ਸੀ ਆਈ ਨੂੰ ਘਨੌਲੀ ਮੰਡੀ ਵਿੱਚੋਂ 10,000 ਬੋਰੀ ਝੋਨੇ ਦੀ 24 ਘੰਟਿਆਂ ਅੰਦਰ ਖਰੀਦ ਕਰਨ ਦੇ ਨਿਰਦੇਸ਼ ਦਿੱਤੇ ਤੇ ਭਰਤਗੜ੍ਹ ਅਨਾਜ ਮੰਡੀ ਦੇ ਆੜ੍ਹਤੀਆਂ ਤੇ ਕਿਸਾਨਾਂ ਨੂੰ ਭਰੋਸਾ ਦਿੱਤਾ ਗਿਆ ਕਿ ਸ਼ਨੀਵਾਰ ਤੱਕ 1000 ਮੀਟਰਕ ਟਨ ਝੋਨੇ ਦੀ ਲਿਫਟਿੰਗ ਆਰ ਓ ਸਿਸਟਮ ਰਾਹੀਂ ਸ਼ੁਰੂ ਕਰਵਾਈ ਜਾਵੇਗੀ।

## ਕੋਟਲਾ ਮਿਹਰ ਸਿੰਘ ਵਾਲਾ 'ਚ ਅਕਾਲੀ ਉਮੀਦਵਾਰ ਨੇ ਜਿੱਤੀ ਸਰਪੰਚੀ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਬਾਘਾ ਪੁਰਾਣਾ ਹਲਕਾ ਅਧੀਨ ਪੈਂਦੇ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਵਿਖੇ ਪੰਚਾਇਤੀ ਚੋਣਾਂ ਵਾਲੇ ਦਿਨ ਅਣਪਛਾਤੇ ਵਿਅਕਤੀਆਂ ਵੱਲੋਂ ਬੂਥ ਕੈਪਚਰਿੰਗ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਤੋਂ ਬਾਅਦ ਜ਼ਿਲ੍ਹਾ ਚੋਣ ਕਮਿਸ਼ਨ ਵੱਲੋਂ ਚੋਣ ਰੱਦ ਕੀਤੀ ਗਈ ਸੀ ਅਤੇ ਇਸ ਦੀ ਚੋਣ ਉਸ ਤੋਂ ਬਾਅਦ 16 ਅਕਤੂਬਰ ਨੂੰ ਕਰਵਾਈ ਗਈ ਸੀ।ਪਿੰਡ ਕੋਟਲਾ ਮਿਹਰ ਸਿੰਘ ਵਾਲਾ ਵਿਖੇ ਹੋਈ ਪੰਚਾਇਤੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੇ ਆਪਣੇ ਵਿਰੋਧੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾਉਂਦਿਆਂ ਵੱਡੀ ਜਿੱਤ ਪ੍ਰਾਪਤ ਕਰ ਕੇ ਸ਼੍ਰੋਮਣੀ ਅਕਾਲੀ ਦਲ ਦਾ ਸਰਪੰਚੀ ਵਾਲਾ ਝੰਡਾ ਗੱਡਿਆ ਹੈ।ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪੰਚ ਉਮੀਦਵਾਰ ਸੁਖਦੀਪ ਸਿੰਘ ਸੇਬਾ ਨੂੰ 1148 ਵੋਟਾਂ ਪਈਆਂ, ਜਦਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਕਾਲਾ ਨੂੰ ਸਿਰਫ 35 ਵੋਟਾਂ ਹੀ ਪ੍ਰਾਪਤ ਹੋਈਆਂ।ਪਿੰਡ ਕੋਟਲਾ ਮੇਹਰ ਸਿੰਘ ਵਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਸ਼ਾਨਦਾਰ ਜਿੱਤ ਦੇ ਬਾਅਦ



ਅਕਾਲੀ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।ਇਸ ਮੌਕੇ ਹਾਜ਼ਰ ਮੋਹਤਬਰਾਂ ਨੇ ਨਵੀਂ ਪੰਚਾਇਤ ਤੋਂ ਉਮੀਦ ਜਤਾਈ ਕਿ ਉਹ ਪਿੰਡ ਦੀ ਤਰੱਕੀ ਤੇ ਲੋਕਾਂ ਦੀ ਭਲਾਈ ਲਈ ਸਮਰਪਤ ਹੋ ਕੇ ਕੰਮ ਕਰਨਗੇ ਅਤੇ ਪਿੰਡ ਦੇ ਵਿਕਾਸ ਨੂੰ ਇਕ ਨਵੀਂ ਦਿਸ਼ਾ ਵਿਚ ਲੈ ਜਾਣਗੇ।ਨਵੀਂ ਚੁਣੀ ਗਈ ਪੰਚਾਇਤ ਨੂੰ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਜਥੇਦਾਰ ਮਾਹਲਾ ਨੇ ਕਿਹਾ ਕਿ ਇਹ ਚੋਣ ਸ਼੍ਰੋਮਣੀ ਅਕਾਲੀ ਦਲ ਵਰਕਰਾਂ ਦੀ ਲਗਾਤਾਰ ਮਿਹਨਤ ਤੇ ਸਮਰਪਣ ਦਾ ਨਤੀਜਾ ਹੈ, ਜਿਸ ਨਾਲ ਪੰਚਾਇਤ ਚੋਣਾਂ ਵਿੱਚ ਵੱਡੀ ਜਿੱਤ ਹੋਈ ਹੈ।ਉਨ੍ਹਾ ਕਿਹਾ ਕਿ ਪੰਚਾਇਤੀ ਚੋਣਾਂ ਵਿੱਚ ਪੰਜਾਬ ਵਾਸੀਆਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਸਫ਼ਾਇਆ ਹੋ ਜਾਵੇਗਾ ਤੇ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਜਿੱਤ ਪ੍ਰਾਪਤ ਕਰਦੀ ਹੋਈ ਆਪਣੀ ਸਰਕਾਰ ਬਣਾਵੇਗੀ।

## ਵਿਸ਼ਾਲ ਜਾਗਰਣ ਕਰਵਾਇਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਨੇੜਲੇ ਪਿੰਡ ਪਲਾਸੌਰ ਵਿਖੇ ਪ੍ਰਾਚੀਨ ਮੰਦਰ ਸ੍ਰੀ ਦੁਰਗਾ ਦੇਵੀ ਕਮੇਟੀ ਵੱਲੋਂ 21ਵਾਂ ਵਿਸ਼ਾਲ ਜਾਗਰਣ ਕਰਵਾਇਆ ਗਿਆ।ਇਸ ਜਾਗਰਣ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਜੋਤੀ ਪ੍ਰਚੰਡ ਕੀਤੀ, ਜਦਕਿ ਵਿੱਤ ਮੰਤਰੀ ਪੰਜਾਬ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਨੇ ਚੁੰਨਰੀ ਰਸਮ, ਉੱਤਰ ਪ੍ਰਦੇਸ਼ ਸਰਕਾਰ ਦੇ ਸਲਾਹਕਾਰ ਗੁਰਵਿੰਦਰ ਸਿੰਘ ਨੇ ਹਾਰ ਦੀ ਰਸਮ ਅਤੇ ਸਰਪੰਚ ਦਰਸ਼ਨ ਸਿੰਘ ਨੇ ਰੀਬਨ ਦੀ ਰਸਮ ਅਦਾ ਕੀਤੀ। ਵੈੱਲਫ਼ੇਅਰ ਜਾਗਰਣ ਮੰਡਲ ਐਂਡ ਚੈਰੀਟੇਬਲ ਸੋਸਾਇਟੀ ਧੂਰੀ ਦੇ ਮੈਂਬਰਾਂ ਨੇ ਮਾਤਾ ਰਾਣੀ ਦਾ ਸੁੰਦਰ ਸੁੰਦਰ ਭੇਟਾਂ ਰਾਹੀਂ ਗੁਣਗਾਨ ਕੀਤਾ।ਇਸ ਮੌਕੇ ਭਗਵਾਨ ਸਿੰਘ ਸਰਪੰਚ ਭਲਵਾਨ, ਰਾਜਿੰਦਰਪਾਲ ਪ੍ਰਧਾਨ, ਕਰਮਜੀਤ ਸ਼ਰਮਾ, ਸੁਨੀਲ ਕੁਮਾਰ, ਰਾਮ ਕਰਨ ਤੇ ਜੱਗੀ ਸ਼ਰਮਾ ਆਦਿ ਹਾਜ਼ਰ ਸਨ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।

## ਜਿਉਣਪੁਰਾ ਦੀ ਪੰਚਾਇਤ ਵੱਲੋਂ ਪ੍ਰਮਾਤਮਾ ਦਾ ਸ਼ੁਕਰਾਨਾ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਬਲਾਕ ਪਾਤੜਾਂ ਅਧੀਨ ਆਉਂਦੇ ਪਿੰਡ ਜਿਉਣਪੁਰਾ ਦੀ ਪੰਚਾਇਤੀ ਚੋਣ ਦੌਰਾਨ ਸੇਵਾਮੁਕਤ ਏਐੱਸਆਈ ਮੁਖਤਿਆਰ ਸਿੰਘ ਦੀ ਅਗਵਾਈ ਵਿੱਚ ਲੜੀ ਗਈ ਚੋਣ ਦੌਰਾਨ ਪਿੰਡ ਦੀ ਸਰਪੰਚ ਬਣੀ ਸ੍ਰੀਮਤੀ ਰਾਜਿੰਦਰ ਕੌਰ ਤੇ ਪੰਚਾਇਤ ਮੈਂਬਰਾਂ ਲਵਪ੍ਰੀਤ ਸਿੰਘ, ਬਲਵਿੰਦਰ ਕੌਰ, ਦਲਦੀਪ ਕੌਰ, ਜਾਨਪਾਲ ਸਿੰਘ, ਬੇਅੰਤ ਸਿੰਘ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸੁਖਮਨੀ ਸਾਹਿਬ ਦਾ ਪਾਠ ਕਰਾ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ।

ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਚੁਣੇ ਗਏ ਪੰਚਾਇਤੀ ਅਹੁਦੇਦਾਰਾਂ ਦਾ ਸਿਰਪਾਉ ਪਾ ਕੇ ਸਨਮਾਨ ਕੀਤਾ ਗਿਆ।ਸ਼ੁਕਰਾਨੇ ਉਪਰੰਤ ਪਿੰਡ ਵਾਸੀਆਂ ਦਾ ਧੰਨਵਾਦ ਕਰਦੇ ਹੋਏ ਸਰਪੰਚ ਸ੍ਰੀਮਤੀ ਰਾਜਿੰਦਰ ਕੌਰ ਨੇ ਕਿਹਾ ਕਿ ਉਹ ਧੜੇਬੰਦੀ ਤੋਂ ਉੱਪਰ ਉੱਠ ਕੇ ਪਿੰਡ ਦੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।ਉਨ੍ਹਾ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਬਿਹਤਰ ਬਣਾਉਣ ਲਈ ਸਾਨੂੰ ਸਭ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬੇਦਾਰ ਜਸਵੰਸ ਸਿੰਘ, ਸੂਬੇਦਾਰ ਹਰਦੇਵ ਸਿੰਘ, ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ, ਗਿਆਨੀ ਪ੍ਰਦੀਪ ਸਿੰਘ, ਸਾਬਕਾ ਸਰਪੰਚ ਕੁਲਦੀਪ ਸਿੰਘ, ਜੋਗਾ ਸਿੰਘ ਸੈਕਟਰੀ, ਜਰਨੈਲ ਸਿੰਘ ਮਾਸਟਰ, ਗੁਰਭੇਜ ਸਿੰਘ, ਪਵਿੱਤਰ ਸਿੰਘ, ਡਾਕਟਰ ਲਵਪ੍ਰੀਤ ਸਿੰਘ, ਮਾਸਟਰ ਜਸਵਿੰਦਰ ਸਿੰਘ, ਕਾਮਰੇਡ ਕਿਰਪਾਲ ਸਿੰਘ, ਜਸਵੰਤ ਸਿੰਘ, ਫਤਿਹ ਸਿੰਘ, ਕਾਕਾ ਸਿੰਘ, ਇੰਸਪੈਕਟਰ ਜਗਦੇਵ ਸਿੰਘ ਤੇ ਜਰਨਲ ਸਕੱਤਰ ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਪੰਚਾਇਤੀ ਚੋਣਾਂ 'ਚ ਹਿੱਸਾ ਲੈਣ 'ਤੇ ਸੁੱਚਾ ਸਿੰਘ ਕੋਟਭਾਈ ਜਥੇਬੰਦੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਆਣਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਮੁਕਤਸਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਦੀ ਪ੍ਰਧਾਨਗੀ ਹੇਠ ਟੋਲ ਪਲਾਜ਼ਾ ਅਬਲ ਖੁਰਾਣਾ 'ਤੇ ਹੋਈ, ਜਿਸ ਵਿੱਚ ਜਥੇਬੰਦੀ ਦੇ ਵਿਧਾਨ ਮੁਤਾਬਕ ਗਿੱਦੜਬਾਹਾ ਬਲਾਕ ਜਨਰਲ ਸਕੱਤਰ ਸੁੱਚਾ ਸਿੰਘ ਕੋਟਭਾਈ ਵੱਲੋਂ ਪੰਚਾਇਤੀ ਚੋਣਾਂ ਵਿੱਚ ਹਿੱਸਾ ਲੈਣ 'ਤੇ ਜਥੇਬੰਦਕ ਵਿਰੋਧੀ ਉਲੰਘਣਾ ਹੋਣ ਕਾਰਨ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਗਿਆ ਹੈ।ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਸਹਾਇਕ ਸਕੱਤਰ ਗੁਰਮੀਤ ਸਿੰਘ ਬਿੱਟੂ ਮੱਲਣ ਨੇ ਦੱਸਿਆ ਕਿ ਜਦੋਂ ਪਿੰਡ ਇਕਾਈ ਦੀ ਚੋਣ ਵਿਧਾਨ ਮੁਤਾਬਕ ਮੈਂਬਰਸ਼ਿਪ ਕਰਨ ਵੇਲੇ ਹਰ ਇੱਕ ਆਗੂ ਬਲਾਕ ਅਹੁਦੇਦਾਰਾਂ ਨੂੰ ਦੱਸਿਆ ਜਾਂਦਾ ਕਿ ਕੋਈ ਵੀ ਅਹੁਦੇਦਾਰ ਸਰਕਾਰੀ ਚੋਣਾਂ ਵਿੱਚ ਹਿੱਸਾ ਨਹੀਂ ਲਵੇਗਾ, ਪਰ ਸੁੱਚਾ ਸਿੰਘ ਕੋਟਭਾਈ ਨੂੰ ਪੰਚਾਇਤੀ ਚੋਣਾਂ ਵਿੱਚ ਹਿੱਸਾ ਲੈਣ ਕਰਕੇ ਵਿਧਾਨ ਦੀ ਧਾਰਾ ਨੰ: 5 ਜਾਬਤਾ ਕਾਰਵਾਈ ਰਾਹੀਂ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਹੈ। ਅੱਜ ਤੋਂ ਬਾਅਦ ਜਥੇਬੰਦੀ ਨਾਲ ਜਥੇਬੰਦਕ ਤੌਰ 'ਤੇ ਕੋਈ ਵੀ ਸਾਂਝ ਤੇ ਸਬੰਧ ਨਹੀਂ ਰਹੇਗਾ।ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਪਾਂਸ ਸਿੰਘ ਸਿੰਘੇਵਾਲਾ, ਸਹਾਇਕ ਸਕੱਤਰ ਗੁਰਮੀਤ ਸਿੰਘ ਬਿੱਟੂ ਮੱਲਣ, ਬਲਾਕ ਗਿੱਦੜਬਾਹਾ ਦੇ ਸੀਨੀਅਰ ਮੀਤ ਪ੍ਰਧਾਨ ਅਜੈਬ ਸਿੰਘ ਮੱਲਣ, ਮੀਤ ਪ੍ਰਧਾਨ ਜੋਗਿੰਦਰ ਸਿੰਘ ਬੁੱਟਰ ਸਰੀਂਹ, ਮਲਕੀਤ ਸਿੰਘ ਗੱਗੜ, ਸੁਖਰਾਜ ਸਿੰਘ ਰਹੂੜਿਆਂ ਵਾਲੀ, ਮਾ. ਕੁਲਬੀਰ ਸਿੰਘ ਭਾਗਸਰ, ਮਾ. ਗੁਰਚਰਨ ਸਿੰਘ ਗੰਧੜ, ਕੁਲਦੀਪ ਸਿੰਘ ਕਰਮਗੜ੍ਹ ਆਦਿ ਹਾਜ਼ਰ ਸਨ।

## ਕੈਂਬ੍ਰਿਜ ਸਕੂਲ ਦੀਆਂ ਵਿਦਿਆਰਥਣਾਂ ਦੀ ਸਟੇਟ ਪੱਧਰੀ ਖੇਡਾਂ 'ਚ ਚੋਣ



**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਕੈਂਬ੍ਰਿਜ ਕਾਨਵੈਂਟ ਸਕੂਲ ਸਿੱਖਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰਦਾ ਆ ਰਿਹਾ ਹੈ। ਸਕੂਲ ਦੀਆਂ ਖਿਡਾਰਨਾਂ ਨੇ ਖੇਡ ਮੁਕਾਬਲਿਆਂ ਵਿੱਚ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਸਕੂਲ ਦਾ ਮਾਣ ਵਧਾਇਆ।ਸਕੂਲ ਦੀਆਂ ਵਿਦਿਆਰਥਣਾਂ ਆਸਦੀਪ ਕੌਰ ਸਪੁੱਤਰੀ ਗੁਰਦੇਵ ਸਿੰਘ, ਸੁਖਮਨਪ੍ਰੀਤ ਕੌਰ ਸਪੁੱਤਰੀ ਭੁਪਿੰਦਰ ਸਿੰਘ ਤੇ ਅਰਪਨਦੀਪ ਕੌਰ ਸਪੁੱਤਰੀ ਕਰਮਜੀਤ ਸਿੰਘ ਦੀ ਸਟੇਟ ਪੱਧਰ 'ਤੇ ਚੋਣ ਹੋਈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਕੂਲ ਪ੍ਰਿੰਸੀਪਲ ਦੁਆਰਾ ਕੀਤਾ ਗਿਆ।ਇਸ ਬਾਰੇ ਵਿਸਥਾਰ 'ਚ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ ਨੇ ਕ੍ਰੌਸ ਕੰਟਰੀ ਵਿੱਚ ਦੂਜਾ ਸਥਾਨ ਹਾਸਲ ਕੀਤਾ ਅਤੇ ਸਕੂਲ ਦੀ ਵਿਦਿਆਰਥਣ ਅਰਪਨਦੀਪ ਕੌਰ ਨੇ ਕ੍ਰੌਸ ਕੰਟਰੀ ਵਿੱਚ ਤੀਸਰਾ ਸਥਾਨ ਹਾਸਲ ਕੀਤਾ ਤੇ 100 ਮੀਟਰ ਦੌੜ ਵਿੱਚ ਆਸਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ ਅਤੇ 200 ਮੀਟਰ ਦੌੜ ਵਿੱਚ ਦੂਸਰਾ ਸਥਾਨ ਹਾਸਲ ਕੀਤਾ।ਸਕੂਲ ਦੇ ਚੇਅਰਮੈਨ ਨੇ ਸਾਰੇ ਵਿਦਿਆਰਥੀਆਂ ਤੇ ਕੋਚ ਨੂੰ ਇਸ ਕਾਮਯਾਬੀ ਉੱਪਰ ਵਧਾਈ ਦਿੱਤੀ।

## ਕਲਾਲ ਮਾਜਰਾ 'ਚ ਪੰਚਾਇਤ ਨੂੰ ਕੀਤਾ ਸਨਮਾਨਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕਲਾਲ ਮਾਜਰਾ ਵਿਖੇ ਸਰਪੰਚ ਜਗਜੀਵਨ ਸਿੰਘ ਤੇ ਸਮੁੱਚੀ ਪੰਚਾਇਤ ਦਾ ਪਿੰਡ ਵਾਸੀਆਂ ਵੱਲੋਂ ਮਾਣ ਸਨਮਾਨ ਕੀਤਾ ਗਿਆ।ਇਸ ਮੌਕੇ ਨਵੇਂ ਚੁਣੇ ਸਰਪੰਚ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਿਨਾਂ ਕਿਸੇ ਭੇਦਭਾਵ ਤੋਂ ਪਿੰਡ ਦੇ ਵਿਕਾਸ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ।ਉਨ੍ਹਾਂ ਸਾਂਝੇ ਕੰਮਾਂ ਲਈ ਪਿੰਡ ਵਾਸੀਆਂ ਤੋਂ ਸਹਿਯੋਗ ਦੀ ਮੰਗ ਕੀਤੀ।ਇਸ ਮੌਕੇ ਸਾਬਕਾ ਸਰਪੰਚ ਰਛਪਾਲ ਸਿੰਘ ਮੰਡੇਰ, ਪੰਚ ਪਵਨਦੀਪ ਕੌਰ, ਆਸ਼ਾ ਰਾਣੀ, ਭਾਵਨਾ, ਜਿੰਦਰ ਸਿੰਘ, ਹਰਬੰਸ ਸਿੰਘ, ਫਿਰੋਜ਼ ਖਾਨ, ਅੰਜੂ ਕੌਰ, ਭੂਰਾ ਸਿੰਘ, ਚਰਨਜੀਤ ਕੌਰ, ਬਲਵਿੰਦਰ ਸਿੰਘ ਗਿੱਲ, ਸੇਵਕ ਸਿੰਘ ਧਾਲੀਵਾਲ, ਪਰਵਿੰਦਰ ਸਿੰਘ ਮੰਡੇਰ, ਗੁਰਮੇਲ ਸਿੰਘ, ਗਗਨ ਔਲਖ, ਕਮਲਦੀਪ ਸਿੰਘ, ਸੂਬੇਦਾਰ ਪ੍ਰੇਮ ਸਿੰਘ, ਜਰਨੈਲ ਸਿੰਘ ਧਾਲੀਵਾਲ, ਜਗਤਾਰ ਸਿੰਘ ਢਿੱਲੋਂ, ਜਗਰਾਜ ਸਿੰਘ ਗਿੱਲ, ਜਗਵਿੰਦਰ ਸਿੰਘ ਗਿੱਲ, ਕੋਚ ਮਨਪ੍ਰੀਤ ਸਿੰਘ, ਸੁਖਦੀਪ ਸਿੰਘ ਗਿੱਲ, ਤੇਜ ਹੁੰਦਲ, ਸੁਖਵੀਰ ਮੰਡੇਰ, ਕਮਲ ਗਿੱਲ, ਜਤਿੰਦਰ ਸੋਨੀ, ਸਰਬਜੀਤ ਸਿੰਘ ਹੁੰਦਲ, ਰਾਜੂ ਖਾਨ, ਜਸਪ੍ਰੀਤ ਗਿੱਲ ਆਦਿ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਗੋਦਾਮ 'ਚੋਂ ਚੌਲਾਂ ਦੀਆਂ ਬੋਰੀਆਂ ਚੋਰੀ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਇੱਕ ਵਿਅਕਤੀ ਵੱਲੋਂ ਗੁਦਾਮ 'ਚੋਂ ਕਣਕ ਦੀਆਂ ਬੋਰੀਆਂ ਚੋਰੀ ਹੋ ਜਾਣ ਸਬੰਧੀ ਦਿੱਤੀ ਗਈ ਸ਼ਿਕਾਇਤ 'ਤੇ ਸਰਹਿੰਦ ਪੁਲਸ ਵੱਲੋਂ ਚੋਰੀ ਦਾ ਇੱਕ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜਸਵੀਰ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਗਲੋਬਸ ਵੇਅਰ ਹਾਊਸ ਐਂਡ ਟ੍ਰੇਡਿੰਗ ਕੰਪਨੀ ਵਿੱਚ ਬਤੌਰ ਡਿਪਟੀ ਰਿਜਨਲ ਮੈਨੇਜਰ ਵਜੋਂ ਕੰਮ ਕਰਦਾ ਹੈ ਤੇ ਉਨ੍ਹਾਂ ਦੀ ਕੰਪਨੀ ਗੋਦਾਮਾਂ 'ਚ ਲੱਗੀ ਕਣਕ/ਚੌਲ ਦੀ ਸਾਂਭ-ਸੰਭਾਲ ਦਾ ਕੰਮ ਕਰਦੀ ਹੈ।ਸ਼ਿਕਾਇਤਕਰਤਾ ਨੇ ਦੱਸਿਆ ਕਿ ਕੁਝ ਨਾਮਾਲੂਮ ਵਿਅਕਤੀ ਬੀਤੀ 13/14 ਅਗਸਤ ਦੀ ਦਰਮਿਆਨੀ ਰਾਤ ਨੂੰ ਪਿੰਡ ਮਾਧੋਪੁਰ ਵਿਖੇ ਸਥਿਤ ਗੋਦਾਮ ਦੀ ਕੰਧ 'ਤੇ ਲੱਗੀ ਤਾਰ ਕੱਟ ਕੇ ਗੋਦਾਮ ਅੰਦਰ ਦਾਖਲ ਹੋਏ, ਜੋ ਕਿ ਸ਼ਟਰ ਤੋੜ ਕੇ ਗੋਦਾਮ 'ਚੋਂ 127 ਬੋਰੀਆਂ ਚੌਲਾਂ ਦੀਆਂ ਚੋਰੀ ਕਰਕੇ ਲੈ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਵਿਕਾਸ ਕਾਰਜਾਂ ਨੂੰ ਜਲਦ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ : ਮੁੰਡੀਆਂ



**ਲੁਧਿਆਣਾ (ਰਾਜ ਸਿੰਗਲਾ)**-ਕੈਬਨਿਟ ਮੰਤਰੀ ਬਣਨ ਤੋਂ ਬਾਅਦ ਲੁਧਿਆਣਾ ਵਿਖੇ ਆਪਣੀ ਪਹਿਲੀ ਅਧਿਕਾਰਤ ਮੀਟਿੰਗ ਦੌਰਾਨ ਪੰਜਾਬ ਦੇ ਮਾਲ ਤੇ ਮੁੜ ਵਸੇਬਾ, ਆਫ਼ਤ ਪ੍ਰਬੰਧਨ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅਧਿਕਾਰੀਆਂ/ਕਰਮਚਾਰੀਆਂ ਵਿੱਚ ਨਿਮਰਤਾ, ਸਬਰ, ਧਾਰਮਿਕਤਾ ਤੇ ਪਾਰਦਰਸ਼ਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਅਪੀਲ ਕੀਤੀ ਕਿ ਪਾਰਦਰਸ਼ੀ ਤੇ ਨਿਮਰਤਾ ਨਾਲ ਆਮ ਲੋਕਾਂ ਦੇ ਮਸਲੇ ਤੇ ਸ਼ਿਕਾਇਤਾਂ ਸੁਣੀਆਂ ਜਾਣ।ਕੈਬਨਿਟ ਮੰਤਰੀ ਮੁੰਡੀਆਂ ਨੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਾਂ ਨੂੰ 'ਆਪ' ਸਰਕਾਰ ਤੋਂ ਬਹੁਤ ਉਮੀਦਾਂ ਹਨ ਤੇ ਸਾਰਿਆਂ ਨੂੰ ਪੂਰਾ ਕਰਨ ਦੀ ਲੋੜ ਹੈ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਅਤੇ ਟੀਮ ਭਾਵਨਾ ਨਾਲ ਕੰਮ ਕਰਨ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸਹੂਲਤ ਲਈ ਚੰਗੇ ਪ੍ਰਸ਼ਾਸਨ, ਸੇਵਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਾਨ ਕਰਨ ਲਈ ਵਚਨਬੱਧ ਹੈ।ਕੈਬਨਿਟ ਮੰਤਰੀ ਨੇ ਸਾਰੇ ਵਿਧਾਇਕਾਂ, ਚੇਅਰਮੈਨਾਂ ਤੇ ਆਗੂਆਂ ਦੇ ਕਾਇਦੇ ਅਨੁਸਾਰ ਕੰਮਾਂ ਲਈ ਮਿਲਣ ਆਉਣ ਮੌਕੇ ਸਨਮਾਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਬਾਅਦ ਵਿੱਚ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਲੋਕ ਨਿਰਮਾਣ, ਸਿੱਖਿਆ, ਸਿਹਤ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ, ਜਲ ਸਪਲਾਈ ਤੇ ਸੈਨੀਟੇਸ਼ਨ, ਪੇਂਡੂ ਵਿਕਾਸ ਸਮੇਤ ਹੋਰ ਵਿਭਾਗਾਂ ਨਾਲ ਸਬੰਧਤ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਮੁਲਾਂਕਣ ਕੀਤਾ ਤੇ ਇਨ੍ਹਾਂ ਨੂੰ ਜਲਦ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

## ਲੋਹਗੜ੍ਹ ਨੂੰ ਬਣਾਵਾਂਗੇ ਨਮੂਨੇ ਦਾ ਪਿੰਡ : ਹਰਜਿੰਦਰ ਕੌਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਪਿੰਡ ਲੋਹਗੜ੍ਹ ਦੇ ਸਰਪੰਚ ਦੀ ਚੋਣ ਜਿੱਤ ਚੁੱਕੀ ਮਹਿਲਾ ਸਰਪੰਚ ਹਰਜਿੰਦਰ ਕੌਰ ਨੇ ਸਮੂਹ ਨਗਰ ਨਿਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕਰਦੇ ਕਿਹਾ ਕਿ ਵੋਟਰਾਂ ਨੇ ਪਿੰਡ ਲੋਹਗੜ੍ਹ ਦੀ ਖੁਸ਼ਹਾਲੀ ਤੇ ਵਿਕਾਸ ਲਈ ਵੋਟ ਦਿੱਤੇ ਹਨ।ਉਹ ਦਲਗਤ ਰਾਜਨੀਤੀ ਤੋਂ ਉਪਰ ਉੱਠ ਕੇ ਭਾਈਚਾਰਕ ਸਾਂਝ ਕਾਇਮ ਕਰਨ ਤੇ ਪਿੰਡ ਲੋਹਗੜ੍ਹ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਰਹਿਣਗੇ।ਇਸ ਜਿੱਤ 'ਤੇ ਬੀਬਾ ਹਰਜਿੰਦਰ ਕੌਰ ਦੇ ਪਤੀ ਗੁਰਵਿੰਦਰ ਸਿੰਘ ਰਿੰਕੂ ਨੇ ਵੀ ਪਿੰਡ ਦੇ ਵਿਕਾਸ ਲਈ ਵਚਨਵੱਧਤਾ ਦਾ ਵਿਸ਼ਵਾਸ ਦੁਆਉਂਦੇ ਕਿਹਾ ਕਿ ਉਹ ਸਭ ਨੂੰ ਨਾਲ ਲੈ ਕੇ ਚਲਣਗੇ।

ਮੰਹਤ ਚਮਕੌਰ ਸਿੰਘ, ਜਤਿੰਦਰ ਸਿੰਘ ਲਾਡੀ ਵੱਲੋਂ ਪੰਚਾਇਤ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਜਿੱਤ ਦੀ ਇਸ ਖੁਸ਼ੀ ਵਿੱਚ ਪੰਚ ਬੇਅੰਤ ਸਿੰਘ, ਪੰਚ ਬੰਤ ਸਿੰਘ, ਮਨਜਿੰਦਰ ਸਿੰਘ, ਸੁਖਜਿੰਦਰ ਸਿੰਘ, ਹਰਪਾਲ ਸਿੰਘ ਪਾਲੀ, ਮਨਜੀਤ ਸਿੰਘ ਧੇਨਸਰ, ਸਰਬਜੋਤ ਸਿੰਘ, ਗੁਰਪ੍ਰੀਤ ਸਿੰਘ ਧਨੇਸਰ ਸਮੇਤ ਪਿੰਡ ਲੋਹਗੜ੍ਹ ਦੇ ਪੱਤਵੰਤੇ ਹਾਜ਼ਰ ਰਹੇ।

## ਦੇਵ ਮਾਨ ਨੇ ਦਮਨਜੋਤ ਨੂੰ ਸਰਪੰਚ ਬਣਨ 'ਤੇ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਦੇ ਅਧੀਨ ਪੈਂਦੀ ਕਰਤਾਰ ਕਲੌਨੀ 'ਚ ਪੰਚਾਇਤੀ ਚੋਣਾਂ 'ਚ ਦਮਨਜੋਤ ਗਰਗ ਪਤਨੀ ਸੁਰੇਸ਼ ਗਰਗ ਗੋਨਾ ਸਪੁੱਤਰ ਵਿਨੋਦ ਗਰਗ ਠੇਕੇਦਾਰ ਸਰਪੰਚੀ ਦੀ ਚੋਣ ਜਿੱਤਣ 'ਚ ਕਾਮਯਾਬ ਰਹੀ, ਜਦਕਿ ਵਾਰਡ ਨੰ. 1 ਤੋਂ ਹਰਬੰਸ ਕੌਰ, ਵਾਰਡ ਨੰ. 2 ਤੋਂ ਰਾਜੇਸ਼ ਕੁਮਾਰ, ਵਾਰਡ ਨੰ. 3 ਤੋਂ ਸਰਬਜੀਤ ਕੁਮਾਰ, ਵਾਰਡ ਨੰ. 4 ਤੋਂ ਦੀਪਕ ਵਰਮਾ, ਵਾਰਡ ਨੰ. 5 ਤੋਂ ਰਜਿੰਦਰ ਕੌਰ, ਵਾਰਡ ਨੰ. 6 ਤੋਂ ਟਵਿੰਕਲ ਸਹਿਗਲ, ਵਾਰਡ ਨੰ. 7 ਤੋਂ ਪਰਮਜੀਤ ਰਾਮ ਪੰਚੀ ਦੀ ਚੋਣ ਜਿੱਤਣ 'ਚ ਸਫਲ ਰਹੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਵੇਂ ਬਣੇ ਸਰਪੰਚ ਮੈਡਮ ਦਮਨਜੋਤ ਗਰਗ ਤੇ ਪੰਚਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਤੇ ਸਿਰਪਾਓ ਪਾ ਕੇ ਸਨਮਾਨਤ ਕੀਤਾ। ਉਪਰੰਤ ਨਵ-ਨਿਯੁਕਤ ਸਰਪੰਚ ਦਮਨਜੋਤ ਗਰਗ ਨੇ ਸਮੂਹ ਕਲੌਨੀ ਵਾਸੀਆਂ ਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਜਿੰਨੇ ਵੀ ਪਿੰਡ ਦੇ ਵਿਕਾਸ ਕਾਰਜ ਅਧੂਰੇ ਪਏ ਹਨ, ਉਹ ਵਿਧਾਇਕ ਦੇਵ ਮਾਨ ਜੀ ਦੀ ਰਹਿਨੁਮਾਈ ਹੇਠ ਬਹੁਤ ਜਲਦ ਪੂਰੇ ਕਰਵਾਏ ਜਾਣਗੇ। ਇਸ ਮੌਕੇ ਹਲਕਾ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਕਰਤਾਰ ਕਲੌਨੀ ਦੇ ਨਿਵਾਸੀ ਮੇਰੇ ਪਰਵਾਰ ਵਾਂਗ ਹਨ। ਕਲੌਨੀ ਵਿਖੇ ਵਿਕਾਸ ਕਾਰਜਾਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਆਮ ਆਦਮੀ ਪਾਰਟੀ ਟਰੇਡ ਵਿੰਗ ਜਾਇੰਟ ਸਕੱਤਰ ਪੰਜਾਬ ਅਜੇ ਜਿੰਦਲ, ਕਾਲਾ ਨਾਭਾ, ਤਜਿੰਦਰ ਖਹਿਰਾ, ਜਸਵੀਰ ਸਿੰਘ ਛਿੰਦਾ, ਭੁਪਿੰਦਰ ਸਿੰਘ ਕਲਰ ਮਾਜਰੀ, ਸੁਖਦੇਵ ਸਿੰਘ ਮਾਨ ਆਦਿ ਹਾਜ਼ਰ ਸਨ।

## 'ਨੋਟਾ' ਦੇ ਜਿੱਤਣ 'ਤੇ ਸਰਪੰਚੀ ਦੀ ਚੋਣ ਨਵੇਂ ਸਿਰੇ ਤੋਂ ਕਰਵਾਉਣ ਦੀ ਮੰਗ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਨ ਸਭਾ ਹਲਕਾ ਸਨੌਰ ਦੇ ਪਿੰਡ ਬਿਸ਼ਨਗੜ੍ਹ, ਜੋ ਬਲਾਕ ਭੁੰਨਰਹੇੜੀ ਵਿੱਚ ਪੈਂਦਾ ਹੈ, ਅੱਜਕੱਲ੍ਹ ਪੰਜਾਬ ਤੇ ਪੂਰੇ ਭਾਰਤ ਵਿੱਚ ਚਰਚਾ ਵਿੱਚ ਹੈ, ਜਿੱਥੇ ਪਿੰਡ ਬਿਸ਼ਨਗੜ੍ਹ ਦੇ ਲੋਕਾਂ ਵੱਲੋਂ 'ਨੋਟਾ' ਨੂੰ 115 ਵੋਟਾਂ ਮਿਲੀਆਂ, ਉੱਥੇ ਸਰਪੰਚੀ ਦੇ ਉਮੀਦਵਾਰ ਨੂੰ 105 ਵੋਟਾਂ ਮਿਲੀਆਂ, ਜਿਸ ਵਿੱਚ ਪਿੰਡ ਦੇ ਲੋਕਾਂ ਨੇ ਸਰਪੰਚੀ ਦੇ ਦੋਵੇਂ ਉਮੀਦਵਾਰਾਂ ਨੂੰ ਨਕਾਰ ਦਿੱਤਾ ਹੈ।ਪਿੰਡ ਬਿਸ਼ਨਗੜ੍ਹ ਦੇ ਵਾਸੀਆਂ ਨੇ ਮੁੱਖ ਚੋਣ ਕਮਿਸ਼ਨ ਪੰਜਾਬ ਤੇ ਐੱਸ.ਡੀ.ਐੱਮ. ਪਟਿਆਲਾ ਕ੍ਰਿਪਾਲਵੀਰ ਸਿੰਘ ਤੋਂ ਮੰਗ ਕੀਤੀ ਹੈ ਕਿ ਇਸ ਪਿੰਡ ਦੀ ਮੁੜ ਤੋਂ ਸਰਪੰਚੀ ਦੀ ਚੋਣ ਕਰਵਾਈ ਜਾਵੇ।ਪਿੰਡ ਵਾਸੀਆਂ ਨੇ ਮੁੱਖ ਚੋਣ ਕਮਿਸ਼ਨ ਪੰਜਾਬ ਨੂੰ ਐੱਸ.ਡੀ.ਐੱਮ. ਪਟਿਆਲਾ ਰਾਹੀਂ ਇੱਕ ਮੰਗ ਪੱਤਰ ਭੇਜਿਆ ਕਿ ਪਿੰਡ ਦੀ ਚੋਣ ਜਲਦੀ ਤੋਂ ਜਲਦੀ ਕਰਵਾਈ ਜਾਵੇ, ਤਾਂ ਜੋ ਲੋਕ ਆਪਣੇ ਮਨ ਪਸੰਦ ਦਾ ਉਮੀਦਵਾਰ ਚੁਣ ਸਕਣ। ਪਿੰਡ ਵਾਸੀਆਂ ਨੇ ਦੱਸਿਆ ਕਿ ਇਹ ਦੋਵੇਂ ਉਮੀਦਵਾਰ ਪਿੰਡ ਦਾ ਵਿਕਾਸ ਨਹੀਂ ਕਰ ਸਕਦੇ, ਜਿਸ ਕਰਕੇ ਪਿੰਡ ਦੇ ਲੋਕਾਂ ਨੇ ਇਨ੍ਹਾਂ ਦੋਨਾਂ ਉਮੀਦਵਾਰਾਂ ਨੂੰ ਨਕਾਰਿਆ ਤੇ 'ਨੋਟਾ' ਨੂੰ ਵੱਧ ਵੋਟਾਂ ਪਾ ਕੇ ਜਿਤਾਇਆ।ਇਸ ਕਰਕੇ ਇਸ ਪਿੰਡ ਵਿੱਚ ਮੁੜ ਸਰਪੰਚੀ ਦੀ ਚੋਣ ਹੋਣੀ ਚਾਹੀਦੀ ਹੈ।ਇਸ ਮੌਕੇ ਅਮਰਜੀਤ ਸਿੰਘ ਜਾਗਦੇ ਰਹੋ ਸਰਪੰਚ, ਨੰਬਰਦਾਰ ਕਸਪਾਲ ਸਿੰਘ, ਪੰਚ ਅਵਤਾਰ ਸਿੰਘ, ਪੰਚ ਰਾਜਵੀਰ ਸਿੰਘ, ਪੰਚ ਰਵੀ ਸਿੰਘ, ਕਰਨ ਸਿੰਘ, ਸੁੰਦਰਜੀਤ ਕੌਰ, ਸ਼ੰਟੀ, ਮਲਕੀਤ ਸਿੰਘ, ਜਸਵਿੰਦਰ ਸਿੰਘ ਤੇ ਸੁਮਨਜੀਤ ਕੌਰ ਹਾਜ਼ਰ ਸਨ।

## ਸ੍ਰੀ ਗੁਰੂ ਨਾਨਕ ਸੇਵਾ ਮਿਸ਼ਨ ਦੀ ਟੀਮ ਸਨਮਾਨਤ



**ਰਾਜਪੁਰਾ (ਰਮੇਸ਼ ਕਟਾਰੀਆ)**-ਸੰਤ ਬਾਬਾ ਗੁਰਦੇਵ ਸਿੰਘ ਅਤੇ ਡਾਕਟਰ ਭਰਪੂਰ ਸਿੰਘ ਦੀ ਅਗਵਾਈ ਹੇਠ ਚੱਲ ਰਹੇ ਸਥਾਨਕ ਭਾਈ ਦਇਆ ਸਿੰਘ ਸਕੂਲ ਰਾਜਪੁਰਾ ਵਿਖੇ ਸਾਲਾਨਾ ਗੁਰਮਤਿ ਪ੍ਰੀਖਿਆ ਕਾਰਵਾਈ ਗਈ। ਇਹ ਪ੍ਰੀਖਿਆ ਕਰੀਬ 130 ਬੱਚਿਆ ਨੇ ਦਿੱਤੀ। ਇਹ ਉਪਰਾਲਾ ਹਰ ਸਾਲ ਗੁਰੂ ਨਾਨਕ ਸੇਵਾ ਮਿਸ਼ਨ ਪਟਿਆਲਾ ਵੱਲੋਂ ਕੀਤਾ ਜਾਂਦਾ ਹੈ। ਇਸ ਪ੍ਰੀਖਿਆ ਦਾ ਮੁੱਖ ਮੰਤਵ ਬੱਚਿਆਂ ਨੂੰ ਧਰਮ ਅਤੇ ਵਿਰਸੇ ਨਾਲ ਜੋੜਨਾ ਹੈ। ਪ੍ਰੀਖਿਆ ਦੌਰਾਨ ਮੈਰਿਟ ਵਿੱਚ ਆਏ ਬੱਚਿਆਂ ਨੂੰ ਮਿਸ਼ਨ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ। ਮਿਸ਼ਨ ਦੇ ਇਸ ਸ਼ਲਾਘਾਯੋਗ ਉਪਰਾਲੇ ਲਈ ਸਕੂਲ ਪ੍ਰਿੰਸੀਪਲ ਮੈਡਮ ਸੋਨੀਆ ਵੱਲੋਂ ਮਿਸ਼ਨ ਦੇ ਮੁੱਖ ਸੇਵਾਦਾਰ ਗੁਲਜ਼ਾਰ ਸਿੰਘ ਅਤੇ ਉਹਨਾ ਦੀ ਸਮੁੱਚੀ ਟੀਮ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕ ਕੁਲਵੰਤ ਸਿੰਘ, ਮਨਿੰਦਰ ਕੌਰ ਤੋਂ ਇਲਾਵਾ ਸਕੂਲ ਦਾ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

## ਵਿਜ਼ਡਮ ਸਕੂਲ 'ਚ ਲੇਖਕ ਸੰਜੀਵ ਝਾਂਜੀ ਦਾ ਨਿੱਘਾ ਸਵਾਗਤ



**ਜਗਰਾਉਂ (ਅਮਿਤ ਖੰਨਾ)**-ਲੀਲਾ ਮੇਘ ਸਿੰਘ ਦੀ ਨਾਮਵਰ ਵਿੱਦਿਅਕ ਸੰਸਥਾ ਵਿਜ਼ਡਮ ਇੰਟਰਨੈਸ਼ਨਲ, ਜੋ ਹਰ ਇੱਕ ਖੇਤਰ ਵਿੱਚ ਮੋਹਰੀ ਹੈ, ਹਰ ਇੱਕ ਨੂੰ ਸਾਥ ਲੈ ਕੇ ਚੱਲਣ ਵਿੱਚ ਬਚਨਬੱਧ ਹੈ। ਸਕੂਲ ਦੇ ਚੇਅਰਮੈਨ ਸ੍ਰੀ ਸਤੀਸ਼ ਕਾਲੜਾ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਤੇ ਸਟਾਫ ਨੇ ਸੰਜੀਵ ਝਾਂਜੀ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਲੇਖਕ ਸੰਜੀਵ ਝਾਂਜੀ ਵੱਲੋਂ ਆਪਣੇ ਦੁਆਰਾ ਲਿਖੀ ਗਈ ਪੁਸਤਕ 'ਜਿੱਤ ਦੇ ਦੀਵੇ' ਸਕੂਲ ਦੇ ਚੇਅਰਮੈਨ ਸਤੀਸ਼ ਕਾਲੜਾ ਤੇ ਪ੍ਰਿੰਸੀਪਲ ਅਨੀਤਾ ਕਾਲੜਾ ਨਾਲ ਸਾਂਝੀ ਕੀਤੀ।ਇਸ ਮੌਕੇ ਚੇਅਰਮੈਨ ਸਤੀਸ਼ ਕਾਲੜਾ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਦੱਸਿਆ ਕਿ ਸੰਜੀਵ ਝਾਂਜੀ ਨਾਲ ਉਨ੍ਹਾਂ ਦਾ ਬੜਾ ਪੁਰਾਣਾ ਰਿਸ਼ਤਾ ਹੈ।ਉਨ੍ਹਾਂ ਨੇ ਦੱਸਿਆ ਸੰਜੀਵ ਝਾਂਜੀ ਨੂੰ ਲਿਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦੀ ਲੇਖਣੀ ਬਹੁਤ ਸਾਫ ਸੁਥਰੀ ਹੈ। ਸੰਜੀਵ ਝਾਂਜੀ ਵਿਗਿਆਨ ਦਾ ਵਿਦਿਆਰਥੀ ਹੋਣ ਕਾਰਨ ਉਹ ਹਰੇਕ ਚੀਜ਼ 'ਚੋਂ ਹਰੇਕ ਲੇਖ 'ਚੋਂ ਵਿਗਿਆਨ ਲੱਭਣ ਦਾ ਯਤਨ ਕਰਦੇ ਹਨ।ਉਨ੍ਹਾਂ ਦੇ ਇਸ ਲਿਖਣ ਦੇ ਸ਼ੌਕ ਨਾਲ 1998 ਤੋਂ ਵੱਖ-ਵੱਖ ਅਖਬਾਰ ਰਸਾਲਿਆਂ ਵਿੱਚ ਲੇਖ ਛਪੇ ਹਨ।2006 ਵਿੱਚ ਰੱਬ ਕਾਤਿਲ ਹੈ।ਕਾਵਿ ਸੰਗ੍ਰਹਿ ਲੋਕ ਅਰਪਨ ਕੀਤਾ ਸੀ।25 ਸਾਲਾਂ ਤੋਂ ਉਨ੍ਹਾਂ ਦੀਆਂ ਕਈ ਪੁਸਤਕਾਂ ਤੇ ਰਸਾਲੇ ਛਪੇ ਹਨ।ਇਸੇ ਤਰ੍ਹਾਂ ਜਿੱਤ ਦੇ ਦੀਵੇ ਲੇਖ ਸੰਗ੍ਰਹਿ ਉਨ੍ਹਾਂ ਨੇ ਸਭ ਨਾਲ ਸਾਂਝਾ ਕੀਤਾ। ਚੇਅਰਮੈਨ ਸਤੀਸ਼ ਕਾਲੜਾ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਉਨ੍ਹਾਂ ਦੇ ਇਸ ਲੇਖ ਸੰਗ੍ਰਹਿ ਲਈ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ. ਸੰਜੀਵ ਝਾਂਜੀ ਨੇ ਕਿਹਾ ਕਿ ਕਿਤਾਬਾਂ ਲਿਖਣ ਦੀ ਪ੍ਰੇਰਣਾ ਦੇਣ ਵਿੱਚ ਉਨ੍ਹਾਂ ਦੇ ਮਾਤਾ-ਪਿਤਾ ਦਾ ਬਹੁਤ ਵੱਡਾ ਯੋਗਦਾਨ ਹੈ।ਜਿੱਤ ਦੇ ਦੀਵੇ ਲੇਖ ਸੰਗ੍ਰਹਿ ਵਿੱਚ ਭਗਵਾਨ ਸ੍ਰੀ ਰਾਮ ਚੰਦਰ ਨਾਲ ਸੰਬੰਧਤ ਧਾਰਮਿਕ ਪੁਸਤਕ ਹੈ।ਇਹ ਕਿਤਾਬ ਮਾਂ ਬੋਲੀ ਪੰਜਾਬੀ ਵਿੱਚ ਹੈ।

ਅੰਤ ਉਨ੍ਹਾ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਜਿੱਤ ਦੇ ਦੀਵੇ ਆਪ ਸਭ ਨੂੰ ਪਸੰਦ ਆਵੇਗਾ।ਇਸ ਮੌਕੇ ਨਿਖਿਲ ਕਾਲੜਾ, ਆਰੀਅਨ ਕਾਲੜਾ, ਵਾਈਸ ਪ੍ਰਿੰਸੀਪਲ ਸਤਵਿੰਦਰਜੀਤ ਕੌਰ, ਕੁਲਵੀਰ ਕੌਰ, ਜਸਵੰਤ ਕੌਰ ਪੁਪਿੰਦਰ ਸ਼ਰਮਾ ਨੇ ਜਿੱਤ ਦੇ ਦੀਵੇ ਪੁਸਤਕ ਲਈ ਸ਼ੁੱਭ-ਇੱਛਾਵਾਂ ਦਿੱਤੀਆਂ।

## ਜੀ ਆਰ ਪੀ ਨੂੰ ਅਣਪਛਾਤੀ ਲਾਸ਼ ਮਿਲੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਜੀ ਆਰ ਪੀ ਦੇ ਏ ਐੱਸ ਆਈ ਸੁਖਚੈਨ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ-ਮਾਨਾਂਵਾਲਾ ਰੇਲਵੇ ਲਾਈਨ 'ਤੇ ਇੱਕ ਅੱਧਖੜ ਵਿਅਕਤੀ ਦੀ ਰੇਲ ਗੱਡੀ ਹੇਠ ਆਉਣ ਨਾਲ ਮੌਤ ਹੋ ਗਈ, ਜਿਸ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਉਸ ਦਾ ਪੋਸਟ-ਮਾਰਟਮ ਕਰਵਾਇਆ ਗਿਆ। ਲਾਸ਼ ਦਾ ਕੋਈ ਵਾਰਸ ਹੁਣ ਤੱਕ ਸਾਹਮਣੇ ਨਹੀਂ ਆਇਆ। ਪੁਲਸ ਨੇ ਆਪਣੀ ਹਾਜ਼ਰੀ ਵਿੱਚ ਸਸਕਾਰ ਕਰਵਾ ਦਿੱਤਾ। ਲਾਸ਼ ਇਸ ਤਰੀਕੇ ਨਾਲ ਕੱਟੀ ਹੋਈ ਮਿਲੀ ਸੀ ਕਿ ਉਸ ਦੀ ਸ਼ਨਾਖਤ ਕਰਨੀ ਵੀ ਮੁਸ਼ਕਲ ਹੋਈ ਪਈ ਸੀ। ਜਿਸ ਵੀ ਕਿਸੇ ਦਾ ਕੋਈ ਵਿਅਕਤੀ ਘਰੋਂ ਗਿਆ ਘਰ ਵਾਪਸ ਨਹੀਂ ਪਰਤਿਆ, ਉਹ ਸ਼ਨਾਖਤ ਲਈ ਏ ਐੱਸ ਆਈ ਸੁਖਚੈਨ ਸਿੰਘ ਨਾਲ ਉਹਨਾ ਦੇ ਮੋਬਾਇਲ ਨੰਬਰ 81466-94375 'ਤੇ ਰਾਬਤਾ ਕਰਕੇ ਜਾਣਕਾਰੀ ਹਾਸਲ ਕਰ ਸਕਦਾ ਹੈ।

## ਮਾਤਾ ਗੁਜਰੀ ਸਕੂਲ ਵਿਖੇ ਪ੍ਰਦਰਸ਼ਨੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਤਾ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵਿਖੇ ਡੀਫ਼ ਤੇ ਬਲਾਈਂਡ ਸਕੂਲ ਪਟਿਆਲਾ ਦੇ ਵਿਦਿਆਰਥੀਆਂ ਨੇ ਇੱਕ ਵਿਸ਼ੇਸ਼ ਪ੍ਰਦਰਸ਼ਨੀ ਲਗਾਈ। ਇਸ ਪ੍ਰਦਰਸ਼ਨੀ ਵਿੱਚ ਉਨ੍ਹਾਂ ਨੇ ਆਪਣੇ ਹੱਥ ਨਾਲ ਦਿਵਾਲੀ ਦੇ ਤਿਉਹਾਰ ਨਾਲ ਸੰਬੰਧਤ ਸਾਮਾਨ ਜਿਵੇਂ ਮੋਮਬੱਤੀਆਂ, ਦੀਵੇ ਤੇ ਹੋਰ ਸਜਾਵਟ ਸਮੱਗਰੀ ਪੇਸ਼ ਕੀਤੀ।ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਉਨ੍ਹਾਂ ਦੁਆਰਾ ਲਿਆਂਦਾ ਸਾਰਾ ਸਾਮਾਨ ਬੜੇ ਹੀ ਚਾਅ ਨਾਲ ਖਰੀਦ ਕੇ ਉਨ੍ਹਾਂ ਦੀ ਪ੍ਰਤਿਭਾ ਤੇ ਕਾਬਲੀਅਤ ਨੂੰ ਵਧਾਉਣ ਵਿੱਚ ਮਦਦ ਕੀਤੀ।ਇਹ ਸ਼ਲਾਘਾਯੋਗ ਕਦਮ ਮਹਿਮਾਨ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਖੁਸ਼ੀ ਦਾ ਕਾਰਨ ਬਣਿਆ ਅਤੇ ਉਨ੍ਹਾਂ ਦੀ ਦਿਵਾਲੀ ਦੀਆਂ ਖੁਸ਼ੀਆਂ ਵਿੱਚ ਹੋਰ ਵਾਧਾ ਕੀਤਾ।ਸਕੂਲ ਪ੍ਰਬੰਧਕਾਂ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਤਰਨਦੀਪ ਅਰੋੜਾ ਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਨੇ ਸਕੂਲ ਵਿੱਚ ਆਏ ਮਹਿਮਾਨਾਂ ਦੀ ਪ੍ਰਸ਼ੰਸਾ ਕਰਕੇ ਉਨ੍ਹਾਂ ਦੇ ਹੌਸਲੇ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਵਧਾਈ ਵੀ ਦਿੱਤੀ।

## ਗੁਰਦੁਆਰਾ ਦੁਖ ਨਿਵਾਰਨ ਵਿਖੇ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਮਨਾਇਆ


**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸੰਗਤਾਂ ਵੱਲੋਂ ਗੁਰੂ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ।ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਵੱਡੀ ਗਿਣਤੀ 'ਚ ਪੁੱਜੀਆਂ ਸੰਗਤਾਂ ਨੇ ਗੁਰੂ ਦਰਬਾਰ ਵਿੱਚ ਆਸਥਾ ਦਾ ਪ੍ਰਗਟਾਵਾ ਕੀਤਾ ਤੇ ਹਜ਼ੂਰੀ ਕੀਰਤਨੀ ਪਾਸੋਂ ਗੁਰਬਾਨੀ ਸਰਵਣ ਦਾ ਆਨੰਦ ਮਾਣਿਆ।ਪ੍ਰਕਾਸ਼ ਪੁਰਬ ਮੌਕੇ ਗੁਰੂ ਦਰਬਾਰ ਨੂੰ ਵੱਖ-ਵੱਖ ਫੁੱਲਾਂ ਨਾਲ ਸਜਾਵਟ ਕੀਤੀ ਗਈ, ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੀ ਰਹੀ।

ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਦੀਵਾਨ ਹਾਲ ਵਿਖੇ ਪਾਏ ਗਏ।ਇਸ ਦੌਰਾਨ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਪੁੱਜੀਆਂ ਸੰਗਤਾਂ ਨੂੰ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਤੇ ਮੁੱਖਵਾਕ ਭਾਈ ਕੁਲਦੀਪ ਸਿੰਘ ਵੱਲੋਂ ਲਿਆ ਗਿਆ।ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਬੀਬੀ ਕੁਲਦੀਪ ਕੌਰ ਟੌਹੜਾ ਨੇ ਸੰਗਤਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਜਾਣੂੰ ਕਰਵਾਇਆ ਕਿ ਗੁਰੂ ਸਾਹਿਬ ਨੇ 22 ਸਾਲ ਦੇ ਕਰੀਬ ਤੀਜੀ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨਾਲ ਆਪਣਾ ਜੀਵਨ ਪ੍ਰਮਾਤਮਾ ਦੇ ਭਾਣੇ 'ਚ ਰਹਿ ਕੇ ਨਾਮ, ਸਿਮਰਨ ਤੇ ਸੇਵਾ ਰਾਹੀਂ ਬਤੀਤ ਕੀਤਾ, ਜੋ ਸਾਰਿਆਂ ਨੂੰ ਪ੍ਰਮਾਤਮਾ ਦੀ ਬੰਦਗੀ ਕਰਨ ਦੀ ਪ੍ਰੇਰਨਾ ਦਾ ਰਾਹ ਦਿਖਾਉਂਦਾ ਹੈ।ਇਸ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮੁੱਚਾ ਜੀਵਨ ਪ੍ਰਮਾਤਮਾ ਨੂੰ ਸਮਰਪਤ ਰਿਹਾ, ਜਿਨ੍ਹਾਂ ਵੱਲੋਂ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰਦੀ ਹੈ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਵੱਲੋਂ ਗੁਰਬਾਣੀ ਦਾ ਪ੍ਰਚਾਰ-ਪਰਸਾਰ ਕਰਨਾ ਅਤੇ ਕੀਤੇ ਗਏ ਵਿਲੱਖਣ ਕਾਰਜ ਮਾਨਵਤਾ ਦੇ ਕਲਿਆਣਮਈ ਕਾਰਜਾਂ 'ਚੋਂ ਇਕ ਸਨ ਅੱਜ ਲੋੜ ਹੈ ਕਿ ਗੁਰੂ ਸਾਹਿਬ ਦੀ ਜੀਵਨ ਵਿਚਾਰਧਾਰਾ ਅਤੇ ਉਦੇਸ਼ ਨਾਲ ਜੁੜੀਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਰਜਿੰਦਰ ਸਿੰਘ ਟੌਹੜਾ ਵੱਲੋਂ ਪੁੱਜੀਆਂ ਸਖਸ਼ੀਅਤਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਗੁਰੂ ਸਾਹਿਬ ਵੱਲੋਂ ਵਿਖਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

## ਭਗਵਾਨ ਵਾਲਮੀਕਿ ਜੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਨੂੰ ਸਫਲ ਕੀਤਾ ਜਾ ਸਕਦਾ : ਸਨੀ ਕਾਂਸਲ



**ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ)**-ਭਗਵਾਨ ਵਾਲਮੀਕੀ ਜੀ ਦੇ ਪ੍ਰਗਟ ਦਿਵਸ 'ਤੇ ਵਾਲਮੀਕੀ ਬਸਤੀ 'ਚ ਕਰਵਾਏ ਪ੍ਰੋਗਰਾਮ ਦੌਰਾਨ ਵੱਖ ਵੱਖ ਸ਼ਖਸੀਅਤਾਂ ਨੇ ਆਪਣੀ ਹਾਜ਼ਰੀ ਲਗਵਾਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਨਗਰ ਕੌਂਸਲਰ ਸਨੀ ਕਾਂਸਲ ਵੀ ਪੁੱਜੇ ਅਤੇ ਉਨ੍ਹਾਂ ਵੱਲੋਂ ਵੱਖ ਵੱਖ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਨਗਰ ਕਾਂਸਲ ਸੰਨੀ ਕਾਂਸਲ ਨੇ ਕਿਹਾ ਕਿ ਭਗਵਾਨ ਵਾਲਮੀਕੀ ਜੀ ਦੇ ਦਰਸਾਏ ਮਾਰਗਾਂ ਤੇ ਆਦਰਸ਼ਾਂ 'ਤੇ ਚੱਲਣ ਨਾਲ ਆਪਣੇ ਜੀਵਨ ਨੂੰ ਸਫਲ ਕੀਤਾ ਜਾ ਸਕਦਾ ਹੈ।ਉਨ੍ਹਾ ਕਿਹਾ ਕਿ ਸੁਨਾਮ ਉਧਮ ਸਿੰਘ ਵਾਲਾ ਵਿਖੇ ਹਰ ਸਾਲ ਭਗਵਾਨ ਵਾਲਮੀਕੀ ਜੀ ਦਾ ਪ੍ਰਗਟ ਦਿਵਸ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ।ਇਸ ਦੌਰਾਨ ਲੋਕ ਵੱਧ ਚੜ੍ਹ ਕੇ ਇਸ ਵਿੱਚ ਭਾਗ ਲੈਂਦੇ ਹਨ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਵੱਖ-ਵੱਖ ਸ਼ਖਸੀਅਤਾਂ ਮੌਜੂਦ ਸੀ।

## ਯੁਵਕ ਸੇਵਾਵਾਂ ਕਲੱਬਾਂ ਨੂੰ ਗ੍ਰਾਂਟ ਜਾਰੀ ਕਰਨ ਲਈ ਅਰਜ਼ੀਆਂ ਦੀ ਮੰਗ : ਡੀ ਸੀ

**ਸੰਗਰੂਰ (ਪ੍ਰਵੀਨ ਸਿੰਘ)**-ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਵਿਭਾਗ ਨਾਲ ਐਫੀਲੀਏਟਿਡ ਯੁਵਕ ਸੇਵਾਵਾਂ ਕਲੱਬਾਂ ਨੂੰ ਉਨ੍ਹਾਂ ਵੱਲੋਂ ਪਿਛਲੇ 2 ਸਾਲ ਤੋਂ ਆਪਣੇ ਪਿੰਡਾਂ ਵਿੱਚ ਪਿੰਡ ਦੀ ਭਲਾਈ, ਯੁਵਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਖੇਡਾਂ ਤੇ ਰੰਗਲਾ ਪੰਜਾਬ ਸਿਰਜਣ ਸਬੰਧੀ ਕੀਤੀਆਂ ਗਈਆਂ ਗਤੀਵਿਧੀਆਂ ਦੇ ਅਧਾਰ 'ਤੇ ਵਿੱਤੀ ਸਹਾਇਤਾ ਦੇਣ ਲਈ ਜ਼ਿਲ੍ਹੇ ਭਰ 'ਚੋਂ ਅਰਜ਼ੀਆਂ ਦੀ ਮੰਗ 31 ਅਕਤੂਬਰ 2024 ਤੱਕ ਕੀਤੀ ਗਈ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਯੁਵਕ ਸੇਵਾਵਾਂ ਕਲੱਬਾਂ ਵੱਲੋਂ ਆਪਣੀਆਂ ਅਰਜ਼ੀਆਂ ਦੇ ਨਾਲ ਕਲੱਬ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਆਂ ਤੇ ਅਖਬਾਰਾਂ ਦੀਆਂ ਕਾਤਰਾਂ ਨੱਥੀ ਕੀਤੀਆਂ ਜਾਣ ਤਾਂ ਜੋ ਜ਼ਿਲ੍ਹੇ ਭਰ 'ਚੋਂ ਵਧੀਆ ਕੰਮ ਕਰਨ ਵਾਲੇ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਖੇਡਾਂ ਦੇ ਸਾਮਾਨ ਤੇ ਯੁਵਕ ਗਤੀਵਿਧੀਆਂ ਆਦਿ ਲਈ ਵਿੱਤੀ ਸਹਾਇਤਾ (ਗ੍ਰਾਂਟ) ਜਾਰੀ ਕੀਤੀ ਜਾ ਸਕੇ।ਇਸ ਸਬੰਧੀ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਯੋਗ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਜ਼ਿਲ੍ਹਾ ਪੱਧਰ ਤੇ ਬਣਾਈ ਗਈ ਕਮੇਟੀ ਵੱਲੋਂ ਕੀਤੀ ਜਾਵੇਗੀ।ਯੁਵਕ ਸੇਵਾਵਾਂ ਕਲੱਬਾਂ ਵੱਲੋਂ ਇਹ ਅਰਜ਼ੀਆਂ ਜਾਂ ਫਾਈਲਾਂ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਦੇ ਦਫਤਰ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ 9417306371 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਰ 'ਚੋਂ 85 ਹਜ਼ਾਰ ਰੁਪਏ ਤੇ ਪਿਸਟਲ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਮਮਦੋਟ ਇਲਾਕੇ ਵਿੱਚ ਇੱਕ ਕਾਰ ਵਿਚੋਂ 50 ਹਜ਼ਾਰ ਰੁਪਏ ਤੇ 32 ਬੋਰ ਦੀ ਲਾਇਸੰਸੀ ਪਿਸਟਲ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਅਵਤਾਰ ਸਿੰਘ ਪਿੰਡ ਮਨਸੂਰ ਦੇਵਾ ਦੇ ਨਿਵਾਸੀ ਤੇ ਟਰੈਕਟਰਾਂ ਦੀ ਖਰੀਦੋ-ਫਰੋਖਤ ਦਾ ਕੰਮ ਕਰਨ ਵਾਲੇ, ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 9 ਅਕਤੂਬਰ 2024 ਨੂੰ ਉਹ ਆਪਣੇ ਸਾਥੀ ਦੇ ਨਾਲ ਮਮਦੋਟ ਗਏ ਸਨ ਅਤੇ ਕਾਰ (ਸਵਿਫਟ) ਵਿੱਚ ਕਾਲੇ ਰੰਗ ਦਾ ਬੈਗ ਰੱਖਿਆ ਹੋਇਆ ਸੀ, ਜਿਸ ਵਿੱਚ 50 ਹਜ਼ਾਰ ਰੁਪਏ ਤੇ 32 ਬੋਰ ਦੀ ਲਾਇਸੰਸੀ ਪਿਸਟਲ ਸੀ।ਉਸ ਬੈਗ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰ ਲਿਆ ਗਿਆ।ਸਹਾਇਕ ਥਾਣੇਦਾਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਪੁਲਸ ਨੇ ਅਵਤਾਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਮਾਮਲੇ ਦੀ ਜਾਂਚ ਜਾਰੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਾਰਿਆਂ, ਜੈਕਾਰਿਆਂ ਅਤੇ ਨਰਸਿੰਙਿਆਂ ਦੀ ਗੂੰਜ ਵਿਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਭਾਈ। ਇਸ ਮੌਕੇ ਹਾਜ਼ਰ ਵੱਡੀ ਗਿਣਤੀ ਵਿਚ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸਭਾ-ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਏ ਨਗਰ ਕੀਰਤਨ ਦਾ ਪੁਰਾਤਨ ਦਰਵਾਜ਼ਿਆਂ ਨੂੰ ਜੋੜਦੇ ਮਾਰਗ 'ਤੇ ਸੰਗਤਾਂ ਨੇ ਭਰਵਾਂ ਸਵਾਗਤ ਕੀਤਾ। ਵੱਖ-ਵੱਖ ਥਾਵਾਂ 'ਤੇ ਸਭਾ-ਸੁਸਾਇਟੀਆਂ ਅਤੇ ਸੰਗਤਾਂ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸ਼ਰਧਾ ਪ੍ਰਗਟਾਈ, ਉਥੇ ਹੀ ਸੰਗਤਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਨਗਰ ਕੀਰਤਨ ਮੌਕੇ ਘੰਟਾ ਘਰ ਪਲਾਜ਼ਾ ਵਿਖੇ ਪੰਜਾਬ ਪੁਲਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਭੇਟ ਕਰਦਿਆਂ ਸਲਾਮੀ ਦਿੱਤੀ ਗਈ। ਨਗਰ ਕੀਰਤਨ 'ਚ ਸ਼ਾਮਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੰਦਿਆਂ ਸੰਗਤ ਨੂੰ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਨਗਰ ਕੀਰਤਨ ਦੌਰਾਨ ਵੱਖ-ਵੱਖ ਸਭਾ-ਸੁਸਾਇਟੀਆਂ ਦੇ ਨੁਮਾਇੰਦਿਆਂ ਤੇ ਸੰਗਤਾਂ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਕਲਿਆਣ, ਗੁਰਮੀਤ ਸਿੰਘ ਬੂਹ, ਅਮਰੀਕ ਸਿੰਘ ਵਿਛੋਆ, ਜਗਸੀਰ ਸਿੰਘ ਮਾਂਗੇਆਣਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਕਥਾਵਾਚਕ ਗਿਆਨੀ ਜਸਵੰਤ ਸਿੰਘ, ਫੈਡਰੇਸ਼ਨ ਆਗੂ ਜਸਬੀਰ ਸਿੰਘ ਘੁੰਮਣ, ਅਮਰਬੀਰ ਸਿੰਘ ਢੋਟ, ਡਿਪਟੀ ਕਮਿਸ਼ਨਰ ਸ਼ਾਕਸ਼ੀ ਸਾਹਨੀ, ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਓ ਐਸ ਡੀ ਸਤਬੀਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਤੇਜਿੰਦਰ ਸਿੰਘ ਪੱਡਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਕਾਸ਼ ਗੁਰਪੁਰਬ ਦੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦਗੁਣਾਂ ਨਾਲ ਭਰਪੂਰ ਹੈ।

# ਵਧੀਕ ਡਿਪਟੀ ਕਮਿਸ਼ਨਰ (ਜ) ਖੇਤ 'ਚ ਪਰਾਲੀ ਸੜਨ ਦਾ ਪਤਾ ਲੱਗਣ 'ਤੇ ਖ਼ੁਦ ਮੌਕੇ 'ਤੇ ਪਹੁੰਚੇ

## ਫਾਇਰ ਬ੍ਰਿਗੇਡ ਦੀ ਮਦਦ ਨਾਲ ਅੱਗ ਬੁਝਾਈ

**ਗੁਰਦਾਸਪੁਰ, / ਬਟਾਲਾ (ਤਰਲੋਕ ਬੱਗਾ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਝੋਨੇ ਦੀ ਪਰਾਲੀ ਸਾੜਨ ਦੀ ਪ੍ਰਥਾ ਨੂੰ ਬੰਦ ਕਰਨ ਲਈ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ, ਕਿਸਾਨ ਵੀਰਾਂ ਤੋਂ ਵੀ ਸਹਿਯੋਗ ਵੀ ਮਿਲ ਰਿਹਾ ਹੈ ਅਤੇ ਜਦ ਕਿਤੇ ਕੋਈ ਕਿਸਾਨ ਪਰਾਲੀ ਸਾੜਦਾ ਹੈ ਤਾਂ ਉਸ ਨੂੰ ਸਮਝਾਉਣ ਲਈ ਵੀ ਯਤਨ ਕੀਤੇ ਗਏ ਹਨ। ਅਜਿਹਾ ਹੀ ਮਾਮਲੇ ਬਟਾਲਾ ਨੇੜੇ ਪਿੰਡ ਸਰੂਪਵਾਲੀ ਦਾ ਸਾਹਮਣੇ ਆਇਆ, ਜਿੱਥੇ ਪਰਾਲੀ ਸਾੜੇ ਜਾਣ ਦਾ ਪਤਾ ਲੱਗਣ 'ਤੇ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਖੁਦ ਮੌਕੇ 'ਤੇ ਪਹੁੰਚੇ ਤੇ ਫਾਇਰ ਬਿਰਗੇਡ ਦੀ ਸਹੂਲਤ ਨਾਲ ਖੇਤ ਵਿੱਚੋਂ ਅੱਗ ਬੁਝਾਈ। ਇਸ ਮੌਕੇ ਨਾਇਬ ਤਹਿਸੀਲਦਾਰ, ਸਬੰਧਤ ਵਿਭਾਗਾਂ ਦੇ ਅਤੇ ਪੁਲਸ ਅਧਿਕਾਰੀ ਵੀ ਮੌਜੂਦ ਸਨ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਾਗਰੂਕਤਾ ਮੁਹਿਮ ਦੇ ਚੰਗੇ ਨਤੀਜੇ ਨਿਕਲੇ ਹਨ ਅਤੇ ਇਸ ਵਾਰ ਜ਼ਿਆਦਾਤਰ ਕਿਸਾਨ ਖੇਤੀਬਾੜੀ ਵਿਭਾਗ ਵੱਲੋਂ ਦੱਸੇ ਤਰੀਕਿਆਂ ਨਾਲ ਹੀ ਪਰਾਲੀ ਦੀ ਸੰਭਾਲ ਕਰ ਰਹੇ ਹਨ।ਉਨ੍ਹਾਂ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ ਕਿਸਾਨਾਂ ਨੂੰ ਖੇਤੀ ਮਸ਼ੀਨਰੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪਿੰਡ ਪੱਧਰ ਤੱਕ ਨੋਡਲ ਅਫਸਰ ਤਾਇਨਾਤ ਕੀਤੇ ਗਏ ਹਨ, ਜੋ ਕਿਸਾਨਾਂ ਨੂੰ ਆਸਾਨੀ ਨਾਲ ਖੇਤੀ ਮਸ਼ੀਨਰੀ ਲਈ ਪਾਬੰਦ ਕੀਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਵਾਤਾਵਰਣ ਦੇ ਰਖਵਾਲੇ ਐਵਾਰਡ ਨਾਲ ਸਨਮਾਨਤ ਵੀ ਕੀਤਾ ਜਾ ਰਿਹਾ ਹੈ।

# ਆਰ ਡੀ ਖੋਸਲਾ ਸਕੂਲ 'ਚ ਕਰਵਾ ਚੌਥ ਮੌਕੇ ਮਹਿੰਦੀ ਮੁਕਾਬਲੇ



**ਬਟਾਲਾ (ਤਰਲੋਕ ਬੱਗਾ)**-ਆਰ.ਡੀ. ਖੋਸਲਾ ਡੀ.ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ 11ਵੀਂ ਅਤੇ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਦੇ ਮਹਿੰਦੀ ਮੁਕਾਬਲੇ ਕਰਵਾਏ ਗਏ । ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਰਚਨਾਤਮਕ ਕਲਾ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦਾ ਮੁੱਖ ਉਦੇਸ਼ ਭਾਰਤੀ ਸੱਭਿਆਚਾਰਕ ਪਰੰਪਰਾਵਾਂ ਅਤੇ ਕਲਾ ਦੇ ਰੂਪਾਂ ਨੂੰ ਉਤਸ਼ਾਹਿਤ ਕਰਨਾ ਸੀ।ਮੁਕਾਬਲੇ ਵਿੱਚ 50 ਤੋਂ ਵੱਧ ਵਿਦਿਆਰਥਣਾਂ ਨੇ ਭਾਗ ਲਿਆ, ਜਿਨ੍ਹਾਂ ਨੇ ਆਪਣੇ ਹੱਥਾਂ 'ਤੇ ਸੁੰਦਰ ਡਿਜ਼ਾਈਨ ਬਣਾਏ। ਭਾਗੀਦਾਰਾਂ ਨੇ ਕਈ ਤਰ੍ਹਾਂ ਦੇ ਰਵਾਇਤੀ ਅਤੇ ਆਧੁਨਿਕ ਮਹਿੰਦੀ ਡਿਜ਼ਾਈਨ ਪ੍ਰਦਰਸ਼ਿਤ ਕੀਤੇ, ਜਿਸ ਵਿੱਚ ਫੁੱਲ, ਪੱਤੇ ਅਤੇ ਗੁੰਝਲਦਾਰ ਜਿਓਮੈਟ੍ਰਿਕ ਪੈਟਰਨ ਸ਼ਾਮਲ ਸਨ। ਇਸ ਮੌਕੇ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਰਚਨਾਤਮਕਤਾ ਅਤੇ ਸੱਭਿਆਚਾਰਕ ਸਾਂਝ ਨੂੰ ਉਤਸ਼ਾਹਤ ਕਰਦੇ ਹਨ। ਉਨ੍ਹਾਂ ਸਾਰੇ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਜੇਤੂਆਂ ਨੂੰ ਵਧਾਈ ਦਿੱਤੀ ਕਿ ਅਜਿਹੇ ਮੁਕਾਬਲੇ ਨਾ ਸਿਰਫ਼ ਵਿਦਿਆਰਥੀਆਂ ਦਾ ਮਨੋਬਲ ਵਧਾਉਂਦੇ ਹਨ ਬਲਕਿ ਉਨ੍ਹਾਂ ਨੂੰ ਇੱਕ ਪਲੇਟਫਾਰਮ 'ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਵੀ ਮਿਲਦਾ ਹੈ।

# ਡੀ ਟੀ ਐੱਫ ਵੱਲੋਂ ਚੋਣ ਡਿਊਟੀ ਦੌਰਾਨ ਅਧਿਆਪਕਾਂ ਦੇ ਹਿੰਸਾ ਦਾ ਸ਼ਿਕਾਰ ਹੋਣ ਦੀ ਨਿਖੇਧੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ 15 ਅਕਤੂਬਰ ਨੂੰ ਸੂਬੇ ਭਰ ਵਿੱਚ ਹੋਈਆਂ ਪੰਚਾਇਤੀ ਚੋਣਾਂ ਵਿੱਚ ਕਈ ਥਾਈਂ ਚੱਲੀ ਗੁੰਡਾਗਰਦੀ ਦਾ ਨੋਟਿਸ ਲਿਆ ਅਤੇ ਇਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ 'ਤੇ ਪਾਉਂਦਿਆਂ ਚੋਣਾਂ ਲਈ ਯੋਗ ਪ੍ਰਬੰਧ ਕਰਨ ਵਿੱਚ ਪੰਜਾਬ ਚੋਣ ਕਮਿਸ਼ਨ ਨੂੰ ਅਸਫਲ ਕਰਾਰ ਦਿੱਤਾ ਹੈ। ਇਸ ਸਬੰਧੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਡੀ ਟੀ ਐੱਫ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਬੀਤੇ ਵਰ੍ਹੇ ਸਥਾਨਕ ਚੋਣਾਂ ਸੰਬੰਧੀ ਕੈਬਨਿਟ ਮੰਤਰੀ ਬਲਵੀਰ ਸਿੰਘ ਨੂੰ ਮਿਲ ਕੇ ਅਤੇ ਇਸ ਉਪਰੰਤ ਅਧਿਆਪਕ ਜਥੇਬੰਦੀਆਂ ਦੇ ਸਾਂਝੇ ਫਰੰਟ ਵੱਲੋਂ ਵੀ ਪੰਜਾਬ ਚੋਣ ਕਮਿਸ਼ਨ ਨੂੰ ਮੰਗ ਪੱਤਰ ਦਿੰਦਿਆਂ ਵੋਟਾਂ ਦੀ ਗਿਣਤੀ ਕੇਂਦਰੀਕ੍ਰਿਤ ਕੇਂਦਰਾਂ 'ਤੇ ਪੂਰੇ ਸੁਰੱਖਿਆ ਪ੍ਰਬੰਧਾਂ ਅਧੀਨ ਕਰਾਉਣ ਦੀ ਮੰਗ ਕੀਤੀ ਗਈ ਸੀ। ਪਰ ਇਸ ਮੰਗ ਨੂੰ ਅਣਸੁਣਿਆ ਕਰਦਿਆਂ ਪੰਜਾਬ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਨੇ ਆਪਣੀ ਮਨਮਾਨੀ ਕਰਦਿਆਂ ਵੋਟਾਂ ਦੀ ਗਿਣਤੀ ਉਸੇ ਦਿਨ ਸ਼ਾਮ ਨੂੰ ਬੂਥਾਂ 'ਤੇ ਕਰਾਉਣ ਦਾ ਫੈਸਲਾ ਕੀਤਾ ਅਤੇ ਮਾਮੂਲੀ ਸੁਰੱਖਿਆ ਪ੍ਰਬੰਧ ਕੀਤੇ। ਇਸ ਫੈਸਲੇ ਕਾਰਨ ਅਨੇਕਾਂ ਥਾਵਾਂ 'ਤੇ ਦੇਰ ਰਾਤ ਨੂੰ ਬੂਥਾਂ ਉੱਤੇ ਹਿੰਸਕ ਘਟਨਾਵਾਂ ਵਾਪਰੀਆਂ, ਜਿਸ ਵਿੱਚ ਡਿਊਟੀ 'ਤੇ ਗਏ ਮੁਲਾਜ਼ਮਾਂ ਨੂੰ ਭੱਜ ਕੇ ਆਪਣੀ ਜਾਨ ਬਚਾਉਣੀ ਪਈ। ਸੋਸ਼ਲ ਮੀਡੀਆ 'ਤੇ ਵੱਖ-ਵੱਖ ਬੂਥਾਂ ਉੱਪਰ ਵਾਪਰੀਆਂ ਹਿੰਸਕ ਘਟਨਾਵਾਂ ਦੀਆਂ ਵੀਡੀਓ ਵੇਖ ਕੇ ਸਾਰੇ ਮੁਲਾਜ਼ਮਾਂ ਵਿੱਚ ਖੌਫ ਛਾ ਗਿਆ ਹੈ। ਡੀ.ਟੀ.ਐੱਫ. ਦੇ ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਜਨਰਲ ਸਕੱਤਰ ਅਮਰਦੀਪ, ਵਿਤ ਸਕੱਤਰ ਭੁਪਿੰਦਰ ਸਿੰਘ ਨਾਗੀ, ਮੀਤ ਪ੍ਰਧਾਨ ਸਰਬਜੀਤ ਸਿੰਘ, ਕੰਵਰਦੀਪ ਸਿੰਘ ਢਿੱਲੋਂ, ਜਸਕੀਰਤ ਸਿੰਘ, ਇੰਦਰਬੀਰ ਸਿੰਘ, ਵਰਿੰਦਰ ਸਿੰਘ, ਪ੍ਰਿੰਸਦੀਪ ਸਿੰਘ, ਬਰਿੰਦਰ ਸਿੰਘ, ਅਮਰਿੰਦਰ ਸਿੰਘ ਆਦਿ ਨੇ ਦੱਸਿਆ ਕਿ ਇਸ ਵਾਰ ਚੋਣ ਪ੍ਰਬੰਧਾਂ ਵਿੱਚ ਵੀ ਕਮੀਆਂ ਇੰਨੇ ਵੱਡੇ ਪੱਧਰ 'ਤੇ ਸਨ ਕਿ ਪਿਛਲੇ ਸਮਿਆਂ ਵਿੱਚ ਚੋਣ ਡਿਊਟੀ 'ਤੇ ਸੱਦੇ ਗਏ ਮੁਲਾਜ਼ਮਾਂ ਨੂੰ ਚੋਣਾਂ ਤੋਂ ਇੱਕ ਦਿਨ ਪਹਿਲਾਂ ਦੁਪਹਿਰ ਦੇ 12 ਵਜੇ ਤੋਂ 1-2 ਵਜੇ ਦੇ ਕਰੀਬ ਪੋਲਿੰਗ ਬੂਥਾਂ ਵੱਲ ਨੂੰ ਰਵਾਨਾ ਕਰ ਦਿੱਤਾ ਜਾਂਦਾ ਸੀ, ਜਦਕਿ ਇਸ ਵਾਰ ਰਾਤ ਦੇ 8 ਵਜੇ ਤੱਕ ਵੀ ਕਈ ਥਾਈਂ ਪੋਲਿੰਗ ਪਾਰਟੀਆਂ ਨੂੰ ਚੋਣ ਸਮੱਗਰੀ ਉਪਲਬਧ ਨਹੀਂ ਕਰਵਾਈ ਜਾ ਸਕੀ ਸੀ। ਬਹੁਤੀਆਂ ਥਾਵਾਂ 'ਤੇ ਚਹੇਤਿਆਂ ਨੂੰ ਚੋਣ ਡਿਊਟੀ ਤੋਂ ਛੋਟ ਦੇਣੀ ਵੀ ਵੱਡੇ ਪੱਧਰ 'ਤੇ ਚੋਣ ਡਿਊਟੀਆਂ ਵਿੱਚ ਹੋਈਆਂ ਧਾਂਦਲੀਆਂ ਦਾ ਹੀ ਸਬੂਤ ਹੈ। ਚੋਣ ਕਮਿਸ਼ਨ/ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਦੇ ਖਾਣੇ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ। ਇਸ ਕਾਰਨ ਕਈ ਥਾਵਾਂ 'ਤੇ ਮੁਲਾਜ਼ਮਾਂ ਨੂੰ ਸਾਰਾ ਦਿਨ ਭੁੱਖੇ ਭਾਣੇ ਡਿਊਟੀ ਦੇਣੀ ਪਈ। ਗੈਰ ਵਿੱਦਿਅਕ ਡਿਊਟੀਆਂ ਤੋਂ ਅਧਿਆਪਕਾਂ ਨੂੰ ਛੁਟਕਾਰਾ ਦਿਵਾਉਣ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਡਿਊਟੀ ਦੌਰਾਨ ਸੁਰੱਖਿਆ ਪ੍ਰਦਾਨ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਇਸ ਲਈ ਜੱਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਅਤੇ ਪੰਜਾਬ ਚੋਣ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਚੋਣ ਪ੍ਰਬੰਧਾਂ ਅਤੇ ਸੁਰੱਖਿਆ ਦੀਆਂ ਘਾਟਾਂ ਨੂੰ ਦੂਰ ਨਾ ਕੀਤਾ ਗਿਆ ਤਾਂ ਮੁਲਾਜ਼ਮਾਂ ਵੱਲੋਂ ਚੋਣ ਡਿਊਟੀਆਂ ਦਾ ਹੀ ਵੱਡੇ ਪੱਧਰ 'ਤੇ ਵਿਰੋਧ ਕੀਤਾ ਜਾਵੇਗਾ।

# ਘਣੀਏ ਕੇ ਬੇਟ ਤੋਂ ਵਰਿੰਦਰਜੀਤ ਕੌਰ ਸਰਪੰਚ ਬਣੇ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬਲਾਕ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਪਿੰਡ ਘਣੀਏ ਕੇ ਬੇਟ ਤੋਂ ਸਰਪੰਚੀ ਦੇ ਅਹੁਦੇ ਲਈ ਉਮੀਦਵਾਰ ਬੀਬੀ ਵਰਿੰਦਰਜੀਤ ਕੌਰ ਵੱਡੀ ਲੀਡ ਨਾਲ ਜੇਤੂ ਰਹੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਸਰਬਜੀਤ ਸਿੰਘ ਸੱਬਾ ਰੰਧਾਵਾ ਨੇ ਦੱਸਿਆ ਕਿ ਸਖ਼ਤ ਮੁਕਾਬਲਾ ਹੋਣ ਦੇ ਬਾਵਜੂਦ ਉਨ੍ਹਾਂ ਦੀ ਪਤਨੀ ਵਰਿੰਦਰਜੀਤ ਕੌਰ ਆਪਣੇ ਵਿਰੋਧੀ ਉਮੀਦਵਾਰ ਨਾਲੋਂ 146 ਵੋਟਾਂ ਵੱਧ ਲੈ ਕੇ ਜੇਤੂ ਹੋਈ ਹੈ। ਇਸ ਮੌਕੇ ਨਵੀਂ ਚੁਣੀ ਗਈ ਸਰਪੰਚ ਵਰਿੰਦਰਜੀਤ ਕੌਰ ਨੇ ਸਮੂਹ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਭਰੋਸਾ ਅਤੇ ਵਿਸ਼ਵਾਸ ਪਿੰਡ ਦੇ ਲੋਕਾਂ ਨੇ ਉਨਾਂ ਉਪਰ ਕੀਤਾ ਹੈ ਉਹ ਕਾਇਮ ਰੱਖਣਗੇ ਅਤੇ ਪਿੰਡ ਦੇ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਹੀ ਰਹਿਣ ਦੇਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਸਰਬਜੀਤ ਸਿੰਘ ਰੰਧਾਵਾ ਪਹਿਲਾਂ ਵੀ ਲੰਮੇ ਸਮੇਂ ਤੋਂ ਸਰਪੰਚ ਬਣਦੇ ਆ ਰਹੇ ਹਨ ਅਤੇ ਉਨ੍ਹਾਂ ਵੱਲੋਂ ਪਿੰਡ ਵਿੱਚ ਕੀਤੇ ਵਿਕਾਸ ਕਾਰਜਾਂ ਸਦਕਾ ਹੀ ਅੱਜ ਫਿਰ ਪਿੰਡ ਵਾਸੀਆਂ ਨੇ ਉਨ੍ਹਾਂ ਉਪਰ ਵਿਸ਼ਵਾਸ ਪ੍ਰਗਟ ਕੀਤਾ ਹੈ।

# ਜਥੇਦਾਰ ਦੀਆਂ ਅੱਖਾਂ 'ਚ ਅੱਥਰੂ ਹੈਰਾਨੀਜਨਕ : ਮੰਡ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿ: ਹਰਪ੍ਰੀਤ ਸਿੰਘ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਚਕਾਰ ਪੈਦਾ ਹੋਏ ਵਿਵਾਦ ਅਤੇ ਤਕਰਾਰ ਤੋਂ ਬਾਅਦ ਆਪਣੀ ਚੁੱਪ ਤੋੜਦਿਆਂ ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਬੇਸ਼ੱਕ ਸਿੱਖ ਦੀ ਬੋਲੀ ਅਤੇ ਵਤੀਰਾ ਸੱਭਿਅਕ ਹੋਣਾ ਜ਼ਰੂਰੀ ਹੈ, ਪ੍ਰੰਤੂ ਜਦੋਂ ਦੋ ਧਿਰਾਂ ਵਿੱਚ ਕੋਈ ਵਿਵਾਦ ਹੁੰਦਾ ਹੈ ਤਾਂ ਬੋਲੀ ਦੇ ਮਿਆਰ ਵਿਗੜਨੇ ਕੁਦਰਤੀ ਹੋ ਜਾਂਦੇ ਹਨ ਅਤੇ ਇਸ ਵਿੱਚ ਹਲਾਤ ਦਾ ਵੱਡਾ ਯੋਗਦਾਨ ਹੁੰਦਾ ਹੈ। ਭਾਈ ਮੰਡ ਨੇ ਕਿਹਾ ਕਿ ਅੱਜ ਜਦੋਂ ਗਿ: ਹਰਪ੍ਰੀਤ ਸਿੰਘ ਦੇ ਪਰਵਾਰ ਜਾਂ ਉਨ੍ਹਾਂ ਦੀ ਨਿੱਜਤਾ ਉੱਤੇ ਕੁਝ ਬੋਲਿਆ ਗਿਆ ਹੈ ਤਾਂ ਅੱਖਾਂ ਵਿੱਚ ਹੰਝੂ ਆਏ ਹਨ ਅਤੇ ਗਲਾ ਵੀ ਭਰਿਆ ਹੈ। ਪ੍ਰੰਤੂ ਜਿਸ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਸੀ, ਉਸ ਵੇਲੇ ਇਨ੍ਹਾਂ ਜਥੇਦਾਰਾਂ ਦੀਆਂ ਅੱਖਾਂ ਵਿੱਚ ਨਾ ਅੱਥਰੂ ਆਏ ਅਤੇ ਨਾ ਹੀ ਕਦੇ ਗਲਾ ਭਰਿਆ ਸੀ। ਉਸ ਸਮੇਂ ਸਾਰੇ ਪੰਥ ਦੀ ਮਾਨਸਿਕਤਾ ਨੂੰ ਲੱਗੀ ਅੱਗ ਇਨ੍ਹਾਂ ਨੂੰ ਬਸੰਤਰ ਨਜ਼ਰ ਆਉਂਦੀ ਸੀ ਅਤੇ ਅੱਜ ਆਪਣੇ ਘਰ ਦਾ ਮਾਸਾ ਜਿੰਨਾ ਸੇਕ ਵੀ ਬਰਦਾਸ਼ਤ ਕਰਨਾ ਔਖਾ ਹੋ ਗਿਆ ਹੈ। ਭਾਈ ਮੰਡ ਨੇ ਕਿਹਾ ਕਿ ਅਸਲ ਵਿੱਚ ਬੇਅਦਬੀ ਉੱਤੇ ਰਾਜਨੀਤੀ ਕਰਨ ਜਾਂ ਚੁੱਪ ਰਹਿਣ ਵਾਲੇ ਸਾਰੇ ਜ਼ਿੰਮੇਵਾਰ ਲੋਕਾਂ ਜਾਂ ਜਥੇਬੰਦੀਆਂ ਨੂੰ ਗੁਰੂ ਦੀ ਮਾਰ ਪੈ ਰਹੀ ਹੈ। ਤਖਤਾਂ ਦੇ ਜਥੇਦਾਰਾਂ ਨੇ ਮੀਰੀ ਪੀਰੀ ਦੇ ਮਾਲਕ ਦੇ ਤਖਤ ਦੇ ਅਸੂਲਾਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਇਸ ਅਕਾਲ ਦੇ ਤਖਤ ਨੂੰ ਖਾਸ ਮਕਸਦਾਂ ਲਈ ਵਰਤਿਆ। ਇਸ ਕਰਕੇ ਅੱਜ ਇਨ੍ਹਾਂ ਨੂੰ ਜ਼ਲੀਲ ਹੋਣਾ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹਾਲ ਦੇਖ ਲਵੋ ਕਿਵੇਂ ਤੀਲਾ ਤੀਲਾ ਹੋਇਆ ਹੈ। ਇਸ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਪ੍ਰਬੰਧਕਾਂ ਦਾ ਵੀ ਹੋਣਾ ਹੈ ਅਤੇ ਜਥੇਦਾਰਾਂ ਦੀ ਹਾਲਤ ਪੰਥ ਦੇ ਸਾਹਮਣੇ ਹੈ। ਜੇ ਜਥੇਦਾਰ ਆਪਣੇ ਅਸੂਲਾਂ 'ਤੇ ਕਾਇਮ ਹੋਵੇ ਅਤੇ ਕੌਮ ਦਾ ਦਰਦ ਰੱਖਦਾ ਹੋਵੇ ਤਾਂ ਫਿਰ ਜਦੋਂ ਕਦੇ ਕੋਈ ਗੁਰੂ ਦੀ ਬੇਅਦਬੀ ਕਰੇ ਜਾਂ ਕੌਮੀ ਜਜ਼ਬਾਤਾਂ ਨੂੰ ਸੱਟ ਮਾਰਨ ਦਾ ਯਤਨ ਕਰੇ ਤਾਂ ਫਿਰ ਉਸ ਸਮੇਂ ਜਥੇਦਾਰ ਦੀਆਂ ਅੱਖਾਂ ਵਿੱਚ ਲਹੂ ਦੇ ਹੰਝੂ ਦਿਖਾਈ ਦੇਣੇ ਚਾਹੀਦੇ ਹਨ। ਨਾਮ ਦੇ ਅੱਗੇ ਪਿੱਛੇ ਜਥੇਦਾਰ ਲਿਖਿਆਂ ਜਥੇਦਾਰੀਆਂ ਨਹੀਂ ਹੁੰਦੀਆਂ। ਇਸ ਲਈ ਕੁਰਬਾਨੀ ਅਤੇ ਜਜ਼ਬੇ ਦੀ ਲੋੜ ਹੁੰਦੀ ਹੈ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਗੁਰਬਾਣੀ ਦੇ ਜਾਪ ਕੀਤੇ



**ਟਾਂਗਰਾ (ਲਾਡੀ ਮੱਲ੍ਹੀ)** -ਮਿਸਲ ਸ਼ਹੀਦਾਂ ਤਰਨਾ ਦਲ ਦੇ 16ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਇਸ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨ ਵੱਲੋਂ ਜਪੁਜੀ ਸਾਹਿਬ ਦੇ ਪੰਜ ਪਾਠ ਕੀਤੇ ਗਏ, ਉਪਰੰਤ ਸ਼ਬਦ ਕੀਰਤਨ, ਅਨੰਦ ਸਾਹਿਬ, ਅਰਦਾਸ ਕੀਤੀ ਗਈ ਅਤੇ ਸਮੂਹ ਸੰਗਤ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਪਲਵਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਦੱਸਿਆ ਕਿ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ ਸੰਨ 1534 ਨੂੰ ਪਿਤਾ ਹਰੀਦਾਸ ਜੀ ਅਤੇ ਮਾਤਾ ਦਇਆ ਜੀ ਦੇ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ ਸੀ। ਆਪ ਜੀ ਦਾ ਪਹਿਲਾ ਨਾਮ ਭਾਈ ਜੇਠਾ ਜੀ ਸੀ। ਛੋਟੀ ਉਮਰ ਵਿੱਚ ਹੀ ਆਪ ਜੀ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਉਨ੍ਹਾਂ ਦੀ ਨਾਨੀ ਜੀ ਆਪਣੇ ਨਾਲ ਪਿੰਡ ਬਾਸਰਕੇ ਲੈ ਆਏ। ਉਨ੍ਹਾਂ ਦੱਸਿਆ ਕਿ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਬਹੁਤ ਸੇਵਾ ਕੀਤੀ, ਜਿਸ ਕਰਕੇ ਆਪ ਨੂੰ ਗੁਰਗੱਦੀ ਦੇ ਯੋਗ ਬਣਾ ਦਿੱਤਾ ਗਿਆ । ਵਿਦਿਆਰਥੀਆਂ ਨੂੰ ਸਿੱਖਿਆ ਦਿੰਦੇ ਹੋਏ ਪ੍ਰਿੰਸੀਪਲ ਨੇ ਕਿਹਾ ਕਿ ਸਾਨੂੰ ਗੁਰੂ ਰਾਮਦਾਸ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ।

# ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਟਿਊਟਸ ਪੰਧੇਰ 'ਚ ਪ੍ਰਕਾਸ਼ ਦਿਹਾੜੇ 'ਤੇ ਖ਼ੂਨਦਾਨ ਕੈਂਪ




**ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)**-ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਟਿਊਟਸ ਪੰਧੇਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਭਾਰੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਭਾਗ ਲੈ ਕੇ ਖ਼ੂਨ ਦਾਨ ਕੀਤਾ । ਖ਼ੂਨਦਾਨ ਕੈਂਪ ਦੀ ਸ਼ੁਰੂਆਤ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਅਤੇ ਚੇਅਰਪਰਸਨ ਸ੍ਰੀਮਤੀ ਹਰਜਿੰਦਰਪਾਲ ਕੌਰ ਕੰਗ ਵਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਗੁਲਵਤਨ ਸਿੰਘ ਕੰਗ ਅਤੇ ਡਾ. ਆਨੰਦਜੀਤ ਕੌਰ ਨੇ ਇਸ ਖ਼ੂਨਦਾਨ ਕੈਂਪ ਮੌਕੇ ਵਿਦਿਆਰਥੀਆਂ ਨੂੰ ਖ਼ੂਨ ਦਾਨ ਕਰਨ ਵਾਸਤੇ ਉਤਸ਼ਾਹਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਖ਼ੂਨਦਾਨ ਜਿਥੇ ਦੂਸਰੇ ਵਿਅਕਤੀ ਦੀ ਜਾਨ ਬਚਾਉਣ ਵਿੱਚ ਸਹਾਈ ਹੁੰਦਾ ਹੈਂ ਓਥੇ ਹੀ ਸਾਨੂੰ ਵੀ ਕਈ ਰੋਗਾਂ ਤੋਂ ਬਚਾਉਂਦਾ ਹੈ, ਇਸ ਲਈ ਸਾਨੂੰ ਸਾਲ ਵਿੱਚ ਦੋ ਵਾਰ ਖ਼ੂਨ ਜ਼ਰੂਰ ਦਾਨ ਕਰਨਾ ਚਾਹੀਦਾ ਹੈ। ਖ਼ੂਨ ਦਾਨ ਕਰਨ ਲਈ ਆਪਣੇ ਸਾਥੀਆਂ ਨੂੰ ਵੀ ਉਤਸ਼ਾਹਤ ਕਰਨਾ ਚਾਹੀਦਾ ਹੈ। ਇਸ ਕੈਂਪ ਵਿੱਚ ਫਰਮੇਸੀ, ਡਿਗਰੀ, ਨਰਸਿੰਗ ਦੇ ਨਾਲ ਨਾਲ ਕਾਲਜ ਦੇ ਸਟਾਫ ਮੈਂਬਰਾਂ ਸਮੇਤ ਇਲਾਕੇ ਦੇ ਹੋਰਨਾਂ ਲੋਕਾਂ ਵੱਲੋਂ ਖ਼ੂਨ ਦਾਨ ਕਰਕੇ ਇਸ ਕੈਂਪ ਵਿੱਚ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਨਿਕ ਮਹਾਜਨ ਬ੍ਰਾਂਚ ਮੈਨੇਜਰ ਐਚ ਡੀ ਐੱਫ ਸੀ ਬੈਂਕ ਫ਼ਤਹਿਗੜ੍ਹ ਚੂੜੀਆਂ ਅਤੇ ਗੁਰਬਿੰਦਰ ਕੌਰ ਤਕਨੀਕੀ ਸੁਪਰਵਾਈਜ਼ਰ ਲੀਵਾਸਾ ਹਸਪਤਾਲ ਅੰਮ੍ਰਿਤਸਰ, ਅਭਿਨਵ ਮਾਰਕੀਟਿੰਗ ਹੈੱਡ ਲੀਵਾਸਾ ਹਸਪਤਾਲ ਅੰਮ੍ਰਿਤਸਰ, ਅਮਨਦੀਪ ਕੁਮਾਰ ਮਜੀਠਾ ਸਮੇਤ ਸਮੂਹ ਕਾਲਜਾਂ ਦੇ ਸਟਾਫ ਮੈਂਬਰ ਹਾਜ਼ਰ ਸਨ।

# ਲੰਗਾਹ ਨੇ ਸਾਥੀਆਂ ਸਮੇਤ ਅੱਗ ਨਾਲ ਨੁਕਸਾਨੀ ਦੁਕਾਨ ਦੇ ਮਾਲਕਾਂ ਨੂੰ ਦਿੱਤਾ ਹੌਸਲਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬੀਤੀ ਦੇਰ ਰਾਤ ਡੇਰਾ ਬਾਬਾ ਨਾਨਕ ਦੇ ਮੇਨ ਬਜ਼ਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਨੇੜੇ ਸਥਿਤ ਪਵਨ ਕਰਿਆਨਾ ਸਟੋਰ ਨੂੰ ਭੇਦਭਰੇ ਹਲਾਤਾਂ ਵਿੱਚ ਅੱਗ ਲੱਗ ਗਈ। ਅੱਗ ਲੱਗਣ ਨਾਲ ਉਸ ਦੁਕਾਨ ਵਿੱਚ ਪਿਆ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ ਸੀ ।ਅੱਜ ਦੇਰ ਸ਼ਾਮ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ ਅਤੇ ਉਨ੍ਹਾਂ ਦੇ ਸਪੁੱਤਰ ਸੁਖਜਿੰਦਰ ਸਿੰਘ ਲੰਗਾਹ ਸਾਥੀਆਂ ਸਮੇਤ ਡੇਰਾ ਬਾਬਾ ਨਾਨਕ ਵਿਖੇ ਪੁੱਜੇ, ਜਿੱਥੇ ਉਨ੍ਹਾਂ ਵੱਲੋਂ ਅੱਗ ਨਾਲ ਨੁਕਸਾਨੀ ਗਈ ਦੁਕਾਨ ਦੇ ਮਾਲਕ ਸਚਿਨ ਢਿੱਲੋਂ, ਨੀਰਜ ਢਿੱਲੋਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਅੱਗ ਲੱਗਣ ਦੇ ਕਾਰਨਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਗਈ । ਇਸ ਮੌਕੇ ਉਨ੍ਹਾਂ ਪਰਵਾਰ ਨੂੰ ਹੌਸਲਾ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਘਟਨਾ ਨਾਲ ਪਰਵਾਰ ਨੂੰ ਬਹੁਤ ਵੱਡਾ ਮਾਲੀ ਘਾਟਾ ਪਿਆ ਹੈ ।ਉਨ੍ਹਾਂ ਕਿਹਾ ਕਿ ਇਸ ਨੁਕਸਾਨ ਸਬੰਧੀ ਉਹ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਧਿਆਨ ਵਿੱਚ ਲਿਆਉਣਗੇ, ਤਾਂ ਜੋ ਇਸ ਗਰੀਬ ਪਰਵਾਰ ਨੂੰ ਬਣਦਾ ਮੁਆਵਜ਼ਾ ਮਿੱਲ ਸਕੇ ਤੇ ਇਹ ਬੱਚੇ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।ਇਸ ਮੌਕੇ ਸੁਖਜਿੰਦਰ ਸਿੰਘ ਸੋਨੋ ਲੰਗਾਹ, ਬੱਬੂ ਖੰਨਾ ਚਮਾਰਾ, ਕੁਲਬੀਰ ਸਿੰਘ ਰਿਆੜ, ਧਰਮਪਾਲ ਸਿੰਘ ਮੱਤਰੀ, ਸਤਨਾਮ ਸਿੰਘ ਪਟਵਾਰੀ ਠੇਠਰਕੇ, ਗੁਰਪ੍ਰੀਤ ਸਿੰਘ ਬਾਦਲ, ਤੇਜਬੀਰ ਸਿੰਘ ਦਿਉਲ, ਜਸਪਿੰਦਰ ਸਿੰਘ ਝੰਗੀ, ਪ੍ਰੀਤਮ ਸਿੰਘ ਲੱਖਣ ਖੁਰਦ, ਅੰਮ੍ਰਿਤਪਾਲ ਸਿੰਘ ਸ਼ੋਸ਼ਲ ਮੀਡੀਆਂ ਇੰਚਾਰਜ, ਗੋਲਾ ਸੁਨਿਆਰਾ, ਪੱਪੀ ਮਿਸਤਰੀ, ਬਿੱਟੂ ਮਿਸਤਰੀ ਤੋ ਇਲਾਵਾ ਹੋਰ ਅਕਾਲੀ ਵਰਕਰ ਹਾਜ਼ਰ ਸਨ ।

# ਗਦਲੀ ਦੀ ਪੰਚਾਇਤ ਨੇ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਪਿੰਡ ਦੇ ਵਿਕਾਸ ਦਾ ਲਿਆ ਅਹਿਦ



**ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)**-ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਤੇ ਬਲਾਕ ਜੰਡਿਆਲਾ ਗੁਰੂ ਦੇ ਪਿੰਡ ਗਦਲੀ ਦੀ ਨਵੀਂ ਚੁਣੀ ਸਮੂਹ ਪੰਚਾਇਤ ਨੇ ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਸ਼ੁਕਰਾਨੇ ਵਜੋਂ ਗੁਰਦੁਆਰਾ ਸਹਿਬ ਵਿਖੇ ਗੁਰੂ ਮਾਹਰਾਜ ਦੀ ਹਜ਼ੂਰੀ ਵਿੱਚ ਮੱਥਾ ਟੇਕਿਆ ਅਤੇ ਅਰਦਾਸ ਬੇਨਤੀ ਕੀਤੀ ।ਗੁਰਦੁਆਰਾ ਸਹਿਬ ਦੇ ਭਾਈ ਸਹਿਬ ਨੇ ਸਮੂਹ ਪੰਚਾਇਤ ਨੂੰ ਸਿਰੋਪਾਉ ਭੇਟ ਕੀਤੇ।ਪੰਚਾਇਤ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਅਹਿਦ ਕੀਤਾ ਕਿ ਅਸੀਂ ਸਮੂਹ ਪੰਚਇਤ ਪਿੰਡ ਦੀ ਭਲਾਈ, ਤਰੱਕੀ ਅਤੇ ਭਾਈਚਾਰਕ ਸਾਂਝ ਵਾਸਤੇ ਇਮਾਨਦਾਰੀ ਨਾਲ ਸੇਵਾ ਕਰਾਂਗੇ।ਇਸ ਮੌਕੇ ਸਰਪੰਚ ਪਰਵਿੰਦਰ ਕੌਰ ਪਤਨੀ ਅੰਮ੍ਰਿਤਪਾਲ ਸਿੰਘ, ਮੈਂਬਰ ਸੁਖਵਿੰਦਰ ਸਿੰਘ ਸਿੱਧੂ, ਮੈਂਬਰ ਸਿਮਰਜੀਤ ਕੌਰ ਪਤਨੀ ਪਰਮਿੰਦਰ ਸਿੰਘ, ਮੈਂਬਰ ਮਨਦੀਪ ਕੌਰ ਪਤਨੀ ਲੱਖਵਿੰਦਰ ਸਿੰਘ, ਮੈਂਬਰ ਰਾਜਵਿੰਦਰ ਕੌਰ ਪਤਨੀ ਸ਼ਰਨਰਜੀਤ ਸਿੰਘ, ਮੈਂਬਰ ਕੁਲਵੰਤ ਸਿੰਘ,ਮੈਂਬਰ ਪ੍ਰਭਜੋਤ ਕੌਰ ਪਤਨੀ ਬਲਰਾਜ ਸਿੰਘ, ਮੈਂਬਰ ਜਸਵੰਤ ਸਿੰਘ ਤੋਂ ਇਲਾਵਾ ਪਿੰਡ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ ਜਿਨ੍ਹਾਂ ਵਿੱਚ ਮਲਕੀਤ ਸਿੰਘ, ਤਰਸੇਮ ਸਿੰਘ, ਵਿਰਸਾ ਸਿੰਘ, ਰਣਬੀਰ ਸਿੰਘ, ਸੁਰਜੀਤ ਸਿੰਘ, ਬਲਦੇਵ ਸਿੰਘ, ਕੰਵਲਜੀਤ ਸਿੰਘ, ਨਿਰਮਲਜੀਤ ਸਿੰਘ, ਬਿਕਰਮਜੀਤ ਸਿੰਘ ਹਾਜ਼ਰ ਸਨ।

# ਦਰਬਾਰ ਸਾਹਿਬ ਵਿਖੇ ਸੁਖਆਸਨ ਅਸਥਾਨ ਦੀ ਕਰਵਾਈ ਸੇਵਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਨਜ਼ਦੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖਆਸਨ ਵਾਸਤੇ ਅਸਥਾਨ ਦੀ ਤਿਆਰੀ ਕਰਵਾਈ ਗਈ ਹੈ, ਜਿਸ ਵਿਚ ਅੱਜ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੁਸ਼ੋਭਿਤ ਕੀਤੇ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਿਥੇ ਰੋਜ਼ਾਨਾ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੁੰਦੀ ਹੈ, ਉਥੇ ਹੀ ਬਹੁਤ ਸਾਰੀਆਂ ਸੰਗਤਾਂ ਦੀ ਇਸ ਪਾਵਨ ਅਸਥਾਨ 'ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀ ਵੀ ਭਾਵਨਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੁਖਆਸਨ ਕਰਨ ਲਈ ਕਮਰਿਆਂ ਦਾ ਨਵੀਨੀਕਰਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕਾਰਜ ਦੀ ਸੇਵਾ ਪ੍ਰਭਜੋਤ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਕਰਵਾਈ ਗਈ ਹੈ। ਇਸ ਤੋਂ ਪਹਿਲਾਂ ਵੀ ਇਸ ਪਰਵਾਰ ਨੇ ਸਮੇਂ-ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾਵਾਂ ਵਿਚ ਹਿੱਸਾ ਪਾਇਆ ਹੈ। ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪ੍ਰਭਜੋਤ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਸਮੇਂ-ਸਮੇਂ 'ਤੇ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਗਿਆਨੀ ਸੁਲਤਾਨ ਸਿੰਘ ਨੇ ਪ੍ਰਭਜੋਤ ਸਿੰਘ ਤੇ ਸੁਰਿੰਦਰਪਾਲ ਸਿੰਘ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਗੁਰਮੀਤ ਸਿੰਘ ਬੂਹ, ਬਲਦੇਵ ਸਿੰਘ ਕਲਿਆਣ, ਜਗਸੀਰ ਸਿੰਘ ਮਾਂਗੇਆਣਾ, ਓ ਐਸ ਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਪ੍ਰਭਜੋਤ ਸਿੰਘ, ਸੁਰਿੰਦਰਪਾਲ ਸਿੰਘ, ਇੰਦਰਪਾਲ ਸਿੰਘ, ਜਸਬੀਰ ਸਿੰਘ ਘੁੰਮਣ, ਸੁਪ੍ਰਡੰਟ ਸ. ਨਿਸ਼ਾਨ ਸਿੰਘ, ਮੈਨੇਜਰ ਨਰਿੰਦਰ ਸਿੰਘ, ਸਤਨਾਮ ਸਿੰਘ ਰਿਆੜਾ, ਇਕਬਾਲ ਸਿੰਘ, ਬਿਕਰਮਜੀਤ ਸਿੰਘ ਝੰਗੀ, ਗੁਰਿੰਦਰ ਸਿੰਘ ਦੇਵੀਦਾਸਪੁਰਾ, ਯੁਵਰਾਜ ਸਿੰਘ ਅਤੇ ਹੋਰ ਮੌਜੂਦ ਸਨ।

# ਸੈਕੰਡਰੀ ਸਕੂਲ ਗੋਹਤ ਪੋਖਰ 'ਚ 'ਡੇਂਗੂ 'ਤੇ ਵਾਰ ਹਰ ਸ਼ੁੱਕਰਵਾਰ' ਦਾ ਨਾਅਰਾ ਦਿੱਤਾ

**ਗੁਰਦਾਸਪੁਰ (ਜਨਕ ਮਹਾਜਨ)**- ਨੈਸ਼ਨਲ ਵੈਕਟਰ ਬੋਰਨ ਕੰਟਰੋਲ ਪ੍ਰੋਗਰਾਮ ਹੇਠ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਣ, ਜ਼ਿਲ੍ਹਾ ਅਪੀਡੋਮੋਲੋਜਿਸਟ ਡਾ. ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਅਤੇ ਪ੍ਰਿੰਸੀਪਲ ਬਲਵਿੰਦਰ ਕੌਰ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਹਤ ਪੋਖਰ ਵਿਖੇ ਐਂਟੀ ਡੇਂਗੂ ਜਾਗਰੂਕਤਾ ਅਭਿਆਨ ਤਹਿਤ ਡੇਂਗੂ 'ਤੇ ਵਾਰ ਹਰ ਸ਼ੁੱਕਰਵਾਰ ਦਾ ਨਾਅਰਾ ਦਿੱਤਾ। ਇਸ ਮੌਕੇ ਡਾ. ਭਾਰਤ ਭੂਸ਼ਣ ਨੇ ਦੱਸਿਆ ਕਿ ਹਰੇਕ ਨੂੰ ਡੇਂਗੂ ਬਿਮਾਰੀ ਬਾਰੇ ਜਾਗਰੂਕ ਹੋਣ ਦੀ ਲੋੜ ਹੈ। ਇੱਸ ਮੌਕੇ ਵਿਦਿਆਰਥੀਆਂ ਨੂੰ 'ਫਰਾਈ ਡੇ ਇਜ਼ ਡਰਾਈ ਡੇ' ਮਹੱਤਤਾ, ਡੇਂਗੂ ਹੋਣ ਦੇ ਕਾਰਨ, ਸਾਵਧਾਨੀਆਂ ਅਤੇ ਇਲਾਜ ਬਾਰੇ ਦੱਸਿਆ। ਡਾ. ਗੁਰਪੀਤ ਨੇ ਦੱਸਿਆ ਕਿ ਡੇਂਗੂ, ਮਾਦਾ ਮੱਛਰ ਐਡੀਜ਼ ਦੇ ਕੱਟਣ ਨਾਲ ਹੁੰਦਾ ਹੈ ਜੋ ਕਿ ਦਿਨ ਵੇਲੇ ਕੱਟਦਾ ਹੈ। ਤੇਜ਼ ਬੁਖਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਾਸਪੇਸ਼ੀਆਂ 'ਚ ਦਰਦ, ਮਸੂੜਿਆਂ ਤੇ ਨੱਕ ਵਿਚੋਂ ਖੂਨ ਵਗਣਾ, ਜੋੜਾਂ ਵਿਚ ਦਰਦ ਆਦਿ ਇਸ ਦੇ ਮੁੱਖ ਲੱਛਣ ਹਨ। ਇਹ ਲੱਛਣ ਨਜ਼ਰ ਆਉਣ ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਬੀ. ਈ. ਈ. ਸੰਦੀਪ ਕੌਰ ਨੇ ਦੱਸਿਆ ਕਿ ਆਪਣੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ, ਸਾਫ-ਸਫਾਈ ਦਾ ਧਿਆਨ ਰੱਖਿਆ ਜਾਵੇ, ਪੂਰੀ ਬਾਜੂ ਦੇ ਕੱਪੜੇ ਪਾਏ ਜਾਣ ਅਤੇ ਮੱਛਰਦਾਨੀ ਜਾਂ ਮੱਛਰ ਮਾਰਨ ਵਾਲੀ ਦਵਾਈ ਦਾ ਉਪਯੋਗ ਕੀਤਾ ਜਾਵੇ। ਇਸ ਸਬੰਧੀ ਵਧੇਰੇ ਜਾਣਕਾਰੀ 104 ਟੋਲਫਰੀ ਹੈਲਪਲਾਈਨ ਨੰਬਰ ਤੋਂ ਵੀ ਲਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਡੇਂਗੂ ਦੀ ਦਵਾਈ ਅਤੇ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਅਨੀਤਾ ਗੁਪਤਾ, ਬੀ. ਈ. ਈ. ਸੰਦੀਪ ਕੌਰ, ਹੈਲਥ ਇੰਸਪੈਕਟਰ ਗੁਰਜੀਤ ਸਿੰਘ, ਸੀ. ਐਚ. ਚ. ਦਲਜੀਤ, ਹੈਲਥ ਵਰਕਰ, ਆਸ਼ਾ ਵਰਕਰ ਤੇ ਵਿਦਿਆਰਥੀ ਮੌਜੂਦ ਰਹੇ। ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵਲੋਂ ਸਕੂਲ ਵਿਚ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ ਅਤੇ ਸਪਰੇਅ ਵੀ ਕਰਵਾਈ ਗਈ।

# ਪੰਜਾਬ 'ਚ ਆਲ ਇੰਡੀਆ ਇੰਸਟੀਚਿਊਟ ਆਫ ਆਯੁਰਵੇਦ ਖੋਲ੍ਹਿਆ ਜਾਵੇ : ਸਿਹਤ ਮੰਤਰੀ

## ਸਿਹਤ ਮੰਤਰੀ ਪੰਜਾਬ ਨੇ ਕੀਤਾ ਅੰਮ੍ਰਿਤਸਰ 'ਚ ਆਯੁਰਵੈਦ ਮੇਲੇ ਦਾ ਉਦਘਾਟਨ

**ਅੰਮ੍ਰਿਤਸਰ** : ਆਯੂਸ਼ ਮੰਤਰਾਲਾ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ ਉੱਤੇ ਕਰਵਾਏ ਗਏ ਅਖਿਲ ਭਾਰਤੀ ਆਯੁਰਵੈਦ ਮਹਾਂ ਸੰਮੇਲਨ ਦਾ ਉਦਘਾਟਨ ਕਰਨ ਪਹੁੰਚੇ ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿੱਚ ਪੀ ਜੀ ਆਈ ਦੇ ਪੱਧਰ ਉੱਤੇ ਆਲ ਇੰਡੀਆ ਇੰਸਟੀਚਿਊਟ ਆਫ ਆਯੁਰਵੈਦਿਕ ਸਾਇੰਸ ਖੋਲ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਆਯੁਰਵੈਦ ਸਾਡੀ ਲੱਖਾਂ ਸਾਲ ਪੁਰਾਣੀ ਇਲਾਜ ਪ੍ਰਣਾਲੀ ਹੈ ਅਤੇ ਇਸ ਨੂੰ ਵਿਕਸਿਤ ਕਰਨ ਲਈ ਪੰਜਾਬ ਸਰਕਾਰ ਪੂਰਾ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੰਮ ਕਰ ਰਹੀ ਸਾਡੀ ਸਰਕਾਰ ਦਾ ਮੁੱਖ ਨਿਸ਼ਾਨਾ ਸਿਹਤ ਤੇ ਸਿੱਖਿਆ ਉੱਤੇ ਕੇਂਦਰਿਤ ਹੈ ਅਤੇ ਇਸ ਕੰਮ ਲਈ ਅਸੀਂ ਕੇਂਦਰ ਸਰਕਾਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਕਰਨ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਵੀ ਆਯੁਰਵੇਦ ਨੂੰ ਉਨਤ ਕਰਨ ਲਈ 17 ਕਾਲਜ ਅਤੇ ਯੂਨੀਵਰਸਿਟੀ ਚੱਲ ਰਹੀ ਹੈ। ਇਸ ਤੋਂ ਇਲਾਵਾ ਮਨੁੱਖੀ ਸਿਹਤ ਨੂੰ ਕਾਇਮ ਰੱਖਣ ਲਈ ਸਾਡੇ ਵੱਲੋਂ ਵਿਸ਼ੇਸ਼ ਪਹਿਲ ਕਦਮੀ ਕਰਦੇ ਹੋਏ ਸੀ ਐਮ ਦੀ ਯੋਗਸ਼ਾਲਾ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਰੋਜ਼ਾਨਾ ਡੇਢ ਲੱਖ ਦੇ ਕਰੀਬ ਪੰਜਾਬੀ ਵੱਖ-ਵੱਖ ਥਾਵਾਂ ਉੱਤੇ ਯੋਗ ਕਲਾਸਾਂ ਵਿੱਚ ਭਾਗ ਲੈ ਰਹੇ ਹਨ । ਉਨ੍ਹਾਂ ਇਸ ਸੰਮੇਲਨ ਕਰਵਾਉਣ ਲਈ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਕਿਹਾ ਕਿ ਤੁਹਾਡੇ ਵੱਲੋਂ ਕੀਤੀ ਗਈ ਇਹ ਕੋਸ਼ਿਸ਼ ਇਸ ਖੇਤਰ ਵਿੱਚ ਆਯੁਰਵੇਦ ਦੇ ਵਿਕਾਸ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ । ਉਹਨਾਂ ਇਸ ਪੈਥੀ ਦੀ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਜਿਸ ਪ੍ਰਣਾਲੀ ਦੀ ਪੜ੍ਹਾਈ ਕਰ ਰਹੇ ਹਨ ਉਸੇ ਪੈਥੀ ਵਿੱਚ ਹੀ ਆਪਣੀ ਪ੍ਰੈਕਟਿਸ ਜਾਰੀ ਰੱਖਣ ਤਾਂ ਹੀ ਉਹਨਾਂ ਦੀ ਪੜ੍ਹਾਈ ਦਾ ਸਹੀ ਫਾਇਦਾ ਸਾਡੇ ਨਾਗਰਿਕ ਨੂੰ ਹੋਵੇਗਾ। ਸਿਹਤ ਮੰਤਰੀ ਨੇ ਇਸ ਮੌਕੇ ਆਈਆਂ ਹੋਈਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਚਿੰਨ੍ਹ ਦੇ ਕੇ ਸਨਮਾਨਤ ਕੀਤਾ । ਉਨ੍ਹਾਂ ਰਾਜ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਨਰੋਈ ਸਿਹਤ ਲਈ ਕਿਸਾਨ ਦੁਆਰਾ ਪੈਦਾ ਕੀਤਾ ਹੋਏ ਅਨਾਜ ਅਤੇ ਘਰ ਦੀ ਬਣਾਈ ਹੋਈ ਰੋਟੀ ਅਤੇ ਹੋਰ ਪਕਵਾਨ ਖਾਣ ਦੀ ਆਦਤ ਪਾਉਣ ਤਾਂ ਹੀ ਨਰੋਏ ਸਮਾਜ ਦੀ ਸਿਰਜਣਾ ਹੋਵੇਗੀ। ਇਸ ਮੌਕੇ ਵਿਧਾਇਕ ਡਾ. ਅਜੇ ਗੁਪਤਾ, ਵਿਧਾਇਕ ਇੰਦਰਬੀਰ ਸਿੰਘ ਨਿੱਜਰ, ਵਿਧਾਇਕ ਜਸਬੀਰ ਸਿੰਘ ਸੰਧੂ, ਚੇਅਰਮੈਨ ਅਸ਼ੋਕ ਤਲਵਾਰ, ਸੰਸਥਾ ਦੇ ਪ੍ਰਧਾਨ ਵੈਦ ਦਵਿੰਦਰ ਤ੍ਰਿਗੁਣਾ, ਵੈਦ ਰਕੇਸ਼ ਸ਼ਰਮਾ, ਵੈਦ ਕੋਸਤਵ ਉਪਾਧਿਆਏ, ਵੈਦ ਕਰਤਾਰ ਸਿੰਘ ਧਿਮਾਨ, ਵੈਦ ਆਸ਼ੂਤੋਸ਼ ਗੁਪਤਾ, ਵੈਦ ਡੀਕੇ ਸ਼ਾਹ, ਵੈਦ ਐਸ ਐਨ ਪਾਂਡੇ, ਵੈਦ ਤਨੰਜੈ ਸ਼ਰਮਾ, ਵੈਦ ਅਰੁਣ ਕੁਮਾਰ, ਵੈਦ ਤਾਰਾ ਚੰਦ ਸ਼ਰਮਾ, ਵੈਦ ਬੀ ਐਲ ਮਹਿਰਾ, ਵੈਦ ਸੁਰੇਸ਼ ਗੁਪਤਾ, ਵੈਦ ਸੁਭਾਸ਼ ਵਰਮਾ, ਵੈਦ ਪਵਨ ਵਸ਼ਿਸ਼ਟ ਸਮੇਤ ਦੇਸ਼ ਭਰ ਤੋਂ ਆਯੁਰਵੈਦਿਕ ਇਲਾਜ ਪ੍ਰਣਾਲੀ ਨਾਲ ਸੰਬੰਧਤ ਹਸਤੀਆਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ।

# ਜ਼ਿਲ੍ਹਾ ਚੋਣ ਅਧਿਕਾਰੀ ਨੇ ਕਾਊਂਟਿੰਗ ਸੈਂਟਰ ਦਾ ਕੀਤਾ ਦੌਰਾ, ਪ੍ਰਬੰਧਾਂ ਤੇ ਸੁਰੱਖਿਆ ਦਾ ਲਿਆ ਜਾਇਜ਼ਾ

**ਗੁਰਦਾਸਪੁਰ, (ਦਿਨੇਸ਼ ਕੁਮਾਰ )**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਵੱਲੋਂ ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਗੁਰਦਾਸਪੁਰ ਵਿਖੇ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਦੇ ਮੱਦੇਨਜ਼ਰ ਸਥਾਪਿਤ ਕੀਤੇ ਜਾਣ ਵਾਲੇ ਕਾਊਂਟਿੰਗ ਸੈਂਟਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਾਊਂਟਿੰਗ ਸੈਂਟਰਾਂ ਦੀਆਂ ਤਿਆਰੀਆਂ ਅਤੇ ਈ.ਵੀ.ਐੱਮ. ਦੇ ਸਟਰਾਂਗ ਰੂਮ ਦੀ ਸੁਰੱਖਿਆ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਇਸ ਮੌਕੇ ਹਰੀਸ਼ ਦਾਯਮਾ, ਐਸ. ਐਸ. ਪੀ ਗੁਰਦਾਸਪੁਰ, ਸੁਹੇਲ ਕਾਸਿਮ ਮੀਰ, ਐਸ. ਐਸ. ਪੀ ਬਟਾਲਾ, ਰਾਜਪਾਲ ਸਿੰਘ ਸੇਖੋਂ ਐਸ ਡੀ ਐਮ ਡੇਰਾ ਬਾਬਾ ਨਾਨਕ, ਚੇਅਰਮੈਨ ਸੁਖਜਿੰਦਰ ਸਿੰਘ ਅਤੇ ਮਨਜਿੰਦਰ ਸਿੰਘ, ਚੋਣ ਤਹਿਸੀਲਦਾਰ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ 13 ਨਵੰਬਰ ਨੂੰ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣਗੀਆਂ ਅਤੇ 23 ਨਵੰਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਹਰਦੋਛੰਨੀ ਰੋਡ, ਗੁਰਦਾਸਪੁਰ ਵਿਖੇ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਮੀਦਵਾਰਾਂ, ਕਾਊਂਟਿੰਗ ਏਜੰਟਾਂ ਅਤੇ ਕਾਊਂਟਿੰਗ ਸਟਾਫ਼ ਲਈ ਵਿਸ਼ੇਸ਼ ਪਾਰਕਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਾਊਂਟਿੰਗ ਸੈਂਟਰ ਵਿੱਚ ਬਣਨ ਵਾਲੇ ਮੀਡੀਆ ਸੈਂਟਰ ਦਾ ਜਾਇਜ਼ਾ ਵੀ ਲਿਆ।

# ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਪਰਾਲੀ ਪ੍ਰਬੰਧਨ ਸੈਮੀਨਾਰ




**ਡੇਰਾ ਬਾਬਾ ਨਾਨਕ, ਗੁਰਦਾਸਪੁਰ, (ਰਮੇਸ਼ ਸ਼ਰਮਾ, ਦਿਨੇਸ਼ ਕੁਮਾਰ, ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਉਮਾ ਸ਼ੰਕਰ ਦੀ ਪ੍ਰਧਾਨਗੀ ਹੇਠ ਸਟੱਬਲ ਬਰਨਿੰਗ ਦੀ ਰੋਕਥਾਮ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਪਰਾਲੀ ਪ੍ਰਬੰਧਨ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਐਸ ਐਸ ਪੀ ਗੁਰਦਾਸਪੁਰ, ਹਰੀਸ਼ ਦਾਯਮਾ, ਐਸ ਐਸ ਪੀ ਬਟਾਲਾ, ਸੁਹੇਲ ਕਾਸਿਮ ਮੀਰ, ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ), ਸੁਰਿੰਦਰ ਸਿੰਘ, ਆਦਿਤਿਆ ਗੁਪਤਾ, ਸਹਾਇਕ ਕਮਿਸ਼ਨਰ (ਜ) ਸਮੇਤ ਪੁਲਸ, ਰੈਵੀਨਿਊ, ਖੇਤੀਬਾੜੀ, ਸਹਿਕਾਰੀ ਸਭਾਵਾਂ, ਪ੍ਰਦੂਸ਼ਣ ਕੰਟਰੋਲ ਬੋਰਡ, ਕਲੱਸਟਰ ਅਫਸਰ, ਨੋਡਲ ਅਫਸਰਾਂ, ਫਲਾਇੰਗ ਅਸਕਾਰਟ ਟੀਮਾਂ, ਪਟਵਾਰੀ, ਸਕੱਤਰਾਂ ਸਮੇਤ ਸਬੰਧਤ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਮੌਜੂਦ ਸਨ। ਸਥਾਨਕ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿਖੇ ਕਰਵਾਏ ਸੈਮੀਨਾਰ ਦੌਰਾਨ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਸਟੱਬਲ ਬਰਨਿੰਗ ਦੀ ਰੋਕਥਾਮ ਲਈ ਸਿਵਲ ਤੇ ਪੁਲਸ ਵਿਭਾਗ ਦੇ ਅਧਿਕਾਰੀ ਇੱਕ ਟੀਮ ਵਜੋਂ ਹੋਰ ਬਿਹਤਰ ਤਾਲਮੇਲ, ਜ਼ਿੰਮੇਵਾਰੀ ਤੇ ਮਿਹਨਤ ਨਾਲ ਕੰਮ ਕਰਨ। ਉਨ੍ਹਾਂ ਦੱਸਿਆ ਕਿ ਖੇਤਾਂ ਵਿੱਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਅਚਾਨਕ ਹੋਏ ਵਾਧੇ ਨੂੰ ਰੋਕਣ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹੋਰ ਸਖ਼ਤ ਨਜ਼ਰ ਰੱਖਣ ਦੀ ਬੇਹੱਦ ਜ਼ਰੂਰਤ ਹੈ।ਡਿਪਟੀ ਕਮਿਸ਼ਨਰ ਨੇ ਸਮੂਹ ਹਾਜ਼ਰੀਨ ਨੂੰ ਸਖ਼ਤ ਸੰਕੇਤ ਦਿੰਦੇ ਹੋਏ ਦੱਸਿਆ ਕਿ ਹੁਣ ਤੋਂ ਡਿਊਟੀ ਵਿੱਚ ਲਾਪ੍ਰਵਾਹੀ ਕਰਨ ਵਾਲੇ ਨੋਡਲ ਅਫਸਰਾਂ ਅਤੇ ਸਬੰਧਤ ਐਸ ਐਚ ਓ/ਬੀਟ ਅਫਸਰ ਖ਼ਿਲਾਫ਼ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀਆਂ ਹਾਲੀਆ ਹਦਾਇਤਾਂ ਅਨੁਸਾਰ ਅਦਾਲਤ 'ਚ ਕੇਸ ਦਾਇਰ ਕੀਤੇ ਜਾ ਸਕਣਗੇ। ਕਮਿਸ਼ਨ ਨੇ 10 ਅਕਤੂਬਰ ਦੇ ਆਪਣੇ ਆਦੇਸ਼ ਵਿੱਚ ਡਿਪਟੀ ਕਮਿਸ਼ਨਰ/ਜ਼ਿਲ੍ਹਾ ਕੁਲੈਕਟਰ/ਜ਼ਿਲ੍ਹਾ ਮੈਜਿਸਟ੍ਰੇਟ ਨੂੰ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨ ਨੂੰ ਰੋਕਣ ਲਈ ਵੱਖ-ਵੱਖ ਪੱਧਰਾਂ ਅਤੇ ਸਟੇਸ਼ਨਾਂ 'ਤੇ ਤਾਇਨਾਤ ਨੋਡਲ ਅਫ਼ਸਰ, ਸੁਪਰਵਾਈਜ਼ਰੀ ਅਫ਼ਸਰ ਅਤੇ ਸਟੇਸ਼ਨ ਹਾਊਸ ਅਫਸਰ, ਜੋ ਕਿ ਇਨ੍ਹਾਂ ਰੋਕ ਦੇ ਹੁਕਮਾਂ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਿੰਮੇਵਾਰ ਹਨ, ਦੀ ਅਯੋਗਤਾ ਦੇ ਸਬੰਧ ਵਿੱਚ ਇਲਾਕਾ ਜੁਡੀਸ਼ੀਅਲ ਮੈਜਿਸਟਰੇਟ ਕੋਲ ਸ਼ਿਕਾਇਤ / ਮੁਕੱਦਮਾ ਦਰਜ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਪਟਵਾਰੀਆਂ, ਖੇਤੀਬਾੜੀ ਅਫਸਰਾਂ, ਸਹਿਕਾਰੀ ਸਭਾਵਾਂ ਦੇ ਅਧਿਕਾਰੀਆਂ, ਪੇਂਡੂ ਵਿਕਾਸ ਵਿਭਾਗ ਦੇ ਜੇ. ਈ ਅਤੇ ਐਸ ਐਚ ਓਜ਼ ਨੂੰ ਕਿਹਾ ਕਿ ਉਨ੍ਹਾਂ ਦਾ ਕਿਸਾਨਾਂ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਰੋਜ਼ਾਨਾ ਹੀ ਸਿੱਧਾ ਵਾਹ ਪੈਂਦਾ ਹੈ, ਇਸ ਲਈ ਉਹ ਪਿੰਡ -ਪਿੰਡ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਅਤੇ ਇੱਕ ਟੀਮ ਬਣਾ ਕੇ ਕਿਸਾਨਾਂ ਨੂੰ ਮਿਲਿਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਸਬਸਿਡੀ ਵਾਲੀ ਪਰਾਲੀ ਪ੍ਰਬੰਧਨ ਮਸ਼ੀਨਰੀ ਦਾ ਵੱਡੀ ਗਿਣਤੀ ਵਿੱਚ ਪ੍ਰਬੰਧ ਹੋਣ ਦੇ ਬਾਵਜੂਦ ਪਰਾਲੀ ਸਾੜਨ ਦੀਆਂ ਘਟਨਾਵਾਂ ਵਾਪਰਨੀਆਂ ਚਿੰਤਾ ਦਾ ਵਿਸ਼ਾ ਹਨ, ਇਸ ਲਈ ਸਮੂਹ ਵਿਭਾਗ ਅਗਲੇ ਦਿਨਾਂ ਵਿੱਚ ਹੋਰ ਤੇਜ਼ੀ ਨਾਲ ਕੰਮ ਕਰਨ। ਪਿੰਡਾਂ ਵਿੱਚ ਜਾਣ ਖਾਸ ਕਰਕੇ ਪੁਲਸ ਵਿਭਾਗ ਪੈਟਰੋਲਿੰਗ ਕਰੇ ਅਤੇ ਫਲੈਗ ਮਾਰਚ ਕਰਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮਜ਼ ਨੂੰ ਕਿਸਾਨਾਂ ਤੱਕ ਇਨ੍ਹਾਂ ਮਸ਼ੀਨਾਂ ਦੀ ਪਹੁੰਚ ਵਧਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੇ ਨੋਡਲ ਅਫ਼ਸਰਾਂ ਨੂੰ ਵਧੇਰੇ ਚੌਕਸ ਰਹਿਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਗੁਰਦਾਸਪੁਰ ਤੇ ਬਟਾਲਾ ਦੇ ਸੀਨੀਅਰ ਪੁਲਸ ਕਪਤਾਨ ਨੂੰ ਫੀਲਡ ਪੁਲਸ ਅਧਿਕਾਰੀਆਂ ਨੂੰ ਹੋਰ ਤਨਦੇਹੀ ਨਾਲ ਕੰਮ ਕਰਨ ਲਈ ਸਰਗਰਮ ਕਰਨ ਦੀ ਅਪੀਲ ਕੀਤੀ। ਐਸ ਐਸ ਪੀ ਗੁਰਦਾਸਪੁਰ ਹਰੀਸ਼ ਦਾਯਮਾ, ਐਸ ਐਸ ਪੀ ਬਟਾਲਾ, ਸੁਹੇਲ ਕਾਸਿਮ ਮੀਰ ਵਲੋਂ ਵੀ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਕਜੁੱਟ ਹੋ ਕੇ ਹੋਰ ਕਾਰਗਰ ਤਰੀਕੇ ਨਾਲ ਫੀਲਡ ਵਿੱਚ ਜਾਣ ਲਈ ਕਿਹਾ। ਇਸ ਤੋਂ ਪਹਿਲਾਂ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਨੇ ਵਿਸਥਾਰ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਨਾ ਸਾੜਨ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕੀਤਾ। ਖੁਦ ਡਿਪਟੀ ਕਮਿਸ਼ਨਰ ਵਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਦੀਆਂ ਪਰਾਲੀ ਪ੍ਰਬੰਧਨ ਨੂੰ ਲੈ ਕੇ ਮੁਸ਼ਕਲਾਂ ਸੁਣ ਕੇ ਹੱਲ ਕੀਤੀਆਂ ਗਈਆਂ ਹਨ।

20-OCT-PAGE-4.qxd 10/19/2024 11:02 PM Page 1



## ਸੁਖਜਿੰਦਰ ਕੌਰ ਬਣੇ ਸਲੇਮਗੜ੍ਹ ਦੇ ਸਰਪੰਚ



**ਮੂਨਕ (ਰਾਜਪਾਲ ਸਿੰਗਲਾ)**-ਨੇੜਲੇ ਪਿੰਡ ਸਲੇਮਗੜ੍ਹ ਦੀ ਸੁਖਜਿੰਦਰ ਕੌਰ ਪਤਨੀ ਜੱਗੀ ਸਿੰਘ ਨੇ 845 ਵੋਟਾਂ ਦੀ ਲੀਡ ਪ੍ਰਾਪਤ ਕੀਤੀ, ਜਦਕਿ ਉਸ ਦੀ ਟੱਕਰ ਵਿੱਚ ਉੱਠੀ ਕੁਲਵਿੰਦਰ ਕੌਰ ਨੇ 802 ਵੋਟਾਂ ਦੀ ਲੀਡ ਪ੍ਰਾਪਤ ਕੀਤੀ ਅਤੇ ਸੁਖਜਿੰਦਰ ਕੌਰ ਨੇ 43 ਵੋਟਾਂ ਦੇ ਫਰਕ ਨਾਲ ਕੁਲਵਿੰਦਰ ਕੌਰ ਨੂੰ ਹਰਾ ਕੇ ਪਿੰਡ ਦੀ ਸਰਪੰਚੀ ਦੀ ਚੋਣ ਵਿੱਚ ਜਿੱਤ ਪ੍ਰਾਪਤ ਕੀਤੀ। ਸੁਖਜਿੰਦਰ ਕੌਰ ਨੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਮੇਰੇ ਪਿੰਡ ਵਾਸੀਆਂ ਦੀ ਜਿੱਤ ਹੈ ਤੇ ਇਸ ਦਾ ਵੱਡਾ ਪਿੰਡ ਵਾਸੀਆਂ ਨੂੰ ਜਾਂਦਾ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਵਾਉਂਦਿਆਂ ਕਿਹਾ ਕਿ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਤੋਂ ਇਲਾਵਾ 9 ਪੰਚਾਇਤ ਮੈਂਬਰ ਪੰਚ, ਸਤਪਾਲ ਸਿੰਘ (ਸੱਤੀ), ਗੁਲਜਾਰੀ ਸਿੰਘ, ਸਮਸ਼ੇਰ ਸਿੰਘ, ਜਗਤਾਰ ਸਿੰਘ, ਰਾਮਫਲ ਸਿੰਘ, ਸੰਤਿਆ ਦੇਵੀ, ਅਮ੍ਰਿਤਪਾਲ ਕੌਰ, ਜੀਵਨ ਸਿੰਘ, ਜਸਵੀਰ ਕੌਰ ਪੰਚ ਚੁਣੇ ਗਏ।

## ਸਤਨਾਮ ਸਿੰਘ ਤੇ ਭੁਪਿੰਦਰ ਸਿੰਘ ਬਣੇ ਸਰਪੰਚ



**ਲੁਧਿਆਣਾ (ਰਾਜ ਸਿੰਗਲਾ)**-ਪਿਛਲੇ ਦਿਨੀਂ ਹੋਈਆਂ ਪੰਚਾਇਤੀ ਚੋਣਾਂ ਵਿੱਚ ਜਿੱਥੇ ਵੱਖ ਵੱਖ ਪਿੰਡਾਂ ਵਿੱਚ ਸਰਪੰਚ ਤੇ ਪੰਚ ਚੁਣੇ ਗਏ ਹਨ, ਉਥੇ ਹੀ ਜ਼ਿਲ੍ਹਾ ਲੁਧਿਆਣਾ ਅਧੀਨ ਪੈਂਦੇ ਬਲਾਕ ਮਾਂਗਟ ਦੇ ਪਿੰਡ ਛੱਲੇ ਤੋਂ ਸਤਨਾਮ ਸਿੰਘ ਤੇ ਪਿੰਡ ਕਪੂਰ ਸਿੰਘ ਵਾਲਾ ਤੋਂ ਭੁਪਿੰਦਰ ਸਿੰਘ ਸਰਪੰਚ ਚੁਣੇ ਗਏ ਹਨ। ਸਰਪੰਚ ਬਣਨ ਤੋਂ ਬਾਅਦ ਬੋਲਦਿਆਂ ਸਤਨਾਮ ਸਿੰਘ ਤੇ ਭੁਪਿੰਦਰ ਸਿੰਘ ਨੇ ਕਿਹਾ ਕਿ ਪਿੰਡ ਦੇ ਲੋਕਾਂ ਵੱਲੋਂ ਜੋ ਉਨ੍ਹਾਂ ਨੂੰ ਮਾਣ ਬਖਸ਼ਿਆ ਗਿਆ ਹੈ, ਉਸ ਦਾ ਉਹ ਧੰਨਵਾਦ ਕਰਦੇ ਹਨ ਅਤੇ ਉਹ ਭਵਿੱਖ ਵਿੱਚ ਪਿੰਡ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਉਹ ਪਿੰਡ ਵਿੱਚ ਸਕੂਲ, ਗਲੀਆਂ ਆਦਿ ਦੇ ਵਿਕਾਸ ਤੋਂ ਇਲਾਵਾ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਵੱਧ ਚੜ੍ਹ ਕੇ ਕੰਮ ਕਰਨਗੇ।

## ਢੀਂਡਸਾ ਤੋਂ ਰਮਨਦੀਪ ਕੌਰ ਚੁਣੇ ਗਏ ਸਰਪੰਚ



**ਸਮਰਾਲਾ (ਸੁਰਜੀਤ ਸਿੰਘ)**-ਨਜ਼ਦੀਕੀ ਪਿੰਡ ਢੀਂਡਸਾ ਵਿਖੇ ਹੋਈਆਂ ਪੰਚਾਇਤੀ ਚੋਣਾਂ ਵਿੱਚ ਰਮਨਦੀਪ ਕੌਰ, ਜੋ ਇਸ ਵਾਰ ਪਿੰਡ ਦੀ ਸਰਪੰਚੀ ਚੋਣ ਲੜ ਰਹੇ ਸਨ, ਨੇ ਆਪਣੇ ਨਿਕਟ ਵਿਰੋਧੀ ਉਮੀਦਵਾਰ ਨੂੰ 110 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਪਿੰਡ ਦੇ ਸਰਪੰਚ ਚੁਣੇ ਗਏ। ਇਸ ਚੋਣ ਦੌਰਾਨ 477 ਵੋਟਾਂ ਰਮਨਦੀਪ ਕੌਰ ਅਤੇ ਦੂਸਰੇ ਉਮੀਦਵਾਰ ਨੂੰ 367 ਵੋਟਾਂ ਪ੍ਰਾਪਤ ਹੋਈਆਂ। ਇਸ ਦੌਰਾਨ ਪੰਚੀ ਦੀਆਂ ਚੋਣਾਂ ਵਿੱਚ ਵਾਰਡ 1 ਤੋਂ ਦਲਜਿੰਦਰ ਕੌਰ ਪੰਚ, ਵਾਰਡ 2 ਤੋਂ ਸੁਖਦੇਵ ਕੌਰ ਪੰਚ, ਵਾਰਡ 3 ਤੋਂ ਸਰਬਸੰਮਤੀ ਨਾਲ ਹਰਪ੍ਰੀਤ ਸਿੰਘ ਪੰਚ, ਵਾਰਡ 4 ਧਰਮਜੀਤ ਸਿੰਘ ਪੰਚ, ਵਾਰਡ 5 ਤੋਂ ਸੰਮਤੀ ਨਾਲ ਸੁਖਦੀਪ ਸਿੰਘ ਪੰਚ, ਵਾਰਡ 6 ਤੋਂ ਸੰਮਤੀ ਨਾਲ ਮਨਦੀਪ ਕੌਰ ਪੰਚ ਤੇ 7 ਨੰਬਰ ਵਾਰਡ ਤੋਂ ਸੰਮਤੀ ਨਾਲ ਗੁਰਮਨ ਸਿੰਘ ਢੀਂਡਸਾ ਪੰਚ ਚੁਣੇ ਗਏ। ਨਵੀਂ ਚੁਣੀ ਪੰਚਾਇਤ ਵੱਲੋਂ ਗੁਰਦੁਆਰਾ ਸਾਹਿਬ ਜਾ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਬੀ. ਕੇ. ਯੂ. (ਲੱਖੋਵਾਲ) ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਤੇ ਹੋਰ ਮੈਂਬਰਾਂ ਵੱਲੋਂ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਨਵੇਂ ਚੁਣੇ ਸਰਪੰਚ ਬੀਬੀ ਰਮਨਦੀਪ ਕੌਰ ਨੇ ਕਿਹਾ ਕਿ ਪਿੰਡ ਵੱਲੋਂ ਮੈਨੂੰ ਸਰਪੰਚੀ ਦਾ ਅਹੁਦਾ ਦੇ ਕੇ ਨਗਰ ਨੇ ਜੋ ਮਾਣ ਦਿੱਤਾ ਹੈ, ਉਸ ਲਈ ਮੈਂ ਸਮੂਹ ਨਗਰ ਦਾ ਸਦਾ ਰਿਣੀ ਰਹਾਂਗੀ ਤੇ ਪਿੰਡ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆ ਕੇ, ਸਭ ਦੇ ਸਹਿਯੋਗ ਨਾਲ ਪਿੰਡ ਦੀ ਦਿੱਖ ਨੂੰ ਹੋਰ ਸੁੰਦਰ ਬਣਾ ਕੇ ਵੱਖ ਵੱਖ ਸਹੂਲਤਾਂ ਵਾਲਾ ਪਿੰਡ ਬਣਾਵਾਂਗੀ।

## ਚੱਕ ਅਰਾਈਆਂਵਾਲਾ ਤੋਂ ਰਣਜੀਤ ਕੌਰ ਬਣੇ ਸਰਪੰਚ



**ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)**-ਬੀਤੇ ਦਿਨ ਪਿੰਡ ਚੱਕ ਅਰਾਈਆਂਵਾਲਾ (ਫਲੀਆਂਵਾਲਾ) ਗ੍ਰਾਮ ਪੰਚਾਇਤ ਦੇ ਸਰਪੰਚ ਤੇ 9 ਵਾਰਡਾਂ ਦੇ ਮੈਂਬਰਾਂ ਦੀਆਂ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਪੰਚਾਇਤੀ ਚੋਣਾਂ ਦੌਰਾਨ ਪਿੰਡ ਚੱਕ ਅਰਾਈਆਂਵਾਲਾ ਤੋਂ ਮੱਖਣ ਸਿੰਘ ਦੀ ਨੂੰਹ ਸ੍ਰੀਮਤੀ ਰਣਜੀਤ ਕੌਰ ਸਰਪੰਚ ਚੁਣੇ ਗਏ, ਜਦੋਂਕਿ ਵਾਰਡ ਨੰਬਰ 1 ਤੋਂ ਪੰਚਾਇਤ ਮੈਂਬਰ ਗੁਰਚਰਨ ਸਿੰਘ ਤੇ ਵਾਰਡ ਨੰਬਰ 5 ਤੋਂ ਸੋਨਾ ਰਾਣੀ ਸਰਬਸੰਮਤੀ ਨਾਲ ਚੁਣੇ ਗਏ। ਪੰਚਾਇਤ ਮੈਂਬਰ ਦੀਆਂ ਸੰਪੰਨ ਹੋਈਆਂ ਚੋਣਾਂ ਦੌਰਾਨ ਵਾਰਡ ਨੰ. 2 ਤੋਂ ਗੁਰਦੀਪ ਸਿੰਘ, ਵਾਰਡ ਨੰ. 3 ਤੋਂ ਮਾਇਆ ਬੀਬੀ, ਵਾਰਡ ਨੰ. 4 ਤੋਂ ਜਿੰਦਰ ਕੌਰ, ਵਾਰਡ ਨੰ. 6 ਤੋਂ ਕੁਲਵਿੰਦਰ ਕੌਰ, ਵਾਰਡ ਨੰ. 7 ਤੋਂ ਜਸਵੀਰ ਕੌਰ, ਵਾਰਡ ਨੰ. 8 ਤੋਂ ਕੈਲਾਸ਼ ਰਾਣੀ ਤੇ ਵਾਰਡ ਨੰਬਰ 9 ਤੋਂ ਬਲਵੀਰ ਸਿੰਘ ਪੰਚ ਚੁਣੇ ਗਏ। ਨਵਨਿਯੁਕਤ ਸਰਪੰਚ ਰਣਜੀਤ ਕੌਰ ਨੇ ਕਿਹਾ ਕਿ 2300 ਤੋਂ ਵੱਧ ਵੋਟਾਂ ਵਾਲੇ ਪਿੰਡ ਚੱਕ ਅਰਾਈਆਂਵਾਲਾ ਤੋਂ ਪਿੰਡ ਵਾਸੀਆਂ ਤੋਂ ਮਿਲੇ ਸਹਿਯੋਗ ਦੀ ਬਦੌਲਤ ਹੀ ਉਹ ਸਰਪੰਚ ਚੁਣੇ ਗਏ ਹਨ। ਉਨ੍ਹਾ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸੌਂਪੀ ਗਈ ਜ਼ੁੰਮੇਵਾਰੀ ਨੂੰ ਉਹ ਪੂਰੀ ਲਗਨ ਤੇ ਤਨਦੇਹੀ ਨਾਲ ਨਿਭਾਉਣਗੇ। ਉਪਰੰਤ ਨਵੇਂ ਬਣੇ ਸਰਪੰਚ ਰਣਜੀਤ ਕੌਰ ਵੱਲੋਂ ਆਪਣੇ ਸਮਰਥਕਾਂ ਤੇ ਪੰਚਾਇਤ ਮੈਂਬਰਾਂ ਨੂੰ ਲੈ ਕੇ ਪਿੰਡ ਵਿੱਚ ਜੇਤੂ ਮਾਰਚ ਕੱਢਿਆ ਗਿਆ ਅਤੇ ਵੋਟਰਾਂ ਦਾ ਧੰਨਵਾਦ ਕੀਤਾ।

## ਹਰਪਾਲ ਸਿੰਘ ਮਹਿਲ ਖੁਰਦ ਸਰਪੰਚੀ ਦੀ ਚੋਣ ਜਿੱਤੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਿਲ ਖੁਰਦ ਵਿਖੇ ਹਰਪਾਲ ਸਿੰਘ ਸਰਪੰਚ ਦੀ ਚੋਣ ਜਿੱਤ ਗਏ ਹਨ। ਹਰਪਾਲ ਸਿੰਘ ਸਰਪੰਚ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿੰਡ ਮਹਿਲ ਖੁਰਦ ਦੇ ਸਮੁੱਚੇ ਹੀ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਪਿੰਡ ਦੀ ਸਰਪੰਚ ਦੀ ਚੋਣ ਜਿਤਾ ਕੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾ ਕਿਹਾ ਕਿ ਮਹਿਲ ਖੁਰਦ ਅੰਦਰ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਤੇ ਲੋੜਵੰਦ ਲੋਕਾਂ ਦੀ ਸੇਵਾ ਲਈ ਉਹ ਹਰ ਸਮੇਂ ਹਾਜ਼ਰ ਰਹਿਣਗੇ। ਉਨ੍ਹਾ ਕਿਹਾ ਕਿ ਕੋਈ ਵੀ ਪਿੰਡ ਆਪਣੇ ਕੰਮਕਾਰ ਲਈ ਕਿਸੇ ਸਮੇਂ ਵੀ ਮਿਲ ਸਕੇਗਾ।

## ਕਾਲਾ ਮਾਂਗਟ ਨੇ ਸਭ ਤੋਂ ਵੱਧ ਵੋਟਾਂ ਹਾਸਲ ਕਰਕੇ ਜਿੱਤੀ ਸਰਪੰਚੀ



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਦੋਰਾਹਾ ਦੇ ਸਭ ਤੋਂ ਵੱਡੇ ਪਿੰਡ ਰਾਮਪੁਰ ਵਿਖੇ ਪੰਚਾਇਤ ਦੀ ਚੋਣ ਦੌਰਾਨ ਆਪ ਆਗੂ ਜਸਵੰਤ ਸਿੰਘ ਮਾਂਗਟ (ਕਾਲਾ) ਸਰਪੰਚ ਚੁਣੇ ਗਏ।ਉਨ੍ਹਾ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਕੁਲਦੀਪ ਸਿੰਘ ਮਾਂਗਟ ਨੂੰ 1310 ਵੋਟਾਂ ਨਾਲ ਹਰਾਇਆ।ਪਿੰਡ ਰਾਮਪੁਰ ਵਿਖੇ 3500 ਦੇ ਕਰੀਬ ਵੋਟਾਂ ਪਈਆਂ, ਜਿਸ ਵਿੱਚ 2279 ਦੇ ਕਰੀਬ ਕਾਲਾ ਮਾਂਗਟ ਨੂੰ ਤੇ ਕੁਲਦੀਪ ਮਾਂਗਟ ਨੂੰ 969 ਦੇ ਕਰੀਬ ਵੋਟਾਂ ਪਈਆਂ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਜਿੱਤ ਵਿੱਚ ਸਮੂਹ ਨਗਰ ਨਿਵਾਸੀਆਂ ਦੇ ਨਾਲ ਨਾਲ ਪਿੰਡ ਦੇ ਐੱਨ ਆਰ ਆਈ ਵੀਰਾਂ ਦਾ ਵੱਡਾ ਯੋਗਦਾਨ ਰਿਹਾ ਹੈ।ਉਨ੍ਹਾਂ ਕਿਹਾ ਕਿ ਹਮੇਸ਼ਾ ਇਮਾਨਦਾਰੀ ਨਾਲ ਵਿਕਾਸ ਕਾਰਜ ਕਰਦੇ ਰਹਿਣਾ ਉਨ੍ਹਾਂ ਦਾ ਮਿਸ਼ਨ ਹੋਵੇਗਾ।ਹਲਕਾ ਪਾਇਲ ਵਿੱਚ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਪ੍ਰਾਪਤ ਕਰਨ ਵਾਲੇ ਪਿੰਡ ਰਾਮਪੁਰ ਦੇ ਨਵ-ਨਿਯੁਕਤ ਸਰਪੰਚ ਕਾਲਾ ਮਾਂਗਟ ਨੇ ਸਾਰਿਆਂ ਦਾ ਦਿਲੋਂ ਧੰਨਵਾਦ ਕੀਤਾ।ਪਿੰਡ ਰਾਮਪੁਰ ਦੇ 11 ਵਾਰਡਾਂ ਵਿੱਚੋਂ ਇੱਕ ਵਾਰਡ ਦਾ ਪੰਚ ਸਰਬਸੰਮਤੀ ਨਾਲ ਬਣ ਗਿਆ ਸੀ ਤੇ 11 ਵਿੱਚੋਂ 10 ਪੰਚ ਜਸਵੰਤ ਸਿੰਘ ਕਾਲਾ ਮਾਂਗਟ ਦੇ ਜਿੱਤੇ।

## ਲਖਵੀਰ ਕੌਰ ਚਾਹਲ ਰਾਣਵਾਂ ਦੇ ਸਰਬਸੰਮਤੀ ਨਾਲ ਸਰਪੰਚ ਚੁਣੇ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਨੇੜਲੇ ਪਿੰਡ ਰਾਣਵਾਂ ਦੀ ਪੰਚਾਇਤ ਵੀ ਸਰਬਸੰਮਤੀ ਨਾਲ ਚੁਣੀ ਗਈ, ਜਿਸ ਵਿੱਚ ਪਿੰਡ ਵਾਸੀਆਂ ਵੱਲੋਂ ਇੱਕਜੁੱਟਤਾ ਦਿਖਾਉਂਦੇ ਹੋਏ ਲਖਵੀਰ ਕੌਰ ਚਾਹਲ ਪਤਨੀ ਡਾਕਟਰ ਜਸਦੇਵ ਸਿੰਘ ਚਾਹਲ ਨੂੰ ਸਰਪੰਚ ਚੁਣ ਲਿਆ।ਇਸ ਤੋਂ ਇਲਾਵਾ ਨਿਰਮਲ ਸਿੰਘ, ਰਾਜਪਾਲ ਸਿੰਘ, ਕੁਲਵਿੰਦਰ ਸਿੰਘ, ਅਮਨਦੀਪ ਕੌਰ ਪਤਨੀ ਜਤਿੰਦਰ ਸਿੰਘ, ਸੁਖਵਿੰਦਰ ਕੌਰ, ਗੁਰਮੇਲ ਕੌਰ ਤੇ ਨਿਰਮਲ ਸਿੰਘ ਨੂੰ ਪੰਚਾਇਤ ਮੈਂਬਰ ਚੁਣਿਆ ਗਿਆ।ਸਰਬਸੰਮਤੀ ਨਾਲ ਪੰਚਾਇਤ ਚੁਣਨ 'ਤੇ ਪਿੰਡ ਦੇ ਸਾਬਕਾ ਸਰਪੰਚ ਮੇਵਾ ਸਿੰਘ, ਨੰਬਰਦਾਰ ਤੇਜਵਿੰਦਰ ਸਿੰਘ ਤੇ ਜਸਬੀਰ ਸਿੰਘ ਸਾਬਕਾ ਪੰਚ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਪੰਚਾਇਤ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਲਈ ਕੰਮ ਕਰੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਸਿੰਘ, ਜਗਬੀਰ ਸਿੰਘ, ਤਾਰਾ ਸਿੰਘ, ਹਰਪ੍ਰੀਤ ਸਿੰਘ ਹੈਪੀ, ਨੰਬਰਦਾਰ ਹਰਜੀਤ ਸਿੰਘ, ਯਾਦਵਿੰਦਰ ਸਿੰਘ, ਅਵਤਾਰ ਸਿੰਘ ਪ੍ਰਧਾਨ ਸਿੱਧੂਪੁਰ, ਪ੍ਰੇਮ ਸਿੰਘ, ਹਰਦੀਪ ਸਿੰਘ, ਸਰਬਜੀਤ ਸਿੰਘ, ਦਲੀਪ ਸਿੰਘ ਪ੍ਰਧਾਨ, ਸਿਕੰਦਰ ਸਿੰਘ, ਸ਼ੇਰ ਸਿੰਘ, ਹਮੀਰ ਸਿੰਘ, ਮੇਹਰ ਸਿੰਘ, ਅਮਰਜੀਤ ਸਿੰਘ ਕਾਲਾ, ਜਗਪਾਲ ਸਿੰਘ, ਗੁਰਿੰਦਰ ਸਿੰਘ, ਨਾਜਰ ਸਿੰਘ, ਜਗਦੇਵ ਸਿੰਘ, ਇਲੈਕਟ੍ਰੀਸ਼ੀਅਨ ਦਲਵਿੰਦਰ ਸਿੰਘ, ਡਾਕਟਰ ਅਜਮੇਰ ਸਿੰਘ, ਨਿਰਮਲਜੀਤ ਸਿੰਘ, ਡਾਕਟਰ ਹਰਪਾਲ ਸਿੰਘ, ਹਰਵਿੰਦਰ ਸਿੰਘ, ਵਰਿੰਦਰ ਸਿੰਘ ਸੋਨੀ, ਜਸਪ੍ਰੀਤ ਸਿੰਘ, ਦਲਵੀਰ ਸਿੰਘ, ਸੁਦਾਗਰ ਸਿੰਘ ਤੇ ਜਰਨੈਲ ਸਿੰਘ ਤੋਂ ਇਲਾਵਾ ਹੋਰ ਪਿੰਡ ਵਾਸੀ ਮੌਜੂਦ ਸਨ।

# ਪੁਲਸ ਨੇ ਗੁਰਪ੍ਰੀਤ ਸਿੰਘ ਕਤਲ ਕਾਂਡ ਦੀ ਗੁੱਥੀ ਸੁਲਝਾਈ

### ਅਰਸ਼ ਡੱਲਾ ਨਿਕਲਿਆ ਮਾਸਟਰਮਾਈਂਡ, ਰੇਕੀ ਮਡਿਊਲ ਦੇ ਤਿੰਨ ਵਿਅਕਤੀ ਕਾਬੂ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਮਹੱਤਵਪੂਰਨ ਸਫਲਤਾ ਹਾਸਲ ਕਰਦਿਆਂ ਪੰਜਾਬ ਪੁਲਸ ਨੇ ਗੁਰਪ੍ਰੀਤ ਸਿੰਘ ਹਰੀ ਨੌਂ ਉਰਫ਼ ਭੋਡੀ ਦੇ ਕਤਲ ਕਾਂਡ ਦੇ ਮਾਸਟਰਮਾਈਂਡ ਗੈਂਗਸਟਰ ਤੋਂ ਅੱਤਵਾਦੀ ਬਣੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਕਤਲ ਕਾਂਡ ਦੀ ਗੁੱਥੀ ਸੁਲਝਾ ਲਿੱਤੀ ਹੈ।ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਡੀਜੀਪੀ ਇੱਥੇ ਇੰਸਪੈਕਟਰ ਜਨਰਲ ਆਫ਼ ਪੁਲਸ (ਆਈਜੀਪੀ) ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ, ਡੀਆਈਜੀ ਫਰੀਦਕੋਟ ਰੇਂਜ ਅਸ਼ਵਨੀ ਕਪੂਰ ਅਤੇ ਐੱਸ ਐੱਸ ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨਾਲ ਪੰਜਾਬ ਪੁਲਸ ਹੈੱਡਕੁਆਰਟਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਿਲਾਲ ਅਹਿਮਦ ਉਰਫ਼ ਫੌਜੀ, ਗੁਰਮਰਦੀਪ ਸਿੰਘ ਉਰਫ ਪੋਂਟੂ ਤੇ ਅਰਸ਼ਦੀਪ ਸਿੰਘ ਉਰਫ ਝੰਡੂ ਵਜੋਂ ਹੋਈ ਹੈ।ਜਾਣਕਾਰੀ ਅਨੁਸਾਰ 9 ਅਕਤੂਬਰ 2024 ਨੂੰ ਗੁਰਪ੍ਰੀਤ ਸਿੰਘ ਹਰੀ ਨੌਂ ਉਰਫ਼ ਭੋਡੀ ਦਾ ਉਸ ਸਮੇਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਦੋਂ ਉਹ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰ ਪੀ.ਬੀ.-04ਯੂ-3258 'ਤੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਘਰ ਵਾਪਸ ਆ ਰਿਹਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਗੁਰਪ੍ਰੀਤ ਸਿੰਘ ਦੇ ਕਤਲ ਦਾ ਮਾਸਟਰਮਾਈਂਡ ਵਿਦੇਸ਼ ਅਧਾਰਤ ਗੈਂਗਸਟਰ ਅਰਸ਼ ਡੱਲਾ ਹੈ ਤੇ ਹੋਰ ਵਿਅਕਤੀ ਹਨ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਰੇਕੀ ਕਰਨ ਤੇ ਕਤਲ ਨੂੰ ਅੰਜਾਮ ਦੇਣ ਲਈ ਵਿਦੇਸ਼ ਅਧਾਰਤ ਵੱਖ-ਵੱਖ ਸੰਚਾਲਕਾਂ ਦੇ ਵੱਖੋ-ਵੱਖਰੇ ਮਾਡਿਊਲਾਂ ਦੀ ਵਰਤੋਂ ਕੀਤੀ ਗਈ ਸੀ।ਉਨ੍ਹਾਂ ਦੱਸਿਆ ਕਿ ਅਪਰਾਧੀਆਂ ਵੱਲੋਂ ਸਾਜ਼ਿਸ਼ ਨੂੰ ਛੁਪਾਉਣ ਲਈ ਵੱਖੋ-ਵੱਖਰੇ ਮਾਡਿਊਲਾਂ ਨੂੰ ਵੱਖ-ਵੱਖ ਕੰਮ ਸੌਂਪੇ ਗਏ ਸਨ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਤਿੰਨੋਂ ਵਿਅਕਤੀ ਰੇਕੀ ਕਰਨ ਵਾਲੇ ਮਾਡਿਊਲ ਦਾ ਹਿੱਸਾ ਸਨ, ਜਿਸ ਦਾ ਸੰਚਾਲਨ ਕੈਨੇਡਾ ਅਧਾਰਤ ਕਰਮਵੀਰ ਸਿੰਘ ਉਰਫ ਗੋਰਾ ਵੱਲੋਂ ਕੀਤਾ ਜਾ ਰਿਹਾ ਸੀ।ਰੇਕੀ ਕਰਨ ਵਾਲੇ ਮਾਡਿਊਲ ਨੇ ਆਪਣੇ ਸੰਚਾਲਕਾਂ ਤੇ ਵੱਖੋ-ਵੱਖਰੇ ਮਾਡਿਊਲਾਂ ਰਾਹੀਂ ਮਹੱਤਵਪੂਰਨ ਜਾਣਕਾਰੀ ਸ਼ੂਟਰ ਮਾਡਿਊਲ ਨੂੰ ਦਿੱਤੀ।

ਡੀਜੀਪੀ ਨੇ ਕਿਹਾ ਕਿ ਸ਼ੂਟਰ ਮਾਡਿਊਲ ਦੇ ਮੈਂਬਰਾਂ ਦੀ ਪਛਾਣ ਕਰ ਲਈ ਗਈ ਹੈ ਤੇ ਪੁਲਸ ਟੀਮਾਂ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ।

## ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ ਰੂਬਰੂ ਤੇ ਸਨਮਾਨ ਸਮਾਰੋਹ 22 ਨੂੰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਸੁਖਦਰਸ਼ਨ ਗਰਗ ਦੀ ਪ੍ਰਧਾਨਗੀ ਹੇਠ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ, ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਤੇ ਕੰਪਿਊਟਰ ਸੈਂਟਰ ਬਾਲਿਆਂਵਾਲੀ ਵਿਖੇ ਹੋਈ। ਮੀਟਿੰਗ ਵਿੱਚ ਕੀਤੇ ਗਏ ਫੈਸਲੇ ਅਨੁਸਾਰ 22 ਅਕਤੂਬਰ 2024 ਨੂੰ ਪ੍ਰਵਾਸੀ ਲੇਖਿਕਾ ਮੈਡਮ ਬਲਵਿੰਦਰ ਕੌਰ ਬਰਾੜ ਕੈਨੇਡਾ ਦਾ ਰੂ-ਬ-ਰੂ ਤੇ ਸਨਮਾਨ ਸਮਾਰੋਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਬਾਲਿਆਂਵਾਲੀ ਵਿਖੇ ਸਕੂਲ ਸਟਾਫ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਸਾਹਿਤਕ ਦੌਰ ਵਿੱਚ ਜੀਤ ਸਿੰਘ ਚਹਿਲ ਨੇ ਕਵਿਤਾ, ਅਜਮੇਰ ਦੀਵਾਨਾ ਨੇ ਗ਼ਜ਼ਲ ਤੇ ਸੁਖਦਰਸ਼ਨ ਗਰਗ ਨੇ ਤਾਜ਼ਾ ਰੁਬਾਈਆਂ ਪੇਸ਼ ਕੀਤੀਆਂ। ਪੜ੍ਹੀਆਂ ਰਚਨਾਵਾਂ 'ਤੇ ਮਾ. ਜਗਨ ਨਾਥ ਤੇ ਮਾ. ਦਰਸ਼ਨ ਸਿੰਘ ਸਿੱਧੂ ਨੇ ਉਸਾਰੂ ਆਲੋਚਨਾ ਕੀਤੀ। ਇਸ ਮੌਕੇ ਗੁਰਮੀਤ ਕੁਮਾਰ, ਗੁਰਮੀਤ ਸਿੰਘ ਤੇ ਮਨਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਮੋਟਰਸਾਈਕਲ ਸਵਾਰਾਂ ਵੱਲੋਂ ਕਰਿਆਨਾ ਸਟੋਰ ਤੋਂ 5 ਲੱਖ ਦੀ ਨਗਦੀ ਚੋਰੀ



**ਨਾਭਾ (ਵਰਿੰਦਰ ਵਰਮਾ)**-ਸ਼ਹਿਰ ਵਿੱਚ ਲਗਾਤਾਰ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਵਿੱਚ ਲਗਾਤਾਰ ਇਜ਼ਾਫਾ ਹੁੰਦਾ ਜਾ ਰਿਹਾ ਹੈ, ਜਿਸ ਦੇ ਤਹਿਤ ਨਾਭਾ ਸ਼ਹਿਰ ਦੇ ਘੁਲਾੜ ਮੰਡੀ ਵਿਖੇ ਕਰਿਆਨੇ ਦੇ ਗੁਦਾਮ 'ਤੋਂ 2 ਮੋਟਰਸਾਈਕਲ ਸਵਾਰ ਤੇ 6 ਨਕਾਬ ਪੋਸ਼ ਚੋਰਾਂ ਵੱਲੋਂ ਬੀਤੀ ਰਾਤ ਕਰੀਬ 1 ਵਜੇ ਗੋਦਾਮ ਦੇ ਅੰਦਰ ਵੜ ਕੇ ਸਾਢੇ 5 ਲੱਖ ਰੁਪਏ ਦੀ ਚੋਰੀ ਕਰਕੇ ਫਰਾਰ ਹੋ ਗਏ।ਇਨ੍ਹਾਂ ਚੋਰਾਂ ਵੱਲੋਂ ਪਹਿਲਾਂ ਗੋਦਾਮ ਵਿੱਚ ਚੌਕੀਦਾਰ ਨੂੰ ਕੁੱਟਿਆ ਮਾਰਿਆ ਗਿਆ ਤੇ ਉਸ ਨੂੰ ਬੰਧਕ ਬਣਾ ਲਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਕਾਊਂਟਰ ਵਿੱਚ ਰੱਖੇ ਰੁਪਏ ਚੋਰੀ ਕਰਕੇ ਫਰਾਰ ਹੋ ਗਏ।ਗੋਦਾਮ ਵਿੱਚ ਲੱਗੇ ਸੀਸੀਟੀਵੀ ਕੈਮਰੇ ਖਰਾਬ ਸਨ, ਪਰ ਨਾਲ ਦੀ ਦੁਕਾਨ 'ਤੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਇਹ ਚੋਰ ਕੈਦ ਹੋ ਗਏ।ਇਸ ਮੌਕੇ ਕਰਿਆਨਾ ਦੇ ਗੋਦਾਮ ਦੇ ਮਾਲਕ ਸੰਜੀਵ ਕੁਮਾਰ ਨੇ ਦੱਸਿਆ ਕਿ ਕਰੀਬ 1 ਵਜੇ ਫੋਨ ਆਇਆ ਕਿ ਚੋਰਾਂ ਨੇ ਮੈਨੂੰ ਬੰਧਕ ਬਣਾ ਕੇ ਰੁਪਏ ਚੋਰੀ ਕਰਕੇ ਲੈ ਗਏ ਹਨ।ਮੌਕੇ 'ਤੇ ਹੀ ਮੈਂ ਗੁਦਾਮ ਵਿੱਚ ਗਿਆ ਤਾਂ ਸਾਰਾ ਸਾਮਾਨ ਬਿਖਰਿਆ ਹੋਇਆ ਸੀ ਅਤੇ ਕਾਊਂਟਰ ਵਿੱਚੋਂ ਕਰੀਬ 5 ਲੱਖ ਰੁਪਏ ਦੀ ਰਾਸ਼ੀ ਚੋਰੀ ਕਰਕੇ ਲੈ ਗਏ, ਕਿਉਂਕਿ ਸਰਕਾਰੀ ਛੁੱਟੀਆਂ ਹੋਣ ਕਾਰਨ ਬੈਂਕ ਬੰਦ ਸੀ, ਜਿਸ ਕਰਕੇ ਇਹ ਰਾਸ਼ੀ ਮੈਂ ਦੁਕਾਨ ਵਿੱਚ ਹੀ ਰੱਖ ਦਿੱਤੀ ਸੀ, ਪਰ ਮੈਨੂੰ ਨਹੀਂ ਸੀ ਪਤਾ ਕਿ ਚੋਰ ਇਹ ਪੈਸੇ ਲੈ ਕੇ ਫਰਾਰ ਹੋ ਜਾਣਗੇ। ਸੰਜੀਵ ਕੁਮਾਰ ਨੇ ਦੱਸਿਆ ਕਿ 9 ਮਹੀਨੇ ਪਹਿਲਾਂ ਵੀ 2 ਚੋਰ ਮੇਰੇ ਤੋਂ ਇੱਕ ਲੱਖ 80 ਹਜ਼ਾਰ ਰੁਪਏ ਖੋਹ ਕੇ ਲੈ ਗਏ ਸਨ ਅਤੇ ਮੈਨੂੰ ਸ਼ੱਕ ਹੈ ਕਿ ਉਹੀ ਵਿਅਕਤੀ ਦੁਬਾਰਾ ਫਿਰ ਚੋਰੀ ਕਰਕੇ ਲੈ ਗਏ ਹਨ।ਇਸ ਮੌਕੇ ਨਾਭਾ ਕੋਤਵਾਲੀ ਦੇ ਐੱਸ.ਐੱਚ.ਓ. ਰੋਣੀ ਸਿੰਘ ਸੱਲ ਮੌਕੇ 'ਤੇ ਆਪਣੀ ਟੀਮ ਸਮੇਤ ਪਹੁੰਚੇ ਤੇ ਵੱਖ ਵੱਖ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਚੋਰਾਂ ਦੀ ਭਾਲ ਸ਼ੁਰੂ ਕਰ ਦਿੱਤੀ।ਉਨ੍ਹਾਂ ਕਿਹਾ ਕਿ ਬਹੁਤ ਜਲਦੀ ਇਹ ਚੋਰ ਪੁਲਸ ਦੀ ਗ੍ਰਿਫਤ ਵਿੱਚ ਹੋਣਗੇ।

# ਪ੍ਰਨੀਤ ਕੌਰ ਵੱਲੋਂ ਬਾਈਪਾਸ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਮਿਲਣ 'ਤੇ ਪ੍ਰਧਾਨ ਮੰਤਰੀ ਤੇ ਗਡਕਰੀ ਦਾ ਧੰਨਵਾਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਸੀਨੀਅਰ ਭਾਜਪਾ ਆਗੂ ਤੇ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦਾ 1255.59 ਕਰੋੜ ਰੁਪਏ ਦੇ ਉੱਤਰੀ ਪਟਿਆਲਾ ਬਾਈਪਾਸ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ।ਇੱਥੇ ਜਾਰੀ ਇੱਕ ਬਿਆਨ ਵਿੱਚ ਪ੍ਰਨੀਤ ਕੌਰ ਨੇ ਕਿਹਾ ਕਿ ਮੈਂ ਪਟਿਆਲਾ ਦੇ ਲੋਕਾਂ ਦੀ ਤਰਫੋਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਤੇ ਟਰਾਂਸਪੋਰਟ ਮੰਤਰੀ ਸ੍ਰੀ ਨਿਤਿਨ ਗਡਕਰੀ ਦਾ 1255.59 ਕਰੋੜ ਰੁਪਏ ਦੇ ਵੱਕਾਰੀ ਉੱਤਰੀ ਪਟਿਆਲਾ ਬਾਈਪਾਸ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਲਈ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜੋ ਕਿ ਪਟਿਆਲਾ ਦੇ ਲੋਕਾਂ ਦੀ ਚਿਰੋਕਣੀ ਮੰਗ ਸੀ।ਇਸ ਪ੍ਰੋਜੈਕਟ ਨਾਲ ਵਜੀਦਪੁਰ, ਜਾਹਲਾਂ, ਬਿਸ਼ਨਪੁਰ ਛੰਨਾ, ਬੀਬੀਪੁਰ, ਰਣਬੀਰਪੁਰਾ, ਕਲਿਆਣ, ਇੰਦਰਪੁਰਾ, ਆਸੇ ਮਾਜਰਾ, ਉੱਚਾ ਗਾਉਂ, ਸਿੱਧੂਵਾਲ, ਜੱਸੋਵਾਲ, ਲਚਕਾਣੀ, ਰੋਂਗਲਾ, ਲੰਗ, ਹਰਦਾਸਪੁਰ, ਮਾਜਰੀ ਅਕਲੀਆ, ਫਰੀਦਪੁਰ, ਕਾਲਵਾ, ਦਾਊਂ ਖੁਰਦ, ਭਟੇੜੀ, ਜਨਹੇੜੀਆਂ, ਦਾਉਣ ਧਰੇਗੀ ਜੱਟਾਂ, ਚਮਾਰਹੇੜੀ ਆਦਿ ਪਿੰਡਾਂ ਨੂੰ ਲਾਭ ਹੋਵੇਗਾ। ਉਨ੍ਹਾ ਕਿਹਾ ਕਿ ਉੱਤਰੀ ਪਟਿਆਲਾ ਬਾਈਪਾਸ ਪ੍ਰੋਜੈਕਟ ਦਾ ਉਦੇਸ਼ ਪਟਿਆਲਾ ਦੇ ਬੁਨਿਆਦੀ ਢਾਂਚੇ ਵਿੱਚ ਕ੍ਰਾਂਤੀ ਲਿਆਉਣਾ, ਆਵਾਜਾਈ ਦੀ ਭੀੜ ਨੂੰ ਘੱਟ ਕਰਨਾ ਤੇ ਖੇਤਰੀ ਵਿਕਾਸ ਨੂੰ ਉਤਸ਼ਾਹਤ ਕਰਨਾ ਹੈ।ਪਟਿਆਲਾ ਦੀ ਸਾਬਕਾ ਸੰਸਦ ਮੈਂਬਰ ਹੋਣ ਦੇ ਨਾਤੇ, ਪ੍ਰਨੀਤ ਕੌਰ ਨੇ ਲਗਾਤਾਰ ਆਪਣੇ ਹਲਕੇ ਦੇ ਹਿੱਤਾਂ ਨੂੰ ਪਹਿਲ ਦਿੱਤੀ ਹੈ ਅਤੇ ਇਸ ਪ੍ਰੋਜੈਕਟ ਨੂੰ ਹਕੀਕਤ ਵਿੱਚ ਵੇਖ ਕੇ ਖੁਸ਼ੀ ਪ੍ਰਗਟ ਕੀਤੀ ਹੈ।ਪ੍ਰਨੀਤ ਕੌਰ ਨੇ ਕਿਹਾ ਕਿ ਮੈਂ ਇਸ ਪ੍ਰੋਜੈਕਟ ਨੂੰ ਹਕੀਕਤ ਬਣਦਿਆਂ ਦੇਖ ਕੇ ਬਹੁਤ ਖੁਸ਼ ਹਾਂ।ਇਹ ਪ੍ਰੋਜੈਕਟ ਪਟਿਆਲਾ ਦੇ ਲੈਂਡਸਕੇਪ ਨੂੰ ਬਦਲ ਦੇਵੇਗਾ, ਇੱਥੋਂ ਦੇ ਵਸਨੀਕਾਂ ਦੇ ਜੀਵਨ ਵਿੱਚ ਸੁਧਾਰ ਕਰੇਗਾ ਅਤੇ ਵਿਕਾਸ ਤੇ ਖੁਸ਼ਹਾਲੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ।

# ਜ਼ਿੰਦਗੀ ਦਾ ਹਰ ਪਲ ਸਾਨੂੰ ਪ੍ਰਮਾਤਮਾ ਦੀ ਦਾਤ ਸਮਝ ਕੇ ਜਿਊਣਾ ਚਾਹੀਦਾ : ਸੰਤ ਬਾਬਾ ਗੁਰਦੀਪ ਸਿੰਘ

### ਗੁਰਦੁਆਰਾ ਚੰਦ ਪੁਰਾਣਾ 'ਚ ਮਨਾਇਆ ਸੰਗਰਾਂਦ ਤੇ ਪੁੰਨਿਆ ਦਾ ਦਿਹਾੜਾ



**ਬਾਘਾ ਪੁਰਾਣਾ (ਮਨੀ ਸਿਗਲਾ)**-ਮਾਲਵੇ ਦੇ ਪ੍ਰਸਿੱਧ ਤੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਪੁੰਨਿਆ ਤੇ ਸੰਗਰਾਂਦ ਦਾ ਪਵਿੱਤਰ ਦਿਹਾੜਾ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਧਾਰਮਿਕ ਸਮਾਗਮ ਵਿੱਚ ਸੰਗਤਾਂ ਦਾ ਭਾਰੀ ਇਕੱਠ ਹੋਇਆ ਤੇ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ, ਜਿਸ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਸੋਹਣ ਸਿੰਘ ਤੇ ਭਾਈ ਇਕਬਾਲ ਸਿੰਘ ਲੰਗੇਆਣਾ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਜਸ ਸੁਣਾਇਆ।ਇਸ ਤੋਂ ਇਲਾਵਾ ਪ੍ਰਸਿੱਧ ਕਵੀਸ਼ਰੀ ਜਥਾ ਵੀਰਭਾਨ ਸਿੰਘ ਮਾਲਵਾ ਨੇ ਕਵੀਸ਼ਰੀਆਂ ਸੁਣਾ ਕੇ ਸੰਗਤਾਂ ਨੂੰ ਧਾਰਮਿਕ ਰਸ ਤੋਂ ਭਰਪੂਰ ਕੀਤਾ।

ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣੇ ਵਾਲਿਆਂ ਨੇ ਪ੍ਰਵਚਨ ਕੀਤੇ।ਉਨ੍ਹਾ ਕਿਹਾ ਕਿ ਸੰਗਰਾਂਦ ਦਾ ਦਿਹਾੜਾ ਅੰਦਰੂਨੀ ਪਰਿਵਰਤਨ ਦਾ ਰਾਹ ਹੈ।ਹਰ ਮਹੀਨਾ ਸਾਨੂੰ ਇੱਕ ਨਵੀਂ ਉਮੀਦ ਤੇ ਨਵੀਂ ਦਿਸ਼ਾ ਦੇ ਵੱਲ ਪੇਸ਼ ਕਰਦਾ ਹੈ।ਕੱਤਕ ਮਹੀਨੇ ਵਿੱਚ ਗੁਰੂ ਸਾਹਿਬਾਨਾਂ ਨੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਹਰੇਕ ਸਮਾਂ ਮੌਕੇ ਦੇ ਅਨੁਸਾਰ ਜੀਵਨ ਨੂੰ ਸੁਧਾਰਨਾ ਚਾਹੀਦਾ ਹੈ।ਸੰਗਰਾਂਦਾਂ ਦੇ ਦਿਹਾੜੇ ਸਾਨੂੰ ਯਾਦ ਦਿਲਾਉਂਦੇ ਹਨ ਕਿ ਸਾਡੇ ਜੀਵਨ ਦਾ ਹਰ ਪਲ ਮੁੱਲਵਾਨ ਹੈ ਤੇ ਸਾਨੂੰ ਇਸ ਦੀ ਕਦਰ ਕਰਨੀ ਚਾਹੀਦੀ ਹੈ।ਕੱਤਕ ਮਹੀਨੇ ਦੀ ਧਾਰਮਿਕ ਮਹੱਤਤਾ ਬਾਰੇ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਕੱਤਕ ਮਹੀਨਾ ਸਾਡੇ ਜੀਵਨ ਵਿੱਚ ਇਕ ਖਾਸ ਰੂਹਾਨੀ ਦਿਸ਼ਾ ਤੇ ਸਫਲਤਾ ਦੀ ਮਿਸਾਲ ਹੈ।ਜਿਵੇਂ ਰੁੱਤਾਂ ਬਦਲਦੀਆਂ ਹਨ, ਤਿਵੇਂ ਮਨੁੱਖੀ ਜੀਵਨ ਵਿੱਚ ਵੀ ਬਦਲਾਅ ਦੀ ਲੋੜ ਹੈ।ਕੱਤਕ ਮਹੀਨਾ ਸਾਨੂੰ ਸਿਖਾਉਂਦਾ ਹੈ ਕਿ ਜੀਵਨ ਵਿਚ ਸਫਲਤਾ ਨੂੰ ਪਾਉਣ ਲਈ ਸਿਰਫ਼ ਭਾਵਨਾਵਾਂ ਹੀ ਨਹੀਂ, ਗੁਰੂਘਰ ਦੀ ਸੇਵਾ ਤੇ ਗੁਰਬਾਣੀ ਦਾ ਅਧਿਐਨ ਵੀ ਜ਼ਰੂਰੀ ਹੈ।ਬਾਬਾ ਜੀ ਨੇ ਸੰਗਤਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਹਰ ਸੰਗਰਾਂਦ ਦੇ ਮੌਕੇ 'ਤੇ ਗੁਰੂਘਰ ਆ ਕੇ ਗੁਰਬਾਣੀ ਨੂੰ ਸੁਣਨ ਤੇ ਸਮਝਣ ਦਾ ਜਤਨ ਕਰਨ।ਇਸ ਮੌਕੇ ਸਟੇਜ ਦੀ ਸੇਵਾ ਭਾਈ ਦਰਸ਼ਨ ਸਿੰਘ ਡਰੋਲੀ ਭਾਈ ਨੇ ਸੰਭਾਲੀ।ਇਸ ਮੌਕੇ ਭਾਈ ਸੁਖਜੀਵਨ ਸਿੰਘ ਸੁੱਖਾ ਮੋਗਾ, ਬਿੱਲੂ ਸਿੰਘ ਚੰਦਪੁਰਾਣਾ, ਡਾਕਟਰ ਅਵਤਾਰ ਸਿੰਘ, ਚਮਕੌਰ ਸਿੰਘ ਨੰਬਰਦਾਰ, ਅਜਮੇਰ ਸਿੰਘ, ਨਿਰਮਲ ਸਿੰਘ ਡੇਅਰੀ ਵਾਲਾ, ਨਛੱਤਰ ਸਿੰਘ ਬਦੇਸ਼ਾ ਯੂ ਕੇ, ਦਵਿੰਦਰ ਸਿੰਘ ਠੇਕੇਦਾਰ ਤੇ ਸਾਬਕਾ ਸਰਪੰਚ ਮੇਜਰ ਸਿੰਘ ਗਿੱਲ ਸ਼ਾਮਲ ਸਨ।

## ਪਲੇਸਮੈਂਟ ਕੈਂਪ ਭਲਕੇ

**ਪਟਿਆਲਾ (ਰਾਜਿੰਦਰ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 21 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਐੱਸ.ਆਈ.ਐੱਸ. ਸਕਿਉਰਿਟੀ ਵਿੱਚ ਸਕਿਉਰਿਟੀ ਗਾਰਡ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਐੱਸ.ਆਈ.ਐੱਸ. ਸਕਿਉਰਿਟੀ ਵੱਲੋਂ ਸਕਿਉਰਿਟੀ ਗਾਰਡ ਦੀ ਅਸਾਮੀ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਇਸ ਅਸਾਮੀ ਲਈ ਕੇਵਲ ਪੁਰਸ਼ ਉਮੀਦਵਾਰ, ਜੋ ਦਸਵੀਂ ਜਾਂ ਬਾਰਵੀਂ ਪਾਸ ਹੋਵੇ, ਉਹ ਇੰਟਰਵਿਊ ਦੇ ਸਕਦੇ ਹਨ।ਇਨ੍ਹਾਂ ਉਮੀਦਵਾਰਾਂ ਦੀ ਲੰਬਾਈ-168 ਸੈਂਟੀਮੀਟਰ, ਭਾਰ 54 ਕਿੱਲੋ ਤੋਂ 95 ਕਿੱਲੋ, ਉਮਰ 19-40 ਸਾਲ ਹੋਵੇ ਤੇ ਕੇਵਲ ਪੁਰਸ਼ ਇਸ ਪਲੇਸਮੈਂਟ ਕੈਂਪ ਵਿੱਚ ਆਪਣੇ ਸਾਰੇ ਦਸਤਾਵੇਜ਼ਾਂ ਨਾਲ ਭਾਗ ਲੈ ਸਕਦੇ ਹਨ।ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਾਦਲ ਦਲ ਵਲਟੋਹਾ ਨੂੰ ਪਾਰਟੀ 'ਚੋਂ ਖ਼ਾਰਜ ਕਰੇ : ਲਿਬਰੇਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**

ਤਖਤ ਸ੍ਰੀ ਤਲਵੰਡੀ ਸਾਬੋ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਨਾਮ ਵਲਟੋਹਾ ਵਿਵਾਦ ਬਾਰੇ ਟਿੱਪਣੀ ਕਰਦਿਆਂ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦਾ ਕਹਿਣਾ ਹੈ ਕਿ ਇਸ ਮੁੱਦੇ 'ਤੇ ਬਾਦਲ ਦਲ ਦੀ ਖਾਮੋਸ਼ੀ ਦਸਦੀ ਹੈ ਕਿ ਇਹ ਮਾਮਲਾ ਸਿਰਫ ਵਿਰਸਾ ਸਿੰਘ ਵਲਟੋਹਾ ਦੇ ਨਿੱਜ ਤੱਕ ਸੀਮਤ ਨਹੀਂ, ਬਲਕਿ ਇਸ ਪਿੱਛੇ ਸੁਖਬੀਰ ਸਿੰਘ ਬਾਦਲ ਬੋਲ ਰਿਹਾ ਹੈ ਤੇ ਇਹ ਲੋਕ ਜਥੇਦਾਰਾਂ ਨੂੰ ਯਰਕਾ ਕੇ ਹੁਣ ਵੀ ਪਹਿਲਾਂ ਵਾਂਗ ਅਪਣੇ ਪੱਖ ਵਿੱਚ ਅਪਣੀ ਮਰਜ਼ੀ ਦੇ ਫੈਸਲੇ ਕਰਵਾਉਣਾ ਚਾਹੁੰਦੇ ਹਨ, ਪਰ ਜੇਕਰ ਜਥੇਦਾਰਾਂ 'ਚ ਗ਼ਲਤ ਦੇ ਖਿਲਾਫ ਤੇ ਨਿਆਂ ਦੇ ਹੱਕ ਵਿੱਚ ਡੱਟਣ ਵਾਲੀਆਂ ਜੁਝਾਰੂ ਤੇ ਮਾਨਵੀ ਸਿੱਖ ਰਵਾਇਤਾਂ ਦਾ ਕੋਈ ਵੀ ਅੰਸ਼ ਬਾਕੀ ਹੈ, ਤਾਂ ਅਸਤੀਫੇ ਦੇ ਕੇ ਮੈਦਾਨ ਛੱਡਣ ਦੀ ਬਜਾਏ ਉਨ੍ਹਾਂ ਨੂੰ ਗੁਰੂ ਸਾਹਿਬਾਨਾਂ ਵੱਲੋਂ ਮਿੱਥੇ ਉਦੇਸ਼ਾਂ ਮੁਤਾਬਿਕ ਸਿੱਖ ਪੰਥ ਤੇ ਅਕਾਲ ਤਖ਼ਤ ਸਾਹਿਬ ਨੂੰ ਅਕਾਲੀ ਧੜਿਆਂ ਅਤੇ ਆਰ ਐੱਸ ਐੱਸ ਦੀ ਜਕੜ 'ਚੋਂ ਮੁਕਤ ਕਰਵਾ ਕੇ, ਮੁੜ ਸਮੁੱਚੀ ਮਾਨਵਤਾ ਨੂੰ ਪਿਆਰ, ਸਾਂਝੀਵਾਲਤਾ ਤੇ ਜ਼ੁਲਮ ਵਿਰੁੱਧ ਜੂਝਣ ਦਾ ਸੰਦੇਸ਼ ਦੇਣ ਵਾਲੇ ਪ੍ਰੇਰਨਾ ਕੇਂਦਰ ਵਜੋਂ ਉਭਾਰਨ ਲਈ ਦਲੇਰੀ ਨਾਲ ਡੱਟਣਾ ਚਾਹੀਦਾ ਹੈ।

ਲਿਬਰੇਸ਼ਨ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਤੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਵੱਲੋਂ ਇਥੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਕਿ ਬੇਸ਼ੱਕ ਵਲਟੋਹਾ ਇਕ ਗੋਡੇ ਟੇਕੂ ਦਹਿਸ਼ਤਗਰਦ ਤੋਂ ਇਕ ਮੌਕਾਪ੍ਰਸਤ ਸਿਆਸੀ ਲੀਡਰ 'ਚ ਤਬਦੀਲ ਚੁੱਕਾ ਹੈ, ਪਰ ਉਸ ਦੇ ਯਰਕਾਊ ਢੰਗ ਤਰੀਕੇ ਉਹੀ ਪੁਰਾਣੇ ਹਨ।ਇਹ ਭ੍ਰਿਸ਼ਟ ਟੋਲਾ ਜਿਵੇਂ ਸੱਤਾਧਾਰੀ ਹੁੰਦਿਆਂ ਜਥੇਦਾਰਾਂ ਤੋਂ ਮਨਮਾਨੇ ਫੈਸਲੇ ਕਰਵਾਉਂਦਾ ਰਿਹਾ ਹੈ, ਹੁਣ ਵੀ ਉਵੇਂ ਹੀ ਅਪਣੀ ਮਨਮਰਜ਼ੀ ਪੁਗਾਉਣ ਦੇ ਰੌਂਅ 'ਚ ਜਾਪਦਾ ਹੈ, ਪਰ ਵਲਟੋਹੇ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੀ ਜਾਤ ਤੱਕ ਨੌਲਣਾ ਤੇ ਉਨ੍ਹਾਂ ਦੇ ਪਰਵਾਰ ਤੇ ਬੱਚੀਆਂ ਬਾਰੇ ਟਿੱਪਣੀਆਂ ਕਰਨਾ ਐਨਾ ਸ਼ਰਮਨਾਕ ਤੇ ਨਿੰਦਣਯੋਗ ਹੈ, ਜੋ ਸਮਾਜਿਕ ਤੌਰ ਤੇ ਪ੍ਰਵਾਨਣ ਯੋਗ ਨਹੀਂ।

ਲਿਬਰੇਸ਼ਨ ਆਗੂਆਂ ਦਾ ਕਹਿਣਾ ਹੈ ਕਿ ਹਾਲਾਂਕਿ ਬਾਦਲ ਦਲ ਵਿੱਚ 1920 ਵਾਲੇ ਸਥਾਪਤ ਮਹਾਨ ਉਦੇਸ਼ਾਂ ਵਾਲਾ ਸ਼੍ਰੋਮਣੀ ਅਕਾਲੀ ਦਲ 'ਚ ਕੋਈ ਗੁਣ ਬਾਕੀ ਨਹੀਂ ਬਚਿਆ, ਤਦ ਵੀ ਅਸੀਂ ਬਾਦਲ ਦਲ ਦੇ ਕਾਰਜਕਾਰੀ ਪ੍ਰਧਾਨ ਸ੍ਰ. ਬਲਵਿੰਦਰ ਸਿੰਘ ਭੂੰਦੜ ਤੋਂ ਮੰਗ ਕਰਦੇ ਹਾਂ ਕਿ ਵਲਟੋਹਾ ਦਾ ਅਸਤੀਫ਼ਾ ਪ੍ਰਵਾਨ ਕਰਨ ਦੀ ਬਜਾਏ, ਇਸ ਜਾਤ ਹੰਕਾਰੀ ਤੇ ਉਜੱਡ ਮਨੁੱਖ ਨੂੰ ਪਾਰਟੀ ਵਿਚੋਂ ਖ਼ਾਰਜ ਕਰਨ ਤਾਂ ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਦੀ ਭਾਵਨਾ ਨੂੰ ਸਹੀ ਅਰਥਾਂ 'ਚ ਲਾਗੂ ਕੀਤਾ ਜਾ ਸਕੇ।

## ਬੀ ਜੀ ਐੱਨ ਸਕੂਲ 'ਚ ਸਿੱਖ ਇਤਿਹਾਸ ਨਾਲ ਸੰਬੰਧਤ ਪ੍ਰਤੀਯੋਗਤਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਬੀ ਜੀ ਐੱਨ ਆਦਰਸ਼ ਪਬਲਿਕ ਸਕੂਲ ਸ਼ੇਰਗੜ੍ਹ ਵੱਲੋਂ ਸਿੱਖ ਇਤਿਹਾਸ ਨਾਲ ਸੰਬੰਧਤ ਇੰਟਰ ਹਾਊਸ ਪ੍ਰਤੀਯੋਗਤਾ ਕਰਵਾਈ ਗਈ।ਇਸ ਪ੍ਰਤੀਯੋਗਿਤਾ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਪਣੇ ਸੱਭਿਆਚਾਰ, ਅਮੀਰ ਸਿੱਖ ਇਤਿਹਾਸ ਤੇ ਰੀਤੀ ਰਿਵਾਜਾਂ ਨਾਲ ਜੋੜਨਾ ਹੈ।ਇਸ ਕੁਇੱਜ਼ ਮੁਕਾਬਲੇ ਵਿੱਚ ਵੱਖ-ਵੱਖ ਹਾਊਸ ਦੇ ਵਿਦਿਆਰਥੀਆਂ ਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਮਿਲਿਆ।ਅਜਿਹੀਆਂ ਗਤੀਵਿਧੀਆਂ ਕਰਾ ਕੇ ਬੀ ਜੀ ਐੱਨ ਸਕੂਲ ਆਪਣੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਨਿਭਾਅ ਰਿਹਾ ਹੈ, ਜੋ ਕਿ ਅਕਾਦਮਿਕ ਵਿਕਾਸ ਤੋਂ ਅੱਗੇ ਹੈ। ਸਕੂਲ ਦੇ ਚੇਅਰਮੈਨ ਅਮਿਤ ਗੁਪਤਾ ਤੇ ਪ੍ਰਿੰਸੀਪਲ ਤ੍ਰਿਪਤਾ ਬਜਾਜ ਨੇ ਕਿਹਾ ਕਿ ਸਾਡਾ ਉਦੇਸ਼ ਸੱਭਿਆਚਾਰ ਪ੍ਰਤੀ ਜਾਗਰੂਕ ਬੱਚਿਆਂ ਨੂੰ ਤਿਆਰ ਕਰਨਾ ਹੈ, ਜਿਨ੍ਹਾਂ ਦੀਆਂ ਜੜ੍ਹਾਂ ਮਜ਼ਬੂਤ ਹੋਣ ਤੇ ਉਨ੍ਹਾਂ ਨੂੰ ਆਪਣੀ ਪੰਜਾਬੀਅਤ 'ਤੇ ਮਾਣ ਹੋਵੇ।ਬੀ ਜੀ ਐੱਨ ਸਕੂਲ ਹਮੇਸ਼ਾ ਬੱਚਿਆਂ ਅੰਦਰ ਸੱਭਿਆਚਾਰਕ ਵਿਰਾਸਤ ਪ੍ਰਤੀ ਸਤਿਕਾਰ, ਆਤਮ ਵਿਸ਼ਵਾਸ ਪੈਦਾ ਕਰਨ ਲਈ ਅਜਿਹੇ ਮੌਕੇ ਪ੍ਰਦਾਨ ਕਰਦਾ ਰਹੇਗਾ।

# ਦੇਸ਼ ਭਗਤ ਗਲੋਬਲ ਸਕੂਲ 'ਚ ਇੰਟਰ ਹਾਊਸ ਮਹਿੰਦੀ ਮੁਕਾਬਲਾ

### ਵਿਦਿਆਰਥੀਆਂ 'ਚ ਛੁਪੀ ਸਮਰੱਥਾ ਨੂੰ ਉਜਾਗਰ ਕਰਨਾ ਅਤਿਅੰਤ ਜ਼ਰੂਰੀ : ਪ੍ਰਿੰ. ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ ਇੰਟਰ ਹਾਊਸ ਮਹਿੰਦੀ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਵਿਦਿਆਰਥੀਆਂ ਵਿੱਚ ਰਚਨਾਤਮਕਤਾ ਨੂੰ ਵਧਾਉਣ ਤੇ ਵਿਦਿਆਰਥੀਆਂ ਵਿੱਚ ਛੁਪੀ ਸਮਰੱਥਾ ਨੂੰ ਉਜਾਗਰ ਕਰਨ ਲਈ ਕਰਵਾਇਆ ਗਿਆ। ਵਿਦਿਆਰਥੀਆਂ ਨੇ ਮਹਿੰਦੀ ਦੀ ਮਦਦ ਨਾਲ ਆਪਣੇ ਸਾਥੀ ਦੇ ਹੱਥਾਂ 'ਤੇ ਸੁੰਦਰ ਡਿਜ਼ਾਈਨ ਦੁਆਰਾ ਆਪਣੇ ਵਿਚਾਰ ਪ੍ਰਗਟ ਕੀਤੇ। ਵਿਦਿਆਰਥੀਆਂ ਦੀ ਮਿਹਨਤ ਨੂੰ ਦੇਖ ਕੇ ਜੱਜ ਵੀ ਹੈਰਾਨ ਰਹਿ ਗਏ।ਮੁਕਾਬਲੇ ਲਈ 1 ਘੰਟੇ ਦੀ ਸਮਾਂ ਸੀਮਾ ਦਿੱਤੀ ਗਈ ਸੀ।ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ।ਮਹਿੰਦੀ ਦੇ ਹੱਥਾਂ ਵਿੱਚ ਕਈ ਖੂਬਸੂਰਤ ਡਿਜ਼ਾਈਨ ਸਨ।ਵਿਦਿਆਰਥੀਆਂ ਨੂੰ ਇਸ ਪ੍ਰਤੀਯੋਗਿਤਾ ਰਾਹੀਂ ਆਪਣੀ ਪੈਦਾਇਸ਼ੀ ਰਚਨਾਤਮਕ ਪ੍ਰਤਿਭਾ ਨੂੰ ਪ੍ਰਦਰਸ਼ਤ ਕਰਨ ਦਾ ਮੌਕਾ ਮਿਲਿਆ।ਇਹ ਮੁਕਾਬਲਾ ਵਿਦਿਆਰਥੀਆਂ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਪ੍ਰਗਟ ਕਰਨ ਦਾ ਇੱਕ ਦਿਲਚਸਪ ਤੇ ਵਿਲੱਖਣ ਤਰੀਕਾ ਸੀ ਅਤੇ ਉਨ੍ਹਾਂ ਵਿੱਚੋਂ ਹਰੇਕ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਰਚਨਾਤਮਕ ਖੋਜ ਵਿੱਚ ਯੋਗਦਾਨ ਪਾਉਣ ਦਾ ਮੌਕਾ ਦਿੱਤਾ।ਇਸ ਮੁਕਾਬਲੇ ਦੇ ਜੱਜ ਸਾਹਿਬਾਨ ਸਕੂਲ ਦੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ, ਅਧਿਆਪਕ ਜਸਪਾਲ ਕੌਰ, ਅਧਿਆਪਕ ਅਨੂ ਸਾਹਨੀ, ਅਧਿਆਪਕ ਸਨੇਹਾ ਤੇ ਅਧਿਆਪਕ ਸੁਨਾਲੀ ਸਨ। ਵਿਦਿਆਰਥੀਆਂ ਦੁਆਰਾ ਤਿਆਰ ਕੀਤਾ ਗਿਆ ਹਰ ਡਿਜ਼ਾਈਨ ਅੱਖਾਂ ਨੂੰ ਦਿਲ ਖਿੱਚਵਾਂ ਸੀ।

ਇਸ ਨਾਲ ਜੱਜਾਂ ਦੀ ਚੋਣ ਪ੍ਰਕਿਰਿਆ ਵੀ ਬੇਹੱਦ ਔਖੀ ਹੋ ਗਈ।ਮੁਕਾਬਲੇ ਵਿੱਚੋਂ ਪਹਿਲਾ ਸਥਾਨ ਖੁਸ਼ੀ ਛੇਵੀਂ ਜਮਾਤ ਦੀ ਵਿਦਿਆਰਥਣ ਨੇ ਹਾਸਲ ਕੀਤਾ, ਵੰਸ਼ਿਕਾ ਸੱਤਵੀਂ ਜਮਾਤ ਦੀ ਵਿਦਿਆਰਥਣ ਨੇ ਦੂਜਾ ਤੇ ਸੁਨਿਕਸ਼ਾ ਸੱਤਵੀਂ ਜਮਾਤ ਦੀ ਵਿਦਿਆਰਥਣ ਤੇ ਏਜ਼ਲ ਛੇਵੀਂ ਜਮਾਤ ਦੀ ਵਿਦਿਆਰਥਣ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮਜ਼ੇਦਾਰ ਗਤੀਵਿਧੀ ਵਿੱਚ ਸਾਰੇ ਵਿਦਿਆਰਥੀਆਂ ਦੀ ਜੋਸ਼ ਭਰੀ ਭਾਗੀਦਾਰੀ ਦੇਖਣ ਨੂੰ ਮਿਲੀ।ਮੁਕਾਬਲੇ ਵਿੱਚੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ਼ ਮੌਜੂਦ ਸੀ ਅਤੇ ਸਭ ਨੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਲੋਕ ਸੇਵਾ ਸੁਸਾਇਟੀ ਵੱਲੋਂ 25 ਵਿਦਿਆਰਥੀਆਂ ਨੂੰ ਸਕਾਲਰਸ਼ਿਪ



**ਜਗਰਾਉਂ (ਅਮਿਤ ਖੰਨਾ)**-ਸਮਾਜ ਸੇਵੀ ਸੰਸਥਾ ਲੋਕ ਸੇਵਾ ਸੋਸਾਇਟੀ ਜਗਰਾਉਂ ਵੱਲੋਂ ਖ਼ਾਲਸਾ ਸਕੂਲ ਦੇ 25 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਤਕਸੀਮ ਕੀਤੀ ਗਈ।ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਜ਼ਰੂਰਤਮੰਦ ਵਿਦਿਆਰਥੀਆਂ ਦੀ ਮਦਦ ਲਈ ਸੁਸਾਇਟੀ ਵੱਲੋਂ ਬਣਾਏ ਗਏ ਸਕਾਲਰਸ਼ਿਪ ਫ਼ੰਡ ਅਧੀਨ ਉਨ੍ਹਾਂ ਵਿਦਿਆਰਥੀਆਂ ਨੂੰ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ, ਜੋ ਪੜ੍ਹਾਈ ਵਿੱਚ ਹੁਸ਼ਿਆਰ ਹਨ, ਪਰ ਕਿਸੇ ਮਜਬੂਰੀ ਕਾਰਨ ਫ਼ੀਸ ਨਹੀਂ ਦੇ ਸਕਦੇ।ਉਨ੍ਹਾਂ ਦੱਸਿਆ ਕਿ ਇਸ ਸਕਾਲਰਸ਼ਿਪ ਫ਼ੰਡ ਵਿੱਚ ਸੋਸਾਇਟੀ ਮੈਂਬਰਾਂ ਦੇ ਜਨਮ ਦਿਨ, ਵਿਆਹ ਦੀ ਵਰ੍ਹੇਗੰਢ ਤੇ ਹੋਰ ਪਰਵਾਰ ਵਿੱਚ ਖ਼ੁਸ਼ੀ ਮੌਕੇ ਹੋਣ ਵਾਲੇ ਸਮਾਗਮਾਂ ਸਮੇਂ ਦਾਨ ਰਾਸ਼ੀ ਦੇ ਰੂਪ ਵਿੱਚ ਇਕੱਠੀ ਕੀਤੀ ਜਾਂਦੀ ਹੈ, ਜਿਹੜੀ ਕਿ ਬਾਅਦ ਵਿੱਚ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਤਕਸੀਮ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਜਿੱਥੇ ਸਮਾਜ ਸੇਵਾ ਦੇ ਕੰਮਾਂ ਨੂੰ ਜਿੱਥੇ ਪਹਿਲ ਦਿੱਤੀ ਜਾ ਰਹੀ ਹੈ, ਉੱਥੇ ਹੀ ਵਿਦਿਆਰਥੀਆਂ ਦੀ ਮਦਦ ਲਈ ਸਮੇਂ-ਸਮੇਂ ਪ੍ਰੋਜੈਕਟ ਲਗਾਏ ਜਾਂਦੇ ਹਨ।ਇਸ ਸਮਾਗਮ ਦੇ ਮੁੱਖ ਮਹਿਮਾਨ ਏ ਪੀ ਰਿਫਾਇਨਰੀ ਦੇ ਮਾਲਕ ਭਵੁਨ ਗੋਇਲ ਨੇ ਸੋਸਾਇਟੀ ਮੈਂਬਰਾਂ ਦੇ ਕੀਤੇ ਨੇਕ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਿਸੇ ਵਿਅਕਤੀ ਨੂੰ ਪੜ੍ਹਾਈ ਕਰਵਾਉਣਾ ਜਾਂ ਪੜ੍ਹਾਈ ਵਿੱਚ ਮਦਦ ਕਰਨੀ ਉੱਤਮ ਕੰਮ ਹੈ ਤੇ ਇਸ ਦਾ ਫਲ ਸੋਸਾਇਟੀ ਨੂੰ ਜ਼ਰੂਰ ਮਿਲੇਗਾ।ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸੰਤੋਖ ਸਿੰਘ ਦਿਓਲ ਨੇ ਸੋਸਾਇਟੀ ਵੱਲੋਂ ਲਗਾਤਾਰ ਵਿੱਦਿਅਕ ਸੰਸਥਾਵਾਂ ਤੇ ਵਿਦਿਆਰਥੀਆਂ ਦੀ ਸਹਾਇਤਾ ਲਈ ਕੀਤੇ ਜਾ ਰਹੇ ਕੰਮਾਂ ਦੀ ਤਾਰੀਫ਼ ਕੀਤੀ।ਇਸ ਮੌਕੇ ਸੋਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਪ੍ਰਵੀਨ ਮਿੱਤਲ, ਮੁਕੇਸ਼ ਗੁਪਤਾ, ਕੈਪਟਨ ਨਰੇਸ਼ ਵਰਮਾ, ਅਨਿਲ ਮਲਹੋਤਰਾ, ਕੰਵਲ ਕੱਕੜ, ਆਰ ਕੇ ਗੋਇਲ, ਕਪਿਲ ਸ਼ਰਮਾ, ਡਾਕਟਰ ਭਾਰਤ ਭੂਸ਼ਣ ਬਾਂਸਲ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਸਮੇਤ ਸਕੂਲ ਦਾ ਸਕੂਲ ਸਟਾਫ਼ ਹਾਜ਼ਰ ਸੀ।

# ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ 'ਤੇ ਚੱਲਣਾ ਸਮੇਂ ਦੀ ਅਹਿਮ ਲੋੜ : ਡਾ. ਗਾਂਧੀ

### ਭਗਵਾਨ ਵਾਲਮੀਕਿ ਜੀ ਸਭਨਾਂ ਲਈ ਪ੍ਰੇਰਨਾਸਰੋਤ : ਰੰਧਾਵਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਹਾਨ ਮਹਾਂਕਾਵਿ ਰਮਾਇਣ ਦੇ ਰਚੇਤਾ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਭਗਵਾਨ ਵਾਲਮੀਕ ਮੰਦਿਰ ਚੌਕ ਬਜ਼ਾਰ ਸਮਾਣਾ ਵਿਖੇ ਪ੍ਰਧਾਨ ਲਵਲੀ ਸਾਂਦੜ ਦੀ ਅਗਵਾਈ ਹੇਠ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ, ਸਾਬਕਾ ਵਿਧਾਇਕ ਰਜਿੰਦਰ ਸਿੰਘ, ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਜੀਵਨ ਗਰਗ, ਜਗਤਾਰ ਸਿੰਘ ਮਣਕੂ ਐੱਮ ਡੀ ਵਿਸ਼ਾਲ ਕੰਬਾਈਨ, ਰਛਪਾਲ ਸਿੰਘ ਜੌੜਾਮਾਜਰਾ, ਕੌਂਸਲਰ ਟਿੰਕਾ ਗਾਜੇਵਾਸੀਆ, ਸਿਮਾਂਸ਼ੂ ਗੁਪਤਾ, ਨਵੀਨ ਸਿੰਗਲਾ, ਪ੍ਰਦੀਪ ਸ਼ਰਮਾ, ਮੰਨੂ ਸ਼ਰਮਾ, ਪ੍ਰਦੀਪ ਸ਼ਰਮਾ, ਰਛਪਾਲ ਸਿੰਘ ਜੌੜਾਮਾਜਰਾ, ਨਵੀਨ ਸਿੰਗਲਾ ਤੇ ਪ੍ਰੀਕਸ਼ਤ ਪਾਠਕ ਆਦਿ ਪਤਵੰਤਿਆਂ ਨੇ ਹਾਜ਼ਰੀ ਭਰੀ ਤੇ ਭਗਵਾਨ ਵਾਲਮੀਕਿ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਡਾ. ਗਾਂਧੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਨੇ ਆਦਰਸ਼ ਰਾਜ ਜਾਂ ਸਮਾਜ ਦੀ ਸਿਰਜਣਾ ਲਈ ਆਦਰਸ਼ ਮਨੁੱਖ, ਆਦਰਸ਼ ਸ਼ਾਸਕ ਤੇ ਆਦਰਸ਼ ਲੋਕਾਂ ਦੇ ਨਾਲ-ਨਾਲ ਸਮਾਜ ਵਿੱਚ ਬਰਾਬਰੀ 'ਤੇ ਜ਼ੋਰ ਦਿੱਤਾ ਹੈ।ਇਸ ਮੌਕੇ ਬੀਬੀ ਰੰਧਾਵਾ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਸਭਨਾਂ ਲਈ ਪ੍ਰੇਰਨਾ ਸਰੋਤ ਹਨ।ਉਨ੍ਹਾਂ ਵੱਲੋਂ ਹਜ਼ਾਰਾਂ ਸਾਲ ਪਹਿਲਾਂ ਰਮਾਇਣ ਦੀ ਰਚਨਾ ਕਰ ਕੇ ਸਿੱਖਿਆ ਦਾ ਸੁਨੇਹਾ ਦਿੱਤਾ ਗਿਆ।ਇਸ ਮੌਕੇ ਭਜਨ ਗਾਇਕ ਭਵੀ ਸੁਖੀਜਾ ਤੇ ਪ੍ਰਿੰਸ ਨਾਭਾ ਵੱਲੋਂ ਆਪਣੇ ਭਜਨਾਂ ਰਾਹੀਂ ਭਗਵਾਨ ਵਾਲਮੀਕਿ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ।ਇਸ ਮੌਕੇ ਪ੍ਰਧਾਨ ਲਵਲੀ ਸਾਂਦੜ, ਮੰਗਤ ਰਾਮ, ਦੀਵਾਨਾ, ਰੋਸ਼ਨ ਲਾਲ, ਲੱਕੀ ਸਾਂਧ, ਪ੍ਰਿੰਸ ਸਾਂਦੜ, ਵਿੱਕੀ ਅਟਵਾਲ, ਗਗਨ ਟਵਾਲ, ਸਾਵਨ ਵਰਿੰਦਰ ਬੌਬੀ, ਸ਼ਾਮ ਲਾਲ ਤੇ ਬੰਟੀ ਆਦਿ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸੰਗਤਾਂ ਲਈ ਲੰਗਰ ਦਾ ਭੰਡਾਰਾ ਵੀ ਲਗਾਇਆ ਗਿਆ।

## ਪੈਨਸ਼ਨਰਜ਼ ਸਰਕਾਰ ਦੀਆਂ ਨੀਤੀਆਂ ਤੋਂ ਦੁਖੀ

**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਅਹਿਮ ਮੀਟਿੰਗ ਸੁਖਦੇਵ ਸ਼ਰਮਾ ਪ੍ਰਧਾਨ ਦੀ ਅਗਵਾਈ ਵਿੱਚ ਦਫ਼ਤਰ ਧੂਰੀ ਵਿਖੇ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਦਿੰਦਿਆ ਸਕੱਤਰ ਅਮਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਪੈਨਸ਼ਨਰਜ਼ ਨੂੰ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਟਾਲ ਮਟੋਲ ਕਰ ਰਹੇ ਹਨ।ਤਨਖਾਹ ਕਮਿਸ਼ਨ ਦਾ ਬਕਾਇਆ, ਡੀ ਏ ਦੀਆਂ ਕਿਸ਼ਤਾਂ, 2:59 ਦਾ ਗੁਣਾਂਕ ਨਾਲ ਪੈਨਸ਼ਨ ਸੋਧ ਕਰਨ ਤੋਂ ਸਰਕਾਰ ਭੱਜ ਰਹੀ ਹੈ।ਦਿਵਾਲੀ ਤੋਂ ਪਹਿਲਾਂ ਜੇ ਸਰਕਾਰ ਨੇ ਡੀ ਏ ਦੀਆਂ ਕਿਸ਼ਤਾ ਰਿਲੀਜ਼ ਨਾ ਕੀਤੀਆਂ ਤਾਂ 5 ਨਵੰਬਰ ਨੂੰ ਜ਼ਿਮਨੀ ਚੋਣ ਬਰਨਾਲਾ ਵਿਖੇ ਬਹੁਤ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਰੋਸ ਪ੍ਰਦਰਸ਼ਨ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੰਜਾਬ ਸਰਕਾਰ ਨੂੰ ਮੌਕਾ ਸੰਭਾਲ ਕੇ ਤੁਰੰਤ ਪੈਨਸ਼ਨਰਾਂ ਦੇ ਹੱਕ 'ਚ ਫ਼ੈਸਲਾ ਲੈਣਾ ਚਾਹੀਦਾ ਹੈ।ਪੰਜਾਬ ਦੇ ਪੈਨਸ਼ਨਰਜ਼ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਤੋਂ ਬੇਹੱਦ ਖ਼ਫ਼ਾ ਹਨ।ਇਸ ਦੇ ਨਾਲ ਹੀ ਮੀਟਿੰਗ ਵਿੱਚ ਆਉਣ ਵਾਲੇ ਸਮੇਂ ਵਿੱਚ ਇੱਕ ਵਿਸ਼ਾਲ ਫ਼ਰੀ ਮੈਡੀਕਲ ਕੈਂਪ ਲਾਉਣ ਦਾ ਵੀ ਫੈਸਲਾ ਕੀਤਾ ਗਿਆ, ਜਿਸ ਵਿੱਚ ਮਾਹਰ ਡਾਕਟਰ ਸਾਹਿਬਾਨ ਚੈੱਕਅਪ ਕਰਕੇ ਮੁਫਤ ਦਵਾਈਆਂ ਦੇਣਗੇ।ਇਸ ਮੀਟਿੰਗ ਵਿੱਚ ਜਸਦੇਵ ਸਿੰਘ ਐਕਟਿੰਗ ਪ੍ਰਧਾਨ, ਕੁਲਵੰਤ ਸਿੰਘ, ਰਮੇਸ਼ ਸ਼ਰਮਾ, ਸਰਬਜੀਤ ਸਿੰਘ, ਪ੍ਰਿੰਸੀਪਲ ਸ਼ਿਵ ਕੁਮਾਰ ਲੋਮਸ, ਪ੍ਰੀਤਮ ਸਿੰਘ ਧੂਰਾ, ਜਾਗਰ ਦਾਸ, ਓਂਕਾਰ ਸ਼ਰਮਾ, ਜੰਗ ਸਿੰਘ ਬਾਦਸ਼ਾਹਪੁਰ, ਜੈ ਦੇਵ ਸ਼ਰਮਾ, ਰਾਮ ਗੋਪਾਲ ਸ਼ਰਮਾ, ਮਨੋਹਰ ਲਾਲ ਸ਼ਰਮਾ, ਦਿਆਲ ਸਿੰਘ ਧੂਰਾ, ਗੁਰਮੇਲ ਸਿੰਘ ਡੀ ਐੱਮ, ਇੰਦਰਜੀਤ ਸ਼ਰਮਾ, ਗੁਰਮੀਤ ਸਿੰਘ ਮੂਕਰ, ਚਰਨਜੀਤ ਸਿੰਘ ਕੈਂਥ, ਬਹਾਦਰ ਸਿੰਘ, ਰਾਮ ਲਾਲ ਤੇ ਹੋਰ ਮੈਂਬਰ ਹਾਜ਼ਰ ਸਨ।

# ਬੱਬੂ ਸੰਧੂ ਨੇ ਦਾਣਾ ਮੰਡੀ ਚਹਿਲ ਵਿਖੇ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਈ



**ਕੋਟਕਪੂਰਾ (ਰਛਪਾਲ ਭੁੱਲਰ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬੱਬੂ ਸੰਧੂ ਸਿੱਖਾਂ ਵਾਲਾ ਡਾਇਰੈਕਟਰ ਪੰਜਾਬ ਮੰਡੀ ਬੋਰਡ ਨੇ ਦਾਣਾ ਮੰਡੀ ਚਹਿਲ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ ਤੇ ਸੰਬੰਧਤ ਕਿਸਾਨ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ।ਖਰੀਦ ਸ਼ੁਰੂ ਹੁੰਦਿਆਂ ਸਾਰ ਮੰਡੀ ਵਿੱਚ ਬੈਠੇ ਕਿਸਾਨਾਂ ਦੇ ਚਿਹਰੇ ਖਿੜ ਗਏ।ਸਿੱਖਾਂ ਵਾਲਾ ਨੇ ਮੌਕੇ 'ਤੇ ਮੌਜੂਦ ਸੰਬੰਧਤ ਮਹਿਕਮੇ ਦੇ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨ ਭਰਾਵਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਾ ਆਉਣ ਦਿੱਤੀ ਜਾਵੇ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਕੋਈ ਤਕਲੀਫ ਨਹੀਂ ਆਉਣ ਦੇਵੇਗੀ ਤੇ ਮੰਡੀਆਂ ਵਿੱਚੋਂ ਝੋਨੇ ਦਾ ਇੱਕ ਇੱਕ ਦਾਣਾ ਚੁੱਕਣ ਲਈ ਸਰਕਾਰ ਵਚਨਬੱਧ ਹੈ।

ਸਿੱਖਾਂ ਵਾਲਾ ਨੇ ਕਿਹਾ ਕਿ ਇਨ੍ਹੀਂ ਦਿਨੀਂ ਮੰਡੀਆਂ ਵਿੱਚ ਬਹੁਤ ਜ਼ਿਆਦਾ ਝੋਨਾ ਪਿਆ ਹੋਣ ਕਰਕੇ ਇੱਕ ਦੋ ਦਿਨ ਕਿਸਾਨ ਸੰਜਮ ਬਣਾ ਕੇ ਰੱਖਣ ਬਾਅਦ ਵਿੱਚ ਕੰਮ ਆਮ ਵਾਂਗ ਚੱਲੇਗਾ।ਇਸ ਮੌਕੇ ਸੰਬੰਧਤ ਅਧਿਕਾਰੀਆਂ ਤੋਂ ਇਲਾਵਾ ਸੀਨੀਅਰ ਆਪ ਆਗੂ ਡਾਕਟਰ ਮਨਜੀਤ ਸਿੰਘ ਕੰਮੇਆਣਾ ਸੂਬਾ ਸਿੰਘ ਤੇ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

20-OCT-PAGE-5.qxd 10/19/2024 11:01 PM Page 1



# ਸੀ ਆਈ ਏ ਹਿਰਾਸਤ 'ਚ ਨੌਜਵਾਨ ਦੀ ਭੇਦਭਰੇ ਢੰਗ ਨਾਲ ਮੌਤ

## ਪਰਵਾਰਕ ਮੈਂਬਰਾਂ ਨੇ ਕੁੱਟਮਾਰ ਕਰਕੇ ਕਤਲ ਕਰਨ ਦੇ ਲਗਾਏ ਦੋਸ਼



ਪਰਿਵਾਰਕ ਮੈਂਬਰ ਪੁਲਸ ਨਾਲ ਗੱਲਬਾਤ ਕਰਦੇ ਹੋਏ (ਇਨਸੈਟ) ਮ੍ਰਿਤਕ ਨੌਜਵਾਨ।

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਠਿੰਡਾ ਸੀਆਈਏ ਸਟਾਫ ਇਕ ਦੀ ਹਿਰਾਸਤ 'ਚ ਨੌਜਵਾਨ ਦੀ ਭੇਦ-ਭਰੇ ਢੰਗ ਨਾਲ ਮੌਤ ਹੋ ਗਈ।ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਪੁਲਸ ਉੱਪਰ ਕੁੱਟ-ਕੁੱਟ ਕੇ ਨੌਜਵਾਨ ਨੂੰ ਮੌਤ ਦੇ ਘਾਟ ਉਤਾਰੇ ਜਾਣ ਦੇ ਦੋਸ਼ ਲਾਏ ਹਨ।ਹਾਲਾਂਕਿ ਕੋਈ ਵੀ ਪੁਲਸ ਅਧਿਕਾਰੀ ਇਸ ਮਾਮਲੇ ਵਿੱਚ ਖੁੱਲ੍ਹ ਕੇ ਬੋਲਣ ਲਈ ਤਿਆਰ ਨਹੀਂ, ਪਰ ਸਿਵਲ ਹਸਪਤਾਲ ਵਿੱਚ ਪਹੁੰਚੇ ਮ੍ਰਿਤਕ ਨੌਜਵਾਨ ਭਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਮੌਤ ਲਈ ਸੀਆਈਏ ਸਟਾਫ ਦੀ ਪੁਲਸ ਨੂੰ ਜ਼ਿੰਮੇਵਾਰ ਦੱਸਿਆ ਹੈ। ਮ੍ਰਿਤਕ ਨੌਜਵਾਨ ਦੀ ਭਰਜਾਈ ਸੰਦੀਪ ਕੌਰ ਨੇ ਦੱਸਿਆ ਕਿ ਵੀਰਵਾਰ ਨੂੰ ਸੀਆਈਏ ਸਟਾਫ ਦੀ ਪੁਲਸ ਨੇ ਪਿੰਡ ਲੱਖੀ ਜੰਗਲ ਦੇ ਨਾਲ ਕੋਠਿਆਂ ਵਿੱਚੋਂ ਭਿੰਦਰ ਸਿੰਘ ਨੂੰ ਹਿਰਾਸਤ ਵਿੱਚ ਲਿਆ ਸੀ।ਉਨ੍ਹਾਂ ਦੱਸਿਆ ਕਿ ਵੀਰਵਾਰ ਰਾਤ ਨੂੰ ਉਸ ਨੂੰ ਸੀਆਈਏ ਸਟਾਫ ਵਿੱਚ ਰੱਖਿਆ ਗਿਆ।ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਸਵੇਰੇ ਪਿੰਡ ਦੇ ਸਰਪੰਚ ਨੇ ਉਨ੍ਹਾਂ ਨੂੰ ਦੱਸਿਆ ਕਿ ਭਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ।ਪੀੜਤ ਸੰਦੀਪ ਕੌਰ ਨੇ ਦੱਸਿਆ ਕਿ ਜਦੋਂ ਉਹ ਪੁਲਸ ਕੋਲ ਗਏ ਤਾਂ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਹ ਭਿੰਦਰ ਸਿੰਘ ਨੂੰ ਲੈ ਕੇ ਜਾ ਰਹੇ ਸੀ ਕਿ ਉਸ ਨੇ ਥਰਮਲ ਪਲਾਂਟ ਦੀਆਂ ਝੀਲਾਂ ਵਿੱਚ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਡੁੱਬਣ ਕਾਰਨ ਮੌਤ ਹੋ ਗਈ ਹੈ।ਪੀੜਤਾਂ ਨੇ ਦੱਸਿਆ ਕਿ ਪੁਲਸ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕੋਈ ਰਾਹ ਨਹੀਂ ਦੇ ਰਹੀ ਤੇ ਸਮਝੌਤੇ ਲਈ ਦਬਾਅ ਬਣਾਇਆ ਜਾ ਰਿਹਾ ਹੈ।ਮ੍ਰਿਤਕ ਦੇ ਪਿਤਾ ਦਰਸ਼ਨ ਸਿੰਘ ਨੇ ਦੱਸਿਆ ਕਿ ਵੀਰਵਾਰ ਨੂੰ ਸੀਆਈਏ.-1 ਦੀ ਪੁਲਸ ਨੇ ਦਾਣਾ ਮੰਡੀ ਤੋਂ ਉਸ ਦੇ ਲੜਕੇ ਨੂੰ ਚੁੱਕ ਲਿਆ।ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ।ਰਾਤ 10 ਵਜੇ ਪੁਲਸ ਉਸ ਦੇ ਘਰ ਆਈ ਤੇ ਤਲਾਸ਼ੀ ਸ਼ੁਰੂ ਕਰ ਦਿੱਤੀ।ਜਦੋਂ ਤਲਾਸ਼ੀ ਦੌਰਾਨ ਕੁਝ ਨਾ ਮਿਲਿਆ ਤਾਂ ਉਹ ਉਸ ਨੂੰ ਧਮਕੀ ਦੇ ਕੇ ਉੱਥੋਂ ਚਲੇ ਗਏ।ਸ਼ੁੱਕਰਵਾਰ ਤੜਕੇ 3 ਵਜੇ ਪਿੰਡ ਦੇ ਸਰਪੰਚ ਦਾ ਫੋਨ ਆਇਆ ਕਿ ਉਸ ਦੇ ਲੜਕੇ ਦੀ ਮੌਤ ਹੋ ਗਈ ਹੈ।ਪੁਲਸ ਕਹਿ ਰਹੀ ਹੈ ਕਿ ਭਿੰਦਰ ਸਿੰਘ ਦੀ ਮੌਤ ਝੀਲ ਵਿੱਚ ਡੁੱਬਣ ਕਾਰਨ ਹੋਈ ਹੈ, ਜਦੋਂਕਿ ਪੁਲਸ ਵੱਲੋਂ ਉਸ ਨੂੰ ਕੁੱਟਿਆ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਸੀਆਈਏ ਸਟਾਫ ਦੀ ਪੁਲਸ ਨੇ ਭਿੰਦਰ ਸਿੰਘ ਉੱਪਰ ਅੰਨ੍ਹਾ ਤਸ਼ੱਦਦ ਕੀਤਾ ਹੈ, ਜਿਸ ਕਾਰਨ ਉਸ ਦੀ ਮੌਤ ਹੋਈ ਹੈ।ਪਰਵਾਰ ਦੇ ਮੈਂਬਰ ਮੰਗ ਕਰ ਰਹੇ ਸਨ ਕਿ ਮ੍ਰਿਤਕ ਭਿੰਦਰ ਸਿੰਘ ਦਾ ਪੋਸਟਮਾਰਟਮ ਡਾਕਟਰਾਂ ਦੇ ਤਿੰਨ ਮੈਂਬਰੀ ਪੈਨਲ ਤੋਂ ਫਰੀਦਕੋਟ ਮੈਡੀਕਲ ਕਾਲਜ ਵਿੱਚ ਕਰਵਾਇਆ ਜਾਵੇ ਅਤੇ ਨੌਜਵਾਨ ਦੀ ਮੌਤ ਲਈ ਜ਼ਿੰਮੇਵਾਰ ਪੁਲਸ ਮੁਲਾਜ਼ਮਾਂ ਖਿਲਾਫ਼ ਕਤਲ ਦਾ ਕੇਸ ਦਰਜ ਕੀਤਾ ਜਾਵੇ।

ਪਰਵਾਰ ਨਾਲ ਆਏ ਵੱਡੀ ਗਿਣਤੀ ਪਿੰਡ ਵਾਸੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਨਸਾਫ਼ ਨਾ ਮਿਲਿਆ ਤਾਂ ਉਹ ਸੰਘਰਸ਼ ਲਈ ਮਜਬੂਰ ਹੋਣਗੇ ਤੇ ਭਿੰਦਰ ਸਿੰਘ ਦਾ ਉਸ ਸਮੇਂ ਤੱਕ ਸਸਕਾਰ ਨਹੀਂ ਕੀਤਾ ਜਾਵੇਗਾ।ਡੀ ਐੱਸ ਪੀ ਸਿਟੀ ਦੋ ਸਰਬਜੀਤ ਸਿੰਘ ਦਾ ਕਹਿਣਾ ਸੀ ਕਿ ਥਰਮਲ ਪਲਾਂਟ ਦੀਆਂ ਝੀਲਾਂ ਵਿੱਚੋਂ ਰਾਤ ਸਮੇਂ ਇੱਕ ਨੌਜਵਾਨ ਦੀ ਲਾਸ਼ ਮਿਲੀ ਸੀ, ਜਿਸ ਦੀ ਪਛਾਣ ਭਿੰਦਰ ਸਿੰਘ ਵਾਸੀ ਕੋਠੇ ਨੇੜੇ ਪਿੰਡ ਲੱਖੀ ਜੰਗਲ ਵਜੋਂ ਹੋਈ ਹੈ।ਉਨ੍ਹਾ ਕਿਹਾ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਜਿਹੜੀ ਸ਼ੰਕਾ ਜ਼ਾਹਰ ਕੀਤੀ ਜਾ ਰਹੀ, ਉਸ ਦੀ ਜਾਂਚ ਕੀਤੀ ਜਾਵੇਗੀ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਕੈਬਨਿਟ ਮੰਤਰੀ ਗੋਇਲ ਦੇ ਦਫ਼ਤਰ ਅੱਗੇ ਕਿਸਾਨਾਂ ਵੱਲੋਂ ਪੱਕਾ ਮੋਰਚਾ ਜਾਰੀ

**ਮੂਣਕ (ਰਾਜਪਾਲ ਸਿੰਗਲਾ)**

ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਬਲਾਕ ਲਹਿਰਾਗਾਗਾ ਵੱਲੋਂ ਬਲਾਕ ਦੇ ਜਨਰਲ ਸਕੱਤਰ ਬਹਾਦਰ ਸਿੰਘ ਭੁਟਾਲ ਖੁਰਦ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦੇ ਦਫ਼ਤਰ ਦੇ ਗੇਟ ਅੱਗੇ ਪੱਕਾ ਮੋਰਚਾ ਤੀਸਰੇ ਦਿਨ ਵੀ ਜਾਰੀ ਰਿਹਾ।ਸੰਬੋਧਨ ਕਰਦਿਆਂ ਬਲਾਕ ਆਗੂਆਂ ਨੇ ਦੱਸਿਆ ਕਿ 18 ਤਰੀਕ ਤੋਂ ਲੈ ਕੇ ਆਪ ਸਰਕਾਰ ਦੇ ਵਿਧਾਇਕਾਂ ਮੰਤਰੀਆਂ ਤੇ ਬੀਜੇਪੀ ਦੇ ਲੀਡਰਾਂ ਦੇ ਘਰਾਂ ਅੱਗੇ ਪੱਕੇ ਮੋਰਚੇ ਲਗਾਏ ਜਾ ਚੁੱਕੇ ਹਨ।ਮੰਗਾਂ ਵਿੱਚ ਝੋਨੇ ਦੀ ਪੂਰੇ ਐੱਮ ਐੱਸ ਪੀ 'ਤੇ ਨਿਰਵਿਘਨ ਖ੍ਰੀਦ ਚਾਲੂ ਕਰਨ ਤੋਂ ਇਲਾਵਾ ਹੁਣ ਤੱਕ ਘੱਟ ਮੁੱਲ 'ਤੇ ਵਿਕੇ ਝੋਨੇ ਦੀ ਕਮੀ ਪੂਰਤੀ ਕਰਨ, ਸਰਕਾਰੀ ਸਿਫਾਰਸ਼ ਅਨੁਸਾਰ ਪਾਣੀ ਦੀ ਬੱਚਤ ਲਈ ਬੀਜੀ ਗਈ ਪੀ ਆਰ 126 ਕਿਸਮ ਦੇ ਪੂਸਾ 44 ਨਾਲੋਂ ਘੱਟ ਝਾੜ ਦੀ ਤੇ ਐੱਮ ਐੱਸ ਪੀ ਤੋਂ ਘੱਟ ਮਿਲੇ ਮੁੱਲ ਦੀ ਕਮੀ ਪੂਰਤੀ ਕਰਨ, ਬਾਸਮਤੀ ਦਾ ਲਾਭਕਾਰੀ ਐੱਮ ਐੱਸ ਪੀ ਮਿਥਣ ਤੇ ਹੁਣ ਪਿਛਲੇ ਸਾਲ ਵਾਲੇ ਔਸਤ ਰੇਟ 'ਤੇ ਖ੍ਰੀਦ ਕਰਨ ਸਮੇਤ ਹੁਣ ਤੱਕ ਪੈ ਚੁੱਕੇ ਘਾਟੇ ਦੀ ਕਮੀ ਪੂਰਤੀ ਕਰਨ ਆਦਿ ਮੰਗਾਂ ਨੂੰ ਲੈ ਕੇ ਇਹ ਪੱਕੇ ਮੋਰਚੇ ਲਗਾਏ ਹਨ, ਜਦ ਤੱਕ ਸਰਕਾਰ ਇਨ੍ਹਾਂ ਮਸਲਿਆਂ ਦਾ ਕੋਈ ਠੋਸ ਪ੍ਰਬੰਧ ਨਹੀਂ ਕਰਦੀ, ਉਦੋਂ ਤੱਕ ਇਹ ਮੋਰਚੇ ਜਾਰੀ ਰਹਿਣਗੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾ ਆਗੂ ਜਨਕ ਸਿੰਘ ਭੁਟਾਲ ਕਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀ ਸਮਝੇ ਤੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਪੂਰਾ ਕਰੇ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਚੱਲ ਰਹੇ ਮੋਰਚੇ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰਹਿਣਗੇ।ਇਸ ਮੌਕੇ ਸੂਬਾ ਸਿੰਘ ਸੰਗਤਪੁਰਾ, ਕਰਨੈਲ ਗਨੋਟਾ, ਰਾਮ ਸਿੰਘ ਨੰਗਲਾ, ਪ੍ਰੀਤਮ ਲਹਿਲ ਕਲਾਂ, ਰਾਮਚੰਦ ਚੋਟੀਆਂ, ਸੁਰੇਸ਼ ਕੁਮਾਰ ਕਾਲਬੰਜਾਰਾ, ਸਰਬਜੀਤ ਸ਼ਰਮਾ ਲਹਿਰਾ, ਨਿੱਕਾ ਸੰਗਤੀਵਾਲਾ, ਸ਼ਿਵਰਾਜ ਗੁਰਨੇ ਕਲਾਂ, ਭੁਪਿੰਦਰ ਪਾਲ ਸ਼ਰਮਾ, ਬਿੰਦਰ ਸਿੰਘ ਖੋਖਰ ਕਲਾਂ ਆਦਿ ਬਲਾਕ ਆਗੂ ਹਾਜ਼ਰ ਸਨ।



# ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਸਰਕਾਰ ਵਿਰੁੱਧ ਤਿੱਖੇ ਘੋਲ ਦੀ ਚਿਤਾਵਨੀ



**ਚੌਂਕੀਮਾਨ (ਬਲਬੀਰ ਮਾਨ)**-ਦਿੱਲੀ ਮੋਰਚਾ-2 ਦਾ ਸੰਚਾਲਨ ਕਰਨ ਵਾਲੇ 200 ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ 'ਸਾਂਝਾ ਫੋਰਮ' ਨੇ ਕੱਲ੍ਹ ਦੀ ਉੱਚ ਪੱਧਰੀ ਮੀਟਿੰਗ ਵਿੱਚ ਪੰਜਾਬ ਤੇ ਕੇਂਦਰ ਸਰਕਾਰਾਂ ਨੂੰ ਵਿਸ਼ੇਸ਼ ਪੱਤਰਾਂ ਰਾਹੀਂ ਲਿਖਿਆ ਹੈ ਕਿ ਝੋਨੇ ਦੀ ਸੋਨੇ ਵਰਗੀ ਨਵੀਂ ਫਸਲ ਦੀ ਰੋਜ਼ ਦੀ ਰੋਜ਼ ਖਰੀਦ ਯਕੀਨੀ ਬਣਾਉਣ, 72 ਘੰਟੇ ਦੇ ਅੰਦਰ-ਅੰਦਰ ਮੰਡੀਆਂ 'ਚੋਂ ਚੁੱਕਵਾਈ (ਲਿਫਟਿੰਗ) ਲਾਜ਼ਮੀ ਕਰਵਾਉਣ ਤੇ 48 ਘੰਟੇ 'ਚ ਵਿੱਕੀ ਫਸਲ ਦੀ ਰਕਮ ਕਿਸਾਨ ਦੇ ਬੈਂਕ ਖਾਤੇ 'ਚ ਹਰ ਹਾਲ-ਪਾਉਣ ਦੀਆਂ ਹੱਕੀ ਮੰਗਾਂ (ਸਾਂਝਾ ਫੋਰਮ ਨਾਲ ਪੰਜਾਬ ਸਰਕਾਰ ਵੱਲੋਂ 5 ਅਕਤੂਬਰ 24 ਨੂੰ ਕੀਤੇ ਫੈਸਲਿਆਂ ਅਨੁਸਾਰ) ਨੂੰ ਜੇਕਰ ਤੁਰੰਤ ਲਾਗੂ ਨਾ ਕੀਤਾ ਗਿਆ ਤਾਂ ਅਗਲੇ ਹਫਤੇ ਤੋਂ ਪੰਜਾਬ ਦੇ ਕੋਨੇ ਕੋਨੇ ਵਿਸ਼ਾਲ, ਤਿੱਖੇ ਤੇ ਫੈਸਲਾਕੁਨ ਕਿਸਾਨ-ਘੋਲ ਵਿੱਢ ਦਿੱਤਾ ਜਾਵੇਗਾ, ਜਿਸ ਦੇ ਸਿੱਟਿਆਂ ਦੀ ਜ਼ੁੰਮੇਵਾਰੀ ਕੇਵਲ ਤੇ ਕੇਵਲ ਪੰਜਾਬ ਤੇ ਕੇਂਦਰ ਦੀਆਂ ਦੋਵੇਂ ਸਰਕਾਰਾਂ ਸਿਰ ਹੋਵੇਗੀ।ਇਹ ਸੂਚਨਾ ਅੱਜ ਪ੍ਰੈੱਸ ਦੇ ਨਾਮ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ ਨੇ ਜਾਰੀ ਕੀਤੀ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਆਗੂਆਂ ਸਹਾਇਕ ਸਕੱਤਰ ਰਣਜੀਤ ਸਿੰਘ ਗੁੜੇ, ਮੀਤ ਪ੍ਰਧਾਨ ਬਲਜੀਤ ਸਿੰਘ ਸਵੱਦੀ, ਡਾ. ਗੁਰਮੇਲ ਸਿੰਘ ਕੁਲਾਰ, ਜਰਨੈਲ ਸਿੰਘ ਮੁੱਲਾਂਪੁਰ, ਗੁਰਦੇਵ ਸਿੰਘ ਮੁਲਾਂਪੁਰ ਨੇ ਵਰਨਣ ਕਰਦਿਆਂ ਇੱਕ ਮੱਤ ਹੋ ਕੇ ਕੇਂਦਰੀ ਹਕੂਮਤ ਵੱਲੋਂ ਕਣਕ ਦੇ ਭਾਅ 'ਚ ਅਗਲੇ ਸਾਲ ਤੋਂ ਕੀਤੇ 150 ਰੁ: ਦੇ ਵਾਧੇ ਨੂੰ ਜ਼ੋਰਦਾਰ ਢੰਗ ਨਾਲ ਰੱਦ ਕੀਤਾ ਹੈ।ਇਸ ਤੋਂ ਇਲਾਵਾ ਚੌਂਕੀਮਾਨ ਟੋਲ ਪਲਾਜ਼ਾ ਵਿਖੇ ਬੀ.ਕੇ.ਯੂ. (ਉਗਰਾਹਾਂ) ਦੇ ਟੋਲ-ਮੁਕਤ ਘੋਲ ਦੀ ਲਗਾਤਾਰ ਭਰਾਤਰੀ ਹਮਾਇਤ ਜਾਰੀ ਦਾ ਅਹਿਦ ਕਰਦਿਆਂ ਕਿਹਾ ਕਿ 20 ਅਕਤੂਬਰ ਨੂੰ ਠੀਕ 8:30 ਵਜੇ ਸਵੇਰੇ ਮਹਾਨ ਗਦਰੀ ਜਰਨੈਲ ਬਾਬਾ ਹਰੀ ਸਿੰਘ ਉਸਮਾਨ ਦੇ ਜਨਮ ਦਿਵਸ ਸਾਲਾਨਾ ਸਮਾਗਮ ਲਈ ਵੱਡਾ ਕਾਫਲਾ ਚੌਂਕੀਮਾਨ ਟੋਲ ਤੋਂ ਬੱਦੋਵਾਲ ਨੂੰ ਰਵਾਨਾ ਹੋਵੇਗਾ।ਦੂਜਾ ਕਾਫਲਾ ਇਸੇ ਦਿਨ 10 ਵਜੇ ਜਗਰਾਉਂ ਪੱਕਾ ਧਰਨਾ ਲਈ ਚਾਲੇ ਪਾਵੇਗਾ।ਹਫਤਾਵਾਰੀ ਕਾਫਲਾ 21 ਅਕਤੂਬਰ ਨੂੰ ਠੀਕ 8 ਵਜੇ ਸ਼ੰਭੂ ਬਾਰਡਰ ਮੋਰਚਾ ਲਈ ਕੂਚ ਕਰੇਗਾ।

ਮੀਟਿੰਗ ਵਿੱਚ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ, ਜਸਵੰਤ ਸਿੰਘ ਮਾਨ, ਸਰਵਿੰਦਰ ਸਿੰਘ ਸੁਧਾਰ, ਗੁਰਮੇਲ ਸਿੰਘ ਢੱਟ, ਮੋਦਨ ਸਿੰਘ ਕੁਲਾਰ, ਤੇਜਿੰਦਰ ਸਿੰਘ ਬਿਰਕ, ਲਛਮਣ ਸਿੰਘ ਸਿੱਧਵਾਂ, ਕੁਲਦੀਪ ਸਿੰਘ ਸਵੱਦੀ, ਗੁਰਚਰਨ ਸਿੰਘ ਢੱਟ, ਗੁਰਦੀਪ ਸਿੰਘ ਸਵੱਦੀ, ਮਲਕੀਤ ਸਿੰਘ ਤਲਵੰਡੀ, ਗੁਰਦੀਪ ਸਿੰਘ ਮੰਡਿਆਣੀ, ਅਮਰਜੀਤ ਸਿੰਘ ਖੰਜਰਵਾਲ ਉਚੇਚੇ ਤੌਰ 'ਤੇ ਹਾਜ਼ਰ ਸਨ।

## ਕਾਤਰਾਂ

### ਪੀ ਜੀ ਆਈ 'ਚ ਆਊਟਸੋਰਸ ਕਾਮਿਆਂ ਦੀ ਹੜਤਾਲ ਖਤਮ

**ਸਮਰਾਲਾ (ਸੁਰਜੀਤ ਸਿੰਘ)**-ਮਾਣਯੋਗ ਅਦਾਲਤ ਦੇ ਆਦੇਸ਼ਾਂ ਤੋਂ ਬਾਅਦ ਪੀ ਜੀ ਆਈ ਦੇ ਅਊਟਸੋਰਸ ਕਾਮਿਆਂ ਵੱਲੋਂ ਹੜਤਾਲ ਵਾਪਸ ਲੈਣ ਉਪਰੰਤ ਪੀ ਜੀ ਆਈ ਚੰਡੀਗੜ੍ਹ ਵਿਖੇ ਕੰਮ-ਕਾਜ ਆਮ ਵਾਂਗ ਸ਼ੁਰੂ ਹੋ ਗਿਆ ਹੈ।ਪੀ ਜੀ ਆਈ ਦੇ ਬੁਲਾਰੇ ਨੇ ਦੱਸਿਆ ਕਿ ਸੰਸਥਾ ਨੇ ਸਾਰੇ ਵਿਭਾਗਾਂ ਵਿੱਚ ਪੂਰੀ ਸਮਰੱਥਾ ਨਾਲ ਕੰਮਕਾਜ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਮਰੀਜ਼ਾਂ ਦੀ ਦੇਖਭਾਲ, ਮੈਡੀਕਲ ਸਿੱਖਿਆ, ਤੇ ਖੋਜ ਸਮੇਤ ਸਾਰੀਆਂ ਗਤੀਵਿਧੀਆਂ ਨੂੰ ਬਿਨਾਂ ਰੁਕਾਵਟ ਜਾਰੀ ਰੱਖਣ ਦੀ ਗੱਲ ਯਕੀਨੀ ਬਣਾਈ ਗਈ ਹੈ।ਪੀ ਜੀ ਆਈ ਦੇ ਮੈਡੀਕਲ ਸੁਪਰਡੈਂਟ, ਪ੍ਰੋਫੈਸਰ ਵਿਪਨ ਕੌਸ਼ਲ ਨੇ ਹੜਤਾਲ ਖਤਮ ਹੋਣ 'ਤੇ ਸੰਸਥਾ ਦੇ ਕੰਮਕਾਜ ਦੇ ਛੇਤੀ ਮੁੜ ਆਮ ਵਾਂਗ ਹੋਣ 'ਤੇ ਸੰਤੁਸ਼ਟੀ ਪ੍ਰਗਟਾਈ।ਉਨ੍ਹਾਂ ਕਿਹਾ ਕਿ ਡਿਊਟੀ ਮੁੜ ਸ਼ੁਰੂ ਹੋਣ ਦੇ ਨਾਲ ਹੁਣ ਅਸੀਂ ਮਰੀਜ਼ਾਂ ਨੂੰ ਉੱਚ ਮਿਆਰੀ ਸੇਵਾਵਾਂ ਤੇ ਮਰੀਜ਼ਾਂ ਦੀਆਂ ਬਾਕੀ ਰਹਿ ਗਈਆਂ ਸਮੱਸਿਆਵਾਂ ਨੂੰ ਹੱਲ ਕਰਨ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ।

### ਚਾਰ ਨੌਜਵਾਨ ਹੈਰੋਇਨ ਸਮੇਤ ਕਾਬੂ, 1 ਲੱਖ ਦੀ ਡਰੱਗ ਮਨੀ ਬਰਾਮਦ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਜ਼ਿਲ੍ਹਾ ਬਰਨਾਲਾ ਦੇ ਮੁਖੀ ਸੰਦੀਪ ਕੁਮਾਰ ਮਲਿਕ ਦੀ ਅਗਵਾਈ ਹੇਠ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ, ਜਦੋਂ ਥਾਣਾ ਠੁੱਲੀਵਾਲ ਪੁਲਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਇੱਕ ਕਾਰ 'ਚ ਸਵਾਰ ਚਾਰ ਨੌਜਵਾਨਾਂ ਨੂੰ ਹੈਰੋਇਨ, ਇੱਕ ਲੱਖ ਰੁਪਏ ਦੀ ਡਰੱਗ ਮਨੀ ਸਣੇ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਥਾਣਾ ਠੁੱਲੀਵਾਲ ਪੁਲਸ ਦੇ ਮੁੱਖ ਅਫ਼ਸਰ ਸ਼ਰੀਫ ਖਾਨ ਨੇ ਦੱਸਿਆ ਕਿ ਜੰਡਸਰ ਤੋਂ ਹਮੀਦੀ ਰੋਡ 'ਤੇ ਸੂਏ ਦੇ ਪੁਲ ਉਪਰ ਨਾਕਾਬੰਦੀ ਦੌਰਾਨ ਇੱਕ ਵਰਨਾ ਕਾਰ 'ਚ ਚਾਰ ਨੌਜਵਾਨਾਂ ਨੂੰ ਕਾਬੂ ਕਰਕੇ ਕਾਰ ਵਿੱਚੋਂ 150 ਗਰਾਮ ਹੈਰੋਇਨ ਤੇ ਇੱਕ ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ।ਫੜੇ ਗਏ ਨੌਜਵਾਨਾਂ ਦੀ ਸ਼ਨਾਖਤ ਰਣਜੀਤ ਸਿੰਘ ਵਾਸੀ ਦੌਧਰ, ਆਕਾਸ਼ਦੀਪ ਸਿੰਘ, ਰਾਜਵਿੰਦਰ ਸਿੰਘ, ਵਾਸੀਆਨ ਭਾਈ ਰੂਪਾ ਤੇ ਗੁਰਦੀਪ ਸਿੰਘ ਵਾਸੀ ਸਲਾਬਤਪੁਰਾ ਵਜੋਂ ਹੋਈ ਹੈ।ਉਨ੍ਹਾਂ ਖਿਲਾਫ ਥਾਣਾ ਠੁੱਲੀਵਾਲ ਵਿਖੇ ਮੁਕੱਦਮਾ ਦਰਜ ਕੀਤਾ ਹੈ।

### ਲੜਾਈ-ਝਗੜੇ ਦੇ ਮਾਮਲੇ 'ਚ ਛੇ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਬਰਾਸ ਵਿਖੇ ਇੱਕ ਵਿਅਕਤੀ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਮਾਮਲੇ 'ਚ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਸਰਕਾਰੀ ਹਸਪਤਾਲ ਪਿੰਡ ਖੇੜਾ ਵਿਖੇ ਜ਼ੇਰੇ ਇਲਾਜ ਸ਼ੇਰ ਵਾਸੀ ਪਿੰਡ ਬਰਾਸ ਨੇ ਪੁਲਸ ਨੂੰ ਦੱਸਿਆ ਕਿ 16 ਅਕਤੂਬਰ ਨੂੰ ਉਸ ਦੇ ਘਰ ਉਸ ਦਾ ਚਾਚਾ ਸਤਪਾਲ ਸਿੰਘ ਕੇਕ ਦੇਣ ਲਈ ਆਇਆ ਸੀ ਤੇ ਜਦੋਂ ਉਹ ਆਪਣੇ ਚਾਚੇ ਨੂੰ ਘਰ ਦੇ ਬਾਹਰ ਤੱਕ ਛੱਡ ਕੇ ਵਾਪਸ ਮੁੜਨ ਲੱਗਾ ਤਾਂ ਗਲੀ ਵਿੱਚ ਉਸ ਨੂੰ ਪਿੰਡ ਦੇ ਕੁਝ ਵਿਅਕਤੀਆਂ ਨੇ ਘੇਰ ਲਿਆ ਤੇ ਉਸ ਦੀ ਕੁੱਟਮਾਰ ਕੀਤੀ।ਸ਼ੇਰ ਸਿੰਘ ਦੇ ਬਿਆਨਾਂ 'ਤੇ ਕਿਰਪਾਲ ਸਿੰਘ, ਦਲਵਿੰਦਰ ਸਿੰਘ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ, ਅਮਰਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਵਾਸੀਆਨ ਪਿੰਡ ਬਰਾਸ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਬੀ ਕੇ ਯੂ ਏਕਤਾ-ਉਗਰਾਹਾਂ ਵੱਲੋਂ ਝੋਨੇ ਦੀ ਖ੍ਰੀਦ ਲਈ 50 ਥਾਵਾਂ 'ਤੇ ਪੱਕੇ ਮੋਰਚੇ ਜਾਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਝੋਨੇ ਦੀ ਨਿਰਵਿਘਨ ਖ੍ਰੀਦ ਲਈ ਸ਼ਨੀਵਾਰ ਤੀਜੇ ਦਿਨ ਵੀ 50 ਥਾਵਾਂ 'ਤੇ ਪੱਕੇ ਮੋਰਚੇ ਜਾਰੀ ਰਹੇ।ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਅੱਜ ਵੀ ਇਨ੍ਹਾਂ ਮੋਰਚਿਆਂ ਵਿੱਚ ਕੁੱਲ ਮਿਲਾ ਕੇ ਸੈਂਕੜੇ ਔਰਤਾਂ ਤੇ ਨੌਜਵਾਨਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸ਼ਾਮਲ ਹੋਏ।125 ਟੋਲ ਪਲਾਜ਼ਿਆਂ ਤੇ 25 ਸਿਆਸੀ ਆਗੂਆਂ ਦੇ ਘਰਾਂ/ਦਫ਼ਤਰਾਂ ਅੱਗੇ ਇਹ ਮੋਰਚੇ ਕਿਸਾਨਾਂ ਦੀਆਂ ਮੰਗਾਂ ਮੰਨੇ ਜਾਣ ਤੱਕ ਦਿਨ-ਰਾਤ ਲਗਾਤਾਰ ਜਾਰੀ ਰੱਖੇ ਜਾਣਗੇ।ਅੱਜ ਦੇ ਮੋਰਚਿਆਂ ਨੂੰ ਸੰਬੋਧਨ ਕਰਨ ਵਾਲੇ ਹੋਰ ਮੁੱਖ ਬੁਲਾਰਿਆਂ ਵਿੱਚ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾ, ਹਰਦੀਪ ਸਿੰਘ ਟੱਲੇਵਾਲ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਿੰਦਰ ਕਰ ਬਿਦੂ, ਕਮਲਜੀਤ ਕਰ ਬਰਨਾਲਾ ਤੇ ਕੁਲਦੀਪ ਕੌਰ ਕੁੱਸਾ ਤੋਂ ਇਲਾਵਾ ਸੰਬੰਧਤ ਜ਼ਿਲ੍ਹਾ ਤੇ ਬਲਾਕ ਪੱਧਰਾਂ ਦੇ ਆਗੂ ਸ਼ਾਮਲ ਸਨ। ਬੁਲਾਰਿਆਂ ਨੇ ਮੰਗ ਕੀਤੀ ਕਿ ਝੋਨੇ ਦੀ ਪੂਰੇ ਐੱਮ ਐੱਸ ਪੀ 'ਤੇ ਨਿਰਵਿਘਨ ਖ੍ਰੀਦ ਚਾਲੂ ਕਰਨ ਤੋਂ ਇਲਾਵਾ ਹੁਣ ਤੱਕ ਘੱਟ ਮੁੱਲ 'ਤੇ ਵਿਕੇ ਝੋਨੇ ਦੀ ਕਮੀ ਪੂਰਤੀ ਕੀਤੀ ਜਾਵੇ; ਸਰਕਾਰੀ ਸਿਫਾਰਸ਼ ਅਨੁਸਾਰ ਪਾਣੀ ਦੀ ਬੱਚਤ ਲਈ ਬੀਜੀ ਗਈ ਪੀ ਆਰ 126 ਕਿਸਮ ਦੇ ਪੂਸਾ 44 ਨਾਲੋਂ ਘੱਟ ਝਾੜ ਦੀ ਤੇ ਐੱਮ ਐੱਸ ਪੀ ਤੋਂ ਘੱਟ ਮਿਲੇ ਮੁੱਲ ਦੀ ਕਮੀ ਪੂਰਤੀ ਕੀਤੀ ਜਾਵੇ, ਬਾਸਮਤੀ ਦਾ ਲਾਭਕਾਰੀ ਐੱਮ ਐੱਸ ਪੀ ਮਿਥਿਆ ਜਾਵੇ ਤੇ ਹੁਣ ਪਿਛਲੇ ਸਾਲ ਵਾਲੇ ਔਸਤ ਰੇਟ 'ਤੇ ਖ੍ਰੀਦ ਕੀਤੀ ਜਾਵੇ ਤੇ ਹੁਣ ਤੱਕ ਪੈ ਚੁੱਕੇ ਘਾਟੇ ਦੀ ਕਮੀ ਪੂਰਤੀ ਕੀਤੀ ਜਾਵੇ, ਝੋਨੇ ਦੀ ਵੱਧ ਤੋਂ ਵੱਧ ਨਮੀ 22% ਕੀਤੀ ਜਾਵੇ ਤੇ ਦਾਗੀ ਦਾਣਿਆਂ ਵਗੈਰਾ ਦੀਆਂ ਹੋਰ ਸ਼ਰਤਾਂ ਨਰਮ ਕੀਤੀਆਂ ਜਾਣ, ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਉਨ੍ਹਾਂ ਦੀ ਮੰਗ ਅਨੁਸਾਰ ਮਿਥੀ ਜਾਵੇ ਤੇ ਹੋਰ ਹੱਕੀ ਮੰਗਾਂ ਮੰਨੀਆਂ ਜਾਣ, ਪੁਆੜੇ ਦੀ ਜੜ੍ਹ ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਰੱਦ ਕੀਤੀ ਜਾਵੇ ਅਤੇ ਇਸ ਸੰਸਥਾ 'ਚੋਂ ਬਾਹਰ ਆਇਆ ਜਾਵੇ, ਨਵੇਂ ਚੌਲਾਂ ਦੀ ਸਟੋਰੇਜ ਲਈ ਸ਼ੈਲਰ ਮਾਲਕਾਂ ਦੇ ਜਮ੍ਹਾਂ ਪਏ ਚੌਲਾਂ ਦੀ ਚੁਕਾਈ ਤੇਜ਼ੀ ਨਾਲ ਕੀਤੀ ਜਾਵੇ; ਪਰਾਲੀ ਸਾੜਨ ਤੋਂ ਬਗੈਰ ਨਿਪਟਾਰੇ ਲਈ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ ਤੇ ਇਸ ਬਾਰੇ ਮੜ੍ਹੇ ਗਏ ਪੁਲਸ ਕੇਸ, ਜੁਰਮਾਨੇ ਤੇ ਲਾਲ ਐਂਟਰੀਆਂ ਦੇ ਜਾਬਰ ਕਦਮ ਵਾਪਸ ਲਏ ਜਾਣ।ਇਸਦੇ ਨਾਲ ਹੀ ਉਨ੍ਹਾਂ ਵੱਲੋਂ ਡੀ ਏ ਪੀ ਦੀ ਕਿੱਲਤ ਬਾਰੇ ਨਿਰਵਿਘਨ ਸਪਲਾਈ ਕਰਨ ਦੀ ਮੰਗ 'ਤੇ ਜ਼ੋਰ ਦਿੱਤਾ।ਬੁਲਾਰਿਆਂ ਵੱਲੋਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੁਆਰਾ ਮਜ਼ਦੂਰਾਂ ਕਿਸਾਨਾਂ ਦੇ ਹਿੱਤਾਂ ਦੀ ਸਾਂਝ 'ਤੇ ਪਹਿਰਾ ਦਿੰਦਿਆਂ ਕਿਸਾਨ ਮੋਰਚਿਆਂ ਦੀ ਹਮਾਇਤ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ।ਇਸ ਜਥੇਬੰਦੀ ਵੱਲੋਂ ਪੰਜ ਮੋਰਚਿਆਂ ਵਿੱਚ ਸ਼ਮੂਲੀਅਤ ਕੀਤੀ ਗਈ, ਜਿੱਥੇ ਜ਼ੋਰਾ ਸਿੰਘ ਨਸਰਾਲੀ, ਲਛਮਣ ਸਿੰਘ ਸੇਵੇਵਾਲਾ ਤੇ ਹਰਮੇਸ਼ ਮਾਲੜੀ ਤੋਂ ਇਲਾਵਾ ਜ਼ਿਲ੍ਹਾ/ਬਲਾਕ ਪੱਧਰੇ ਆਗੂਆਂ ਨੇ ਸੰਬੋਧਨ ਕੀਤਾ।

# ਘੁੱਦਾ ਹਸਪਤਾਲ 'ਚ ਡਾਕਟਰਾਂ ਤੇ ਸਟਾਫ ਦੀ ਘਾਟ ਕਾਰਨ ਮਰੀਜ਼ ਪ੍ਰੇਸ਼ਾਨ

**ਬਠਿੰਡਾ (ਬਖਤੌਰ ਢਿੱਲੋਂ)**

ਸਬ ਡਵੀਜ਼ਨਲ ਹਸਪਤਾਲ ਘੁੱਦਾ 'ਚ ਡਾਕਟਰਾਂ ਤੇ ਸਟਾਫ਼ ਨਰਸਾਂ ਸਮੇਤ ਹੋਰ ਅਮਲੇ ਦੀ ਘਾਟ ਮਰੀਜ਼ਾਂ ਦੇ ਨਾਲ ਨਾਲ ਹਸਪਤਾਲ 'ਚ ਮੌਜੂਦ ਡਾਕਟਰਾਂ ਤੇ ਸਟਾਫ਼ ਨਰਸਾਂ ਲਈ ਵੀ ਪ੍ਰੇਸ਼ਾਨੀਆਂ ਦਾ ਸਬੱਬ ਬਣੀ ਹੋਈ ਹੈ ਅਤੇ ਸਟਾਫ਼ ਨਾਲ ਕਿਸੇ ਸਮੇਂ ਵੀ ਵੱਡੀ ਦੁਰਘਟਨਾ ਵਾਪਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਾਸਲ ਜਾਣਕਾਰੀ ਅਨੁਸਾਰ ਇਸ ਹਸਪਤਾਲ ਵਿੱਚ ਡਾਕਟਰਾਂ ਤੇ ਸਟਾਫ ਨਰਸਾਂ ਸਮੇਤ ਕੁੱਲ 74 ਅਸਾਮੀਆਂ 'ਚੋਂ ਲੱਗਭਗ ਤਿੰਨ ਵਿਚੋਂ ਅਸਾਮੀਆਂ ਖਾਲੀ ਹਨ।ਇੱਥੇ ਸੀਨੀਅਰ ਮੈਡੀਕਲ ਅਫ਼ਸਰ ਦੀ ਪੋਸਟ ਵੀ ਪਿਛਲੇ ਕਈ ਮਹੀਨਿਆਂ ਤੋਂ ਖਾਲੀ ਪਈ ਹੈ।ਹਸਪਤਾਲ ਵਿੱਚ ਸਪੈਸ਼ਲਿਸਟ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ 14 ਅਸਾਮੀਆਂ ਦੀ ਥਾਂ ਸਿਰਫ਼ 5 ਡਾਕਟਰ ਹਨ, ਪਰ ਇਨ੍ਹਾਂ ਵਿੱਚੋਂ ਵੀ ਅੱਖਾਂ ਰੋਗਾਂ ਦੀ ਮਾਹਰ ਡਾਕਟਰ ਦੀ ਡਿਊਟੀ ਹਫ਼ਤੇ 'ਚ ਸਿਰਫ਼ ਇੱਕ ਦਿਨ ਹੀ ਇੱਥੇ ਲੱਗੀ ਹੋਈ ਹੈ, ਜਦੋਂਕਿ ਆਪ੍ਰੇਸ਼ਨਾਂ ਦੀ ਮਾਹਰ ਡਾਕਟਰ ਦੀ ਵੀ ਡਿਊਟੀ ਚਾਰ ਦਿਨ ਇਸ ਹਸਪਤਾਲ ਵਿੱਚ ਤੇ ਬਾਕੀ ਦੇ ਦਿਨ ਗੋਨਿਆਣਾ ਵਿਖੇ ਲੱਗੀ ਹੋਈ ਹੈ।ਐਮਰਜੈਂਸੀ ਡਾਕਟਰਾਂ ਦੀਆਂ 7 ਪੋਸਟਾਂ ਵਿੱਚੋਂ ਛੇ ਖਾਲੀ ਹਨ ਤੇ ਜਿਹੜੇ ਇੱਕ ਡਾਕਟਰ ਦੀ ਡਿਊਟੀ ਇੱਥੇ ਲੱਗੀ ਹੋਈ, ਉਸ ਦੀ ਵੀ ਇਥੇ ਹਫ਼ਤੇ 'ਚੋਂ ਸਿਰਫ਼ ਇੱਕ ਦਿਨ ਹੀ ਡਿਊਟੀ ਹੈ।ਰੈਗੂਲਰ ਸਟਾਫ਼ ਨਰਸਾਂ ਦੀਆਂ 10 ਦੀਆਂ 10 ਪੋਸਟਾਂ ਖਾਲੀ ਹਨ ਅਤੇ ਐੱਨ ਐੱਚ ਐੱਮ ਤੇ ਯੂਜ਼ਰਜ਼ ਚਾਰਜਿਜ਼ ਤਹਿਤ ਕੁੱਝ ਸਟਾਫ਼ ਨਰਸਾਂ ਨੂੰ ਨਿਗੂਣੀਆਂ ਤਨਖਾਹਾਂ ਉੱਪਰ ਰੱਖ ਕੇ ਡੰਗ ਟਪਾਈ ਕੀਤੀ ਜਾ ਰਹੀ ਹੈ।ਦਰਜਾ ਚਾਰ ਮੁਲਾਜ਼ਮਾਂ ਦੀਆਂ ਵੀ 22 ਪੋਸਟਾਂ ਵਿੱਚੋਂ 19 ਪੋਸਟਾਂ ਖਾਲੀ ਪਈਆਂ ਹਨ।ਡਾਕਟਰਾਂ ਤੇ ਸਟਾਫ ਦੀ ਭਾਰੀ ਘਾਟ ਕਾਰਨ ਜਿੱਥੇ ਆਏ ਦਿਨ ਮਰੀਜ਼ਾਂ ਨੂੰ ਸਮੱਸਿਆਵਾਂ ਝੱਲਣੀਆਂ ਪੈ ਰਹੀਆਂ ਹਨ, ਉੱਥੇ ਕੁਝ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਦਾ ਗੁੱਸਾ ਮੌਕੇ 'ਤੇ ਹਾਜ਼ਰ ਸਟਾਫ਼ ਨਰਸਾਂ ਜਾਂ ਦਰਜਾ ਚਾਰ ਮੁਲਾਜ਼ਮਾਂ ਖ਼ਿਲਾਫ਼ ਹੀ ਨਿਕਲਦਾ ਹੈ।

ਬੀਤੇ ਕੁਝ ਕੁ ਦਿਨਾਂ 'ਚ ਹੀ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਵੱਲੋਂ ਡਾਕਟਰਾਂ ਤੇ ਸਟਾਫ ਨਰਸਾਂ ਨਾਲ ਦੁਰਵਿਹਾਰ ਤੇ ਬਦਸਲੂਕੀ ਦੀਆਂ ਘਟਨਾਵਾਂ ਵਾਪਰਨ ਦੇ ਬਾਵਜੂਦ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਕੋਈ ਢੁੱਕਵੀਂ ਕਾਰਵਾਈ ਨਾ ਕਰਨ ਸਦਕਾ ਡਾਕਟਰਾਂ ਤੇ ਸਟਾਫ਼ ਅੰਦਰ ਡਰ ਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।ਇਸ ਹਸਪਤਾਲ 'ਚ ਸ਼ਾਮ ਤੇ ਰਾਤ ਦੀ ਡਿਊਟੀ ਦੌਰਾਨ ਸਟਾਫ਼ ਨਰਸ ਤੇ ਵਾਰਡ ਅਟੈਂਡੈਂਟ ਹੀ ਡਿਊਟੀ 'ਤੇ ਤਾਇਨਾਤ ਹੁੰਦੇ ਹਨ, ਜੋ ਡਾਕਟਰ ਦੀ ਗੈਰ-ਹਾਜ਼ਰੀ 'ਚ ਕੋਈ ਖਾਸ ਇਲਾਜ ਨਹੀਂ ਕਰ ਸਕਦੇ, ਜਿਸ ਕਰਕੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਵੱਲੋਂ ਡਿਊਟੀ 'ਤੇ ਹਾਜ਼ਰ ਸਟਾਫ਼ ਨਾਲ ਹੀ ਝਗੜਾ ਕੀਤਾ ਜਾਂਦਾ ਹੈ ਤੇ ਉਲਟਾ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ।ਘੁੱਦਾ ਵਿਖੇ ਕੇਂਦਰੀ ਯੂਨੀਵਰਸਿਟੀ, ਸਪੋਰਟਸ ਸਕੂਲ, ਯੂਨੀਵਰਸਿਟੀ ਕਾਲਜ ਵਰਗੇ ਸਰਕਾਰੀ ਅਦਾਰੇ ਸਥਿਤ ਹਨ, ਜਿਨ੍ਹਾਂ ਦੇ ਹੋਸਟਲਾਂ 'ਚ ਸੈਂਕੜੇ ਲੜਕੇ ਤੇ ਲੜਕੀਆਂ ਮੌਜੂਦ ਹੁੰਦੇ ਹਨ।ਇਸ ਤੋਂ ਇਲਾਵਾ ਦਰਜਨਾਂ ਪਿੰਡ ਇਸ ਹਸਪਤਾਲ 'ਤੇ ਨਿਰਭਰ ਹਨ, ਜਿਸ ਕਰਕੇ ਐਮਰਜੈਂਸੀ ਦੌਰਾਨ ਮਰੀਜ਼ਾਂ ਦਾ ਆਉਣਾ ਆਮ ਗੱਲ ਹੈ।ਹਸਪਤਾਲ ਦੀ ਮੌਜੂਦਾ ਹਾਲਤ ਨੂੰ ਲੈ ਕੇ ਪੈਰਾ-ਮੈਡੀਕਲ ਸਟਾਫ, ਡਾਕਟਰਾਂ ਦੀ ਜਥੇਬੰਦੀ ਪੀ ਸੀ ਐੱਮ ਐੱਸ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਨੌਜਵਾਨ ਭਾਰਤ ਸਭਾ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ 1 ਅਕਤੂਬਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਸਿਵਲ ਸਰਜਨ ਤੇ ਸੀਨੀਅਰ ਪੁਲਸ ਕਪਤਾਨ ਬਠਿੰਡਾ ਨੂੰ ਇੱਕ ਜਨਤਕ ਵਫ਼ਦ ਮਿਲ ਕੇ ਡਾਕਟਰਾਂ ਤੇ ਸਟਾਫ ਦੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ, ਹਸਪਤਾਲ 'ਚ ਡਾਕਟਰਾਂ ਤੇ ਸਟਾਫ ਦੀ ਘਾਟ ਦੂਰ ਕਰਨ ਅਤੇ ਪਿੰਡ ਦੇ ਹੀ ਇੱਕ ਵਸਨੀਕ ਹਰਤੇਜ ਸਿੰਘ ਭੁੱਲਰ ਦੀ ਹਸਪਤਾਲ ਦੇ ਕੰਮਾਂ 'ਚ ਕੀਤੀ ਜਾ ਰਹੀ ਨਜਾਇਜ਼ ਦਖਲ-ਅੰਦਾਜ਼ੀ ਬੰਦ ਕਰਨ ਦੀ ਲਿਖਤੀ ਮੰਗ ਵੀ ਕੀਤੀ ਜਾ ਚੁੱਕੀ ਹੈ।ਹਸਪਤਾਲ ਦੀਆਂ ਸਟਾਫ਼ ਨਰਸਾਂ ਤੇ ਵਾਰਡ ਅਟੈਂਡੈਂਟਾਂ ਵੱਲੋਂ ਵੀ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਨੂੰ ਇੱਕ ਪੱਤਰ ਲਿਖ ਕੇ ਆਪਣੇ ਨਾਲ ਵਾਪਰੀਆਂ ਦੁਰਘਟਨਾਵਾਂ ਦੇ ਹਵਾਲੇ ਨਾਲ ਐਮਰਜੈਂਸੀ ਡਿਊਟੀ ਦੌਰਾਨ ਡਾਕਟਰ ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਅਤੇ ਜਦੋਂ ਤੱਕ ਸ਼ਾਮ ਤੇ ਰਾਤ ਦੀ ਡਿਊਟੀ ਦੌਰਾਨ ਡਾਕਟਰ ਤੇ ਸੁਰੱਖਿਆ ਦੇ ਪ੍ਰਬੰਧ ਨਹੀਂ ਹੁੰਦੇ, ਉਸ ਸਮੇਂ ਤੱਕ ਉਨ੍ਹਾਂ ਨੂੰ ਵੀ ਐਮਰਜੈਂਸੀ ਡਿਊਟੀ ਤੋਂ ਛੋਟ ਦੇਣ ਦੀ ਬੇਨਤੀ ਕੀਤੀ ਗਈ ਹੈ, ਪਰ ਸਿਹਤ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਕੋਈ ਹੁੰਗਾਰਾ ਨਹੀਂ ਭਰਿਆ ਗਿਆ।

# ਨਵਾਂ ਰੁਪਾਣਾ ਦੀ ਸਰਪੰਚੀ ਅਯੋਗ ਕਰਨ ਦਾ ਮਾਮਲਾ ਡੀ ਸੀ ਕੋਲ ਪੁੱਜਾ

## ਪਿੰਡ ਵਾਸੀਆਂ ਵੱਲੋਂ ਕੁਲਵਿੰਦਰ ਕੌਰ ਨੂੰ ਜਬਰੀ ਹਰਾਉਣ ਦੇ ਦੋਸ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਮੁਕਤਸਰ-ਮਲੋਟ ਸੜਕ ਉਪਰ ਸਥਿਤ ਪਿੰਡ ਨਵਾਂ ਰੁਪਾਣਾ ਦੇ ਕਰੀਬ ਦੋ ਸੌ ਪਿੰਡ ਵਾਸੀਆਂ ਵੱਲੋਂ ਡਿਪਟੀ ਕਮਿਸ਼ਨਰ ਨੂੰ ਲਿਖਤੀ ਅਰਜ਼ੀ ਦੇ ਕੇ ਪਿੰਡ ਦੇ ਸਰਪੰਚ ਦੀ ਚੋਣ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ।ਪਿੰਡ ਵਾਸੀ ਰਾਜ ਕੌਰ, ਹਰਜੀਤ ਕੌਰ, ਪਰਮਪਾਲ ਸਿੰਘ, ਬਲਰਾਜ ਸਿੰਘ, ਮੰਗਾ ਸਿੰਘ, ਧਰਮਿੰਦਰ ਸਿੰਘ, ਬਲਵੰਤ ਸਿੰਘ, ਸੁਖਮੰਦਰ ਸਿੰਘ, ਰਾਮ ਸਿੰਘ, ਗੁਰਦੇਵ ਕੌਰ, ਮਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੀ ਸਰਪੰਚੀ ਇਸਤਰੀ ਲਈ ਰਾਖਵੀਂ ਹੈ।ਕੁਲਵਿੰਦਰ ਕੌਰ ਤੇ ਸਿਮਰਨ ਕੌਰ ਚੋਣ ਲੜ ਰਹੀਆਂ ਸਨ।ਉਨ੍ਹਾਂ ਦੱਸਿਆ ਕਿ ਵੋਟਾਂ ਵੇਲੇ 15 ਅਕਤੂਬਰ ਨੂੰ ਕੁਲਵਿੰਦਰ ਕੌਰ ਵੱਲੋਂ ਰਵਿੰਦਰ ਕੁਮਾਰ, ਸੁਖਮੰਦਰ ਸਿੰਘ, ਥਾਣਾ ਸਿੰਘ ਕਾਊਂਟਿੰਗ ਏਜੰਟ ਸੀ, ਜਿਨ੍ਹਾਂ ਨੂੰ ਰਿਟਰਨਿੰਗ ਅਫਸਰ ਨੇ ਦੱਸਿਆ ਕਿ ਫਾਰਮ ਨੰਬਰ 9 ਵਿੱਚ 886 ਵੋਟਾਂ ਪੋਲ ਹੋਈਆਂ ਹਨ, ਜਿਸ ਵਿੱਚੋਂ ਕੁਲਵਿੰਦਰ ਕੌਰ ਨੂੰ 476 ਤੇ ਸਿਮਰਨ ਕੌਰ ਨੂੰ 335 ਵੋਟਾਂ ਮਿਲੀਆਂ।73 ਵੋਟਾਂ ਰੱਦ ਹੋਈਆਂ ਤੇ 2 ਵੋਟਾਂ ਨੋਟਾ ਨੂੰ ਪਈਆਂ।ਕੁਲਵਿੰਦਰ ਕੌਰ ਨੂੰ 141 ਵੋਟਾਂ ਨਾਲ ਜੇਤੂ ਕਰਾਰ ਦਿੱਤਾ ਗਿਆ।ਉਨ੍ਹਾਂ ਦੱਸਿਆ ਕਿ ਕੁੱਝ ਸਮੇਂ ਬਾਅਦ ਆਰ ਓ ਨੇ ਕੁਲਵਿੰਦਰ ਕੌਰ ਦੇ ਪਤੀ ਤੇ ਉਸ ਦੇ ਸਮਰਥਕ ਨੂੰ ਗਿਣਤੀ ਕੇਂਦਰ 'ਚੋਂ ਬਾਹਰ ਚਲੇ ਜਾਣ ਲਈ ਕਿਹਾ ਤੇ ਉਹ ਬਾਹਰ ਚਲੇ ਗਏ, ਪਰ ਸਿਮਰਨ ਕੌਰ ਤੇ ਉਸ ਦਾ ਪਤੀ ਗਿਣਤੀ ਕੇਂਦਰ 'ਚ ਹੀ ਬੈਠੇ ਰਹੇ।ਕਰੀਬ ਇੱਕ ਘੰਟੇ ਬਾਅਦ ਰਿਟਰਨਿੰਗ ਅਫਸਰ ਨੇ ਕੁਲਵਿੰਦਰ ਕੌਰ, ਉਸ ਦੇ ਪਤੀ ਤੇ ਕਾਊਂਟਿੰਗ ਏਜੰਟਾਂ ਨੂੰ ਗਿਣਤੀ ਕੇਂਦਰ 'ਚ ਸੱਦਿਆ ਅਤੇ ਦੱਸਿਆ ਕਿ ਕੁਲਵਿੰਦਰ ਕੌਰ ਨੂੰ 416 ਵੋਟਾਂ ਪਈਆਂ ਹਨ, ਜਦੋਂ ਕਿ ਸਿਮਰਨ ਕੌਰ ਨੂੰ 430 ਵੋਟਾਂ ਪਈਆਂ ਹਨ ਅਤੇ 36 ਵੋਟਾਂ ਰੱਦ ਅਤੇ 4 ਵੋਟਾਂ ਨੋਟਾ ਨੂੰ ਪਈਆਂ ਹਨ।ਇਸ ਤਰ੍ਹਾਂ ਸਿਮਰਨ ਕੌਰ 14 ਵੋਟਾਂ ਨਾਲ ਜੇਤੂ ਕਰਾਰ ਦਿੱਤੀ ਗਈ।ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਰਿਟਰਨਿੰਗ ਅਫਸਰ, ਪ੍ਰਜ਼ਾਈਡਿੰਗ ਅਫਸਰ ਤੇ ਕੁੱਝ ਹੋਰ ਅਫਸਰਾਂ ਨੇ ਸਿਮਰਨ ਕੌਰ ਨੂੰ ਸਰਪੰਚ ਬਣਾਉਣ ਲਈ ਆਪਣੀ ਜ਼ਿੰਮਵਾਰੀ ਨਿਰਪੱਖਤਾ ਨਾਲ ਨਹੀਂ ਨਿਭਾਈ।ਉਨ੍ਹਾਂ ਅਧਿਕਾਰੀਆਂ ਵੱਲੋਂ ਬਣਾਈ ਵੀਡੀਓ ਤੇ ਹੋਰ ਦਸਤਾਵੇਜ਼ਾਂ ਦੀ ਪੜਤਾਲ ਕਰਨ ਅਤੇ ਸਿਮਰਨ ਕੌਰ ਦੀ ਸਰਪੰਚੀ ਨੂੰ ਅਯੋਗ ਕਰਾਰ ਦੇ ਕੇ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਨੇ ਪਿੰਡ ਨਵਾਂ ਰੁਪਾਣਾ ਦੇ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਹ ਗਿਣਤੀ ਦਾ ਸਾਰਾ ਰਿਕਾਰਡ ਤਲਬ ਕਰਕੇ ਪੜਤਾਲ ਕਰਨਗੇ ਤੇ ਬਣਦੀ ਕਾਰਵਾਈ ਕਰਨਗੇ।

# ਰੇਲ ਗੱਡੀ ਥੱਲੇ ਆ ਕੇ ਵਿਅਕਤੀ ਵੱਲੋਂ ਖੁਦਕੁਸ਼ੀ

**ਬਰੇਟਾ (ਗੀਤਵਾਲ)**-ਬੀਤੀ ਦੇਰ ਸ਼ਾਮ ਇੱਕ ਵਿਅਕਤੀ ਵੱਲੋਂ ਰੇਲ ਗੱਡੀ ਥੱਲੇ ਆ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਏ ਜਾਣ ਦੀ ਖਬਰ ਹੈ। ਰੇਲਵੇ ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਅਜੈਬ ਸਿੰਘ (52) ਵਾਸੀ ਦਿਆਲਪੁਰਾ, ਜੋ ਕਿ ਬਿਮਾਰ ਹੋਣ ਹੋਣ ਕਾਰਨ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਜਿਸ ਕਰਕੇ ਉਸ ਨੇ ਦੇਰ ਸ਼ਾਮ ਦਾਤੇਵਾਸ ਨੇੜੇ ਟਰੈਕ 'ਤੇ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਰੇਲ ਗੱਡੀ ਥੱਲੇ ਆ ਕੇ ਖੁਦਕੁਸ਼ੀ ਕਰ ਲਈ। ਪੁਲਸ ਵੱਲੋਂ ਪਰਵਾਰ ਦੇ ਬਿਆਨਾਂ 'ਤੇ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

# ਅਮਰਪੁਰਾ ਫਾਟਕ ਅੱਜ ਬੰਦ ਰਹੇਗਾ : ਡੀ ਸੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਮੁੱਖ ਅਨਾਜ ਮੰਡੀ ਤੋਂ ਅਮਰਪੁਰਾ ਬਸਤੀ 'ਚ ਰੇਲਵੇ ਕਰਾਸਿੰਗ ਤੇ ਨਿਰਮਾਣ ਅਧੀਨ ਰੇਲਵੇ ਓਵਰ ਬ੍ਰਿਜ ਦਾ ਕੰਮ ਪ੍ਰਗਤੀ ਅਧੀਨ ਹੋਣ ਕਰਕੇ ਰੇਲਵੇ ਫਾਟਕ 20 ਅਕਤੂਬਰ ਨੂੰ ਬੰਦ ਰਹੇਗਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਰਸਤੇ ਤੋਂ ਆਉਣ-ਜਾਣ ਵਾਲੇ ਵਾਹਨ ਠੰਡੀ ਸੜਕ ਤੋਂ ਹੋ ਕੇ ਜੋਗੀ ਨਗਰ ਤੋਂ ਓਵਰ ਬ੍ਰਿਜ ਤੋਂ ਆ-ਜਾ ਸਕਦੇ ਹਨ ਜਾਂ ਰੇਲਵੇ ਅੰਡਰ ਬ੍ਰਿਜ ਤੋਂ ਆ-ਜਾ ਸਕਦੇ ਹਨ।

# ਤਿਉਹਾਰੀ ਸੀਜ਼ਨਾਂ 'ਚ ਗੜਬੜਾਈ ਸ਼ਹਿਰ ਦੀ ਟ੍ਰੈਫਿਕ ਵਿਵਸਥਾ

## ਕਈ ਘੰਟੇ ਲੱਗਿਆ ਰਹਿੰਦੈ ਜਾਮ, ਲੋਕ ਪ੍ਰੇਸ਼ਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਤਿਉਹਾਰੀ ਸੀਜ਼ਨਾਂ ਦੇ ਚਲਦਿਆਂ ਸ਼ਹਿਰ ਦੀ ਟ੍ਰੈਫਿਕ ਵਿਵਸਥਾ ਪਹਿਲਾਂ ਨਾਲੋਂ ਵੀ ਕੀਤੇ ਜ਼ਿਆਦਾ ਗੜਬੜਾ ਗਈ ਹੈ।ਸ਼ਹਿਰ ਦੇ ਰੇਲਵੇ ਰੋਡ, ਮਸੀਤ ਵਾਲਾ ਚੌਕ ਸਮੇਤ ਹੋਰ ਥਾਵਾਂ 'ਤੇ ਸਵੇਰ ਤੋਂ ਸ਼ਾਮ ਤੱਕ ਘੰਟਿਆਬੱਧੀ ਲੰਬਾ ਟ੍ਰੈਫਿਕ ਜਾਮ ਲੱਗਿਆ ਦਿਖਾਈ ਦੇਣ ਲੱਗ ਪਿਆ ਹੈ, ਜਿਸ ਦੇ ਚਲਦਿਆਂ ਵਾਹਨ ਚਾਲਕ ਤੇ ਰਾਹਗੀਰ ਬਹੁਤ ਪ੍ਰੇਸ਼ਾਨ ਹੋ ਰਹੇ ਨੇ, ਪਰ ਸ਼ਹਿਰ ਦੇ ਕੀਤੇ ਚੌਕ-ਚੁਰਾਹਿਆਂ 'ਤੇ ਟ੍ਰੈਫਿਕ ਪੁਲਸ ਵੱਲੋਂ ਇਨ੍ਹਾਂ ਜਾਮ ਦੇ ਗੰਭੀਰ ਹੋ ਰਹੇ ਹਲਾਤਾਂ 'ਤੇ ਕਾਬੂ ਪਾਉਣ ਲਈ ਕੋਈ ਪ੍ਰਬੰਧ ਕੀਤੇ ਨਜ਼ਰ ਨਹੀਂ ਆ ਰਹੇ।ਦੱਸ ਦਈਏ ਕਿ ਅੱਜ ਜਿੱਥੇ ਕਰਵਾ ਚੌਥ ਹੈ, ਉੱਥੇ ਹੀ ਆਉਂਦੇ ਦਿਨਾਂ 'ਚ ਧਨਤੇਰਸ, ਦੀਵਾਲੀ ਤੇ ਹੋਰ ਤਿਉਹਾਰਾਂ ਦੇ ਚਲਦਿਆਂ ਹੁਣ ਤੋਂ ਹੀ ਬਜਾਰ ਚ ਰੌਣਕਾਂ ਹੋਣ ਕਰਕੇ ਲੋਕਾਂ ਵੱਲੋਂ ਖਰੀਦੋ-ਫਰੋਖਤ ਲਈ ਆਉਣ ਕਰਕੇ ਮੇਨ ਬਜ਼ਾਰਾਂ 'ਚ ਜਾਮ ਵਰਗੇ ਹਾਲਤ ਬਣਨ ਲੱਗ ਪਏ ਨੇ।ਮਸੀਤ ਵਾਲਾ ਮੋੜ, ਬੈਂਕ ਰੋਡ, ਘਾਹ ਮੰਡੀ ਤੇ ਰੇਲਵੇ ਰੋਡ ਕੋਲ ਤਾਂ ਹਾਲਾਤ ਪਹਿਲਾਂ ਨਾਲੋਂ ਕੀਤੇ ਜ਼ਿਆਦਾ ਗੰਭੀਰ ਹੋ ਗਏ ਹਨ ਤੇ ਇੱਥੇ ਹਰ ਵੇਲੇ ਜਾਮ ਹੀ ਲੱਗਿਆ ਨਜ਼ਰ ਆ ਰਿਹਾ ਹੈ।ਉਧਰ ਜਦੋਂ ਇਸ ਸਬੰਧੀ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਸੁਖਦੇਵ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਕਮੇਟੀ ਨੂੰ ਪੱਤਰ ਲਿਖ ਕੇ ਭੇਜ ਦਿੱਤਾ ਹੈ ਕਿ ਤਿਉਹਾਰੀ ਸੀਜ਼ਨ 'ਚ ਨਜਾਇਜ਼ ਕਬਜ਼ੇ ਕਰਨ ਵਾਲਿਆਂ ਦੇ ਕਬਜ਼ੇ ਹਟਾਏ ਜਾਣ, ਤਾਂ ਜੋ ਟ੍ਰੈਫਿਕ ਸੁਚਾਰੂ ਹੋ ਸਕੇ।

# ਕੇਂਦਰੀ ਜੇਲ੍ਹ 'ਚੋਂ ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ 3 ਮੋਬਾਇਲ ਫੋਨ, 211 ਜਰਦੇ ਦੀਆਂ ਪੁੜੀਆਂ ਤੇ 2 ਬੰਡਲ ਸਿਗਰਟ ਬਰਾਮਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ 42/52-ਏ ਪ੍ਰੀਸਿੰਨਜ਼ ਐਕਟ ਅਧੀਨ ਮਾਮਲਾ ਦਰਜ ਕੀਤਾ ਹੈ।ਇੰਸਪੈਕਟਰ ਸਵਰਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰੀ ਜੇਲ੍ਹ ਦੇ ਸਹਾਇਕ ਸੁਪਰਡੈਂਟ ਨੇ ਇੱਕ ਪੱਤਰ ਰਾਹੀਂ ਇਹ ਸੂਚਨਾ ਦਿੱਤੀ ਕਿ ਤਲਾਸ਼ੀ ਦੌਰਾਨ ਇਹ ਸਾਮਾਨ ਮਿਲਿਆ।ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਅਣਪਛਾਤੇ ਪੈਸਿਆਂ ਵਾਲਾ ਬੈਗ ਖੋਹ ਕੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**=ਨਜ਼ਦੀਕੀ ਪਿੰਡ ਦੁਲਚੀ ਕੇ ਤੋਂ ਪੱਲਾ ਮੇਘਾ ਰੋਡ 'ਤੇ ਐੱਲ ਐਂਡ ਟੀ ਕੰਪਨੀ ਦੇ ਫੀਲਡ ਅਫਸਰ ਤੋਂ ਅਣਪਛਾਤੇ ਵਿਅਕਤੀਆਂ ਵੱਲੋਂ ਪੈਸਿਆਂ ਨਾਲ ਭਰਿਆ ਬੈਗ ਖੋਹਣ ਦਾ ਮਾਮਲਾ ਸਾਹਮਣੇ ਆਇਆ ਹੈ।ਗੁਰਤੇਜ ਸਿੰਘ, ਜੋ ਕਿ ਐੱਲ ਐਂਡ ਟੀ ਕੰਪਨੀ 'ਚ ਬਤੌਰ ਫੀਲਡ ਅਫਸਰ ਕੰਮ ਕਰਦਾ ਹੈ, ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 9 ਅਕਤੂਬਰ 2024 ਨੂੰ ਦੁਪਹਿਰ 1 ਵਜੇ ਦੇ ਕਰੀਬ, ਜਦੋਂ ਉਹ ਪਿੰਡ ਪੱਲਾ ਮੇਘਾ ਤੋਂ ਦੁਲਚੀ ਕੇ ਵੱਲ ਜਾ ਰਹੇ ਸਨ, ਤਾਂ ਦੋ ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਆਏ ਅਤੇ ਪੈਟਰੋਲ ਪੰਪ ਦੇ ਨੇੜੇ ਉਨ੍ਹਾਂ ਦਾ ਬੈਗ, ਜਿਸ ਵਿੱਚ 85,200 ਰੁਪਏ ਸਨ, ਖੋਹ ਕੇ ਫਰਾਰ ਹੋ ਗਏ।ਪੁਲਸ ਨੇ ਗੁਰਤੇਜ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਜਾਂਚ ਜਾਰੀ ਹੈ।

# ਜੱਟਾਂ ਪੱਤੀ 'ਚ ਭਗਵਾਨ ਵਾਲਮੀਕਿ ਜੀ ਦਾ ਦਿਹਾੜਾ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਨੌਜਵਾਨ ਵਾਲਮੀਕਿ ਸਭਾ ਜੱਟਾਂ ਪੱਤੀ ਸਮਾਣਾ ਵੱਲੋਂ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਮੁਹੱਲਾ ਜੱਟਾਂ ਪੱਤੀ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਾਲਾ ਬਾਬਾ, ਐਡਵੋਕੇਟ ਗੁਲਜ਼ਾਰ ਸਿੰਘ ਵਿਰਕ, ਗੋਪਾਲ ਕ੍ਰਿਸ਼ਨ ਗਰਗ, ਸੁਰਿੰਦਰ ਸਿੰਘ ਖੇੜਕੀ, ਲਾਡੀ ਚੀਮਾ, ਸੰਜੀਵ ਧੀਮਾਨ ਸ਼ੈਂਕੀ, ਵਿਨੋਦ ਸਿੰਗਲਾ, ਪ੍ਰੀਕਸ਼ਤ ਪਾਠਕ, ਰਜਤ ਗੋਇਲ ਪ੍ਰਧਾਨ ਸਨਾਤਨ ਧਰਮ ਮਹਾਂਵੀਰ ਦਲ, ਅਮਿਤ ਧਾਲੀਵਾਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਨਾਮੀ ਸ਼ਖਸੀਅਤਾਂ ਨੇ ਹਾਜ਼ਰੀ ਭਰੀ ਅਤੇ ਭਗਵਾਨ ਵਾਲਮੀਕਿ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਖੇੜਕੀ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਸਭਨਾਂ ਲਈ ਪ੍ਰੇਰਣਾ ਸਰੋਤ ਹਨ।ਉਨ੍ਹਾਂ ਵੱਲੋਂ ਹਜ਼ਾਰਾਂ ਸਾਲ ਪਹਿਲਾਂ ਰਮਾਇਣ ਦੀ ਰਚਨਾ ਕਰ ਕੇ ਸਿੱਖਿਆ ਦਾ ਸੁਨੇਹਾ ਦਿੱਤਾ ਗਿਆ।ਇਸ ਮੌਕੇ ਵਿਸ਼ਾਲ ਸੰਗਰ, ਲਵ ਸਮਾਣਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਭਜਨ ਗਾਇਕ ਆਸ਼ੂ ਸੰਗਰ ਵੱਲੋਂ ਆਪਣੇ ਭਜਨਾਂ ਰਾਹੀਂ ਭਗਵਾਨ ਵਾਲਮੀਕਿ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ।ਇਸ ਮੌਕੇ ਸੰਗਤਾਂ ਲਈ ਭੰਡਾਰਾ ਵੀ ਲਗਾਇਆ ਗਿਆ।ਇਸ ਮੌਕੇ ਬੌਬੀ ਕੁਮਾਰ, ਸੋਨੂੰ ਪ੍ਰਧਾਨ, ਸਾਗਰ, ਸਚਿਨ, ਗੌਰਵ, ਕਾਕੂ, ਦੇਵ, ਰਿਸ਼ੂ ਤੇ ਯਤਿਨ ਆਦਿ ਮੌਜੂਦ ਰਹੇ।

# ਅਮਰਜੀਤ ਕੌਰ ਬਰਾੜ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ

## ਸਾਬਕਾ ਸੰਸਦ ਜਗਮੀਤ ਬਰਾੜ, ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ, ਸਾਬਕਾ ਮੰਤਰੀ ਬਲਵੀਰ ਸਿੱਧੂ, ਵਿਧਾਇਕ ਬਿਲਾਸਪੁਰ ਤੇ ਹੋਰ ਸ਼ਖ਼ਸੀਅਤਾਂ ਪੁੱਜੀਆਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਦੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਧਰਮਪਤਨੀ ਤੇ ਨੌਜਵਾਨ ਆਗੂ ਕਮਲਜੀਤ ਸਿੰਘ ਬਰਾੜ ਤੇ ਗੁਰਜੰਟ ਸਿੰਘ ਬਰਾੜ ਦੇ ਮਾਤਾ ਸਰਦਾਰਨੀ ਅਮਰਜੀਤ ਕੌਰ ਬਰਾੜ ਸਾਬਕਾ ਸਰਪੰਚ ਪਿੰਡ ਖੋਟੇ ਜੋ ਬੀਤੇ ਦਿਨ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਨਮਿੱਤ ਸ੍ਰੀ ਸਹਿਜ ਪਾਠਾਂ ਦੇ ਭੋਗ ਪਿੰਡ ਖੋਟੇ (ਮੋਗਾ) ਵਿਖੇ ਪਾਏ ਗਏ।ਉਪਰੰਤ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਸ਼ਰਧਾਜਲੀ ਸਮਾਗਮ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।ਸ਼ਰਧਾਂਜਲੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਡੀ ਟੀ ਐੱਫ਼ ਪੰਜਾਬ ਦੇ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਨੇ ਬੀਬੀ ਬਰਾੜ ਵੱਲੋਂ ਦਲੇਰਾਨਾ, ਦ੍ਰਿੜ੍ਹਤਾ ਨਾਲ ਕੀਤੀ ਗਈ ਲੋਕ ਸੇਵਾ ਸਬੰਧੀ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਇਹ ਪਰਿਵਾਰ ਦੇਸ਼ ਦੀ ਅਜ਼ਾਦੀ ਤੋਂ ਪਹਿਲਾ 1945 ਤੋਂ ਲੋਕ ਸੇਵਾ ਨੂੰ ਸਮਰਪਿਤ ਹੈ, ਕਿਉਂਕਿ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਪਿਤਾ ਨਿੱਕਾ ਸਿੰਘ ਦੇਸ਼ ਦੀ ਵੰਡ ਤੋਂ ਪਹਿਲਾਂ ਸਰਪੰਚ ਬਣੇ ਤੇ ਲਗਾਤਾਰ 50 ਸਾਲ ਸਰਪੰਚ ਰਹੇ ਹਨ।ਉਨ੍ਹਾਂ ਕਿਹਾ ਕਿ ਬੀਬੀ ਬਰਾੜ ਨੇ ਆਪਣੇ ਸਹੁਰੇ ਪਰਵਾਰ ਦੀ ਸਿਆਸਤ ਨੂੰ ਅੱਗੇ ਵਧਾਉਣ ਵਿੱਚ ਅਹਿਮ ਯੋਗਦਾਨ ਪਾਇਆ।ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਪਰਵਾਰ ਨਾਲ 40 ਵਰ੍ਹਿਆਂ ਦੀ ਸਾਂਝ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਪਰਵਾਰ ਦੇ ਸਿਆਸੀ ਉਭਾਰ ਵਿੱਚ ਬੀਬੀ ਬਰਾੜ ਦਾ ਯੋਗਦਾਨ ਅਹਿਮ ਹੈ।ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਕਿਹਾ ਕਿ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਨੇ ਉਦੋਂ ਸਿਆਸਤ ਵਿੱਚ ਸੰਘਰਸ਼ ਕੀਤਾ, ਜਦੋਂ ਪੰਜਾਬ ਦੇ ਹਾਲਾਤ ਠੀਕ ਨਹੀਂ ਸਨ ਤੇ ਸ਼ਾਮ 5 ਵਜੇ ਤੋਂ ਬਾਅਦ ਘਰ ਤੋਂ ਕੋਈ ਬਾਹਰ ਨਹੀਂ ਨਿਕਲਦਾ ਸੀ।ਮੈਂ ਸਮਝਦਾ ਹਾਂ ਕਿ ਸਾਬਕਾ ਮੰਤਰੀ ਬਰਾੜ ਨੂੰ ਰਾਜਨੀਤੀ ਵਿੱਚ ਵਿਸ਼ਵ ਪ੍ਰਸਿੱਧੀ ਦਿਵਾਉਣ ਲਈ ਬੀਬੀ ਬਰਾੜ ਨੇ ਵੱਡੀ ਘਾਲਣਾ ਘਾਲੀ।ਸਾਬਕਾ ਸੰਸਦ ਮੈਂਬਰ ਮਹੁੰਮਦ ਸਦੀਕ, ਸਾਬਕਾ ਮੰਤਰੀ ਬਲਵੀਰ ਸਿੰਘ ਸਿੱਧੂ, ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ, ਸਾਬਕਾ ਵਿਧਾਇਕ ਜੱਸੀ ਖੰਗੂੜਾ ਨੇ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਬੀਬੀ ਬਰਾੜ ਨੂੰ ਯਾਦ ਕੀਤਾ।ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਸ਼ਰਧਾਂਜਲੀ ਅਰਪਿਤ ਕਰਦਿਆਂ ਬਰਾੜ ਪਰਵਾਰ ਨੂੰ ਮਾਲਵਾ ਖਿੱਤੇ ਦੀ ਸਿਆਸਤ ਦਾ ਧੁਰਾ ਦੱਸਿਆ।ਉਨ੍ਹਾ ਕਿਹਾ ਕਿ ਬਰਾੜ ਪਰਵਾਰ ਦੀ ਫੁਲਵਾੜੀ ਨੂੰ ਅੱਗੇ ਕਮਲਜੀਤ ਸਿੰਘ ਬਰਾੜ ਤੇ ਗੁਰਜੰਟ ਸਿੰਘ ਬਰਾੜ ਵਧਾ ਰਹੇ ਹਨ ਤੇ ਇਸ ਪਿੱਛੇ ਵੀ ਬੀਬੀ ਬਰਾੜ ਦਾ ਹੱਥ ਹੈ, ਜਿਨ੍ਹਾਂ ਨੇ ਪਰਵਾਰ ਨੂੰ ਸਹੀ ਸੇਧ ਦਿੱਤੀ।ਇਸ ਮੌਕੇ ਸੰਤ ਬਾਬਾ ਅਰਵਿੰਦਰ ਸਿੰਘ ਨਾਨਕਸਰ ਕਲੇਰਾਂ ਵਾਲੇ, ਨਿਧੜਕ ਸਿੰਘ ਬਰਾੜ ਸਾਬਕਾ ਸੂਚਨਾ ਕਮਿਸ਼ਨਰ, ਸੁਖਜੀਤ ਸਿੰਘ ਕਾਕਾ ਲੋਹਗੜ੍ਹ ਜ਼ਿਲ੍ਹਾ ਪ੍ਰਧਾਨ ਕਾਂਗਰਸ ਮੋਗਾ, ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ, ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ, ਸਾਬਕਾ ਮੰਤਰੀ ਈਸ਼ਰ ਸਿੰਘ ਮੇਹਰਬਾਨ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਭੁਪਿੰਦਰ ਸਿੰਘ ਸਾਹੋਕੇ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਬਰਜਿੰਦਰ ਸਿੰਘ ਮੱਖਣ ਬਰਾੜ ਹਲਕਾ ਇੰਚਾਰਜ ਧਰਮਕੋਟ, ਰਜਿੰਦਰ ਸਿੰਘ ਡੱਲਾ ਸੀਨੀਅਰ ਅਕਾਲੀ ਅਗੂ, ਸੀਨੀਅਰ ਅਕਾਲੀ ਆਗੂ ਰਣਵਿੰਦਰ ਸਿੰਘ ਪੱਪੂ ਰਾਮੂਵਾਲਾ, ਪ੍ਰਧਾਨ ਹਰੀ ਸਿੰਘ ਖਾਈ, ਸਾਬਕਾ ਚੇਅਰਮੈਨ ਵਿਨੋਦ ਬਾਂਸਲ, ਐਡਵੋਕੇਟ ਰਵਿੰਦਰ ਸਿੰਘ ਰਵੀ ਗਰੇਵਾਲ, ਸਾਬਕਾ ਚੇਅਰਮੈਨ ਭਜਨ ਸਿੰਘ ਜੈਦ, ਸਰਪੰਚ ਗੁਰਿੰਦਰ ਸਿੰਘ ਗੁੱਗੂ ਦਾਤਾ, ਸਰਪੰਚ ਬਿੰਦਾ ਵਹਿਣੀਵਾਲ, ਪ੍ਰਧਾਨ ਸੁਖਜੀਵਨ ਸਿੰਘ ਰੌਂਤਾ, ਹਲਕਾ ਇੰਚਾਰਜ ਮਾਲਵਿਕਾ ਸੂਦ, ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਰਪੰਚ ਪਰਮਜੀਤ ਸਿੰਘ ਨੰਗਲ, ਜਸਵੀਰ ਸਿੰਘ ਬਰਾੜ ਖੋਟੇ, ਹਰਪਾਲ ਸਿੰਘ ਕੁੱਸਾ, ਪ੍ਰਧਾਨ ਪਰਮਿੰਦਰ ਸਿੰਘ ਡਿੰਪਲ, ਐਡਵੋਕੇਟ ਪਰਮਪਾਲ ਸਿੰਘ ਤਖ਼ਤੂਪੁਰਾ, ਪ੍ਰਧਾਨ ਰੁਪਿੰਦਰ ਸਿੰਘ ਦੀਨਾ, ਸਾਬਕਾ ਵਿਧਾਇਕ ਕੁਲਬੀਰ ਸਿੰਘ ਜੀਰਾ, ਸਾਬਕਾ ਵਿਧਾਇਕ ਜੱਗਾ ਹਿੱਸੋਵਾਲ, ਚੇਅਰਮੈਨ ਖਣਮੁੱਖ ਭਾਰਤੀ ਪੱਤੋ, ਪ੍ਰਧਾਨ ਇੰਦਰਜੀਤ ਗਰਗ ਜੌਲੀ, ਮਨਮਿੰਦਰ ਸਿੰਘ ਗਿਆਸਪੁਰਾ, ਸੰਤ ਉਦੇਕਰਨ ਸਿੰਘ ਸੈਦੋਕੇ, ਸਾਬਕਾ ਚੇਅਰਮੈਨ ਭਜਨ ਸਿੰਘ ਜੈਦ, ਅਮਰਜੀਤ ਸਿੰਘ ਲੰਡੇਕੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਗੁਰਪ੍ਰੀਤ ਸਿੰਘ ਕਾਕਾ ਬਰਾੜ, ਲੱਖਾ ਸਿਧਾਣਾ, ਜਗਦੇਵ ਸਿੰਘ ਕਮਾਲੂ ਸਾਬਕਾ ਵਿਧਾਇਕ, ਜਗਦੀਪ ਸਿੰਘ ਗਟਰਾ ਪ੍ਰਧਾਨ ਨਿਹਾਲ ਸਿੰਘ ਵਾਲਾ, ਸਰਪੰਚ ਜਸਮੇਲ ਸਿੰਘ ਰਾਜੂ, ਸਰਪੰਚ ਹਰਵਿੰਦਰ ਸਿੰਘ ਹੈਪੀ ਦੇ ਇਲਾਵਾ ਵੱਡੀ ਗਿਣਤੀ ਵਿੱਚ ਰਾਜਸੀ, ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 127 ਪੈਨਸ਼ਨ ਤੇ 8 ਮੈਡੀਕਲ ਚੈੱਕ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**

ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਕੀਤਾ ਗਿਆ।ਇਸ ਦੌਰਾਨ 127 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ।ਇਸ ਸਮੇਂ ਟਰੱਸਟ ਵੱਲੋਂ 8 ਮੈਡੀਕਲ ਸਹਾਇਤਾ ਦੇ ਚੈੱਕ ਵੀ ਲੋੜਵੰਦਾਂ ਨੂੰ ਦਿੱਤੇ ਗਏ।ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ ਜੱਟਾਂ ਵਿਖੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 1 ਸਤੰਬਰ 2015 ਤੋਂ ਕੰਪਿਊਟਰ ਸੈਂਟਰ ਚੱਲ ਰਿਹਾ।ਇਥੇ ਇਹ ਵੀ ਵਰਣਨਯੋਗ ਹੈ ਕਿ ਪਿੰਡ ਖੇੜੀ ਜੱਟਾਂ ਵਿੱਖੇ ਨੇੜੇ ਦੇ 7-8 ਪਿੰਡਾਂ ਦੇ ਮੁੰਡੇ ਤੇ ਕੁੜੀਆਂ ਇਸ ਕੰਪਿਊਟਰ ਸੈਂਟਰ ਦਾ ਲਗਾਤਾਰ ਲਾਹਾ ਲੈ ਕੇ ਰੁਜ਼ਗਾਰ ਦੇ ਯੋਗ ਹੋ ਰਹੇ ਹਨ।ਇਸ ਸਮੇਂ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਕਿਸੇ ਤੋਂ ਆਰਥਕ ਮਦਦ ਲਏ ਬਿਨਾਂ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ।ਇਸ ਸਮੇਂ ਹੋਰਨਾਂ ਤੋਂ ਇਲਾਵਾ ਇਸ ਮੌਕੇ ਕੁਲਵੰਤ ਸਿੰਘ ਬਾਜਵਾ, ਬਲਕਾਰ ਸਿੰਘ, ਸੀਨੀਅਰ ਮੀਤ ਪ੍ਰਧਾਨ, ਫਤਿਹ ਪ੍ਰਭਾਕਰ, ਸਤਨਾਮ ਸਿੰਘ ਦਮਦਮੀ, ਹਰਮੇਲ ਸਿੰਘ ਲੱਡਾ, ਪ੍ਰੋਫੈਸਰ ਸੰਤੋਖ ਕੌਰ, ਭੁਪਿੰਦਰ ਸਿੰਘ ਗਰੇਵਾਲ, ਸੁਖਵਿੰਦਰ ਸ਼ਰਮਾ ਮੌਜੂਦ ਸਨ।

**ਪੰਚਾਇਤੀ ਚੋਣਾਂ ਸੰਬੰਧੀ ਹਾਈ ਕੋਰਟ ਦਾ ਵੱਡਾ ਫੈਸਲਾ**

# ਟ੍ਰਿਬਿਊਨਲ ਨੂੰ ਚੋਣ ਪਟੀਸ਼ਨ 'ਤੇ ਤੈਅ ਸਮੇਂ 'ਚ ਫੈਸਲਾ ਲੈਣ ਦੀ ਹਦਾਇਤ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਚਾਇਤੀ ਚੋਣਾਂ ਸੰਬੰਧੀ ਪਟੀਸ਼ਨ ਦਾ ਨਿਬੇੜਾ ਕਰਦਿਆਂ ਇੱਕ ਅਹਿਮ ਫੈਸਲੇ ਵਿੱਚ ਇਲੈਕਟ੍ਰਿਕ ਟ੍ਰਿਬਿਊਨਲ ਨੂੰ ਤੈਅ ਸਮੇਂ ਵਿੱਚ ਫੈਸਲਾ ਲੈਣ ਦੀ ਹਦਾਇਤ ਕੀਤੀ ਹੈ। ਇਹ ਹੁਕਮ ਪੰਚਾਇਤੀ ਚੋਣਾਂ ਵਿੱਚ ਨਾਮਜ਼ਦਗੀ ਵੇਲੇ ਰਿਟਰਨਿੰਗ ਅਫਸਰ ਵੱਲੋਂ ਕਥਿਤ ਪੱਖਪਾਤੀ ਰਵੱਈਆ ਅਪਣਾਉਣ ਦਾ ਦੋਸ਼ੀ ਲਗਾਉਂਦੀ ਪਟੀਸ਼ਨ 'ਤੇ ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਸੁਦਿਪਤੀ ਸ਼ਰਮਾ ਦੀ ਬੈਂਚ ਨੇ ਦਿੱਤਾ ਹੈ। ਰਾਏਪੁਰ ਅਰਾਈਆਂ ਨਾਮੀ ਪਿੰਡ ਦੀ ਸਰਪੰਚੀ ਲਈ ਨਾਮਜ਼ਦਗੀ ਦਾਖਲ ਕਰਨ ਵਾਲੇ ਹਰਪ੍ਰੀਤ ਸਿੰਘ ਨਾਂ ਦੇ ਉਮੀਦਵਾਰ ਨੇ ਵਕੀਲ ਜੀ ਪੀ ਐਸ ਬੱਲ ਰਾਹੀਂ ਦਾਖਲ ਪਟੀਸ਼ਨ ਵਿੱਚ ਦੋਸ਼ ਲਗਾਇਆ ਸੀ ਕਿ ਉਸ ਦੇ ਨਾਮਜ਼ਦਗੀ ਪੱਤਰ ਮਨਜ਼ੂਰ ਕਰ ਲਏ ਗਏ ਸੀ ਤੇ ਯੋਗ ਉਮੀਦਵਾਰਾਂ ਦੀ ਸੂਚੀ ਵਿੱਚ ਉਸ ਦਾ ਨਾਂ ਵੀ ਸੀ ਪਰ ਸ਼ਾਮ ਨੂੰ ਪੰਜ ਵਜੇ ਇੱਕ ਹੋਰ ਸੂਚੀ ਪ੍ਰਕਾਸ਼ਤ ਕਰ ਦਿੱਤੀ ਗਈ, ਜਿਸ ਵਿੱਚ ਉਸ ਦਾ ਨਾਂ ਇਹ ਕਹਿੰਦਿਆਂ ਕੱਟ ਦਿੱਤਾ ਗਿਆ ਕਿ ਉਸ ਨੇ ਸ਼ਾਮਲਾਤ 'ਤੇ ਕਬਜ਼ਾ ਕੀਤਾ ਹੋਇਆ ਹੈ, ਜਦੋਂਕਿ ਉਸ ਨੇ ਇਹ ਕਬਜ਼ਾ ਸਾਲ 2023 ਵਿੱਚ ਛੱਡ ਕੇ ਸਬੰਧਤ ਅਫਸਰਾਂ ਨੂੰ ਜਾਣਕਾਰੀ ਵੀ ਦੇ ਦਿੱਤੀ ਸੀ। ਉਸ ਨੇ ਦੋਸ਼ ਲਗਾਇਆ ਕਿ ਉਸ ਦਾ ਨਾਂ ਕੱਟ ਦਿੱਤਾ ਗਿਆ ਤੇ ਕਥਿਤ ਤੌਰ 'ਤੇ ਵਿਰੋਧੀ ਉਮੀਦਵਾਰ ਨੂੰ ਕਥਿਤ ਫਾਇਦਾ ਪਹੁੰਚ ਕੇ ਵਿਰੋਧੀ ਦੇ ਕਾਗਜ਼ ਮਨਜ਼ੂਰ ਤਰ ਲਏ ਗਏ, ਜਦੋਂ ਕਿ ਵਿਰੋਧੀ ਨੇ ਸ਼ਾਮਲਾਤ 'ਤੇ ਅਜੇ ਵੀ ਕਬਜ਼ਾ ਕੀਤਾ ਹੋਇਆ ਹੈ। ਪਟੀਸ਼ਨ ਵਿੱਚ ਹਾਈਕੋਰਟ ਦੇ ਧਿਆਨ ਵਿੱਚ ਲਿਆਂਦਾ ਕਿ ਗਲਤ ਤੌਰ 'ਤੇ ਕਾਗਜ਼ ਰੱਦ ਕਰਨ ਦੀ ਸ਼ਿਕਾਇਤ ਡਿਪਟੀ ਕਮਿਸ਼ਨਰ ਤੱਕ ਕੀਤੀ ਗਈ ਪਰ ਕੋਈ ਕਾਰਵਾਈ ਨਹੀਂ ਹੋਈ, ਲਿਹਾਜ਼ਾ ਉਸ ਦੇ ਨਾਮਜ਼ਦਗੀ ਪੱਤਰ ਰੱਦ ਕਰਨ ਦੀ ਸੂਚੀ ਰੱਦ ਕਰਕੇ ਉਸ ਨੂੰ ਚੋਣ ਲੜਨ ਦੀ ਇਜਾਜ਼ਤ ਦਿੱਤੀ ਜਾਵੇ। ਇਹ ਪਟੀਸ਼ਨ ਵੋਟਿੰਗ ਵਾਲੇ ਦਿਨ ਸੁਣਵਾਈ ਹਿੱਤ ਆਈ ਸੀ, ਜਿਸ 'ਤੇ ਬੈਂਚ ਨੇ ਕਿਹਾ ਕਿ ਹੁਣ ਚੋਣ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਤੇ ਅਜਿਹੇ ਵਿੱਚ ਹਾਈਕੋਰਟ ਦਖਲ ਨਹੀਂ ਦੇ ਸਕਦਾ। ਬੈਂਚ ਨੇ ਇਸ ਪਟੀਸ਼ਨ 'ਤੇ ਹੁਣ ਅਹਿਮ ਫੈਸਲਾ ਦਿੰਦਿਆਂ ਪਟੀਸ਼ਨਰ ਹਰਪ੍ਰੀਤ ਸਿੰਘ ਨੂੰ ਹਦਾਇਤ ਕੀਤੀ ਹੈ ਕਿ ਉਹ 15 ਦਿਨਾਂ ਵਿੱਚ ਟ੍ਰਿਬਿਊਨਲ ਕੋਲ ਚੋਣ ਪਟੀਸ਼ਨ ਦਾਖਲ ਕਰੇ।

# ਜ਼ਿਲ੍ਹਾ ਪ੍ਰਸ਼ਾਸਨ ਮੰਡੀਆਂ 'ਚ ਨਿਰਵਿਘਨ ਝੋਨੇ ਦੀ ਖ਼ਰੀਦ ਤੇ ਲਿਫਟਿੰਗ ਲਈ ਪੱਬਾਂ ਭਾਰ : ਡਿਪਟੀ ਕਮਿਸ਼ਨਰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਮੌਜੂਦਾ ਸਾਉਣੀ ਸੀਜ਼ਨ ਦੌਰਾਨ ਕਿਸਾਨਾਂ ਦੀ ਫ਼ਸਲ ਦੀ ਨਿਰਵਿਘਨ ਖ਼ਰੀਦ ਅਤੇ ਲਿਫਟਿੰਗ ਲਈ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਪੱਬਾਂ ਭਾਰ ਹੈ। ਜ਼ਿਲ੍ਹੇ ਦੇ ਵੱਖ-ਵੱਖ ਪੱਧਰ ਦੇ ਅਧਿਕਾਰੀ ਜ਼ਿਲ੍ਹੇ ਦੀਆਂ ਵੱਖ ਵੱਖ ਮੰਡੀਆਂ ਵਿੱਚ ਝੋਨੇ ਦੀ ਨਿਰਵਿਘਨ ਖ਼ਰੀਦ ਤੇ ਲਿਫਟਿੰਗ ਨੂੰ ਯਕੀਨੀ ਬਣਾ ਰਹੇ ਹਨ। ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਅੱਜ ਡੇਰਾ ਬਾਬਾ ਨਾਨਕ ਤੇ ਕਲਾਨੌਰ ਦੀਆਂ ਦਾਣਾ ਮੰਡੀਆਂ ਵਿੱਚ ਜਾ ਕੇ ਝੋਨੇ ਦੀ ਚੱਲ ਰਹੀ ਖਰੀਦ ਤੇ ਚੁਕਾਈ ਪ੍ਰਕਿਰਿਆ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਜ਼ਿਲ੍ਹੇ ਦੀ ਹਰੇਕ ਮੰਡੀ ਦੀ ਸੁਪਰਵਿਜ਼ਨ ਕਰਨ ਅਤੇ ਲੋੜੀਂਦੇ ਪ੍ਰਬੰਧਾਂ ਲਈ ਉੱਚ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਤਾਂ ਜੋ ਝੋਨੇ ਦੀ ਖ਼ਰੀਦ ਨਿਰਵਿਘਨ ਢੰਗ ਨਾਲ ਕਰਵਾਈ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਵੇਂ ਜਿਵੇਂ ਮੰਡੀਆਂ ਵਿੱਚ ਝੋਨੇ ਦੀ ਆਮਦ ਹੋਵੇਗੀ ਉਸੇ ਤੇਜ਼ੀ ਨਾਲ ਲਿਫਟਿੰਗ ਵੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸ਼ੈਲਰ ਮਾਲਕਾਂ ਵਲੋਂ ਵੀ ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਝੋਨੇ ਦੀ ਲਿਫਟਿੰਗ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕੀ ਫ਼ਸਲ ਲਿਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਮੰਡੀ ਵਿੱਚ ਆਈ ਜਿਣਸ ਦੀ ਨਾਲੋਂ ਨਾਲ ਖ਼ਰੀਦ ਲਈ ਇਹ ਜ਼ਰੂਰੀ ਹੈ ਕਿ ਝੋਨਾ ਵਿੱਚ ਨਮੀ ਦੀ ਮਾਤਰਾ ਸਹੀ ਹੋਵੇ, ਇਸ ਲਈ ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਮੰਡੀਆਂ ਵਿੱਚ ਬੈਠਣਾ ਨਾ ਪਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਕੀਤੇ ਝੋਨੇ ਦੀ ਕਿਸਾਨਾਂ ਨੂੰ 97 ਕਰੋੜ 47 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਬੀਤੇ ਦਿਨ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 62787 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਸੀ, ਜਿਸ ਵਿਚੋਂ 56834 ਮੀਟਰਿਕ ਟਨ ਝੋਨੇ ਦੀ ਖ਼ਰੀਦ ਕਰ ਲਈ ਗਈ ਹੈ।

ਪਨਗਰੇਨ ਵਲੋਂ 20822 ਮੀਟਰਕ ਟਨ, ਮਾਰਕਫੈੱਡ ਵਲੋਂ 13711 ਮੀਟਰਕ ਟਨ, ਪਨਸਪ ਵਲੋਂ 16323 ਮੀਟਰਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵਲੋਂ 5978 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ। ਮੰਡੀਆਂ ਵਿੱਚ ਕਰੀਬ 38 ਫੀਸਦ ਫਸਲ ਦੀ ਚੁਕਾਈ ਕੀਤੀ ਜਾ ਚੁੱਕੀ ਹੈ। ਇਸ ਮੌਕੇ ਸੁਖਜਿੰਦਰ ਸਿੰਘ, ਡੀ ਐਫ ਐਸ ਸੀ ਗੁਰਦਾਸਪੁਰ, ਖਰੀਦ ਏਜੰਸੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਵਿਦਿਆਰਥੀ ਮੰਗਾਂ ਲਾਗੂ ਹੋਣ ਤੱਕ ਸੰਘਰਸ਼ ਰਹੇਗਾ ਜਾਰੀ : ਬਲਜੀਤ ਧਰਮਕੋਟ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਗੜ੍ਹਸ਼ੰਕਰ-ਚੰਡੀਗੜ੍ਹ ਮੇਨ ਹਾਈਵੇ 'ਤੇ ਸਥਿਤ ਪਿੰਡ ਪਨਾਮ ਵਿਖੇ ਗੁਰਸੇਵਾ ਨਰਸਿੰਗ ਕਾਲਜ ਦੇ ਮੁੱਖ ਗੇਟ ਅੱਗੇ ਅੱਜ ਦਸਵੇਂ ਦਿਨ ਵੀ ਧਰਨਾ ਜਾਰੀ ਰਿਹਾ। ਕਾਲਜ ਮੈਨੇਜਮੈਂਟ ਵਲੋਂ ਤੰਗ ਪਰੇਸ਼ਾਨ ਕਰਨ 'ਤੇ ਬੀ/ਐਸਸੀ ਨਰਸਿੰਗ ਦੇ ਆਸ਼ਿਕ ਖਾਨ ਨਾਂ ਦੇ ਵਿਦਿਆਰਥੀ ਦੀ ਖੁਦਕੁਸ਼ੀ ਦੇ ਮਾਮਲੇ ਤੇ ਵਿਦਿਆਰਥੀ ਮੰਗਾਂ ਸਬੰਧੀ ਅੱਜ ਗੜ੍ਹਸ਼ੰਕਰ ਦੇ ਰੈਸਟ ਹਾਊਸ ਦੇ ਵਿੱਚ ਲੱਗਭਗ ਤਿੰਨ ਘੰਟੇ ਮੀਟਿੰਗ ਚੱਲੀ, ਜਿਸ ਵਿੱਚ ਸਿਵਲ ਪ੍ਰਸ਼ਾਸਨ ਤੋਂ ਤਹਿਸੀਲਦਾਰ, ਪੁਲਿਸ ਪ੍ਰਸ਼ਾਸਨ ਤੋਂ ਡੀਐਸਪੀ ਜਸਪ੍ਰੀਤ ਸਿੰਘ, ਕਾਲਜ ਮੈਨੇਜਮੈਂਟ ਵੱਲੋਂ ਚੇਅਰਮੈਨ ਜੰਗ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਵਕੀਲ ਸਮੇਤ ਟੀਚਰ ਸਟਾਫ ਦੇ ਅਧਿਕਾਰੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਧਰਮਕੋਟ, ਕਾਲਜ ਦੇ ਵਿਦਿਆਰਥੀ ਆਗੂ ਹਾਦੀ ਹਸਨ ਸ਼ੇਖ, ਇਮਤਿਆਜ਼, ਗੁਰਜੋਤ ਕੌਰ ਰੋਹਿਤ ਸਮੇਤ ਹੋਰ ਵੀ ਵਿਦਿਆਰਥੀ ਆਗੂ ਸ਼ਾਮਿਲ ਸਨ। ਮੀਟਿੰਗ ਦੀ ਸਾਰੀ ਕਾਰਵਾਈ ਲਿਖਤੀ ਰੂਪ ਦੇ ਵਿੱਚ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਧਰਮਕੋਟ ਅਤੇ ਵਿਦਿਆਰਥੀ ਆਗੂ ਹਾਦੀ ਹਸਨ ਸ਼ੇਖ ਨੇ ਕਿਹਾ ਕਿ ਜੋ ਵੀ ਵਿਦਿਆਰਥੀ ਮੰਗਾਂ ਸਨ, ਸਾਰੀਆਂ ਨੂੰ ਗੰਭੀਰਤਾ ਨਾਲ ਵਿਚਾਰ ਵਟਾਂਦਰੇ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰੋਸਾ ਦਿੱਤਾ ਗਿਆ। ਵਿਦਿਆਰਥੀ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਵਿਦਿਆਰਥੀ ਮੰਗਾਂ ਮੀਟਿੰਗ ਦੀ ਕਾਰਵਾਈ ਨੂੰ ਲਿਖਤੀ ਰੂਪ ਦੇ ਵਿੱਚ ਜਨਤਕ ਅਤੇ ਵਿਦਿਆਰਥੀ ਮੰਗਾਂ ਨੂੰ ਗੰਭੀਰਤਾ ਨਾਲ ਲਾਗੂ ਨਹੀਂ ਕੀਤਾ ਜਾਂਦਾ, ਚੱਲ ਰਹੇ ਸੰਘਰਸ਼ ਨੂੰ ਵੱਡੀ ਪੱਧਰ ਤੇ ਤਿੱਖਾ ਕੀਤਾ ਜਾਵੇਗਾ ਜਿਸ ਦੇ ਗੰਭੀਰ ਸਿੱਟੇ ਪ੍ਰਸ਼ਾਸਨ ਨੂੰ ਭੁਗਤਣੇ ਪੈਣਗੇ! ਇਸ ਮੌਕੇ ਵਿਦਿਆਰਥੀ ਆਗੂ ਗੁਰਸਿਮਰਨਜੀਤ ਸਿੰਘ, ਰਫਾਕਤ ਹੁਸੈਨ, ਲਵਪ੍ਰੀਤ ਕੌਰ, ਸੋਇਬ, ਹਰਸਿਮਰਨਪ੍ਰੀਤ ਕੌਰ, ਸਿਮਰਨ ਕੌਰ, ਸੋਹੇਲ, ਅੰਮ੍ਰਿਤ ਕੌਰ, ਦਿਕਸ਼ਾ, ਕਰਨ, ਅਰਮਾਨ ਆਦਿ ਹਾਜ਼ਰ ਸਨ!

**PUBLIC NOTICE**

Under the instruction of SMALL BUSINESS FIN CREDIT India Pvt Ltd deep Complex Amritsar I hereby informed the general public that Sukhwinder Singh S/o Dalip Singh is absolute owner of Property measuring 1 Marla 200 feet with 5.5 feet Karam bearing Khasra no.224 (3-7), 225(3-7), 229/1/1/2(0-8), 229/1/3 (0-4) which is situated at FatehchakJarai Tehsil & District Tarn Taran bounded East:Gali West: Sukhwinder Singh, North: HarjitKaur, South: Balbir Singh

AND Property measuring 2 Marla 31.5 feet with 5.5 feet Karam bearing Khasra no.223/2(0-5), 234/4(0-14) which is situated at FatehchakJarai, Tehsil & District Tarn Taran Bounded as East. Sukhwinder Singh, West Common Gali& Door of the house, North: HarjitKaur, South: Balbir Singh

Property no 1 That as per documents SukhwinderKaur W/o Baldev Singh sold 4.5 Marlas of property to ManjitKaur w/o Dalip Singh vide sale deed regd dated 29.05.2006 as doc no.970 and same is remained as owners of 4 Marlas in the Jamabandi for the year 2009-10, 2015-16, 2019-20.Then ManjitKaur w/o Dalip Singh transferred her 1 Marla 200 feet of property to Sukhwinder Singh s/o Dalip Singh vide transfer deed regd dated 03.09.2024 as doc no.2024-25/168/1/1873 of which mutation No.10188 has been entered in revenue records.

Property no 2 That in the Jambandi for the year 2009-10, 2015-16 Rajinder Kumar s/o Sadhu Ram, ParshotamLal s/o Tara Chand, Bheesam Kumar s/o OnkarNath are the owners of 4.5 Marlas of property. Then Rajinder Kumar s/o Sadhu Ram, ParshotamLal s/o Tara Chand, Bheesam Kumar s/o OnkarNath sold 4.5 Marlas of property to Dalip Singh s/o Sawan Singh of which mutation no.8221 has been sanctioned by revenue authorities and same is shown as owner of 4.5 Marlas in the Jamabandi for the year 2019-20. Then Dalip Singh s/o Sawan Singh died and after his death his 4.5 Marlas of property was inherited by Manjitkaurw/o Dalip Singh, harwinderKaur d/o Dalip Singh, AmarjitKaur d/o Dalip Singh, Balbir Singh, Sukhwinder Singh sons of Dalip Singh of which mutation no.10157 has been sanctioned by revenue authorities. Then Balbir Singh s/o Dalip Singh (259 feet), ManjitKaurwd/o Dalip Singh (159 feet), HarwinderKaur d/o Dalip Singh(158 feet) transferred 2 Marlas 31.5 feet to Sukhwinder Singh s/o Dalip Singh vide transfer deed regd dated 09.08.2024 as doc no.2024-25/168/1/1684 of which mutation no.10178 has been entered in revenue records. Now Sukhwinder Singh s/o Dalip Singh is taking loan from SMALL BUSINESS FIN CREDIT India Pvt Ltd deep Complex Amritsar. Sukhwinder Singh s/o Dalip Singh has lost previous following Original sale deed 1. Sale Deed executed by SukhwinderKaur w/o Baldev Singh in favour of ManjitKaur w/o Dalip Singh vide sale deed regd dated 29.05.2006 as doc no.970. 2. Original Sale Deed executed by Rajinder Kumar s/o Sadhu Ram, ParshotamLal s/o Tara Chand, Bheesam Kumar s/o OnkarNath in favour of Dalip Singh s/o Sawan Singh regd dated 28.07.1980 as doc no.2805. A DDR bearing no 030 dt 10.10.2024 PS City Tarn-Taran has been lodged. Anybody having claim or claiming any prior rights or interest in any manner in this property or has raised loan by depositing the aforesaid sale deed to any person/ bank/ corporation/ financial institution may approach the undersigned and may submit objections in writing within 7 days in writing from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with SMALL BUSINESS FIN CREDIT India Pvt Ltd. VikasVerma (Advocate) House no 264 Basant Avenue Near I.M. A House Amritsar Ph: 9815156302

**OFFICE OF DISTRICT & SESSIONS JUDGE, JALANDHAR**

**Corrigendum**

to Public Notice published in "Nawan Zamana" on date 10.10.2024

As per Public Notice dated 10.10.2024, the cut off date for considering eligibility of age of candidateswas mentioned as "01.09.2024", however the same has now been changed to "01.10.2024".

As such the line, "The Age of Candidate as on 01.09.2024 should be between 18 to 35 years for General Category." in the said Public Notice dated 10.10.2024 has been replaced with following line: -

**"The Age of Candidate as on 01.10.2024 should be between 18 to 35 years for General Category"**

However, other details of the Advertisement should remain same. For detailed advertisement, application forms, Qualification, Schedule of interview etc., please visit recruitment page of our official websitehttps://jalandhar.dcourts.gov.in/notice-category/recruitments/

Sd/-
District & Sessions Judge,
Jalandhar

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਨੰ. 433-ਸਿਗ-ਟੀ-28-24-25

ਬੰਦ ਹੋਣ ਦੀ ਮਿਤੀ/ਸਮਾਂ: ਨੂੰ 11.11.2024 15:00 ਵਜੇ ਜਾਰੀ ਮਿਤੀ: 18.10.2024

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ-ਟੀ-28-24-25 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 11.11.2024 ਨੂੰ 15:00 ਵਜੇ ਤਕ ਵੈੱਬਸਾਈਟ https://www.ireps.gov.in 'ਤੇ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੋਧਿਤ ਤੌਰ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾਂ ਕਰਾਉਣ। ਇਸ ਟੈਂਡਰ ਦੇ ਹਰਿਤ ਮੈਨੂਅਲ ਟੈਂਡਰ ਵਰਗਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਨਿਵੇਦਾਵਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈੱਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈੱਕ, ਡਿਪੋਜ਼ਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ.ਆਈ.ਟੀ

| | | | |
|---|---|---|---|
| ਕੰਮ ਦਾ ਨਾਮ | ਦੂਰਸੰਚਾਰ ਕੰਮ ਹੇਠਾਂ ਲਿਖਤ ਦੇ ਜ਼ਰਿਏ (i) ਫਿਰੋਜ਼ਪੁਰ ਮੰਡਲ ਦੇ 121 ਸਟੇਸ਼ਨਾਂ ਤੇ ਯਾਤਰੀ ਸੀਸਟਮ ਪ੍ਰਣਾਲੀ/ ਕੰਪਿਊਟਰ ਆਧਾਰਿਤ ਉਦਘੋਸ਼ਨਾ ਪ੍ਰਣਾਲੀ ਦਾ ਪ੍ਰਾਵਧਾਨ। (ii) ਡੀਆਰਐਮ ਦਫਤਰ ਫਿਰੋਜ਼ਪੁਰ ਵਿਚ ਡ੍ਰਾਇੰਗ ਬਰਾਂਚ ਅਤੇ ਟ੍ਰੈਕ ਪਲਾਨਿੰਗ ਸੇਲ ਦਾ ਸੁਧਾਰ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 11/11/2024 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 18/10/2024 18:02 |
| ਅੰਦਾਜਨ ਲਾਗਤ | 15186360.87 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 28/10/2024 |
| ਬਿਆਨਾ ਰਾਸ਼ੀ (ਰੁ) | 225900.00 | ਕੰਮ ਪੂਰਾ ਕਰਨ ਦਾ ਸਮਾਂ | 6 ਮਹੀਨੇ |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3248/2024

# ਆਊਟ ਸੋਰਸਡ ਵਰਕਰਾਂ ਵੱਲੋਂ ਜਿੰਦਬੜੀ ਵਾਟਰ ਸਪਲਾਈ ਤੇ ਸਕਾਡਾ ਸਿਸਟਮ ਦਾ ਵਿਰੋਧ



ਨੰਗਲ (ਸੁਰਜੀਤ ਸਿੰਘ ਢੇਰ) ਇਥੇ ਨਜ਼ਦੀਕੀ ਪਿੰਡ ਜਿੰਦਬੜੀ ਵਿਖੇ ਵਾਟਰ ਸਪਲਾਈ ਸਕੀਮ ਤੇ ਨਿਜੀ ਕੰਪਨੀ ਵਲੋਂ ਸਕੀਮ ਨੂੰ ਸਵੈ ਚਲਿਤ ਕਰਨ ਲਈ ਸਕਾਡਾ ਸਿਸਟਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦਾ ਪਤਾ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਪੰਜਾਬ ਰਜਿ ਨੰ :31 ਜ਼ਿਲ੍ਹਾ ਰੂਪਨਗਰ ਦੀ ਬ੍ਰਾਂਚ ਨੰਗਲ ਦੇ ਬ੍ਰਾਂਚ ਸਲਾਹਕਾਰ ਅਮਰਦੀਪ ਸਿੰਘ ਤੇ ਸਹਾਇਕ ਖਜਾਨਚੀ ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਵੱਡੀ ਗਿਣਤੀ ਵਰਕਰ ਇਥੇ ਇਕੱਠੇ ਹੋਣੇ ਸ਼ੁਰੂ ਹੋ ਗਏ ਜਿਥੇ ਯੂਨੀਅਨ ਵੱਲੋਂ ਪੰਜਾਬ ਸਰਕਾਰ ਅਤੇ ਨਿਜੀ ਕੰਪਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਇਸ ਮੌਕੇ ਸੂਬਾ ਆਗੂ ਜਸਵੀਰ ਸਿੰਘ ਜਿੰਦਬੜੀ ਨੇ ਬੋਲਦਿਆਂ ਕਿਹਾ ਕਿ ਇਕ ਪਾਸੇ ਸਰਕਾਰ ਠੇਕਾ ਮੁਲਾਜ਼ਮਾਂ ਨਾਲ ਮੀਟਿੰਗਾਂ ਤੇ ਡੰਗ ਟਪਾ ਰਹੀ ਹੈ ਦੂਜੇ ਪਾਸੇ ਨਿਜੀਕਰਨ ਲਈ ਵਾਟਰ ਸਪਲਾਈ ਸਕੀਮਾਂ ਨੂੰ ਆਟੋਮੈਟਿਕ ਕਰਨ ਲਈ ਸਕਾਡਾ ਜਹਿਰ ਖ਼ਤਰਨਾਕ ਸਿਸਟਮ ਲਗਾ ਰਹੀ ਹੈ ਜੋ ਕਿ ਯੂਨੀਅਨ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ। ਆਗੂਆਂ ਨੇ ਕਿਹਾ ਕਿ ਇਹ ਸਿਸਟਮ ਉਨ੍ਹਾਂ ਦੇਸ਼ਾਂ ਲਈ ਕਾਮਯਾਬ ਹੈ ਜਿਥੇ ਬੇਰੋਜ਼ਗਾਰੀ ਘੱਟ ਹੈ ਅਤੇ ਕੰਮ ਕਰਨ ਵਾਲੇ ਲੋਕ ਘੱਟ ਹੋਣ। ਪਰ ਪੰਜਾਬ ਵਿਚ ਤਾਂ ਬੇਰੋਜ਼ਗਾਰੀ ਲੋਕਾਂ ਨੂੰ ਘੁਣ ਵਾਂਗ ਖਾ ਰਹੀ ਹੈ। ਲੋਕ ਬਾਹਰਲੇ ਮੁਲਕਾਂ ਨੂੰ ਭੱਜ ਰਹੇ ਹਨ। ਇਸ ਤੋਂ ਇਲਾਵਾ ਇਨ੍ਹਾਂ ਸਕੀਮਾਂ 'ਤੇ ਪੱਕੇ ਰੋਜ਼ਗਾਰ ਦੀ ਆਸ ਲਗਾਈ ਬੈਠੇ ਹਜ਼ਾਰਾਂ ਆਊਟਸੋਰਸਡ ਇਨਲਿਸਟਮੈਂਟ ਮੁਲਾਜ਼ਮ ਵੀ ਬੇਰੋਜ਼ਗਾਰ ਕਰ ਦਿਤੇ ਜਾਣਗੇ। ਸਕਾਡਾ ਕਾਰਨ ਨਾ ਤਾਂ ਨਵੇਂ ਰੋਜ਼ਗਾਰ ਪੈਦਾ ਹੋਣਗੇ ਨਾ ਹੀ ਠੇਕਾ ਮੁਲਾਜ਼ਮ ਪੱਕੇ ਹੋਣਗੇ ਜੋ ਕਿ ਸਮਾਜ ਅਤੇ ਠੇਕਾ ਮੁਲਾਜ਼ਮਾਂ ਲਈ ਵੱਡੀ ਚੁਣੌਤੀ ਹੈ। ਆਗੂਆਂ ਨੇ ਪੰਜਾਬ ਸਰਕਾਰ, ਜਲ ਸਪਲਾਈ ਵਿਭਾਗ ਅਤੇ ਸਥਾਨਕ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਵਿਭਾਗ ਵਲੋਂ ਜ਼ਬਰਦਸਤੀ ਸਕਾਂਗਾ ਸਿਸਟਮ ਲਗਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਦਾ ਜਥੇਬੰਦੀ ਵਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਪਰ ਵਿਰੋਧ ਤੋਂ ਬਾਅਦ ਵੀ ਇਹ ਧੱਕਾ ਕੀਤਾ ਜਾ ਰਿਹਾ ਜਿਸ ਕਾਰਨ ਜਥੇਬੰਦੀ ਨੂੰ ਮਜਬੂਰਨ ਤਿੱਖੇ ਸੰਘਰਸ਼ ਦੇ ਰਾਹ ਲਈ ਮਜਬੂਰ ਹੋਣਾ ਪਵੇਗਾ। ਇਸ ਲਈ ਸਮੂਹ ਆਊਟਸੋਰਸਡ ਇਨਲਿਸਟਮੈਂਟ ਮੁਲਾਜ਼ਮਾਂ ਨੂੰ ਵਿਭਾਗ ਵਿਚ ਮਰਜ਼ ਕਰਕੇ ਪੱਕਾ ਰੋਜ਼ਗਾਰ ਦਿਤਾ ਜਾਵੇ। ਇਸ ਮੌਕੇ ਤੇ ਗੋਲਡੀ ਰਾਣਾ ਰਵੀ ਦੇਵ ਦਿਲਜੀਤ ਸਿੰਘ ਹਰਦੀਪ ਬੇਲਾ ਸੰਦੀਪ ਖਾਂ ਤੇ ਰਾਮ ਭੱਜ ਆਦਿ ਆਗੂ ਹਾਜ਼ਰ ਸਨ।

# ਪੀ ਪੀ ਪੀ ਐੱਫ ਦੀ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਅੱਜ



ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ) ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀਪੀਪੀਐਫ) ਵਲੋਂ ਸੰਗਰੂਰ ਵਿਖੇ ਲਗਾਏ ਤਿੰਨ ਦਿਨਾਂ ਪੈਨਸ਼ਨ ਪ੍ਰਾਪਤੀ ਮੋਰਚੇ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਨੂੰ ਮੰਤਰੀਆਂ ਦੀ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਕੱਲ੍ਹ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਵੇਗੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਫਰੰਟ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਸੂਬਾ ਕਮੇਟੀ ਮੈਂਬਰ ਮਨਜੀਤ ਸਿੰਘ ਦਸੂਹਾ, ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਮੁਕੇਸ਼ ਕੁਮਾਰ ਅਤੇ ਸੁਖਦੇਵ ਡਾਨਸੀਵਾਲ ਆਦਿ ਨੇ ਦੱਸਿਆ ਕਿ ਸੰਗਰੂਰ ਮੋਰਚੇ ਤੋਂ ਬਾਅਦ ਸਰਕਾਰ ਵਲੋਂ ਲਿਖਤੀ ਤੌਰ ਉੱਤੇ ਫਰੰਟ ਨੂੰ ਵਿੱਤ ਮੰਤਰੀ ਪੰਜਾਬ ਸ: ਹਰਪਾਲ ਸਿੰਘ ਚੀਮਾ ਦੀ ਅਗਵਾਈ ਵਾਲੀ ਮੰਤਰੀਆਂ ਦੀ ਕੈਬਨਿਟ ਸਬ ਕਮੇਟੀ, ਜਿਸ ਵਿੱਚ ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਅਤੇ ਸ਼੍ਰੀ ਅਮਨ ਅਰੋੜਾ ਵੀ ਸ਼ਾਮਿਲ ਹੋਣਗੇ, ਨਾਲ ਮੀਟਿੰਗ ਦਾ ਸੱਦਾ ਦਿੱਤਾ ਗਿਆ ਹੈ ਜਿਹੜੀ ਕਿ ਕੱਲ੍ਹ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਵੇਗੀ। ਵਿੱਚ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਵਲੋਂ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਪੰਜਾਬ ਸਰਕਾਰ ਵਲੋਂ 18 ਨਵੰਬਰ 2022 ਨੂੰ ਨੂੰ ਸੂਬੇ ਅੰਦਰ ਪੁਰਾਣੀ ਪੈਨਸ਼ਨ ਸਕੀਮ ਨੂੰ ਮੁੜ ਲਾਗੂ ਕਰਨ ਦੇ ਕੀਤੇ ਨੋਟੀਫਿਕੇਸ਼ਨ ਨੂੰ ਹਕੀਕੀ ਰੂਪ ਵਿੱਚ ਲਾਗੂ ਕੀਤਾ ਜਾਵੇ ਅਤੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਜੀਪੀਐੱਫ ਦੇ ਖ਼ਾਤੇ ਖੋਲ੍ਹ ਕੇ ਉਨ੍ਹਾਂ ਦੀ ਜੀਪੀਐੱਫ ਦੀ ਕਟੌਤੀ ਕਰਨੀ ਤੁਰੰਤ ਸ਼ੁਰੂ ਕੀਤੀ ਜਾਵੇ ਅਤੇ ਨਵੀਆਂ ਭਰਤੀਆਂ ਉੱਤੇ ਵੀ ਪੁਰਾਣੀ ਪੈਨਸ਼ਨ ਸਕੀਮ ਹੀ ਲਾਗੂ ਕੀਤੀ ਜਾਵੇ। ਇਸ ਮੌਕੇ ਹਰਿੰਦਰ ਸੁਮਨ, ਰਜਿੰਦਰ ਸਿੰਘ ਹੇਜਮਾਂ, ਨੰਦ ਰਾਮ, ਪ੍ਰਵੀਨ ਸ਼ਰਧੂਰ, ਸੋਮ ਪਾਲ, ਕਰਨੈਲ ਸਿੰਘ, ਅਸ਼ੋ ਕੁਮਾਰ, ਬਲਜਿੰਦਰ ਸਰੋਤਾ, ਜਸਮੀਤ ਸਿੰਘ, ਵਰਿਦਰ ਸੈਣੀ, ਸੰਦੀਪ ਅਟਵਾਲ, ਦਲਜੀਤ ਸਿੰਘ, ਨਿਰਮਲ ਸਿੰਘ ਨਿਹਾਲਪੁਰ, ਜੀਵਨ ਕੁਮਾਰ ਸੰਧੂ, ਜਸਵਿੰਦਰ ਝਿੰਗੜ, ਜਸਵੀਰ ਬੋਦਲ, ਜਰਨੈਲ ਡਘਾਮ, ਬਲਕਾਰ ਸਿੰਘ ਪੁਰੀਕਾ, ਵਿਪਨ, ਸਨਿਆਲ, ਜਤਿੰਦਰ ਸਿੰਘ ਅਤੇ ਸੰਜੀਵ ਕਲਸੀ ਆਦਿ ਆਗੂ ਵੀ ਹਾਜ਼ਰ ਸਨ।

# ਸਰਬਸੰਮਤੀ ਨਾਲ ਸੀ ਪੀ ਆਈ ਐੱਮ ਤਹਿਸੀਲ ਨੰਗਲ ਦੇ ਸਤਨਾਮ ਸਿੰਘ ਚੁਣੇ ਗਏ ਸੈਕਟਰੀ



ਨੰਗਲ (ਸੁਰਜੀਤ ਸਿੰਘ ਢੇਰ) ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਤਹਿਸੀਲ ਕਮੇਟੀ ਨੰਗਲ ਦਾ 6ਵਾਂ ਡੇਲੀਗੇਟ ਅਜਲਾਸ ਪਿੰਡ ਸੰਗਤਪੁਰ ਵਿਖੇ ਸਤਨਾਮ ਸਿੰਘ, ਮਹਿੰਦਰ ਸਿੰਘ ਸੰਗਤਪੁਰ ਅਤੇ ਰਘਬੀਰ ਸਿੰਘ ਦਰਸ਼ੀ ਦੀ ਪ੍ਰਧਾਨਗੀ ਹੇਠ ਹੋਇਆ। ਅਜਲਾਸ ਦਾ ਉਦਘਾਟਨ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਬਲਵੀਰ ਸਿੰਘ ਜਾਡਲਾ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਦਾ ਇੱਕ ਇੱਕ ਵਰਕਰ ਲੋਕ ਘੋਲਾਂ ਵਿਚ ਵੱਡਮੁੱਲਾ ਯੋਗਦਾਨ ਪਾਉਂਦਾ ਹੈ। ਹੱਕ ਸੱਚ ਇਨਸਾਫ਼ ਲਈ ਲੜਦੇ ਹਾਂ। ਉਨ੍ਹਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਤਹਿਸ ਨਹਿਸ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਅਜਲਾਸ ਬਲਵੀਰ ਸਿੰਘ ਮਹਿੰਦਪੁਰ ਹਾਲ ਵਿੱਚ ਹੋਇਆ ਤੇ ਗੇਟ ਕਸ਼ਮੀਰ ਸਿੰਘ ਨੰਗਲ ਦੇ ਨਾਂ ਤੇ ਬਣਾਇਆ ਗਿਆ ਸੀ। ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਪਾਰਟੀ ਦਾ ਝੰਡਾ ਬਜ਼ੁਰਗ ਕਮਿਊਨਿਸਟ ਕਾਮਰੇਡ ਤਰਸੇਮ ਸਿੰਘ ਭੱਲੜੀ ਨੇ ਲਹਿਰਾਇਆ। ਸ਼ੋਕ ਮਤੇ ਵਿੱਚ ਪਾਰਟੀ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਬੰਗਾਲ ਦੇ ਸਾਬਕਾ ਮੁੱਖ ਮੰਤਰੀ ਬੁੱਧਾ ਦੇਵ ਭੱਟਾਚਾਰੀਆ, ਕੇਰਲਾ ਦੇ ਸਾਬਕਾ ਮੰਤਰੀ ਐਮ ਐਨ ਲਾਰੇਂਸ, ਬਲਵੀਰ ਸਿੰਘ ਮਹਿੰਦਪੁਰ, ਗੁਰਨਾਮ ਦਾਸ, ਕਸ਼ਮੀਰ ਸਿੰਘ ਨੰਗਲ ਸਮੇਤ ਹੋਰ ਵਿਛੜ ਗਏ ਆਗੂਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਤੇ ਸਕੱਤਰੇਤ ਮੈਂਬਰ ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਦੱਸਿਆ ਕਿ ਪਾਰਟੀ ਦੀਆਂ ਬ੍ਰਾਂਚਾਂ ਤੋਂ ਲੇ ਕੇ ਕੇਂਦਰ ਤੱਕ ਤਿੰਨ ਸਾਲਾਂ ਬਾਅਦ ਅਜਲਾਸ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਜ਼ਿਲ੍ਹਾ ਰੂਪਨਗਰ ਦੀ ਕਾਨਫਰੰਸ 22 ਅਕਤੂਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਵੇਗੀ। ਸੂਬਾ ਕਾਨਫਰੰਸ 9 ਅਤੇ 10 ਦਸੰਬਰ ਨੂੰ ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਵੇਗੀ। ਕੇਂਦਰੀ ਕਾਂਗਰਸ 2 ਤੋਂ 6 ਅਪ੍ਰੈਲ 2025 ਨੂੰ ਤਾਮਿਲਨਾਡੂ ਵਿਖੇ ਹੋਣ ਜਾ ਰਹੀ ਹੈ। ਇਨ੍ਹਾਂ ਕਾਨਫਰੰਸਾਂ ਵਿੱਚ ਨੌਜਵਾਨਾਂ ਨੂੰ ਵੱਡੇ ਪੱਧਰ ਤੇ ਸ਼ਾਮਲ ਕੀਤਾ ਜਾ ਰਿਹਾ ਹੈ।

ਅਗਲੀ ਤਹਿਸੀਲ ਕਮੇਟੀ ਦਾ ਪੈਨਲ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਪੇਸ਼ ਕੀਤਾ। ਜਿਸ ਵਿੱਚ ਸਤਨਾਮ ਸਿੰਘ, ਸੁਖਦੇਵ ਸਿੰਘ, ਰਘਬੀਰ ਸਿੰਘ ਦਰਸ਼ੀ, ਜੈਮਲ ਸਿੰਘ ਦੜੋਲੀ, ਸੋਮ ਨਾਥ ਅਜੋਲੀ, ਮਹਿੰਦਰ ਸਿੰਘ ਦੜੋਲੀ, ਸੁਰਜੀਤ ਸਿੰਘ ਨੰਗਲ, ਵਿਸ਼ਾਲ ਸ਼ੈਲੀ, ਰਕੇਸ਼ ਬਾਲੀ ਕਲਸੇੜਾ, ਦਿਲਬਾਗ ਸਿੰਘ ਮੇਘਪੁਰ, ਰਾਮ ਕਿਸ਼ਨ ਦਬਕੇਹੜਾ, ਤਰਸੇਮ ਲਾਲ ਸੁਖਸਾਲ ਅਤੇ ਟੇਕ ਚੰਦ ਭੱਲੜੀ ਨੂੰ ਤਹਿਸੀਲ ਕਮੇਟੀ ਮੈਂਬਰ ਲਿਆ ਗਿਆ। ਸਰਬਸੰਮਤੀ ਨਾਲ ਮੈਂਬਰਾਂ ਨੇ ਸਤਨਾਮ ਸਿੰਘ ਨੂੰ ਤਹਿਸੀਲ ਸਕੱਤਰ ਚੁਣ ਲਿਆ ਗਿਆ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਬਜਿੰਦਰ ਪੰਡਤ, ਗੁਰਦੇਵ ਸਿੰਘ ਬਾਗੀ, ਪਵਨ ਕੁਮਾਰ ਚੱਕ ਕਰਮਾ ਤੋਂ ਇਲਾਵਾ ਜਸਵਿੰਦਰ ਸਿੰਘ ਭੰਗਲ, ਪ੍ਰੇਮ ਚੰਦ ਜੱਟਪੁਰ, ਪ੍ਰੋਮਿਲਾ ਦੇਵੀ ਵੀ ਹਾਜ਼ਰ ਸਨ। 18 ਮੈਂਬਰ ਜ਼ਿਲ੍ਹਾ ਅਜਲਾਸ ਲਈ ਡੇਲੀਗੇਟ ਵੀ ਚੁਣ ਲਏ ਗਏ।


**PUNJAB NATIONAL BANK**
Branch: Machhiwara.
Machhiwara, Distt. Ludhiana.

**ਰੂਲ-8 (1) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ, ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ (ਨੋਟਿਸਾਂ) 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ) ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ ਨੂੰ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ/ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| (ਕਰਜ਼ਦਾਰ/ਰਹਿਣਕਾਰ) : ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਇਕਬਾਲ ਸਿੰਘ # 924-ਬੀ, ਗੋਬਿੰਦ ਨਗਰ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ-141115 | ਰਿਹਾਇਸ਼ੀ ਅਚੱਲ ਜਾਇਦਾਦ ਰਕਬਾ 0 ਕਨਾਲ-5 ਮਰਲੇ ਜ਼ਮੀਨ 7 ਕਨਾਲ-11 ਮਰਲੇ ਵਿੱਚੋਂ 5/151 ਵੇਂ ਹਿੱਸੇ ਦਾ ਉਚਿਤ ਗਿਰਵੀਨਾਮਾ, ਜੋ ਜਮ੍ਹਾਂਬੰਦੀ ਵਾਸਤੇ ਸਾਲ 2011-12 ਅਨੁਸਾਰ ਖਾਤਾ ਨੰ. 144/168 ਕਿਲ੍ਹਾ ਨੰ. 73//21 (7-11) 'ਚ ਸ਼ਾਮਲ, ਵਿਕਰੀ ਬੈਨਾਮਾ ਵਸੀਕਾ ਨੰ. 565, ਮਿਤੀ 26-07-2017 ਮੁਤਾਬਕ ਮਾਛੀਵਾੜਾ-1, ਹਦਬਸਲਤ ਨੰ. 75, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ ਤੇ ਸ੍ਰੀ ਹਰਦੀਪ ਸਿੰਘ ਪੁੱਤਰ ਇਕਬਾਲ ਸਿੰਘ ਦੇ ਨਾਂਅ 'ਤੇ ਹੈ, ਜਿਸ ਦੀਆਂ ਹੱਦਾਂ ਇੰਝ ਹਨ : ਪੂਰਬ : ਪਲਾਟ, ਉੱਤਰ : ਬਲਵਿੰਦਰ ਸਿੰਘ, ਪੱਛਮ : ਸੜਕ, ਦੱਖਣ : ਕੁਲਵੰਤ ਸਿੰਘ। | 02.08.2024 | 19.10.2024 | ਸੰਕੇਤਕ ਕਬਜ਼ਾ ਰੁਪਏ 10,05,896.01/- ਰੁਪਏ ਦਸ ਲੱਖ ਪੰਜ ਹਜ਼ਾਰ ਅੱਠ ਸੌ ਛਿਆਨਵੇਂ ਅਤੇ ਇੱਕ ਪੈਸਾ ਕੇਵਲ) ਮਿਤੀ 01.03.2024 ਨੂੰ ਬਕਾਇਆ ਅਤੇ ਮਿਤੀ 02.03.2024 ਤੋਂ ਲਾਗੂ ਹੋਰ ਵਿਆਜ ਅਤੇ ਹੋਰ ਲਾਗਤਾਂ ਅਤੇ ਖਰਚੇ |

ਮਿਤੀ : 19.10.2024 ਸਥਾਨ : ਮਾਛੀਵਾੜਾ ਅਧਿਕਾਰਤ ਅਫਸਰ

**PUNJAB NATIONAL BANK**
Branch: Machhiwara.
Machhiwara, Distt. Ludhiana.

**ਰੂਲ-8 (1) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ, ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ (ਨੋਟਿਸਾਂ) 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ) ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ ਨੂੰ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ/ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| (ਕਰਜ਼ਦਾਰ/ਰਹਿਣਕਾਰ) : ਸ੍ਰੀ ਨਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਵਿਰਸਾ ਸਿੰਘ # ਦਸਮੇਸ਼ ਨਗਰ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ, ਦੂਜਾ ਪਤਾ : ਮਕਾਨ ਨੰ. 67, ਪਿੰਡ ਹੈਦੋਂ ਬੇਟ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ) : ਸ੍ਰੀਮਤੀ ਸੁਖਜੀਤ ਕੌਰ ਪਤਨੀ ਸ੍ਰੀ ਨਰਿੰਦਰ ਪਾਲ ਸਿੰਘ # ਦਸਮੇਸ਼ ਨਗਰ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ, ਦੂਜਾ ਪਤਾ : ਮਕਾਨ ਨੰ. 67, ਪਿੰਡ ਹੈਦੋਂ ਬੇਟ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ (ਗਰੰਟਰ) : ਅਮਰੀਕ ਸਿੰਘ ਪੁੱਤਰ ਕਲਕੱਤਾ ਸਿੰਘ # ਗ੍ਰੇਨ ਮਾਰਕੀਟ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ। | ਰਿਹਾਇਸ਼ੀ ਅਚੱਲ ਜਾਇਦਾਦ ਕੁੱਲ ਜਾਇਦਾਦ ਰਕਬਾ 0 ਕਨਾਲ-3-1/4 ਮਰਲੇ ਦਾ ਉਚਿਤ ਗਿਰਵੀਨਾਮਾ, ਜਮ੍ਹਾਂਬੰਦੀ ਵਾਸਤੇ ਸਾਲ 2006-07 ਅਨੁਸਾਰ ਦਸਮੇਸ਼ ਨਗਰ, ਮਾਛੀਵਾੜਾ-1, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਵਿਕਰੀ ਬੈਨਾਮਾ ਵਸੀਕਾ ਨੰ. 783 ਮਿਤੀ 19-07-2010 ਮੁਤਾਬਕ ਸ੍ਰੀ ਨਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਵਿਰਸਾ ਸਿੰਘ ਦੇ ਨਾਂਅ 'ਤੇ ਹੈ। ਜਾਇਦਾਦ ਰਕਬਾ 0 ਕਨਾਲ 2-1/4 ਮਰਲੇ, ਜ਼ਮੀਨ 42 ਕਨਾਲ-4 ਮਰਲੇ ਵਿੱਚੋਂ 2-1/4/844ਵਾਂ ਹਿੱਸਾ, ਖੇਵਟ ਨੰ. 447, ਖਤੌਨੀ ਨੰ. 503, ਕਿਲਾ ਨੰ. 92//5/3 (0-3), 6/3 (2-0), 7/1 (6-13), 4/3 (0-1), 14 (8-0), 15/1 (1-16), 16/4 (1-4), 17 (8-0), 18/1 (1-18), 23/2 (3-12), 24 (6-12), 25/1 (1-6), 28 (1-18) 'ਚ ਸ਼ਾਮਲ, ਜਾਇਦਾਦ 0 ਕਨਾਲ-1 ਮਰਲਾ, ਜ਼ਮੀਨ 6 ਕਨਾਲ-16 ਮਰਲੇ ਵਿੱਚੋਂ 1/35ਵਾਂ ਹਿੱਸਾ, ਖੇਵਟ ਨੰ. 447, ਖਤੌਨੀ 503, ਕਿਲ੍ਹਾ ਨੰ. 92//8/3 (3-2), 13/2 (3-13) 'ਚ ਸ਼ਾਮਲ। ਹੱਦਾਂ ਇੰਝ ਹਨ : ਪੂਰਬ : ਗਲੀ, ਉੱਤਰ : ਗਲੀ, ਪੱਛਮ : ਗਲੀ, ਦੱਖਣ : ਗਲੀ | 02.08.2024 | 19.10.2024 | ਸੰਕੇਤਕ ਕਬਜ਼ਾ ਰੁਪਏ 3,91,163.72/- (ਰੁਪਏ ਤਿੰਨ ਲੱਖ ਇਕਾਨਵੇਂ ਹਜ਼ਾਰ ਇੱਕ ਸੌ ਤਰੇਹਠ ਅਤੇ ਬਹੱਤਰ ਪੈਸੇ ਕੇਵਲ) ਮਿਤੀ 30.07.2024 ਨੂੰ ਬਕਾਇਆ ਜਮ੍ਹਾਂ ਮਿਤੀ 31-07-2024 ਤੋਂ ਲਾਗੂ ਹੋਰ ਵਿਆਜ ਅਤੇ ਹੋਰ ਲਾਗਤਾਂ ਅਤੇ ਖਰਚੇ। |

ਮਿਤੀ : 19.10.2024 ਸਥਾਨ : ਮਾਛੀਵਾੜਾ ਅਧਿਕਾਰਤ ਅਫਸਰ


**ਕਲਾਸੀਫਾਈਡ ਇਸ਼ਤਿਹਾਰ**

**Public notice**

I Khajan Chand Goyal S/O Gauri Shankar R/O House No 39 Puda Enclave 1, Mini Secretariat Road Patiala declare that in my documents my father's name is Gauri Shankar. But in my Passport No. M2363530 my father's name has been wrongly written as Gauri Shanker, which may be amended accordingly.

I, Kamaljit Kaur W/o Jatinder Pal Singh R/o Vill. Bhule Chak, P.O. Pul Tibri, Tehsil/Distt. Gurdaspur-143530, Punjab, declare that my given name as Kamaljit and my Surname as Kaur.

**ਆਮ ਸੂਚਨਾ**

ਤਸਦੀਕ ਕੀਤਾ ਜਾਂਦਾ ਹੈ ਕਿ ਇਸ ਉਪ ਮੰਡਲ ਦਫਤਰ ਵਿੱਚ ਚੱਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. 3003375416, ਜੋ ਕਿ ਸ੍ਰੀ ਤਰਸੇਮ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਤੇੜਾ ਰਾਜਪੂਤਾਂ ਦੇ ਨਾਂਅ 'ਤੇ ਚੱਲਦਾ ਹੈ, ਨੂੰ ਸ੍ਰੀ ਇੰਦਰਜੀਤ ਸਿੰਘ ਪੁੱਤਰ ਕਿਰਪਾਲ ਸਿੰਘ ਪਿੰਡ ਤੇੜਾ ਰਾਜਪੂਤਾਂ ਦੇ ਨਾਂਅ 'ਤੇ ਬਦਲੀ ਕਰਾਉਣ ਲਈ ਬੇਨਤੀ ਪੱਤਰ ਦਿੱਤਾ ਹੈ, ਜਿਸ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਮੈਂ, ਕੇਹਰ ਸਿੰਘ (Kehar Singh) ਪੁੱਤਰ ਸ਼ਮਸ਼ੇਰ ਸਿੰਘ (Samsher Singh) ਵਾਸੀ ਪਿੰਡ ਘੋੜੇਨਾਥ, ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ ਸੂਚਿਤ ਕਰਦਾ ਹਾਂ ਕਿ ਮੇਰੇ ਕੁਝ ਪਰੂਫਾਂ 'ਤੇ ਮੇਰਾ ਨਾਂਅ ਕੇਹਰ ਸਿੰਘ ਦਈਆ ( Kehar Singh Dahya) ਦਰਜ ਸੀ। ਹੁਣ ਮੈਂ ਆਪਣੇ ਪਰੂਫਾਂ 'ਤੇ ਆਪਣਾ ਨਾਂਅ ਕੇਹਰ ਸਿੰਘ (Kehar Singh) ਦਰਜ ਕਰਵਾ ਲਿਆ ਹੈ।

ਮੈਂ, ਸ਼ਮਸ਼ੇਰ ਸਿੰਘ (Samsher Singh) ਪੁੱਤਰ ਇਸ਼ਰ ਸਿੰਘ (Isher Singh) ਵਾਸੀ ਪਿੰਡ ਘੋੜੇਨਾਥ, ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ ਸੂਚਿਤ ਕਰਦਾ ਹਾਂ ਕਿ ਮੇਰੇ ਕੁਝ ਪਰੂਫਾਂ 'ਤੇ ਮੇਰਾ ਨਾਂਅ ਸ਼ਮਸ਼ੇਰ ਸਿੰਘ ਦਈਆ (Samsher Singh Dahya) ਦਰਜ ਸੀ। ਹੁਣ ਮੈਂ ਆਪਣੇ ਪਰੂਫਾਂ 'ਤੇ ਆਪਣਾ ਨਾਂਅ ਸ਼ਮਸ਼ੇਰ ਸਿੰਘ (Samsher Singh) ਦਰਜ ਕਰਵਾ ਲਿਆ ਹੈ। ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਦਵਿੰਦਰ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਹਿੰਮਤਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਉਜਵਲਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਤਪਾਲ ਪੁੱਤਰ ਅਮਰ ਚੰਦ ਵਾਸੀ ਪਿੰਡ ਬਸੀ ਬਾਬੂ ਖਾਂ, ਡਾਕਖਾਨਾ ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਸੰਦੀਪ ਕੁਮਾਰ ਅਤੇ ਅਮਿਤ ਸੈਣੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ । (ਹਿਤੇਸ਼)

ਮੈਂ, ਤੇਗਾ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਭਿੱਖੀਵਿੰਡ ਸਿੰਘ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਆਪਣੀ ਮਰਜ਼ੀ ਨਾਲ ਕਿਸੇ ਔਰਤ ਨੂੰ ਘਰ ਲੈ ਆਇਆ ਹੈ। ਮੇਰਾ ਲੜਕਾ ਮੇਰੇ ਕਹਿਣੇਕਾਰ ਨਹੀਂ ਹੈ ਅਤੇ ਦੋਵੇਂ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਵੀ ਰਿਸ਼ਤਾ-ਨਾਤਾ ਨਹੀਂ ਰਿਹਾ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਭੋਲਾ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸਰੂਪਵਾਲੀ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੇ ਦੋਵੇਂ ਲੜਕੇ ਮਿੰਟਾ ਸਿੰਘ ਵਾ ਉਸਦੀ ਪਤਨੀ ਸੁਖਵਿੰਦਰ ਕੌਰ ਅਤੇ ਦੂਸਰਾ ਲੜਕਾ ਰਵਿੰਦਰ ਸਿੰਘ ਵਾ ਉਸਦੀ ਪਤਨੀ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਸਤਨਾਮ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਲਾਟ ਨੰਬਰ 19-20, ਸੰਤੋਖਪੁਰਾ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਹਰਜਿੰਦਰ ਸਿੰਘ ਵਾ ਉਸਦੀ ਪਤਨੀ ਮਮਤਾ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਸਵਿੰਦਰ ਕੌਰ ਪਤਨੀ ਜੋਗਾ ਸਿੰਘ ਵਾਸੀ ਮਕਾਨ ਨੰ. 107, ਗਲੀ ਨੰ. 4, ਝਬਾਲ ਰੋਡ, ਸਤਨਾਮ ਨਗਰ, ਫਤਾਹਪੁਰ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਨਿੰਦਰ ਸਿੰਘ (ਵਿਆਹਿਆ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਮੇਰਾ ਅਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਵੀ ਰਿਸ਼ਤਾ-ਨਾਤਾ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

**ਨਾਂਅ ਦੀ ਬਦਲੀ**

ਮੈਂ ਕਿਰਨ ਪਤਨੀ ਸਤੀਸ਼ ਕੁਮਾਰ ਵਾਸੀ ਪਿਪਲੀ ਸੋਨੀਪਤ ਖਰਖੋਦਾ ਹਰਿਆਣਾ ਇਹ ਬਿਆਨ ਕਰਦੀ ਹਾਂ ਕਿ ਕਿਰਨ ਦਰਿਯਾ ਅਤੇ ਕਿਰਨ ਦੋਵੇਂ ਮੇਰੇ ਹੀ ਨਾਮ ਹਨ। ਮੈਨੂੰ ਦੋਵੇ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਮੈਂ, ਹਰਮੇਸ਼ ਕੁਮਾਰ ਪੁੱਤਰ ਸ੍ਰੀ ਗੁਰਦੇਵ ਰਾਜ ਵਾਸੀ ਪਿੰਡ ਅਤੇ ਡਾਕਖਾਨਾ ਭਾਰੂਵਾਲ , ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣੇ ਲੜਕੇ ਹਰਸ਼ਦੀਪ ਦਾ ਨਾਂਅ ਬਦਲ ਕੇ ਹਰਸ਼ਦੀਪ ਸੋਡੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

**Change of Name**

I, Ravinder Kaur W/o Kabal Singh Residence H.No 948/8 Shaan Gali, Chowk Moni, Amritsar, Punjab have changed my name from Arvinder Kaur to Ravinder Kaur. Concerned Note.

I Karan S/O Resham Lal R/O V Bir Dhandoli. P.O Rawalpindi Teh Phagwara Distt Kapurthala have Changed my Name from Karan to Karan Lalka

I, Poonam C/o Sulvinder Sultan R/o H.No. 300, W.No. 11, Kainthan Tehsil Dasuya Distt. Hoshiarpur Punjab have changed my name from Poonam to Poonam Bala. Concerned note.

I, Kawaljit C/o Krishan Kumar R/o H.No. 300, W.No. 11, Kainthan Tehsil Dasuya Distt. Hoshiarpur Punjab have changed my name from Kawaljit to Kawaljit Kaur. Concerned note.

I Tarsem Singh Bopa Rai S/o Waryam Singh, VPO Budhiana, Distt. Jalandhar have changed my name from Tarsem Singh Bopa Rai to Tarsem Singh Boparai

I Gurdip Kaur W/o Manmohan Singh R/o. H.No. 38/67-68, Near Bawa Lal Ji Mndir Ohri Gate Jandi Wali Gali Batala, Distt Gurdaspur. Have Changed my name from Gurdip Kaur to Gurdeep Kaur. Concerned Note.

I, Kirana Rani, W/O Suresh Kumar Garg R/o B-32-436, Street Number 6, New Azad Nagar, Bahadur Ke Road, Ludhiana, Central Post Office, Ludhiana, Punjab- 141008. have changed my name and shall hereafter be Known as Alka Garg.

I, Yash Sethi S/O Kishor Sethi, R/o Plot No. 2, Davindra Dhaba Wali Gali, Near Ganesh Mandir, Behind Old Subzi Mandi, Sanoli Road, Panipat, Haryana- 132103, have changed my name and shall hereafter be Known as Yashraj Sethi.

# ਸਨਮਾਨ ਸਮਾਰੋਹ ਅੱਜ

ਫਗਵਾੜਾ (ਡਾ ਰਮਨ ) ਪ੍ਰੋਫੈਸਰ ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਕਮੇਟੀ ਵਲੋਂ ਸੈਮੀਨਾਰ ਅਤੇ ਸਨਮਾਨ ਸਮਾਰੋਹ ਮਿਤੀ 20 ਅਕਤੂਬਰ ਦਿਨ ਐਤਵਾਰ ਸਵੇਰੇ ਠੀਕ 11.00 ਵਜੇ ਬਲੱਡ ਬੈਂਕ ਹਰਗੋਬਿੰਦ ਨਗਰ ਫਗਵਾੜਾ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰੋਫੈਸਰ ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਜਸਵੰਤ ਸਿੰਘ ਗੰਡਮ ਅਤੇ ਜਰਨਲ ਸਕੱਤਰ ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਇਸ ਸੈਮੀਨਾਰ ਅਤੇ ਸਨਮਾਨ ਸਮਾਰੋਹ 'ਚ ਡਾ ਸਵਰਾਜ ਬੀਰ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣਗੇ ਅਤੇ ਉਨ੍ਹਾਂ ਨੂੰ ਪ੍ਰੋਫੈਸਰ ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ।

**Change of Name**

I, Rashi Batham D/O Nalin Gupta, W/O Shubham Jain R/o : House No. 917, Phase 4, Sector 59, S.A.S. Nagar (Mohali), Punjab- 160059. have changed my name and shall hereafter be Known as Rashi Shubham Jain.

I, Navdeep Singh S/O Baljinder Singh, R/o H.NO-164, Ranjit Vihar Sirhind Road, Patiala, Govt. Printing Press Patiala, Punjab-147004, have changed my name and shall hereafter be Known as Nevdeep Rruben Surjan Singh Ehedhi.

I, Janki Devi D/O Shri Bhagawan , R/o 154, Gatwadi Mohallah, Sector-52,Wazirabad (75), Gurgaon, Haryana- 122003. have changed my name and shall hereafter be Known as Janki Sharma.

I, Abhiraj Singh S/o Jatinder Pal Singh R/o H.No. 326-A, Guru Teg Bahadur Nagar, Jalandhar -144001, Punjab, India have changed my name from Abhiraj Singh to Singh Abhiraj . (Surname as Singh). Concerned Note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਿੰਘ ਸਾਹਿਬਾਨ ਅਕਾਲੀ ਫੂਲਾ ਸਿੰਘ ਵਾਂਗ ਠੋਸ ਫੈਸਲੇ ਲੈਣ: ਧਰਮੀ ਫੌਜੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਵਾਰ ਵੈੱਲਫੇਅਰ ਐਸੋਸ਼ੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਅਤੇ ਹੋਰ ਧਰਮੀ ਫੌਜੀਆਂ ਨੇ ਸਾਂਝੇ ਤੌਰ 'ਤੇ ਇਥੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਸਤਿਕਾਰਯੋਗ ਪੰਜ ਸਿੰਘ ਸਾਹਿਬਾਨਾਂ ਨੂੰ ਅਕਾਲੀ ਫੂਲਾ ਸਿੰਘ ਵਾਂਗ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਆਨ-ਸ਼ਾਨ ਬਹਾਲ ਰੱਖਣ ਲਈ ਠੋਸ ਫੈਸਲੇ ਲੈਣੇ ਚਾਹੀਦੇ ਹਨ, ਇਨ੍ਹਾਂ ਫੈਸਲਿਆਂ ਨੂੰ ਬੀਜੇਪੀ ਨਾਲ ਜੋੜ ਕੇ ਨਾ ਵੇਖਿਆ ਜਾਵੇ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜੂਨ 1984 ਦੌਰਾਨ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਪਹਿਲਾ ਹਮਲਾ ਹੋਇਆ, ਜਦਕਿ ਸਿੰਘ ਸਾਹਿਬਾਨਾਂ ਉਪਰ ਗਲਤ ਬਿਆਨਬਾਜੀ ਕਰਕੇ ਉਨਾਂ ਨੂੰ ਡਰਾਉਣਾ ਧਮਕਾਉਣਾ ਸਿੱਖ ਕੌਮ 'ਤੇ ਦੂਸਰਾ ਹਮਲਾ ਹੈ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸਵਰਉੱਚ ਮਾਣ ਮਰਿਆਦਾ ਨੂੰ ਠੇਸ ਪਹੁੰਚੀ ਹੈ। ਸਿੰਘ ਸਾਹਿਬਾਨਾਂ ਦੇ ਵਿਵਾਦ ਨੂੰ ਬੀਜੇਪੀ ਨਾਲ ਜੋੜ ਕੇ ਬਦਨਾਮ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਉਣ ਅਤੇ ਸਿੱਖ ਕੌਮ ਨੂੰ ਵੰਡਣ ਦੇ ਯਤਨ ਕੀਤੇ ਜਾ ਰਹੇ ਹਨ, ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਇਸ ਮੌਕੇ ਅਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਣਧੀਰ ਸਿੰਘ, ਜ਼ਿਲ੍ਹਾ ਪ੍ਰਧਾਨ ਗੁਲਜਾਰ ਸਿੰਘ, ਇਕਬਾਲ ਸਿੰਘ, ਸੂਬੇਦਾਰ ਬਲਵਿੰਦਰ ਸਿੰਘ, ਕੈਪਟਨ ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਕਿਸਾਨਾਂ ਨੇ 14 ਜ਼ਿਲ੍ਹਿਆਂ 'ਚ 25 ਟੋਲ ਪਲਾਜ਼ੇ ਪੱਕੇ ਤੌਰ 'ਤੇ ਕੀਤੇ ਬੰਦ : ਐਮਾਂ, ਮੰਨਣ



ਝਬਾਲ (ਹਰਜਿੰਦਰ ਸਿੰਘ ਸੋਨੀ) ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਨਾਂ ਹੋਣ ਕਰਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਨੇ 14 ਜ਼ਿਲ੍ਹਿਆਂ ਦੇ 25 ਟੋਲ ਪਲਾਜੇ ਪਰਚੀ ਮੁਕਤ ਕੀਤੇ ਹੋਏ ਹਨ।

ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਉਗਰਾਹਾਂ ਜਥੇਬੰਦੀ ਦਾ ਸਾਥ ਦਿਉ।, ਜਿੰਨਾਂ ਚਿਰ ਪੰਜਾਬ ਸਰਕਾਰ ਝੋਨਾਂ ਮੰਡੀਆਂ ਵਿੱਚੋਂ ਚੁੱਕ ਨਹੀਂ ਲੈਂਦੀ ਓਨਾਂ ਚਿਰ ਕਿਸਾਨ ਮੋਰਚਾ ਲਗਾ ਕੇ ਰੱਖਣਗੇ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ: ਗੁਰਬਾਜ ਸਿੰਘ ਸਿੱਧਵਾਂ, ਪ੍ਰਧਾਨ ਦਿਲਬਾਗ ਸਿੰਘ ਐਮਾ ਕਲਾਂ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਐਮਾ ਕਲਾਂ, ਪ੍ਰਧਾਨ ਹਰਪ੍ਰੀਤ ਸਿੰਘ ਐਮਾਂ ਖੁਰਦ, ਪ੍ਰਧਾਨ ਮੇਜਰ ਸਿੰਘ ਮੰਨਣ, ਧਿਆਨ ਸਿੰਘ ਫੌਜੀ ਮੰਨਣ, ਪ੍ਰਧਾਨ ਗੁਰਭੇਜ ਸਿੰਘ ਬਿੱਲਾ ਜਗਤਪੁਰਾ, ਪ੍ਰਧਾਨ ਜਸਵੰਤ ਸਿੰਘ ਸੋਹਲ, ਪ੍ਰਧਾਨ ਹਰਪਾਲ ਸਿੰਘ ਲਾਡੀ ਬੁਰਜ 195 , ਪ੍ਰਧਾਨ ਮੱਸਾ ਸਿੰਘ ਢੰਡ, ਟੋਲ ਪਲਾਜੇ ਮੰਨਣ ਤੇ ਡੀਊਟੀ ਬਲਾਕ ਗੰਡੀਵਿੰਡ ਦੀ ਲੱਗੀ ਹੋਈ ਹੈ ਪ੍ਰਧਾਨ ਮੁਖਤਿਆਰ ਸਿੰਘ ਤੋਂ ਇਲਾਵਾ ਸੈਂਕੜੇ ਕਿਸਾਨ ਆਗੂ ਹਾਜ਼ਰ ਸਨ।

# ਈ ਟੀ ਟੀ 5994 ਭਰਤੀ : ਪ੍ਰਸ਼ਾਸਨ ਨੇ ਟੈਂਕੀ 'ਤੇ ਬੈਠੇ ਬੇਰੁਜ਼ਗਾਰ ਅਧਿਆਪਕਾਂ ਦਾ ਰੋਟੀ-ਪਾਣੀ ਰੋਕਿਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਪਿਛਲੇ 15 ਦਿਨਾਂ ਤੋਂ ਟੈਂਕੀ 'ਤੇ ਬੈਠੇ ਈ ਟੀ ਟੀ ਟੈਟ ਪਾਸ 5994 ਬੇਰੁਜ਼ਗਾਰ ਅਧਿਆਪਕ ਯੂਨੀਅਨ ਦੀਆਂ ਮੰਗਾਂ ਨੂੰ ਲਗਾਤਾਰ ਸਰਕਾਰ ਵੱਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ। ਜਿਸ ਦੇ ਰੋਸ ਵਜੋਂ ਸ਼ੁਕਰਵਾਰ ਨੂੰ ਯੂਨੀਅਨ ਦੇ ਨੁਮਾਇੰਦਿਆਂ ਨੇ ਸਿੱਖਿਆ ਮੰਤਰੀ ਦੀ ਰਿਹਾਇਸ਼ ਵੱਲ ਕੂਚ ਕਰ ਦਿੱਤਾ। ਸਿੱਖਿਆ ਮੰਤਰੀ ਦੀ ਰਿਹਾਇਸ਼ ਘੇਰਨ 'ਤੇ ਗੁੱਸੇ 'ਚ ਆਏ ਜ਼ਿਲ੍ਹਾ ਰੂਪਨਗਰ ਪ੍ਰਸ਼ਾਸਨ ਨੇ ਤਾਨਾਸ਼ਾਹੀ ਫ਼ੁਰਮਾਨ ਸੁਣਾਉਂਦਿਆਂ ਟੈਂਕੀ ਉਪਰ ਬੈਠੇ ਦੋ ਬੇਰੁਜ਼ਗਾਰ ਅਧਿਆਪਕਾਂ ਆਦਰਸ਼ ਅਬੋਹਰ ਅਤੇ ਅਨਮੋਲ ਬੱਲੂਆਣਾ ਲਈ ਰੋਟੀ ਪਾਣੀ ਉਪਰ ਭੇਜਣ 'ਤੇ ਮੁਕੰਮਲ ਰੋਕ ਲਗਾ ਦਿੱਤੀ ਹੈ। ਜਿਸ ਤੋਂ ਭੜਕੇ ਟੈਂਕੀ ਵਾਲੇ ਸਾਥੀਆਂ ਨੇ ਭੁੱਖਣ ਭਾਣੇ ਉਪਰ ਹੀ ਮਰਨ ਦਾ ਐਲਾਨ ਕਰ ਦਿੱਤਾ ਹੈ। ਇਸ ਮੌਕੇ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਬੱਗਾ ਖੁਡਾਲ, ਪਰਮਪਾਲ ਫਾਜ਼ਿਲਕਾ, ਬਲਿਹਾਰ ਸਿੰਘ, ਬੰਟੀ ਕੰਬੋਜ, ਕੁਲਵਿੰਦਰ ਬਰੇਟਾ, ਅਸ਼ੋਕ ਬਾਵਾ, ਹਰੀਸ਼ ਫਾਜ਼ਿਲਕਾ ਅਤੇ ਪ੍ਰਗਟ ਬੋਹਾ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਰੂਪਨਗਰ ਦਾ ਪ੍ਰਸ਼ਾਸਨ ਇਸ ਹੱਦ ਤੱਕ ਆ ਗਏ ਹਨ। ਉਨ੍ਹਾਂ ਨੇ ਟੈਂਕੀ 'ਤੇ ਬੈਠੇ ਬੇਰੁਜ਼ਗਾਰਾਂ ਨੂੰ ਜ਼ਬਰਦਸਤੀ ਹੇਠਾਂ ਉਤਾਰਨ ਦੀ ਬਜਾਇ ਉਨ੍ਹਾਂ ਦਾ ਰੋਟੀ ਪਾਣੀ ਵੀ ਬੰਦ ਕਰ ਦਿੱਤਾ ਹੈ। ਜਿਸ ਦੇ ਚੱਲਦੇ ਦੋਨੋਂ ਬੇਰੁਜ਼ਗਾਰ ਸ਼ੁੱਕਰਵਾਰ ਸਵੇਰੇ ਤੋਂ ਭੁੱਖਣਭਾਣੇ ਹੀ ਟੈਂਕੀ ਉਪਰ ਡਟੇ ਹੋਏ ਹਨ। ਉਨ੍ਹਾਂ ਆਖਿਆ ਕਿ ਟੈਂਕੀ ਉਪਰ ਬੈਠੇ ਸਾਥੀ ਦੋਨੋਂ ਬੇਰੁਜ਼ਗਾਰ ਅਧਿਆਪਕ ਹੁਣ ਬਿਨਾ ਰੋਟੀ ਪਾਣੀ ਦੇ ਹੀ ਰਹਿਣਗੇ ਅਤੇ ਨਿਯੁਕਤੀ ਪੱਤਰ ਜਾਰੀ ਹੋਣ ਮਗਰੋਂ ਹੀ ਹੇਠਾਂ ਉਤਰਨਗੇ।

ਪਿੰਡ ਗੰਭੀਰਪੁਰ ਵਿਖੇ ਟੈਂਕੀ ਹੇਠ ਪਿਛਲੇ 21 ਦਿਨਾਂ ਤੋਂ ਚੱਲ ਰਹੇ ਰੋਸ ਧਰਨੇ 'ਚ ਵੀਰਵਾਰ ਨੂੰ ਰਾਤ 9.30 ਵਜੇ ਅਚਾਨਕ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਪਹੁੰਚ ਗਏ। ਜਿਨ੍ਹਾਂ ਨੇ ਹਰ ਵਾਰ ਦੀ ਤਰਾਂ ਇੱਕ ਹੀ ਰਟਿਆ ਰਟਾਇਆ ਜਵਾਬ ਦਿੱਤਾ ਕਿ ਭਰਤੀ ਜਲਦ ਹੀ ਪੂਰੀ ਕੀਤੀ ਜਾਵੇਗੀ। ਉਨ੍ਹਾਂ ਨੇ ਦੋਨੋਂ ਬੇਰੁਜ਼ਗਾਰਾਂ ਨੂੰ ਹੇਠਾਂ ਉਤਰਨ ਲਈ ਵੀ ਕਿਹਾ।ਇਸ ਸਬੰਧੀ ਜਦੋਂ ਥਾਣਾ ਮੁਖੀ ਦਾਨਿਸ਼ਵੀਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਇਹਨਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ। ਟੈਂਕੀ 'ਤੇ ਚੜੇ ਨੌਜਵਾਨਾਂ 'ਚੋਂ ਇੱਕ ਲੜਕੇ ਦੀ ਸਿਹਤ ਖਰਾਬ ਹੋ ਗਈ ਸੀ ਤਾਂ ਡਾਕਟਰ ਨੂੰ ਵੀ ਬੁਲਾ ਕੇ ਇਲਾਜ ਕਰਾਇਆ ਗਿਆ। ਪ੍ਰਸ਼ਾਸਨ ਵੱਲੋਂ ਇਹਨਾਂ ਦੀ ਸੁਰੱਖਿਆ ਲਈ ਵੀ ਪ੍ਰਬੰਧ ਕੀਤੇ ਗਏ ਹਨ। ਟੈਂਕੀ ਤੋਂ ਨੌਜਵਾਨ ਡਿੱਗ ਨਾ ਜਾਨ ਇਸ ਲਈ ਨੈਟ ਲਵਾਏ ਗਏ ਨੇ। ਹਰ ਸਮੇਂ ਐਂਬੂਲੈਂਸ ਖੜੀ ਕੀਤੀ ਗਈ ਹੈ। ਇਹਨਾਂ ਦੇ ਆਗੂ ਆ ਕੇ ਪਹਿਲਾਂ ਮੇਰੇ ਨਾਲ ਗੱਲ ਕਰਦੇ ਨੇ ਤੇ ਇਹਨਾਂ ਦਾ ਖਾਣਾ ਭੇਜਿਆ ਜਾਂਦਾ ਹੈ।

## ਬੰਗਾ ਪੁਲਿਸ ਵਲੋਂ ਅਫੀਮ ਸਮੇਤ ਦੋ ਕਾਬੂ



**ਬੰਗਾ (ਅਵਤਾਰ ਕਲੇਰ)** ਐਸ.ਐਸ.ਪੀ ਮਹਿਤਾਬ ਸਿੰਘ ਆਈ ਪੀ ਐਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਹਦਾਇਤਾਂ ਅਤੇ ਡੀ.ਐਸ.ਪੀ ਹਰਜੀਤ ਸਿੰਘ ਪੀ ਪੀ ਐਸ ਸਬ ਡਵੀਜਨ ਬੰਗਾ ਦੀ ਅਗਵਾਈ ਹਠ ਥਾਣਾ ਸਿਟੀ ਬੰਗਾ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਪੁਲਿਸ ਪਾਰਟੀ ਸਮੇਤ ਪਿੰਡ ਪੂਨੀਆਂ ਵੱਲ ਜਾ ਰਹੇ ਸੀ ਤਾਂ ਜਦੋਂ ਪੁਲਿਸ ਪਾਰਟੀ ਪੂਨੀ ਹੁਆ ਅੱਡਾ ਥਾਣਾ ਸਿਟੀ ਬੰਗਾ ਪੁੱਜੀ ਤਾਂ ਪਿੰਡ ਗੋਸਲ ਦੀ ਤਰਫੋਂ ਬੁਲਟ ਮੋਟਰਸਾਈਕਲ ਪਰ ਦੋ ਮੋਨੇ ਨੌਜਵਾਨ ਸਵਾਰ ਆਉਂਦੇ ਦਿਖਾਈ ਦਿੱਤੇ। ਨੌਜਵਾਨਾ ਨੇ ਸਾਹਮਣੇ ਤੋਂ ਆਉਂਦੀ ਪੁਲਿਸ ਪਾਰਟੀ ਦੀ ਗੱਡੀ ਦੇਖ ਕੇ ਆਪਣੀਆਂ ਜੇਬਾਂ ਵਿਚੋਂ ਘਾਹ ਫੂਸ ਵਿੱਚ ਲਫਾਫੇ ਸੁੱਟੇ। ਦੋਨਾਂ ਨੌਜਵਾਨਾਂ ਨੂੰ ਪੁਲਿਸ ਨੇ ਬੁਲਟ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਉਹਨਾਂ ਆਪਣਾਂ ਨਾਮ ਗੁਰਇਕਬਾਲ ਉਰਫ ਗੋਰਵ ਪੁੱਤਰ ਸਤਪਾਲ ਵਾਸੀ ਮਜਾਰਾ ਨੌ ਆਬਾਦ ਥਾਣਾ ਸਦਰ ਬੰਗਾ ਅਤੇ ਦੂਜੇ ਨੇ ਆਪਣਾ ਨਾਮ ਜਸਕਰਨ ਕੁਮਾਰ ਪੁੱਤਰ ਰਜਿੰਦਰ ਕੁਮਾਰ ਵਾਸੀ ਗੁਣਾਚੌਰ ਥਾਣਾ ਮੁਕੰਦਪੁਰ ਦੱਸਿਆ। ਬੁਲਟ ਮੋਟਰਸਾਈਕਲ ਦਾ ਨੰਬਰ ਪੀ ਬੀ 32 ਐਕਸ 5913 ਪੜਿਆ ਗਿਆ। ਲਿਫਾਫੇ ਚੈਕ ਕੀਤੇ ਤਾ ਦੋਨਾ ਲਿਫਾਫਿਆ ਵਿਚ ਅਫੀਮ ਨਿਕਲੀ। ਥਾਣਾ ਸਿਟੀ ਬੰਗਾ ਪੁਲਿਸ ਨੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਭਾਸ਼ਾ ਵਿਭਾਗ ਵੱਲੋਂ ਬਾਲ ਸਾਹਿਤ ਕੁਇਜ਼ ਮੁਕਾਬਲੇ



**ਮੋਹਾਲੀ (ਗੁਰਜੀਤ ਬਿੱਲਾ)** ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਖਾਲਸਾ ਕਾਲਜ, ਫ਼ੇਜ਼ 3 (ਏ), ਮੋਹਾਲੀ ਵਿਖੇ ਜ਼ਿਲ੍ਹੇ ਨਾਲ ਸਬੰਧਿਤ ਵਿਦਿਆਰਥੀਆਂ ਦੇ ਵੱਖ-ਵੱਖ ਵਰਗਾਂ ਦੇ ਲਿਖਤੀ ਬਾਲ ਸਾਹਿਤ ਕੁਇਜ਼ ਮੁਕਾਬਲੇ ਕਰਵਾਏ ਗਏ।ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਮੁਕਾਬਲਿਆਂ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਪਤਵੰਤਿਆਂ ਨੂੰ ਜੀ ਆਇਆਂ ਨੂੰ ਕਿਹਾ ਗਿਆ ਅਤੇ ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਲਈ ਤਿਆਰੀ ਕਰਵਾ ਕੇ ਭੇਜਣ ਲਈ ਸਕੂਲ ਮੁਖੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ।ਕੁਇਜ਼ ਮੁਕਾਬਲਿਆਂ ਦੇ ਨਿਯਮਾਂ ਅਨੁਸਾਰ ਇਹ ਮੁਕਾਬਲੇ ਲਿਖਤੀ ਕਰਵਾਏ ਗਏ ਅਤੇ ਇਹਨਾਂ ਲਈ ਇੱਕ ਘੰਟਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ, ਧਰਮ, ਸ਼ਖ਼ਸੀਅਤਾਂ, ਸੱਭਿਆਚਾਰ, ਇਤਿਹਾਸ ਅਤੇ ਭੂਗੋਲ ਨਾਲ ਸਬੰਧਿਤ ਕੁੱਲ 100 ਪ੍ਰਸ਼ਨ ਪੁੱਛੇ ਗਏ ਤੇ ਪ੍ਰਸ਼ਨ ਪੱਤਰ ਦੇ ਕੁੱਲ ਅੰਕ 400 ਸਨ।ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਦੱਸਿਆ ਗਿਆ ਕਿ ਵਰਗ 'ੳ' (ਛੇਵੀਂ ਤੋਂ ਅੱਠਵੀਂ) ਵਿੱਚ ਪਹਿਲਾ ਸਥਾਨ ਆਰਵ ਸ਼ਰਮਾ (ਸੇਂਟ ਜੋਸਫ਼ ਸਕੂਲ, ਮਨੌਲੀ ਸੂਰਤ), ਦੂਜਾ ਸਥਾਨ ਇਸ਼ਮਨ ਕੌਰ (ਸ਼ਿਵਾਲਿਕ ਪਬਲਿਕ ਸਕੂਲ -56, ਮੋਹਾਲੀ ) ਅਤੇ ਤੀਜਾ ਸਥਾਨ ਖੁਸ਼ਨੀਤ ਕੌਰ (ਸੰਤ ਈਸ਼ਰ ਸਿੰਘ ਪਬਲਿਕ ਸਕੂਲ-7, ਮੋਹਾਲੀ) ਨੇ ਪ੍ਰਾਪਤ ਕੀਤਾ। ਇਸੇ ਪ੍ਰਕਾਰ ਵਰਗ 'ਅ' (ਨੌਵੀਂ ਤੋਂ ਬਾਰ੍ਹਵੀਂ) ਵਿੱਚ ਪਹਿਲਾ ਸਥਾਨ ਰਜਨਦੀਪ ਕੌਰ (ਸਕੂਲ ਆਫ ਐਮੀਨੈਂਸ, ਖਰੜ), ਦੂਜਾ ਸਥਾਨ ਹਰਨਵਰੂਪ ਕੌਰ (ਸ਼ਿਵਾਲਿਕ ਪਬਲਿਕ ਸਕੂਲ -56, ਮੋਹਾਲੀ) ਅਤੇ ਤੀਜਾ ਸਥਾਨ ਨਰਜੋਤ ਕੌਰ (ਸ.ਹ.ਸ.ਗਰਚਾਂ) ਨੇ ਪ੍ਰਾਪਤ ਕੀਤਾ।ਇਸੇ ਤਰ੍ਹਾਂ 'ੲ' ਵਰਗ (ਗ੍ਰੈਜੂਏਸ਼ਨ) ਵਿੱਚੋਂ ਪਹਿਲਾ ਸਥਾਨ ਮਨਪ੍ਰੀਤ ਕੌਰ (ਸਰਕਾਰੀ ਕਾਲਜ, ਡੇਰਾਬਸੀ), ਦੂਜਾ ਸਥਾਨ ਚਰਨਪ੍ਰੀਤ ਕੌਰ (ਸ਼ਹੀਦ ਕਾਂਸ਼ੀ ਰਾਮ ਮੈਮੋ. ਕਾਲਜ, ਭਾਗੋਮਾਜਰਾ) ਅਤੇ ਤੀਜਾ ਸਥਾਨ ਹਰਪ੍ਰੀਤ ਕੌਰ (ਸ਼ਹੀਦ ਕਾਂਸ਼ੀ ਰਾਮ ਮੈਮੋ. ਕਾਲਜ, ਭਾਗੋਮਾਜਰਾ) ਨੇ ਪ੍ਰਾਪਤ ਕੀਤਾ।ਜ਼ਿਲ੍ਹੇ ਵਿੱਚੋਂ ਵੱਖ ਵੱਖ ਵਰਗਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਰਾਜ ਪੱਧਰੀ ਕੁਇਜ਼ ਮੁਕਾਬਲਿਆਂ ਵਿੱਚ ਭਾਗ ਲੈਣਗੇ।ਇਸ ਮੌਕੇ ਸੀਨੀਅਰ ਸਹਾਇਕ ਮਨਜੀਤ ਸਿੰਘ ਅਤੇ ਸਮੂਹ ਸਟੈਨੋਗ੍ਰਾਫ਼ੀ ਵਿਦਿਆਰਥੀ ਵੀ ਮੌਜੂਦ ਸਨ। ਇਹਨਾਂ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਖਾਲਸਾ ਕਾਲਜ, ਮੋਹਾਲੀ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

## ਕੁਲਵੰਤ ਸਿੰਘ ਨੇ ਨਵੀਂਆਂ ਚੁਣੀਆਂ ਪੰਚਾਇਤਾਂ ਦਾ ਕੀਤਾ ਸਨਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਭਰ 'ਚ 15 ਅਕਤੂਬਰ ਨੂੰ ਹੋਈਆਂ ਗ੍ਰਾਮ ਪੰਚਾਇਤੀ ਚੋਣਾਂ 'ਚ ਵਿਧਾਨ ਸਭਾ ਹਲਕਾ ਐਸ ਏ ਐਸ ਨਗਰ ਅਧੀਨ ਪੈਂਦੇ ਪਿੰਡਾਂ ਵਿਖੇ ਚੋਣਾਂ ਸ਼ਾਂਤੀਪੂਰਵਕ ਢੰਗ ਨਾਲ ਹੋਣ ਉਪਰੰਤ ਚੁਣੀਆਂ ਗਈਆਂ ਪੰਚਾਇਤਾਂ (ਸਰਪੰਚ ਅਤੇ ਪੰਚ) ਵੱਡੇ ਪੱਧਰ 'ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਨੂੰ ਮਿਲਣ ਪਹੁੰਚੀਆਂ ਹਨ। ਇਹ ਸਿਲਸਲਾ ਤੀਜੇ ਦਿਨ ਵੀ ਜਾਰੀ ਹੈ। ਬੀਤੇ ਦਿਨ 17 ਅਕਤੂਬਰ ਤੱਕ 37 ਪਿੰਡਾਂ ਦੀਆਂ ਪੰਚਾਇਤਾਂ ਹਲਕਾ ਵਿਧਾਇਕ ਨੂੰ ਮਿਲਕੇ ਭਰੋਸਾ ਦੇ ਚੁੱਕੀਆਂ ਹਨ ਕਿ ਉਹ ਹਲਕਾ ਵਿਧਾਇਕ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਇਮਾਨਦਾਰੀ ਨਾਲ ਕੰਮ ਕਰਕੇ ਆਪਣੇ ਪਿੰਡਾਂ ਦਾ ਵਿਕਾਸ ਕਰਨਗੀਆਂ।18 ਅਕਤੂਬਰ ਨੂੰ 11 ਪਿੰਡਾਂ ਦਾਊਂ, ਨੋਗਿਆਰੀ, ਬਲੌਂਗੀ ਕਲੋਨੀ, ਬਲਿਆਲੀ, ਝਾਮਪੁਰ, ਮਾਣਕ ਮਾਜਰਾ, ਮਨਾਣਾਂ, ਝਿਉਰਹੇੜੀ, ਨਡਿਆਲੀ, ਬਹਿਲੋਲਪੁਰ, ਅਤੇ ਸਿਆਊ ਦੇ ਲੋਕਾਂ ਵੱਲੋਂ ਚੁਣੀਆਂ ਪੰਚਾਇਤਾਂ ਦੇ ਸਰਪੰਚ ਅਤੇ ਪੰਚ ਹਲਕਾ ਵਿਧਾਇਕ ਨੂੰ ਮਿਲੇ ਅਤੇ ਚੋਣਾਂ ਅਮਨ ਸ਼ਾਂਤੀ ਅਤੇ ਬਿਨ੍ਹਾਂ ਕਿਸੇ ਭੇਦਭਾਵ ਦੇ ਕਰਵਾਉਣ ਲਈ ਸਰਕਾਰ ਖਾਸ ਕਰਕੇ ਹਲਕਾ ਵਿਧਾਇਕ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀ ਸੋਚ ਦੀ ਲੀਹ 'ਤੇ ਚੱਲਦੇ ਹੋਏ ਆਪਣੇ ਪਿੰਡਾਂ ਦਾ ਵਿਕਾਸ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕਰਨਗੇ।

## ਪੰਚਾਇਤ ਮੈਂਬਰ ਨਾਨਕ ਨਗਰੀ ਵਿਖੇ ਹੋਏ ਨਤਮਸਤਕ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਬਲਾਕ ਫਗਵਾੜਾ ਦੇ ਪਿੰਡ ਮਹੇੜੂ ਵਿਖੇ ਹੋਈਆਂ ਪੰਚਾਇਤੀ ਚੋਣਾਂ ਵਿਚ ਜੇਤੂ ਕਰਾਰ ਦਿੱਤੇ ਜਾਣ ਉਪਰੰਤ ਸਰਪੰਚ ਰਾਣੀ ਸੰਧੂ



ਪਤਨੀ ਸੁਰਿੰਦਰ ਸੰਧੂ ਨੇ ਪੰਚਾਇਤ ਮੈਂਬਰਾਂ ਅਤੇ ਪਤਵੰਤਿਆਂ ਸਮੇਤ ਨਾਨਕ ਨਗਰੀ ਜੀ ਟੀ ਰੋਡ ਫਗਵਾੜਾ ਸਥਿਤ ਡੇਰਾ ਬਾਬਾ ਫੂਲ ਨਾਥ ਵਿਖੇ ਨਤਮਸਤਕ ਹੁੰਦਿਆਂ ਗੱਦੀ ਨਸ਼ੀਨ ਸੰਤ ਕ੍ਰਿਸ਼ਨ ਨਾਥ ਚਹੇੜੂ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ।ਇਸ ਦੌਰਾਨ ਡੇਰੇ ਦੇ ਪ੍ਰਬੰਧਕਾਂ ਵਲੋਂ ਸਰਪੰਚ ਰਾਣੀ ਸੰਧੂ ਅਤੇ ਹੋਰਨਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ। ਉਪਰੰਤ ਗੱਲਬਾਤ ਕਰਦੇ ਹੋਏ ਸਰਪੰਚ ਰਾਣੀ ਸੰਧੂ ਨੇ ਸਮੂਹ ਵੋਟਰਾਂ ਅਤੇ ਸਪੋਰਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਜੋ ਵਾਅਦੇ ਉਹਨਾਂ ਨੇ ਚੋਣਾਂ ਸਮੇਂ ਕੀਤੇ ਸੀ, ਉਹਨਾਂ ਨੂੰ ਜਰੂਰ ਪੂਰਾ ਕਰਨਗੇ। ਉਹਨਾਂ ਨੇ ਸਮੁੱਚੀ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਨੂੰ ਅਧੁਨਿਕ ਸਹੂਲਤਾਂ ਨਾਲ ਲੈਸ ਬਨਾਉਣ ਦੀ ਗੱਲ ਵੀ ਆਖੀ। ਇਸ ਮੌਕੇ ਪਿੰਡ ਦੇ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਰਿੰਪਲ ਕੁਮਾਰ ਬਣੇ ਵਜੀਦੋਵਾਲ ਦੇ ਸਰਪੰਚ



**ਫਗਵਾੜਾ (ਡਾ. ਰਮਨ)** ਪਿੰਡ ਵਜੀਦੋਵਾਲ ਵਿਖੇ ਹੋਈਆਂ ਪੰਚਾਇਤੀ ਚੋਣਾਂ ਵਿੱਚ ਰਿੰਪਲ ਕੁਮਾਰ ਨੂੰ ਸਰਪੰਚ ਚੁਣਿਆ ਗਿਆ ਹੈ।ਆਪਣੀ ਜਿੱਤ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਵੇਂ ਚੁਣੇ ਗਏ ਸਰਪੰਚ ਰਿੰਪਲ ਕੁਮਾਰ ਨੇ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਫਗਵਾੜਾ ਵਿਖੇ ਗੱਲਬਾਤ ਦੌਰਾਨ ਕਿਹਾ ਕਿ ਪਿੰਡ ਦੇ ਵੋਟਰਾਂ ਨੇ ਉਹਨਾਂ ਪ੍ਰਤੀ ਜੋ ਵਿਸ਼ਵਾਸ ਪ੍ਰਗਟਾਇਆ ਹੈ, ਉਸ ਤੇ ਪੂਰਾ ਉੱਤਰਦੇ ਹੋਏ ਪਿੰਡ ਦਾ ਸਰਬ ਪੱਖੀ ਵਿਕਾਸ ਕਰਵਾਇਆ ਜਾਵੇਗਾ। ਉਹਨਾਂ ਨੇ ਬੀ ਡੀ ਪੀ ਓ ਦਫਤਰ ਦੇ ਸਟਾਫ ਸਮੇਤ ਲੋਕਲ ਪ੍ਰਸ਼ਾਸਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਹਨਾਂ ਨੇ ਚੋਣ ਪ੍ਰਕ੍ਰਿਆ ਨੂੰ ਅਮਨ-ਸ਼ਾਂਤੀ ਅਤੇ ਸੁਚੱਜੇ ਮਾਹੌਲ ਵਿਚ ਪੂਰਾ ਕਰਵਾਇਆ।ਇਸ ਮੌਕੇ ਪੰਚਾਇਤ ਅਫਸਰ ਜਗਜੀਤ ਸਿੰਘ ਪਰਮਾਰ, ਪੰਚਾਇਤ ਸਕੱਤਰ ਮਲਕੀਤ ਚੰਦ ਕੰਗ ਅਤੇ ਵੀ.ਡੀ.ਓ. ਦਲਬੀਰ ਸਿੰਘ ਨੇ ਸਰਪੰਚ ਰਿੰਪਲ ਕੁਮਾਰ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਭਰੋਸਾ ਦਿੱਤਾ ਕਿ ਵਿਭਾਗ ਵਲੋਂ ਪਿੰਡ ਦੇ ਵਿਕਾਸ ਵਿਚ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਸੁਪਰਡੈਂਟ ਰਣਜੀਤ ਸਿੰਘ, ਨਰਿੰਦਰ ਕੁਮਾਰ ਪੰਚਾਇਤ ਮੈਂਬਰ ਵਜੀਦੋਵਾਲ, ਸ਼ਿਵ ਯਸ਼ ਆਦਿ ਵੀ ਹਾਜਰ ਸਨ।

## ਕਰੀਮਪੁਰ ਤੋਂ ਮਨਜੀਤ ਸਰਪੰਚ ਬਣੀ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪਿੰਡ ਕਰੀਮਪੁਰ ਵਿਖੇ ਪੰਚਾਇਤੀ ਚੋਣਾਂ ਦਾ ਅਮਲ ਅਮਨ ਢੰਗ ਨਾਲ ਨੇਪਰੇ ਚੜ੍ਹ ਗਿਆ।ਪਿੰਡ ਦੀ ਸਰਪੰਚੀ ਦੀ ਚੋਣ ਵਿੱਚ ਮਨਜੀਤ ਜੇਤੂ ਰਹੀ। ਪਿੰਡ ਦੀਆਂ ਕੁੱਲ ਵੋਟਾਂ 934 ਵੋਟਾਂ ਵਿਚੋਂ 618 ਵੋਟਾਂ ਪੋਲ ਹੋਈਆਂ ਜਿਸ ਵਿੱਚੋਂ 80 ਵੋਟਾਂ ਲੈ ਕੇ ਮਨਜੀਤ ਕੌਰ ਜਿੱਤ ਪ੍ਰਾਪਤ ਕੀਤੀ। ਬਿਨਾਂ ਮੁਕਾਬਲਾ ਬਲਜੀਤ ਕੌਰ, ਅਮਰਜੀਤ ਕੌਰ ਪੰਚ ਚੁਣੇ ਗਏ। ਰਾਜਵਿੰਦਰ ਕੌਰ, ਸੰਤੋਖ ਲਾਲ ਭਜਨੋ, ਗੁਰਨੇਕ ਪਿੰਡ ਦੇ ਸਾਰੇ ਦੇ ਸਾਰੇ ਜੇਤੂ ਰਹੇ। ਉਹਨਾਂ ਇਸ ਜਿੱਤ ਦੇ ਲਈ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ

## ਜੇ ਸੀ ਟੀ ਮਿੱਲ ਇੰਟਕ ਯੂਨੀਅਨ ਕਾਂਗਰਸ ਨੇ ਰੈਲੀ ਕਰਕੇ ਮਿੱਲ ਮਾਲਕਾਂ ਪ੍ਰਤੀ ਗੁੱਸਾ ਜ਼ਾਹਰ ਕੀਤਾ



**ਫਗਵਾੜਾ (ਡਾ ਰਮਨ)** ਜੇ.ਸੀ.ਟੀ ਮਿੱਲ ਇੰਟਕ ਯੂਨੀਅਨ ਕਾਂਗਰਸ ਵੱਲੋਂ ਮਿੱਲ ਕਾਮਿਆਂ ਦੀਆਂ ਮੰਗਾਂ ਨੂੰ ਲੈ ਕੇ ਰੋਸ ਰੈਲੀ ਕੱਢੀ ਗਈ ਇਸ ਦੌਰਾਨ ਮਿੱਲ ਦੇ ਗੇਟ 'ਤੇ ਧਰਨਾ ਦਿੱਤਾ ਗਿਆ ਅਤੇ ਮਿੱਲ ਮਾਲਕਾਂ ਸ਼ਮੀਰ ਥਾਪਰ ਅਤੇ ਮੁਕੁਲਿਕਾ ਸਿਨਹਾ ਦੇ ਪੁਤਲੇ ਵੀ ਫੂਕੇ ਗਏ। ਗੱਲਬਾਤ ਦੌਰਾਨ ਯੂਨੀਅਨ ਦੇ ਫਗਵਾੜਾ ਪ੍ਰਧਾਨ ਧਰਮਿੰਦਰ ਨੇ ਦੱਸਿਆ ਕਿ ਮਿੱਲ ਕਰਮਚਾਰੀ ਆਪਣੀਆਂ ਤਨਖਾਹਾਂ ਅਤੇ ਹੋਰ ਵਿੱਤੀ ਅਦਾਇਗੀ ਸਬੰਧੀ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ ਕਰ ਰਹੇ ਹਨ ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਪੁਲਸ ਤੇ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਣ ਦੇ ਬਾਵਜੂਦ ਮਿੱਲ ਮਾਲਕਾਂ ਦੀ ਪਹੁੰਚ ਉੱਚੀ ਹੋਣ ਕਾਰਨ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਇਸ ਤੋਂ ਤੰਗ ਆ ਕੇ ਰੋਸ ਰੈਲੀ ਕੱਢੀ ਗਈ ਅਤੇ ਮਿੱਲ ਦੇ ਗੇਟ 'ਤੇ ਧਰਨਾ ਦੇ ਕੇ ਮਿੱਲ ਮਾਲਕਾਂ ਦੇ ਪੁਤਲੇ ਫੂਕੇ ਗਏ। ਉਨ੍ਹਾਂ ਕਿਹਾ ਕਿ ਹਾਲ ਹੀ 'ਚ ਮਾਲਕਾਂ ਵੱਲੋਂ ਲੱਖਾਂ ਰੁਪਏ ਦੇ ਬਿਜਲੀ ਬਿੱਲਾਂ ਦੀ ਅਦਾਇਗੀ ਨਾ ਕੀਤੇ ਜਾਣ ਕਾਰਨ ਪਾਵਰਕਾਮ ਵਿਭਾਗ ਨੇ ਬਿਜਲੀ ਦਾ ਕੁਨੈਕਸਨ ਕੱਟ ਦਿੱਤਾ ਸੀ, ਜਿਸ ਕਾਰਨ ਬੱਚਿਆਂ, ਬਜੁਰਗਾਂ ਅਤੇ ਔਰਤਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਮਿੱਲ ਮਾਲਕ ਜਾਣਬੁੱਝ ਕੇ ਮਜਦੂਰਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ ਇਸ ਲਈ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਮਿੱਲ ਮਾਲਕਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਮਿੱਲ ਮਜਦੂਰਾਂ ਦੀਆਂ ਬਕਾਇਆ ਤਨਖਾਹਾਂ, ਭੱਤੇ, ਓਵਰਟਾਈਮ, ਪੀ.ਐਫ., ਆਦਿ ਨੂੰ ਕਲੀਅਰ ਕੀਤਾ ਜਾਵੇ।

## ਡਾ. ਗੁਰਬਖਸ਼ ਸਿੰਘ ਸਵਾਮੀ ਬਣੇ ਕਿਸ਼ਨਗੜ੍ਹ ਦੇ ਸਰਪੰਚ



**ਅਲਾਵਲਪੁਰ (ਮਦਨ ਬੰਗੜ)**- ਕਿਸ਼ਨਗੜ੍ਹ ਦੀ ਗ੍ਰਾਮ ਪੰਚਾਇਤ ਦੀ ਚੋਣ ਦੌਰਾਨ ਕਿਸ਼ਨਗੜ੍ਹ 'ਚ ਸਰਪੰਚੀ ਦੇ ਉਮੀਦਵਾਰ ਡਾ. ਗੁਰਬਖਸ਼ ਸਿੰਘ ਸੁਆਮੀ ਨੇ ਆਪਣੇ ਵਿਰੋਧੀ ਉਮੀਦਵਾਰ ਅਮਰੀਕ ਸਿੰਘ ਜੌਹਲ ਨੂੰ 138 ਵੋਟਾਂ ਦੇ ਫਰਕ ਨਾਲ ਹਰਾ ਕੇ ਸਰਪੰਚੀ ਦੀ ਚੋਣ 'ਚ ਜਿੱਤ ਪ੍ਰਾਪਤ ਕੀਤੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾ ਉਨ੍ਹਾਂ ਦੀ ਧਰਮ ਪਤਨੀ ਕਰਮਜੀਤ ਕੌਰ ਵੀ ਪਿੰਡ ਕਿਸ਼ਨਗੜ੍ਹ ਦੀ ਗ੍ਰਾਮ ਪੰਚਾਇਤ ਨਾਲ ਬਤੌਰ ਸਰਪੰਚ ਸੇਵਾਵਾਂ ਨਿਵਾ ਚੁੱਕੇ ਹਨ।ਪੰਚਾਇਤੀ ਚੋਣਾਂ ਦੇ ਐਲਾਨ ਉਪਰੰਤ ਪਿੰਡ ਦੇ ਮੋਹਤਵਾਰ ਸੱਜਣਾਂ ਵੱਲੋਂ ਆਪਸੀ ਰਜ਼ਾਮੰਦੀ ਤੇ ਸਰਬਸੰਮਤੀ ਨਾਲ ਮਲਕੀਤ ਚੰਦ, ਜਸਵਿੰਦਰ ਕੌਰ, ਅਮਨਦੀਪ ਕੁਮਾਰ, ਕਾਂਤਾ ਦੇਵੀ ਅਤੇ ਜਸਵੀਰ ਕੌਰ ਆਦਿ ਨੂੰ ਮੈਂਬਰ ਪੰਚਾਇਤ ਚੁਣ ਲਿਆ ਜਦਕਿ ਵੋਟਾਂ ਵਾਲੇ ਦਿਨ ਸਿਰਫ ਦੋ ਪੰਚੀ ਦੀਆਂ ਸੀਟਾਂ ਲਈ ਹੋਈ ਚੋਣ 'ਚ ਸੀ, ਜਿਸ ਦੌਰਾਨ ਕਰਮਜੀਤ ਕੌਰ ਤੇ ਨਰਿੰਦਰ ਸਿੰਘ ਨੇ ਵੀ ਆਪਣੇ-ਆਪਣੇ ਵਾਰਡ 'ਚੋਂ ਆਪਣੇ ਵਿਰੋਧੀ ਉਮੀਦਵਾਰਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ ।

ਇਸ ਮੌਕੇ ਜੇਤੂ ਸਰਪੰਚ ਡਾ. ਗੁਰਬਖਸ਼ ਸਵਾਮੀ ਨੇ ਸਮੂਹ ਕਿਸ਼ਨਗੜ੍ਹ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਵਿਸ਼ਵਾਸ ਨਾਲ ਪਿੰਡ ਨਿਵਾਸੀਆਂ ਨੇ ਮੈਨੂੰ ਅਤੇ ਪੰਚਾਇਤ ਨੂੰ ਚੁਣਿਆ ਹੈ ਉਹ ਪਿੰਡ ਦਾ ਵਿਕਾਸ ਕਰਾਉਣ ਲਈ ਬਿਨਾਂ ਕਿਸੇ ਬਿਤਕਰੇ ਤੇ ਭੇਦਭਾਵ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਨੰਬਰਦਾਰ ਰਸ਼ਪਾਲ ਸਿੰਘ ਫੁੱਲ, ਨੰਬਰਦਾਰ ਬਹਾਦਰ ਚੰਦ, ਜਸਪਾਲ ਸਿੰਘ ਪਾਲਾ, ਰਵਿੰਦਰ ਸਿੰਘ ਫੁੱਲ, ਸੁਖਵਿੰਦਰ ਸਿੰਘ ਤੇਜਾ, ਸੁਰਜੀਤ ਸਿੰਘ ਜੱਸਲ, ਬਲਵਿੰਦਰ ਸਿੰਘ, ਰਣਜੀਤ ਰਾਏ, ਸੁਰਿੰਦਰ ਪਾਲ, ਜਸਵੀਰ ਕੁਮਾਰ, ਸੁਰਿੰਦਰ ਕੁਮਾਰ, ਸੁਰਿੰਦਰ ਪਾਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਮੰਡੀਆਂ 'ਚ ਝੋਨੇ ਦੀ ਖ਼ਰੀਦ ਕਰਨ 'ਚ ਸਰਕਾਰ ਨਾਕਾਮ ਸਾਬਤ ਹੋਈ : ਚੀਮਾ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)** ਅਠਾਰਾਂ ਦਿਨ ਬੀਤ ਜਾਣ ਦੇ ਬਾਵਜੂਦ ਵੀ ਸੂਬਾ ਅਤੇ ਕੇਂਦਰ ਸਰਕਾਰ ਮੰਡੀਆਂ ਵਿੱਚੋਂ ਝੋਨੇ ਦੀ ਸਰਕਾਰੀ ਖਰੀਦ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ ਰਹੀ ਜਿਸ ਕਾਰਨ ਵਿਉਪਾਰੀਆਂ ਵੱਲੋਂ ਕਿਸਾਨਾਂ ਦੀ ਲੁੱਟ ਵੱਡੇ ਪੱਧਰ 'ਤੇ ਹੋ ਰਹੀ ਹੈ।ਅੱਜ ਪੰਜਾਬ ਦਾ ਮੁੱਖ ਮੰਤਰੀ ਅਤੇ ਹੋਰ ਮੰਤਰੀ ਖਾਮੋਸ਼ ਬੈਠੇ ਹਨ ਜਦ ਕਿ ਸੂਬੇ ਦੇ ਕਿਸਾਨ ਸਰਕਾਰੀ ਖਰੀਦ ਨੂੰ ਲੈ ਕੇ ਸੜਕਾਂ ਅਤੇ ਰੇਲ ਪੱਟੜੀਆਂ ਤੇ ਰੁਲ਼ ਰਹੇ ਹਨ।ਹਲਕੇ ਦੀ ਮੁੱਖ ਮੰਡੀ ਸੁਲਤਾਨਪੁਰ ਲੋਧੀ ਅਤੇ ਹੋਰ ਮੰਡੀਆਂ ਦਾ ਦੌਰਾ ਕਰਨ ਤੋਂ ਬਾਅਦ ਸਾਬਕਾ ਮੁੱਖ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਕਿਹਾ ਕਿ ਇਹ ਪੰਜਾਬ ਵਿੱਚ ਪਹਿਲੀ ਵਾਰ ਹੋ ਰਿਹਾ ਹੈ ਕਿ ਕਿਸਾਨਾਂ ਨੂੰ ਆਪਣਾ ਝੋਨਾ ਪ੍ਰਾਈਵੇਟ ਵਿਉਪਾਰੀਆਂ ਨੂੰ ਵੇਚਣਾ ਪੈ ਰਿਹਾ ਅਤੇ ਉਹ ਵੀ 400 ਤੋਂ 500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ।ਜਿਸ ਨਾਲ ਕਿਸਾਨਾਂ ਨੂੰ 14 ਤੋਂ 15 ਹਜ਼ਾਰ ਦੇ ਕਰੀਬ ਪ੍ਰਤੀ ਏਕੜ ਨੁਕਸਾਨ ਹੋ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕਾਂਗਰਸ ਸਰਕਾਰ ਵੇਲੇ ਕਿਸਾਨ ਮੰਡੀ ਵਿੱਚ ਝੋਨਾ ਲੈ ਕੇ ਆਉਂਦਾ ਸੀ ਤਾਂ ਉਸ ਨੂੰ 2 ਘੰਟਿਆਂ ਵਿੱਚ ਆਪਣੀ ਫ਼ਸਲ ਵੇਚ ਕੇ ਘਰ ਚਲਾ ਜਾਂਦਾ ਸੀ।48 ਘੰਟਿਆਂ ਵਿੱਚ ਕਿਸਾਨ ਦੇ ਖ਼ਾਤੇ ਵਿੱਚ ਪੈਸੇ ਵੀ ਪਾ ਦਿੱਤੇ ਜਾਂਦੇ ਸਨ।ਉਸ ਵੇਲੇ ਕਿਸਾਨ ਨੂੰ ਫ਼ਸਲ ਵੇਚਣ ਸਮੇਂ ਕਦੀ ਵੀ ਦਿੱਕਤ ਨਹੀਂ ਆਈ ਸੀ।ਅੱਜ ਮੰਡੀਆਂ ਵਿੱਚ ਰੁਲ ਰਿਹਾ ਕਿਸਾਨ ਕਾਂਗਰਸ ਸਰਕਾਰ ਨੂੰ ਵਾਰ ਵਾਰ ਯਾਦ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਅਗਾਊਂ ਪ੍ਰਬੰਧ ਕੀਤੇ ਹੁੰਦੇ ਤਾਂ ਅੱਜ ਕਿਸਾਨਾਂ ਦੀ ਮੰਡੀਆਂ ਵਿੱਚ ਲੁੱਟ ਨਾ ਹੁੰਦੀ। ਉਨ੍ਹਾਂ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਹਲਕੇ ਦੀ ਇੱਕ ਵੀ ਮੰਡੀ ਵਿੱਚ ਸਰਕਾਰੀ ਖਰੀਦ ਨਹੀਂ ਹੋ ਰਹੀ ਅਤੇ ਕਿਸਾਨਾਂ ਨੂੰ ਮਜ਼ਬੂਰੀ ਵੱਸ ਝੋਨਾ ਪ੍ਰਾਈਵੇਟ ਵਿਉਪਾਰੀਆਂ ਨੂੰ ਵੇਚਣਾ ਪੈ ਰਿਹਾ ਹੈ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਨਰਿੰਦਰ ਸਿੰਘ ਜੈਨਪੁਰ, ਨਰਿੰਦਰ ਪੰਨੂੰ, ਸਾਬਕਾ ਜ਼ਿਲ੍ਹਾ ਪ੍ਰਧਾਨ ਰਮੇਸ਼ ਡਡਵਿੰਡੀ, ਆੜਤੀਆ ਮਾਧਵ ਗੁਪਤਾ, ਚਰਨਜੀਤ ਸ਼ਰਮਾ, ਡਾਕਟਰ ਨਰਿੰਦਰ ਸਿੰਘ ਗਿੱਲਾਂ, ਜਗਪਾਲ ਸਿੰਘ ਚੀਮਾ, ਗੁਰਪ੍ਰੀਤ ਸਿੰਘ ਫੌਜੀ ਕਾਲੋਨੀ, ਕੁਲਦੀਪ ਸ਼ਰਮਾ ਆਦਿ ਹਾਜ਼ਰ ਸਨ।

## ਭੂੰਗਰਨੀ ਵਿਖੇ ਨਵੀਂ ਬਣੀ ਪੰਚਾਇਤ ਦਾ ਸਨਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਪਿੰਡ ਭੁੰਗਰਨੀ ਵਿਖੇ ਨਵੀਂ ਬਣੀ ਪੰਚਾਇਤ ਨੇ ਸਭ ਤੋਂ ਪਹਿਲਾਂ ਗੁਰੂ ਘਰ ਪੁੱਜ ਕੇ ਉਨ੍ਹਾ ਤੋਂ ਅਸ਼ੀਰਵਾਦ ਲਿਆ।ਇਸ ਮੌਕੇ ਪਿੰਡ ਵਾਸੀਆਂ ਅਤੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਪ੍ਰਬੰਧਕਾਂ ਵਲੋਂ ਨਵੀਂ ਪੰਚਾਇਤ ਨੂੰ ਸਿਰਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਦੀ ਭੁੰਗਰਨੀ ਦੀ ਸਰਪੰਚ ਗੁਰਦੀਪ ਕੋਰ ਜੰਜੂਆ ਨੇ ਅਪਣੇ ਵਿਰੋਧੀ ਖੜ੍ਹੇ ਦੋ ਉਮੀਦਵਾਰਾਂ ਨੂੰ ਪਿਛਾੜ ਕੇ ਵੱਡੀ ਗਿਣਤੀ ਵਿੱਚ ਜਿੱਤ ਹਾਸਲ ਕੀਤੀ।ਇਸੇ ਤਰ੍ਹਾਂ ਪੰਚ ਸਤਨਾਮ ਸਿੰਘ ਪਰਹਾਰ, ਪੰਚ ਦਵਿੰਦਰ ਸਿੰਘ ਖਾਲਸਾ, ਪੰਚ ਜਸਵੰਤ ਸਿੰਘ ਤੰਬੜ, ਪੰਚ ਮਨਿੰਦਰ ਕੌਰ, ਪੰਚ ਨਰਿੰਦਰ ਕੌਰ, ਪੰਚ ਸਲਮਾ ਪ੍ਰੀਆ, ਪੰਚ ਇੰਦਰਜੀਤ ਕੌਰ, ਪੰਚ ਲਖਵਿੰਦਰ ਸਿੰਘ ਲੱਕੀ, ਪੰਚ ਸੁਖਮੰਦਰ ਸਿੰਘ ਸੁੱਖਾ ਪਿੰਡ ਦੇ ਪੰਚ ਚੁਣੇ ਗਏ।ਇਸ ਮੌਕੇ ਸਰਪੰਚ ਗੁਰਦੀਪ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਉਹ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਬਿਨਾਂ ਭਿੰਨ ਭਾਵ ਤੋਂ ਸਮੁੱਚੀ ਪੰਚਾਇਤ ਅਤੇ ਹਰ ਵਰਗ ਦੇ ਸਹਿਯੋਗ ਨਾਲ ਪਿੰਡ ਦਾ ਵਿਕਾਸ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ।

## ਵੀਨਾ ਰਾਣੀ 'ਗੁੜੇ' ਦੀ ਬਣੀ ਸਰਪੰਚ



**ਨਕੋਦਰ**-ਵੀਨਾ ਰਾਣੀ ਪਿੰਡ 'ਗੁੜੇ' ਤਹਿਸੀਲ ਨਕੋਦਰ ਜਲੰਧਰ ਤੋਂ 68 ਵੋਟਾਂ ਦੇ ਫਰਕ ਨਾਲ ਆਪਣੇ ਵਿਰੋਧੀ ਸੁੱਖਵਿੰਦਰ ਕੌਰ ਨੂੰ ਹਰਾ ਕੇ ਸਰਪੰਚ ਚੁਣੀ ਗਈ। ਪਿੰਡ 'ਚ ਕੁੱਲ 471 ਵੋਟਾਂ ਪੋਲ ਹੋਈਆਂ ਜਿਨ੍ਹਾਂ ਵਿੱਚੋਂ 236 ਵੋਟਾਂ ਵੀਨਾ ਰਾਣੀ ਨੂੰ ਪਾਈਆ ਉਨ੍ਹਾਂ ਦੀ ਵਿਰੋਧੀ ਨੂੰ 168 ਵੋਟਾਂ ਪਾਈਆ ਤੇ ਸਰਪੰਚੀ ਦੇ ਤੀਜੀ ਦਾਵੇਦਾਰ ਲਾਲਤਾ ਨੂੰ 57 ਵੋਟਾਂ ਪਾਈਆ। ਰਾਕੇਸ਼ ਕੁਮਾਰ, ਦੀਆ, ਸ਼ਿੰਗਾਰਾ ਰਾਮ, ਹਰਜੀਤ ਸਿੰਘ ਤੇ ਰਸ਼ਪਾਲ ਕੌਰ ਆਦਿ ਪੰਚ ਚੁਣੇ ਗਏ। ਨਵੀਂ ਚੁਣੀ ਗਈ ਸਰਪੰਚ ਵੀਨਾ ਰਾਣੀ ਨੇ ਕੈਨੇਡਾ ਦੇ ਐਮ ਪੀ ਸੁੱਖ ਧਾਲੀਵਾਲ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਵੀਨਾ ਰਾਣੀ ਨੂੰ ਵਧਾਈ ਸੰਦੇਸ਼ ਭੇਜਿਆ। ਇਸ ਤੋਂ ਇਲਾਵਾ ਬੀਨਾ ਰਾਣੀ ਨੇ ਪਿੰਡ ਵਾਸੀਆਂ ਜਸਵੀਰ ਕੁਮਾਰ, ਕੁਲਵਿੰਦਰ ਸਿੰਘ, ਬਚਨ ਦਾਸ, ਲਾਲ ਚੰਦ, ਕਮਲਪ੍ਰੀਤ ਸਿੰਘ, ਨੰਬਰਦਾਰ ਕੁਲਵਿੰਦਰ ਸਿੰਘ, ਬਿਹਾਰੀ ਲਾਲ, ਸਾਬਕਾ ਪੰਚ ਦਲਵੀਰ ਕੌਰ, ਬਖਸ਼ੋ, ਪਰਮਜੀਤ ਕੌਰ, ਸਾਬਕਾ ਸਰਪੰਚ ਤਿਲਕ ਰਾਜ, ਸਾਬਕਾ ਸਰਪੰਚ ਰਾਮ ਦਾਸ, ਸਾਬਕਾ ਕਾਨੂੰਗੋ ਅਮਰੀਕ ਚੰਦ ਅਤੇ ਵਿਦੇਸ਼ 'ਚ ਬੈਠੇ ਵੀਰਾਂ ਦਾ ਧੰਨਵਾਦ ਕੀਤਾ।

## ਮੰਢਾਲੀ ਵਿਖੇ ਹਾਕੀ ਲੀਗ ਟੂਰਨਾਮੈਂਟ ਸ਼ੁਰੂ



**ਬੰਗਾ (ਅਵਤਾਰ ਕਲੇਰ)** ਸਪੋਰਟਸ ਕਲੱਬ ਮੰਢਾਲੀ ਅਤੇ ਮਾਸਟਰ ਹਾਕੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਹਾਕੀ ਲੀਗ ਟੂਰਨਾਮੈਂਟ ਦੀ ਸ਼ੁਰੂਆਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮੰਢਾਲੀ ਵਿਖੇ ਕੀਤੀ ਗਈ।ਜਿਸ ਦਾ ਉਦਘਾਟਨ ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੌਜ਼ਾ ਸ਼ਰੀਫ ਮੰਢਾਲੀ ਵਲੋਂ ਰੀਬਨ ਕੱਟ ਕੇ ਕੀਤਾ ਗਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਭਾਈ ਹਿੰਮਤ ਸਿੰਘ ਵਲੋਂ ਕੀਤੀ ਗਈ।ਉਦਘਾਟਨੀ ਮੈਚ ਮਾਝਾ ਇਲੈਵਨ ਅਤੇ ਹੁਸ਼ਿਆਰਪੁਰ ਇਲੈਵਨ ਵਿਚਕਾਰ ਖੇਡਿਆ ਗਿਆ।ਟੂਰਨਾਮੈਂਟ ਦੇ ਪਹਿਲੇ ਦਿਨ 6 ਟੀਮਾਂ ਨੇ ਹਿੱਸਾ ਲਿਆ। ਫਰੈਂਡਲੀ ਮੈਚ ਜੰਡਿਆਲੀ ਅਤੇ ਮੰਢਾਲੀ ਵਿਚਕਾਰ ਖੇਡਿਆ ਗਿਆ।ਜਿਸ ਵਿੱਚ ਜੰਡਿਆਲੀ ਦੀ ਟੀਮ ਜੇਤੂ ਰਹੀ।ਪ੍ਰਬੰਧਕਾਂ ਨੇ ਦੱਸਿਆ ਕਿ ਇਸ ਲੀਗ ਟੂਰਨਾਮੈਂਟ ਦਾ ਫਾਈਨਲ ਮੈਚ ਪਿੰਡ ਸਰੀਂਹ ਵਿਖੇ ਖੇਡਿਆ ਜਾਵੇਗਾ।ਇਸ ਮੌਕੇ ਗੱਦੀ ਨਸ਼ੀਨ ਸਾਈ ਉਮਰੇ ਸ਼ਾਹ ਕਾਦਰੀ ਰੋਜ਼ਾ ਸ਼ਰੀਫ ਮੰਢਾਲੀ, ਸਰਪੰਚ ਮੀਰਾ ਸ਼ਰਮਾ, ਰਣਜੀਤ ਕੌਰ ਪੰਚ, ਕੁਲਦੀਪ ਕੌਰ ਪੰਚ, ਜਸਵਿੰਦਰ ਕੌਰ ਪੰਚ, ਕੁਲਵਿੰਦਰ ਕੌਰ ਪੰਚ, ਬਿੱਕਰਮਜੀਤ ਪੰਚ, ਜਰਨੈਲ ਰਾਮ ਪੰਚ, ਸਤਪਾਲ ਪੰਚ, ਮੰਗਤ ਰਾਮ ਪੰਚ, ਬੂਟਾ ਸਿੰਘ ਪੰਚ, ਧਰਮਿੰਦਰ ਸਿੰਘ ਨੰਬਰਦਾਰ, ਅਮਨਦੀਪ ਸਿੰਘ ਅਮਨਾ ਮੇਹਲੀ ਆਦਿ ਤੋਂ ਇਲਾਵਾ ਨਗਰ ਨਿਵਾਸੀ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਨੇ ਪਟਾਕਿਆਂ ਦੀ ਵਿਕਰੀ ਲਈ 57 ਆਰਜ਼ੀ ਲਾਇਸੈਂਸ ਕੀਤੇ ਜਾਰੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਸਾਲ ਦਿਵਾਲੀ ਦੇ ਤਿਓਹਾਰ ਦੌਰਾਨ ਰਿਟੇਲ ਵਿੱਚ ਪਟਾਕੇ ਵੇਚਣ ਸਬੰਧੀ ਡਰਾਅ ਰਾਹੀਂ ਜ਼ਿਲ੍ਹੇ ਵਿਚ 57 ਆਰਜ਼ੀ ਲਾਈਲੈਂਸ ਜਾਰੀ ਕੀਤੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਵੀਡੀਓਗ੍ਰਾਫੀ ਰਾਹੀਂ ਪੂਰੀ ਡਰਾਅ ਪ੍ਰਕਿਰਿਆ ਢੰਗ ਨਾਲ ਕਰਵਾਈ ਗਈ ਜਿਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਅਤੇ ਐਸ ਡੀ ਐਮ ਹੁਸ਼ਿਆਰਪੁਰ ਸੰਜੀਵ ਸ਼ਰਮਾ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੂਰੇ ਜ਼ਿਲ੍ਹੇ ਤੋਂ ਸੇਵਾ ਕੇਂਦਰਾਂ ਰਾਹੀਂ 648 ਬੇਨਤੀ ਪੱਤਰ ਪ੍ਰਾਪਤ ਹੋਏ ਸਨ ਅਤੇ ਡਰਾਅ ਰਾਹੀਂ 57 ਆਰਜ਼ੀ ਲਾਈਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਲੋਕਾਂ ਦੇ ਡਰਾਅ ਨਿਕਲੇ ਹਨ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਜੀ.ਐਸ.ਟੀ. ਸਬੰਧੀ ਕਰ ਵਿਭਾਗ ਵਿਚ ਰਜਿਸਟਰੇਸ਼ਨ ਕਰਵਾਉਣ ਜਿਨ੍ਹਾਂ ਦੀ ਸਹਾਇਤਾ ਲਈ ਟੈਕਸ ਨਾਲ ਸਬੰਧਤ ਵਕੀਲਾਂ ਦਾ ਪੈਨਲ ਮੌਜੂਦ ਹੈ।ਉਨ੍ਹਾਂ ਦੱਸਿਆ ਕਿ ਆਰਜ਼ੀ ਲਾਈਸੈਂਸ ਸਿਰਫ ਪ੍ਰਸ਼ਾਸਨ ਵੱਲੋਂ ਨਿਰਧਾਰਿਤ ਥਾਵਾਂ 'ਤੇ ਹੀ ਪਟਾਕੇ ਵੇਚਣ ਲਈ ਜਾਰੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ 22 ਸਤੰਬਰ 2023 ਨੂੰ ਜਾਰੀ ਹਦਾਇਤਾਂ ਦੀ ਪੂਰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਪਟਾਕੇ ਵੇਚਣ ਵਾਲੀਆਂ ਥਾਵਾਂ 'ਤੇ ਸਟਾਲਾਂ ਦੀ ਬਣਤਰ ਅਤੇ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਿਰਧਾਰਿਤ ਥਾਵਾਂ ਤੋਂ ਇਲਾਵਾ ਜੇਕਰ ਕੋਈ ਪਟਾਕਾ ਵਿਕਰੇਤਾ ਪਟਾਕੇ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਟਾਕੇ ਵੇਚਣ ਦਾ ਸਮਾਂ 21 ਅਕਤੂਬਰ ਤੋਂ 31 ਅਕਤੂਬਰ ਤੱਕ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਤੈਅ ਕੀਤਾ ਗਿਆ ਹੈ।

## ਸਮਾਜ ਸੁਧਾਰ ਮੰਚ ਨੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ



**ਮੋਰਿੰਡਾ (ਜੈਜ਼ੀ ਸਰਦਾਰ)**-ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੋਰਿੰਡਾ ਵਿਖੇ ਸਮਾਜ ਸੁਧਾਰ ਮੰਚ ਰਜਿ ਪੰਜਾਬ ਜ਼ਿਲ੍ਹਾ ਰੋਪੜ ਵੱਲੋਂ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਸੁਖਪਾਲ ਸਿੰਘ ਐਸ ਡੀ ਐਮ ਮੋਰਿੰਡਾ ਨੇ ਕੀਤਾ ਅਤੇ ਪ੍ਰਧਾਨਗੀ ਵਿਜੇ ਸ਼ਰਮਾ ਟਿੰਕੂ ਹਲਕਾ ਇੰਚਾਰਜ ਕਾਂਗਰਸ ਪਾਰਟੀ ਖਰੜ ਤੇ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਹਾਲੀ ਨੇ ਕੀਤੀ।ਲੱਗਭੱਗ 148 ਮਰੀਜ਼ਾਂ ਦੀਆਂ ਅੱਖਾਂ ਦੀ ਮੁਫਤ ਜਾਂਚ ਅੱਖਾਂ ਦੇ ਮਾਹਿਰ ਡਾਕਟਰ ਚਰਨਜੀਤ ਸਿੰਘ ਅਤੇ ਉਹਨਾਂ ਦੀ ਟੀਮ ਵੱਲੋਂ ਕੀਤੀ ਗਈ।ਜਾਂਚ ਉਪਰੰਤ ਮਰੀਜ਼ਾਂ ਨੂੰ ਅੱਖਾਂ ਦੀ ਸਾਂਭ ਸੰਭਾਲ ਬਾਰੇ ਸੁਚੇਤ ਕੀਤਾ ਗਿਆ ਅਤੇ 40 ਮਰੀਜ਼ਾਂ ਦੇ ਮੁਫ਼ਤ ਲੈਂਜ ਪਾਏ ਜਾਣਗੇ।ਪ੍ਰਬੰਧਕਾ ਵੱਲੋਂ ਆਏ ਪਤਵੰਤਿਆ ਅਤੇ ਮਹਿਮਾਨਾ ਦਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੁਲਦੀਪ ਸਿੰਘ ਓਇੰਦ, ਦੀਦਾਰ ਸਿੰਘ ਡਹਿਰ, ਬਹਾਦਰ ਸਿੰਘ ਨੰਬਰਦਾਰ, ਅਵਤਾਰ ਸਿੰਘ ਸੱਖੋਮਾਜਰਾ, ਜਸਵਿੰਦਰ ਸਿੰਘ ਰੌਲੂਮਾਜਰਾ, ਧਰਮਿੰਦਰ ਸਿੰਘ ਅਰਨੌਲੀ, ਯਾਦਵਿੰਦਰ ਸਿੰਘ ਯਾਦੀ, ਹਰਜਿੰਦਰ ਸਿੰਘ ਕੰਧੋਲਾ, ਤੇਜੀ ਮਾਵੀ ਡੂਮਛੇੜੀ, ਨਿਰਮਲ ਸਿੰਘ ਨੱਤ, ਜਗਤਾਰ ਸਿੰਘ ਘੜੂੰਆਂ,ਰਤਨ ਸਿੰਘ ਫੌਜੀ, ਕੇਸਰ ਸਿੰਘ ਸਮਾਣਾਂ ਕਲਾਂ, ਗੁਰਜੀਤ ਸਿੰਘ ਸਰਪੰਚ ਮੰਡਾਂ, ਮੈਡਮ ਪੂਨਮ ਬੇਗੜਾ ਆਦਿ ਹਾਜ਼ਰ ਸਨ।

## ਰਸ਼ਪਾਲ ਕੌਰ ਬਣੇ ਮੁਰਾਦਪੁਰ ਦੇ ਸਰਪੰਚ



**ਅਲਾਵਲਪੁਰ (ਮਦਨ ਬੰਗੜ)**-ਗ੍ਰਾਮ ਪੰਚਾਇਤ ਪਿੰਡ ਮੁਰਾਦਪੁਰ ਤੋਂ ਸਰਪੰਚ ਉਮੀਦਵਾਰ ਵਜੋਂ ਚੋਣ ਲੜ ਰਹੇ ਰਸਪਾਲ ਕੌਰ ਨੇ ਆਪਣੇ ਵਿਰੋਧੀ ਸਰਪੰਚ ਉਮੀਦਵਾਰ ਨੂੰ 13 ਵੋਟਾਂ ਨਾਲ ਹਰਾ ਕੇ ਜਿੱਤ ਹਾਸਿਲ ਕੀਤੀ ਅਤੇ ਮੁਰਾਦਪੁਰ ਦੇ ਸਰਪੰਚ ਬਣੇ ਹਨ। ਰਸ਼ਪਾਲ ਕੌਰ ਨੇ ਕਿਹਾ ਕਿ ਪਿੰਡ ਵਾਸੀਆਂ ਦੇ ਪਿਆਰ ਅਤੇ ਸਤਿਕਾਰ ਸਦਕਾ ਉਨ੍ਹਾਂ ਨੂੰ ਸਰਪੰਚੀ ਮਿਲੀ ਹੈ ਉਨ੍ਹਾਂ ਨੇ ਇਸ ਜਿੱਤ ਲਈ ਸਾਰੇ ਪਿੰਡ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਪਿੰਡ ਦੀ ਤਰੱਕੀ ਖੁਸ਼ਹਾਲੀ ਲਈ ਦਿਨ ਰਾਤ ਇੱਕ ਕਰਕੇ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਪਿੰਡ ਦੀ ਸੇਵਾ ਕਰਨਗੇ।ਸਰਪੰਚੀ ਦੇ ਨਾਲ ਪੰਚਾਂ ਨੇ ਵੀ ਜਿੱਤ ਹਾਸਿਲ ਕੀਤੀ।ਜਿਸ ਵਿੱਚ ਬਲਜੀਤ ਕੌਰ ਵਾਰਡ ਨੰ 1. ਰੁਪਿੰਦਰ ਕੌਰ ਵਾਰਡ ਨੰ 3 ਅਤੇ ਲਖਵਿੰਦਰ ਕੁਮਾਰ ਵਾਰਡ ਨੰ. 4 ਤੋਂ ਪੰਚ ਚੁਣੇ ਗਏ।ਨਵੀਂ ਚੁਣੀ ਪੰਚਾਇਤ ਨੇ ਪ੍ਰਣ ਲਿਆ ਕਿ ਅਸੀ ਪਿੰਡ ਦੇ ਵਿਕਾਸ ਲਈ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਾਂਗੇ ਅਤੇ ਲੋਕਾਂ ਦੇ ਵਿਸ਼ਵਾਸ 'ਤੇ ਖਰੇ ਉਤਰਾਂਗੇ।

## ਸਿਕੰਦਰਪੁਰ-ਅਲਾਵਲਪੁਰ ਸੜਕ 'ਤੇ ਲੁੱਕ ਪਾਉਣ ਦਾ ਕੰਮ ਸ਼ੁਰੂ



**ਅਲਾਵਲਪੁਰ (ਮਦਨ ਬੰਗੜ)**- ਲਗਭਗ ਪਿਛਲੇ 13 ਸਾਲਾਂ ਤੋਂ ਧੋਗੜੀ ਰੋਡ ਜੋ ਅਲਾਵਲਪੁਰ ਤੋਂ ਵਾਇਆ ਧੋਗੜੀ-ਰੇਰੂ ਗੇਟ ਜਲੰਧਰ ਤੱਕ ਲਗਭਗ 9 ਕਿਲੋਮੀਟਰ ਲਿੰਕ ਸੜਕ ਜਿਸ ਦੀ ਪਿਛਲੇ ਲਗਭਗ 13 ਸਾਲ ਪਹਿਲਾਂ ਰਿਪੇਅਰ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਸੜਕ ਲੰਬਾ ਸਮਾਂ ਟੁੱਟੀ ਰਹੀ ਅਤੇ ਉਸ ਤੋਂ ਬਾਅਦ ਸਰਫੇਸ ਵਾਟਰ ਟਰੀਟਮੈਂਟ ਪ੍ਰੋਜੈਕਟ ਦੇ ਪਾਇਪ ਪਾਉਣ ਦਾ ਕਾਰਜ ਚੱਲਦਾ ਰਿਹਾ।ਜਿਸ ਕਾਰਨ ਇਸ ਸੜਕ ਉਪਰ ਵਸੇ ਹੋਏ ਅਨੇਕਾਂ ਪਿੰਡਾਂ ਦੇ ਲੋਕਾਂ ਨੂੰ ਲੰਬਾ ਸਮਾਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਬੀਤੇ ਦਿਨ ਸਿਕੰਦਰਪੁਰ ਦੇ ਕਮਿਊਨਟੀ ਪੈਲਸ ਤੋਂ ਲੈ ਕੇ ਅਲਾਵਲਪੁਰ ਤੱਕ ਇਸ ਮਾਰਗ ਉੱਪਰ ਲੁੱਕ ਪਾਉਣ ਦਾ ਕਾਰਜ ਪਿੰਡ ਸਿਕੰਦਰਪੁਰ ਦੀ ਚੁਣੀ ਗਈ ਨਵੀਂ ਪੰਚਾਇਤ ਦੀ ਹਾਜ਼ਰੀ ਵਿੱਚ ਆਰੰਭਿਆ ਗਿਆ। ਜਿਸ ਨਾਲ ਇਸ ਇਲਾਕੇ ਦੇ ਪਿੰਡਾਂ ਦੇ ਲੋਕਾਂ ਚ ਖੁਸ਼ੀ ਦੀ ਲਹਿਰ ਨਜ਼ਰ ਆ ਰਹੀ ਹੈ।ਇਸ ਮੌਕੇ ਅਧਿਕਾਰੀ ਰਾਹੁਲ ਸ਼ਰਮਾ ਤੋਂ ਇਲਾਵਾ ਪਿੰਡ ਸਿਕੰਦਰਪੁਰ ਦੇ ਨਵ ਨਿਯੁਕਤ ਸਰਪੰਚ ਪ੍ਰਿਤਪਾਲ ਸਿੰਘ, ਗੁਰਬਖਸ਼ ਕੌਰ, ਕੁਲਵਿੰਦਰ ਕੌਰ, ਕਰਮਵੀਰ ਸਿੰਘ, ਨਜੀਰ ਦਾਸ ਚਾਰੋਂ ਪੰਚ, ਰਸ਼ਪਾਲ ਸਿੰਘ, ਕੁਲਵਿੰਦਰ ਸਿੰਘ, ਜੋਗਿੰਦਰ ਮਾਨ, ਇਕਬਾਲ ਸਿੰਘ, ਲਖਵਿੰਦਰ ਸਿੰਘ, ਬਲਜੀਤ ਕੌਰ, ਕੁਲਦੀਪ ਸਿੰਘ ਬਿੱਟੂ ਅਤੇ ਹੋਰ ਹਾਜ਼ਰ ਸਨ।

# ਚੱਬੇਵਾਲ ਦਾ ਸਰਬਪੱਖੀ ਵਿਕਾਸ ਮੇਰੀ ਪਹਿਲ : ਡਾ: ਰਾਜ ਕੁਮਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**-ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਹੁਸ਼ਿਆਰਪੁਰ ਚੰਡੀਗੜ੍ਹ ਬਾਈਪਾਸ ਤੋਂ ਸ਼ੁਰੂ ਹੋ ਕੇ ਪਿੰਡ ਅਟੱਲਗੜ੍ਹ, ਸਲੇਮਪੁਰ, ਫਲਾਹੀ, ਮਹਿਮੋਵਾਲ, ਹਰਮੋਏ, ਤਾਜੋਵਾਲ, ਹੁੱਕਰਾ ਤੱਕ ਜਾਰੀ ਸੜਕ ਦੇ ਵਿਸਥਾਰ ਦੇ ਕੰਮ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਨਾਲ ਡਾ. ਇਸ਼ਾਂਕ ਚੱਬੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਪ੍ਰੋਜੈਕਟ ਤਹਿਤ ਸੜਕ ਦੀ ਚੌੜਾਈ 10 ਫੁੱਟ ਤੋਂ ਵਧਾ ਕੇ 18 ਫੁੱਟ ਕੀਤੀ ਜਾ ਰਹੀ ਹੈ ਅਤੇ ਇਸ ਸੜਕ 'ਤੇ 5 ਕਰੋੜ 10 ਲੱਖ ਰੁਪਏ ਖਰਚ ਕੀਤੇ ਜਾਣਗੇ। ਉਸਾਰੀ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸੰਸਦ ਮੈਂਬਰ ਨੇ ਅਧਿਕਾਰੀਆਂ ਨੂੰ ਇਸ ਨੂੰ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਇਹ ਸੜਕ ਪਿੰਡ ਵਾਸੀਆਂ ਅਤੇ ਇਲਾਕੇ ਦੇ ਆਸ-ਪਾਸ ਦੇ ਲੋਕਾਂ ਲਈ ਆਵਾਜਾਈ ਵਿੱਚ ਸੌਖ ਅਤੇ ਆਰਥਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਏਗੀ। ਡਾ: ਚੱਬੇਵਾਲ ਨੇ ਕਿਹਾ ਕਿ ਸਰਕਾਰ ਪੇਂਡੂ ਖੇਤਰਾਂ ਵਿੱਚ ਵਧੀਆ ਸੜਕਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਇਸ ਰੂਟ ਦੇ ਵਿਸਤਾਰ ਨਾਲ ਨਾ ਸਿਰਫ ਸਥਾਨਕ ਆਵਾਜਾਈ ਦੀ ਸਹੂਲਤ ਮਿਲੇਗੀ, ਸਗੋਂ ਖੇਤਰ ਦੇ ਕਿਸਾਨਾਂ ਨੂੰ ਆਪਣੇ ਉਤਪਾਦਾਂ ਨੂੰ ਆਸਾਨੀ ਨਾਲ ਮੰਡੀ ਤੱਕ ਪਹੁੰਚਾਉਣ ਵਿੱਚ ਵੀ ਮਦਦ ਮਿਲੇਗੀ।ਉਨ੍ਹਾਂ ਠੇਕੇਦਾਰਾਂ ਅਤੇ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਉਹ ਪ੍ਰਾਜੈਕਟ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਧਿਆਨ ਦੇ ਕੇ ਕੰਮ ਕਰਨ। ਨਿਰੀਖਣ ਦੌਰਾਨ ਪਿੰਡ ਵਾਸੀਆਂ ਨੇ ਸੰਸਦ ਮੈਂਬਰ ਨੂੰ ਮਿਲ ਕੇ ਸੜਕ ਦੇ ਨਿਰਮਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟਾਈ ਕਿ ਇਸ ਕੰਮ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇਗਾ। ਸਥਾਨਕ ਲੋਕਾਂ ਨੇ ਦੱਸਿਆ ਕਿ ਇਸ ਸੜਕ ਦੇ ਚੌੜਾ ਹੋਣ ਨਾਲ ਬੱਸਾਂ ਅਤੇ ਹੋਰ ਵੱਡੇ ਵਾਹਨ ਆਸਾਨੀ ਨਾਲ ਆ ਸਕਣਗੇ, ਜਿਸ ਨਾਲ ਵਪਾਰਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਵਾਧਾ ਹੋਵੇਗਾ।ਡਾ. ਚੱਬੇਵਾਲ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਸੜਕ ਨੂੰ ਪੱਕੇ ਅਤੇ ਟਿਕਾਊ ਤਰੀਕੇ ਨਾਲ ਬਣਾਇਆ ਜਾ ਰਿਹਾ ਹੈ, ਜਿਸ ਨਾਲ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਅਤੇ ਚਿੱਕੜ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਇਸ ਦੇ ਨਾਲ ਹੀ ਸੜਕਾਂ ਦੇ ਕਿਨਾਰੇ ਨਾਲੀਆਂ ਅਤੇ ਸੂਚਕ ਬੋਰਡ ਲਗਾਉਣ ਦਾ ਵੀ ਪ੍ਰਬੰਧ ਹੈ, ਅਧਿਕਾਰੀਆਂ ਨੇ ਸੰਸਦ ਮੈਂਬਰ ਨੂੰ ਭਰੋਸਾ ਦਿਵਾਇਆ ਕਿ ਉਸਾਰੀ ਦਾ ਕੰਮ ਸਮੇਂ ਸਿਰ ਅਤੇ ਮਾਪਦੰਡਾਂ ਅਨੁਸਾਰ ਪੂਰਾ ਕੀਤਾ ਜਾਵੇਗਾ।ਸਥਾਨਕ ਪ੍ਰਸ਼ਾਸਨ ਵੀ ਇਸ ਪ੍ਰਾਜੈਕਟ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ ਤਾਂ ਜੋ ਉਸਾਰੀ ਦੀ ਗੁਣਵੱਤਾ ਵਿੱਚ ਕੋਈ ਕਮੀ ਨਾ ਆਵੇ। ਡਾ: ਚੱਬੇਵਾਲ ਨੇ ਇਲਾਕੇ ਦੇ ਵਿਕਾਸ ਕਾਰਜਾਂ ਪ੍ਰਤੀ ਆਪਣੀ ਵਚਨਬੱਧਤਾ ਜ਼ਾਹਰ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਹੋਰ ਵੀ ਸਕੀਮਾਂ ਲਿਆਂਦੀਆਂ ਜਾਣਗੀਆਂ, ਜੋ ਪੇਂਡੂ ਖੇਤਰਾਂ ਨੂੰ ਸ਼ਹਿਰਾਂ ਨਾਲ ਵਧੀਆ ਢੰਗ ਨਾਲ ਜੋੜਨਗੀਆਂ ਅਤੇ ਸਰਵਪੱਖੀ ਵਿਕਾਸ ਨੂੰ ਹੁਲਾਰਾ ਦੇਣਗੀਆਂ।

## 'ਸੀ ਐੱਮ ਦੀ ਯੋਗਸ਼ਾਲਾ' ਮੋਹਾਲੀ ਦੇ ਵਸਨੀਕਾਂ ਨੂੰ ਪੁਰਾਣੀਆਂ ਬਿਮਾਰੀਆਂ ਤੋਂ ਠੀਕ ਹੋਣ 'ਚ ਮਦਦ ਕਰ ਰਹੀ

**ਮੋਹਾਲੀ, (ਗੁਰਜੀਤ ਬਿੱਲਾ)** ਲੋਕਾਂ ਨੂੰ ਯੋਗ ਆਸਣਾਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਿਹਤਮੰਦ ਰੱਖਣ ਲਈ, ਮੋਹਾਲੀ ਸ਼ਹਿਰ ਵਿੱਚ ਸੀਐਮ ਦੀ ਯੋਗਸ਼ਾਲਾ ਦੇ ਅਧੀਨ ਕਰਵਾਏ ਗਏ ਯੋਗਾ ਸੈਸ਼ਨਾਂ ਲੋਕਾਂ ਦੀ ਸਿਹਤਮੰਦ ਹੋਣ ਵਿੱਚ ਵੱਡੀ ਮਦਦ ਕਰ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨੋਡਲ ਅਫ਼ਸਰ ਸੀ.ਐਮ.ਡੀ.ਵਾਈ (ਸੀ.ਐਮ. ਡੀ ਯੋਗਸ਼ਾਲਾ), ਟੀ ਬੈਨੀਥ, ਕਮਿਸ਼ਨਰ, ਨਗਰ ਨਿਗਮ, ਮੋਹਾਲੀ ਨੇ ਦੱਸਿਆ ਕਿ ਸ਼ਹਿਰ ਦੇ ਹਰੇਕ ਹਿੱਸੇ ਨੂੰ ਕਵਰ ਕਰਨ ਲਈ ਲਗਾਤਾਰ ਯੋਗਾ ਕੈਂਪ ਲਗਾਏ ਜਾ ਰਹੇ ਹਨ।ਫੇਜ਼ 3ਬੀ1, ਫੇਜ਼ 4 ਅਤੇ ਫੇਜ਼ 6 ਦੇ ਸਥਾਨਾਂ ਦਾ ਵੇਰਵਾ ਦਿੰਦੇ ਹੋਏ ਦੱਸਿਆ ਕਿ ਇੱਥੇ ਯੋਗਾ ਟ੍ਰੇਨਰ ਸ਼ਿਵਨੇਤਰ ਸਿੰਘ ਸਵੇਰੇ 5 ਵਜੇ ਤੋਂ ਸ਼ਾਮ 6:35 ਵਜੇ ਤੱਕ ਰੋਜ਼ਾਨਾ ਪੰਜ ਕਲਾਸਾਂ ਲਗਾ ਰਹੇ ਹਨ।ਯੋਗਾ ਟ੍ਰੇਨਰ ਸ਼ਿਵਨੇਤਰ ਸਿੰਘ, ਜਿਸ ਨੇ ਬੀ.ਏ. ਬੀ.ਐਡ ਕਰਨ ਤੋਂ ਬਾਅਦ ਯੋਗਾ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਕੀਤਾ ਹੈ, ਅੱਗੇ ਦੱਸਦਾ ਹੈ ਕਿ ਉਹ ਆਪਣੀ ਪਹਿਲੀ ਕਲਾਸ ਫੇਜ਼ 3ਬੀ1 (ਪਾਰਕ ਨੰ. 20) ਵਿਖੇ ਸਵੇਰੇ 5 ਵਜੇ ਤੋਂ ਸਵੇਰੇ 6 ਵਜੇ ਤੱਕ ਸ਼ੁਰੂ ਕਰਦਾ ਹੈ। ਦੂਜੀ ਕਲਾਸ ਫੇਜ਼ 4 ਦੇ ਪਾਰਕ ਨੰਬਰ 12 ਵਿੱਚ ਸਵੇਰੇ 6.05 ਤੋਂ 7.05 ਵਜੇ ਤੱਕ ਹੁੰਦੀ ਹੈ। ਤੀਸਰੀ ਕਲਾਸ ਪਾਰਕ ਨੰ. ਫੇਜ਼ 6 ਦਾ 23 ਸਵੇਰੇ 7.15 ਵਜੇ ਤੋਂ ਸਵੇਰੇ 8.15 ਵਜੇ ਤੱਕ। ਦੁਪਹਿਰ ਦੇ ਸਮੇਂ, ਪਾਰਕ ਨੰਬਰ 25, ਫੇਜ਼ 6 ਵਿਖੇ ਸ਼ਾਮ 4.30 ਵਜੇ ਤੋਂ ਸ਼ਾਮ 5.30 ਵਜੇ ਤੱਕ ਯੋਗਾ ਕਲਾਸ ਲਗਾਈ ਜਾਂਦੀ ਹੈ ਜਦਕਿ ਪਾਰਕ ਨੰ. 20, ਫੇਜ਼ 6 ਵਿਖੇ ਸ਼ਾਮ 5.35 ਤੋਂ 6.35 ਵਜੇ ਤੱਕ ਯੋਗਾ ਕਲਾਸ ਲਾਈ ਜਾਂਦੀ ਹੈ। ਵੱਖ-ਵੱਖ ਯੋਗਾ ਕਲਾਸਾਂ ਦੇ ਫੇਜ਼ 3ਬੀ1 ਤੋਂ ਭਾਗੀਦਾਰ ਦਿਲਜੀਤ ਕੌਰ, ਸੋਜੈਨ ਸਿੰਘ, ਪ੍ਰਿਤਪਾਲ ਸਿੰਘ, ਫੇਜ਼ 4 ਤੋਂ ਦਵਿੰਦਰ ਕੌਰ, ਇੰਦੂ, ਬਲਵਿੰਦਰ ਬਠਲਾ, ਸੰਜੀਤਾ ਅਤੇ ਫੇਜ਼ 6 ਦੇ ਡੀ ਪੀ ਸਿੰਘ, ਲਕਸ਼ਮੀ ਕੁਮਾਰ ਸ਼ਰਮਾ ਅਤੇ ਹਰੀਸ਼ ਕੁਮਾਰ ਨੇ ਯੋਗਾ ਕਲਾਸਾਂ ਦੇ ਹਾਂ-ਪੱਖੀ ਪ੍ਰਭਾਵਾਂ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਸੀਐਮ ਦੀ ਯੋਗਸ਼ਾਲਾ ਪ੍ਰੋਗਰਾਮ ਤਹਿਤ ਕਰਵਾਏ ਜਾ ਰਹੇ ਯੋਗ ਆਸਣਾਂ ਨੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਕਰਕੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ।

## ਸੜਕ ਪਾਰ ਕਰਦੇ ਸਮੇਂ ਕਾਰ ਦੀ ਲਪੇਟ 'ਚ ਆਉਣ ਕਾਰਨ ਗੰਭੀਰ ਜ਼ਖਮੀ

**ਫਿਲੌਰ (ਨਿਰਮਲ)** ਸ਼ੁੱਕਰਵਾਰ ਦੇਰ ਸ਼ਾਮ ਫਿਲੌਰ ਜਲੰਧਰ ਮੁੱਖ ਮਾਰਗ 'ਤੇ ਪੈਂਦੇ ਪਿੰਡ ਰਾਮਗੜ੍ਹ ਦੇ ਮੁੱਖ ਗੇਟ ਸਾਹਮਣੇ ਇੱਕ ਅਲਟੋ ਕਾਰ ਦੀ ਲਪੇਟ ਵਿੱਚ ਆਉਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਜਿਸ ਨੂੰ ਕਾਰ ਚਾਲਕ ਨੇ ਖੁਦ ਹੀ ਕਿਸੇ ਹੋਰ ਵਾਹਨ ਦੀ ਮਦਦ ਨਾਲ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾ ਦਿੱਤਾ।ਜ਼ਖ਼ਮੀ ਦੀ ਪਹਿਚਾਣ ਭੁਪਿੰਦਰ ਸਿੰਘ ਬਟਾਲਾ ਵਜੋਂ ਹੋਈ ਹੈ। ਡਾਕਟਰ ਨੇ ਤੁਰੰਤ ਉਸਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ।ਜਾਣਕਾਰੀ ਅਨੁਸਾਰ ਕਾਰ ਚਾਲਕ ਪੁਲਸ ਮੁਲਾਜ਼ਮ ਹੈ, ਲੁਧਿਆਣਾ ਤੋਂ ਜਲੰਧਰ ਵੱਲ ਆਪਣੀ ਆਲਟੋ ਕਾਰ ਵਿੱਚ ਸਵਾਰ ਹੋ ਕੇ ਜਾ ਰਿਹਾ ਸੀ ਕਿ ਅਚਾਨਕ ਸੜਕ ਕਰਾਸ ਕਰ ਰਿਹਾ ਵਿਅਕਤੀ ਕਾਰ ਨਾਲ ਟਕਰਾ ਗਿਆ, ਕਾਰ ਚਾਲਕ ਨੇ ਕਾਫੀ ਦੂਰ ਤੋਂ ਬ੍ਰੇਕ ਵੀ ਲਗਾਈ ਪਰ ਫਿਰ ਵੀ ਉਕਤ ਵਿਅਕਤੀ ਕਾਰ ਦੀ ਲਪੇਟ ਵਿੱਚ ਆ ਗਿਆ।ਇਸ ਸਬੰਧੀ ਡਿਊਟੀ ਅਧਿਕਾਰੀ ਏ ਐਸ ਆਈ ਜੈ ਗੋਪਾਲ ਨੇ ਮਾਮਲੇ ਦੀ ਜਾਂਚ ਆਰੰਭ ਕਰ ਦਿੱਤੀ।

## ਬਾਬਾ ਦਿਲਬਾਗ ਸ਼ਾਹ ਬਣੇ ਪੰਜਾਬ ਪ੍ਰਦੇਸ਼ ਕਾਂਗਰਸ ਘੱਟ ਗਿਣਤੀ ਸੈਲ ਦੇ ਜਨਰਲ ਸਕੱਤਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਘੱਟ ਗਿਣਤੀ ਸੈਲ ਦੇ ਚੇਅਰਮੈਨ ਦਿਲਾਬਰ ਖਾਨ ਵੱਲੋਂ ਬਾਬਾ ਬੁੱਢਣ ਸ਼ਾਹ ਦੇ ਮਹੰਤ ਦਿਲਬਾਗ ਮੁਹੰਮਦ ਸ਼ਾਹ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਘੱਟ ਗਿਣਤੀ ਸੈਲ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਹ ਨਿਯੁਕਤੀ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੰਵਰਪਾਲ ਸਿੰਘ ਦੀ ਸਿਫਾਰਿਸ਼ 'ਤੇ ਆਲ ਇੰਡੀਆ ਘੱਟ ਗਿਣਤੀ ਸੈਲ ਦੇ ਚੇਅਰਮੈਨ ਇਮਰਾਨ ਪ੍ਰਤਾਪਗੜੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ (ਰਾਜਾ ਬੜਿੰਗ) ਨੇ ਇਹ ਵਿਸ਼ੇਸ਼ ਨਿਯੁਕਤੀ ਕੀਤੀ ਗਈ। ਬਾਬਾ ਦਿਲਬਾਗ ਸ਼ਾਹ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਘੱਟ ਗਿਣਤੀ ਸੈਲ ਜਨਰਲ ਸਕੱਤਰ ਲੱਗਣ ਉੱਤੇ ਇਲਾਕੇ ਦੇ ਸਮੂਹ ਮੁਸਲਿਮ ਭਾਈਚਾਰੇ ਵੱਲੋਂ ਉਹਨਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਮਸਜਿਦ ਦੇ ਇਮਾਮ ਸਾਹਬ ਹਾਮਿਦ ਹੁਸੈਨ, ਸ਼ਰੀਫ ਸ਼ਾਹ, ਪਰਵੇਜ਼ ਸ਼ਾਹ, ਬਿੱਟੂ ਸ਼ਾਹ, ਅਮਰਾਨ ਸ਼ਾਹ, ਅਕਬਰ ਸ਼ਾਹ, ਫਿਰੋਜ਼ ਸ਼ਾਹ, ਡਾ. ਇਸ਼ਾਨ, ਕੈ.ਮਜੀਦ ਖਾਨ, ਬਾਬਾ ਮੁਰਾਦ ਅਲੀ, ਜਾਹੁਲ ਹਸਨ, ਜੁਬੇਰ, ਸਮੀਰ, ਆਸਿਫ਼ ਆਦਿ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰਾ ਮੌਜੂਦ ਸੀ।

20-Oct-PAGE-8.qxd 10/19/2024 11:07 PM Page 1



## ਝੋਨੇ ਦੀਆਂ ਭਰੀਆਂ ਟਰਾਲੀਆਂ ਲਾ ਕੇ ਚਾਰ-ਚੁਫੇਰਿਓਂ ਲਾਇਆ ਜਾਮ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਅੱਜ ਬੱਸ ਸਟੈਂਡ ਰਾਹੋਂ ਵਿਖੇ ਝੋਨੇ ਨਾਲ ਲੱਦੀਆਂ ਟਰਾਲੀਆਂ ਲਾ ਕੇ ਚਾਰ ਚੁਫੇਰਿਓ ਆ ਰਹੀਆਂ ਸੜਕਾਂ ਨੂੰ ਜਾਮ ਕਰ ਦਿੱਤਾ। ਕਿਸਾਨਾਂ ਦੇ ਅਣਮਿਥੇ ਸਮੇਂ ਲਈ ਲਾਏ ਧਰਨੇ ਵਿੱਚ ਆੜ੍ਹਤੀਏ, ਸ਼ੈਲਰ ਮਾਲਕਾਂ ਤੇ ਖੇਤ ਮਜ਼ਦੂਰ, ਜਿਹਨਾਂ ਵਿੱਚ ਜ਼ਿਆਦਾ ਗਿਣਤੀ ਪ੍ਰਵਾਸੀ ਮਜ਼ਦੂਰਾਂ ਦੀ ਹੈ, ਜੋ ਇਸ ਸਮੇਂ ਮੰਡੀਆਂ ਵਿੱਚ ਵੇਲੇ ਵੇਹਲੇ ਬੈਠੇ ਹਨ, ਵੀ ਸ਼ਾਮਲ ਸਨ। ਇਹ ਗੱਲ ਦੇਖਣ ਨੂੰ ਮਿਲੀ ਹੈ ਕਿ ਧਰਨੇ ਵਿੱਚ ਸ਼ਮਲ ਹਰੇਕ ਵਰਗ ਨੇ ਆਪਣੇ ਆਗੂਆਂ ਸਮੇਤ ਪੰਜਾਬ ਤੇ ਕੇਂਦਰ ਸਰਕਾਰ ਖਿਲਾਫ ਭੜਾਸ ਕੱਢੀ। ਪੰਜਾਬ ਸਰਕਾਰ ਅਤੇ ਕੇਂਦਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਕਾਰਨ ਅਤੇ ਝੋਨਾ ਨਾ ਚੁੱਕਣ ਕਰਕੇ ਹੋ ਰਹੇ ਨੁਕਸਾਨ ਕਾਰਨ ਕਿਸਾਨ ਮਜ਼ਬੂਰ ਹੋ ਕੇ ਸੜਕਾਂ 'ਤੇ ਉਤਰ ਪਏ। ਆੜ੍ਹਤੀਏ ਐਸੋਸੇਸ਼ਨ ਦੇ ਪ੍ਰਧਾਨ ਮਨਵੀਰ ਸਿੰਘ ਪਰਮਾਰ ਨੇ ਕਿਹਾ ਹੈ ਕਿ ਇਸ ਤਿਉਹਾਰੀ ਸੀਜ਼ਨ ਦੀ ਰੌਣਕ ਬਾਜ਼ਾਰਾਂ ਵਿੱਚ ਅਜੇ ਤੱਕ ਦੇਖਣ ਨੂੰ ਨਹੀਂ ਮਿਲੀ। ਇਸ ਦਾ ਮੁਖ ਕਾਰਨ ਹੈ ਕਿ ਕਿਸਾਨਾਂ ਦਾ ਖੇਤਾਂ ਵਿੱਚ ਜਾਂ ਮੰਡੀਆਂ ਵਿੱਚ ਝੋਨਾ ਰੁਲ ਰਿਹਾ ਹੈ। ਉਹਨਾਂ ਦੱਸਿਆ ਕਿ ਅਜੇ ਤੱਕ 20% ਝੋਨਾ ਖਰੀਦਿਆ ਗਿਆ ਹੈ। ਸੈਕਟਰੀ ਦਿਲਬਾਗ ਸਿੰਘ ਨੇ ਕਿਹਾ ਹੈ ਕਿ ਅੱਜੇ ਤੱਕ ਕਿਸਾਨਾਂ 'ਤੇ ਮੌਸਮ ਦੀ ਮਾਰ ਨਹੀਂ ਪਈ ਪਰ ਫਿਰ ਵੀ ਸੁੱਕੇ ਹੋਏ ਝੋਨੇ ਦਾ ਝਾੜ ਚਾਰ ਪੰਜ ਕੁਇੰਟਲ ਘੱਟ ਜਾਵੇਗਾ। ਹਿੰਮਤ ਰਣਦੇਵ ਸਾਬਕਾ ਨਗਰ ਕੌਂਸਲ ਰਾਹੋਂ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਝੋਨੇ ਦੀ ਖਰੀਦ ਸਬੰਧੀ ਪਹਿਲਾਂ ਤੋਂ ਕੋਈ ਤਿਆਰੀ ਨਹੀਂ ਕੀਤੀ ਜਿਸ ਦਾ ਖਮਿਆਜ਼ਾ ਪੰਜਾਬ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ। ਝੋਨਾ ਨਾ ਚੁੱਕਿਆ ਗਿਆ ਤਾਂ ਕਿਸਾਨਾਂ ਦੇ ਕਾਮ ਕਾਜ ਸਾਰੇ ਠੱਪ ਹੋ ਜਾਣਗ। ਅੰਤ ਵਿੱਚ ਮਨਜਿੰਦਰ ਸਿੰਘ ਡੀਐਫਐਸਓ ਨੇ ਕਿਸਾਨਾਂ ਨੂੰ ਭਰੋਸਾ ਦੇ ਕੇ ਧਰਨਾ ਚੁਕਾਇਆ। ਇਸ ਮੌਕੇ ਨਗਰ ਕੌਂਸਲ ਰਾਹੋਂ ਦੇ ਪ੍ਰਧਾਨ ਅਮਰਜੀਤ ਸਿੰਘ ਬਿੱਟਾ, ਮਲਕੀਤ ਸਿੰਘ ਕਾਹਲੋਂ, ਨਰਿੰਦਰ ਸਿੰਘ ਚਾਹਲ, ਅਜੀਤ ਸਿੰਘ ਸੋਤਾ, ਕੇਵਲ ਸਿੰਘ ਮਾਹਲ, ਬਲਜੀਤ ਸਿੰਘ ਬਾਜਵਾ, ਕੁਲਦੀਪ ਸਿੰਘ ਦੌੜਕਾ ਆਦਿ ਨੇ ਸੰਬੋਧਨ ਕੀਤਾ। ਇਥੇ ਸਤਿੰਦਰ ਸਿੰਘ ਧਾਰੀਵਾਲ, ਮੇਜਰ ਸਿੰਘ ਪੱਲੀਆਂ, ਕੁਲਵਿੰਦਰ ਸਿੰਘ ਕਿੰਦਾ, ਦਵਿੰਦਰ ਜਾਂਗੜਾ, ਬੰਟੀ ਪਿੰਡਰ, ਸਰਬਜੀਤ ਸਿੰਘ ਛੋਕਰਾਂ, ਇੰਦਰਜੀਤ ਸਿੰਘ ਭਾਰਟਾ, ਸੁਖਵਿੰਦਰ ਸਿੰਘ ਸ਼ੀਨਾ, ਬਲਦੇਵ ਸਿੰਘ ਭਾਗੀ, ਭੁਪਿੰਦਰ ਸਿੰਘ ਛੋਕਰਾਂ, ਕਰਮਜੀਤ ਸਿੰਘ ਕਾਹਲੋ ਅਤੇ ਬਹੁਤ ਸਾਰੇ ਕਿਸਾਨ, ਆੜਤੀਏ ਤੇ ਸ਼ੈਲਰ ਮਾਲਕ ਹਾਜ਼ਰ ਸਨ।

## ਗੁਰੂ ਸਹਿਬਾਨ ਨੇ ਅਖਾੜਿਆਂ ਦੀ ਪਰੰਪਰਾ ਨੂੰ ਕੀਤਾ ਸ਼ੁਰੂ : ਹਰਜੋਤ ਬੈਂਸ



**ਭਲਾਣ (ਹਰਭਜਨ ਢਿੱਲੋਂ)** ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਭੱਲੜੀ ਦੇ ਛਿੰਝ ਮੇਲੇ ਵਿਚ ਕੀਤੀ ਖੇਡ ਮੈਦਾਨਾਂ ਵਿਚ ਪਰਤ ਰਹੀਆਂ ਰੋਣਕਾਂ ਨਾਲ ਸਾਡੇ ਨੌਜਵਾਨਾਂ ਨੂੰ ਨਵੀਂ ਸੇਧ ਮਿਲ ਰਹੀ ਹੈ।ਗੁਰੂ ਸਹਿਬਾਨ ਨੇ ਵੀ ਅਖਾੜਿਆਂ ਦੀ ਪਰੰਪਰਾ ਨੂੰ ਸ਼ੁਰੂ ਕੀਤਾ।ਜਿਸ ਨਾਲ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਵਿਕਾਸ ਦਾ ਮਾਰਗ ਅਪਨਾਇਆ ਜਾ ਸਕਦਾ ਹੈ।ਉਨ੍ਹਾਂ ਵਲੋਂ ਮਿਲਿਆ ਸਿੱਖਿਆਵਾਂ ਨਾਲ ਹੀ ਅੱਜ ਕੁਸ਼ਤੀ ਦੰਗਲ ਛਿੰਝ ਮੇਲਿਆਂ ਵਿਚ ਪੰਜਾਬੀ ਨੌਜਵਾਨਾਂ ਦੀ ਭਰਪੂਰ ਰੁਚੀ ਦਿਖਾਈ ਦਿੰਦੀ ਹੈ।ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਪੰਜਾਬ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸੂਚਨਾ 'ਤੇ ਲੋਕ ਸੰਪਰਕ ਵਿਭਾਗ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਨੇ ਬੀਤੀ ਸ਼ਾਮ ਭੱਲੜੀ ਵਿਚ ਸ਼ਹੀਦ ਭਗਤ ਸਿੰਘ ਦੰਗਲ ਕਮੇਟੀ ਵੱਲੋਂ ਗਰਾਮ ਪੰਚਾਇਤ ਅਤੇ ਐੱਨ ਆਰ ਆਈਜ਼ ਦੇ ਸਹਿਯੋਗ ਨਾਲ ਕਰਵਾਏ ਗਏ ਛਿੰਝ ਮੇਲੇ ਮੌਕੇ ਕੀਤਾ।ਉਨ੍ਹਾਂ ਕਿਹਾ ਪੰਚਾਇਤ ਚੋਣਾਂ ਵਿੱਚ ਮਿਲੀ ਮਿਸਾਲੀ ਜਿੱਤ ਤੋ ਬਾਅਦ ਹਉਮੈਂ ਅਤੇ ਹੰਕਾਰ ਨੂੰ ਤਿਆਗ ਕੇ ਸੇਵਾ ਦੀ ਭਾਵਨਾ ਨਾਲ ਕੰਮ ਕਰਨਾ ਹੀ ਪੰਚਾਂ ਸਰਪੰਚਾਂ ਦਾ ਫਰਜ਼ ਹੈ, ਇਸ ਲਈ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਸ਼ੁਰੂ ਹੋਵੇਗਾ।

ਇਸ ਮੌਕੇ ਉਨ੍ਹਾਂ ਛਿੰਝ ਕਮੇਟੀ ਨੂੰ ਡੇਢ ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸ਼ਹੀਦ ਭਗਤ ਸਿੰਘ ਦੰਗਲ ਕਮੇਟੀ ਦੇ ਪ੍ਰਧਾਨ ਹਰਪਾਲ ਸਿੰਘ, ਸਕੱਤਰ ਪ੍ਰਿੰ.ਗੁਰਨਾਮ ਸਿੰਘ ਭੱਲੜੀ, ਉੱਪ ਪ੍ਰਧਾਨ ਵਰਜੀਤ ਸਿੰਘ ਲੱਕੀ, ਕੈਸ਼ੀਅਰ ਸੁਖਵੰਤ ਸਿੰਘ, ਸ਼ਮਸ਼ੇਰ ਸਿੰਘ ਰਾਣਾ ਆਦਿ ਨੇ ਦੱਸਿਆ ਕਿ ਛਿੰਝ ਮੇਲੇ ਨੂੰ ਕਰਵਾਉਣ ਦਾ ਮੁੱਖ ਮਕਸਦ ਨੌਜਵਾਨਾ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਅਤੇ ਪਿੰਡ ਦੀ ਸੁੱਖ ਸ਼ਾਤੀ, ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਨਾ ਹੈ।ਇਸ ਮੌਕੇ ਕਰਵਾਏ ਗਏ ਛਿੰਝ ਮੁਕਾਬਲੇ ਚ ਝੰਡੀ ਦੀ ਕੁਸ਼ਤੀ ਚ ਮਿਰਜ਼ਾ ਈਰਾਨ ਮੁੱਲਾਂਪੁਰ ਨੇ ਗੌਰਵ ਜੱਖੇਵਾਲ ਨੂੰ ਚਿੱਤ ਕਰਕੇ ਪਹਿਲੇ ਇਨਾਮ ਤੇ ਕਬਜਾ ਕਰ ਲਿਆ।ਮੁਕਾਬਲੇ 'ਚ ਜੇਤੂ ਪਹਿਲਵਾਨਾਂ ਨੂੰ ਛਿੰਝ ਕਮੇਟੀ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

## ਨਵੀਆਂ ਬਣੀਆਂ ਪੰਚਾਇਤਾਂ ਨੂੰ ਜੀਤ ਲਾਲ ਭੱਟੀ ਨੇ ਕੀਤਾ ਸਨਮਾਨਤ

**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ)**-ਹਲਕਾ ਆਦਮਪੁਰ ਦੇ ਬਲਾਕ ਭੋਗਪੁਰ ਦੇ 25 ਪਿੰਡਾਂ ਚਰੜ, ਟਾਂਡੀ, ਲੜੋਈ, ਖੋਜਕੀਪੁਰ, ਮੋਕਲ, ਸਗਰਾਂਵਾਲੀ, ਲੜੋਆ,ਚੌਲਾਂਗ,ਮੋਗਾ, ਪਤਿਆਲ, ਸਿਕੰਦਰਪੁਰ, ਰਾਸਤਗੋ, ਭੱਟੀਆ, ਧਮੂਲੀ ਬੜਚੂਹੀ,ਮਾਣਕੋ, ਰਾਜਪੁਰ, ਚੱਕਸਕੂਰ, ਗੀਗਨਵਾਲ, ਦਾਰਾਪੁਰ, ਗਹਿਲੜ, ਕਿੰਗਰਾ ਚੋ ਵਾਲਾ, ਸਨੋਰਾ, ਭਟਨੂਰਾ, ਸਲਾਲਾ, ਮੱਲੀ ਨੰਗਲ ਦੀਆ ਨਵੀਆਂ ਬਣੀਆਂ ਪੰਚਾਇਤਾਂ ਦੇ ਸਰਪੰਚਾਂ ਤੇ ਪੰਚਾਂ ਨੂੰ ਜੀਤ ਲਾਲ ਭੱਟੀ ਹਲਕਾ ਇੰਚਾਰਜ/ਡਾਇਰੈਕਟਰ ਪਨਬਸ ਪੰਜਾਬ ਵਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨਾਲ ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ,ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ ਵੀ ਮੌਜੂਦ ਰਹੇ।ਇਸ ਮੌਕੇ ਸਰਪੰਚ ਮਨਜੀਤ ਕੌਰ, ਸਰਪੰਚ ਰਾਕੇਸ਼ ਕੁਮਾਰ, ਸਰਪੰਚ ਗੁਰਦੀਪ ਕੌਰ, ਸਰਪੰਚ ਰਾਜਵਿੰਦਰ ਕੌਰ, ਸਰਪੰਚ ਮਨਜਿੰਦਰ ਸਿੰਘ, ਸਰਪੰਚ ਅਮਰਜੀਤ ਸਿੰਘ, ਸਰਪੰਚ ਬਲਵਿੰਦਰ ਸਿੰਘ, ਸਰਪੰਚ ਨੀਲਮ, ਸਰਪੰਚ ਬਲਵਿੰਦਰ ਕੌਰ, ਸਰਪੰਚ ਪਰਮਿੰਦਰ ਸਿੰਘ, ਸਰਪੰਚ ਤਰਸੇਮ ਸਿੰਘ, ਸਰਪੰਚ ਸਤਪਾਲ, ਸਰਪੰਚ ਪਲਵਿੰਦਰ ਕੌਰ, ਸਰਪੰਚ ਮਨਜੀਤ ਕੌਰ, ਸਰਪੰਚ ਬਲਬੀਰ ਕੌਰ, ਸਰਪੰਚ ਅਮਰੀਕ ਸਿੰਘ, ਸਰਪੰਚ ਸੰਦੀਪ ਮਾਹੀ, ਸਰਪੰਚ ਬਲਬੀਰ ਕੌਰ, ਸਰਪੰਚ ਬਲਬੀਰ ਕੌਰ, ਸਰਪੰਚ ਬਲਬੀਰ ਸਿੰਘ, ਸਰਪੰਚ ਅਮਨਿੰਦਰ ਸਿੰਘ, ਪੰਚ ਰਵਿੰਦਰ ਸਿੰਘ, ਪੰਚ ਗੁਰਬਚਨ ਸਿੰਘ, ਪੰਚ ਕੁਲਵੰਤ ਕੌਰ, ਪੰਚ ਗੁਰਪ੍ਰੀਤ ਸਿੰਘ, ਪੰਚ ਸੰਦੀਪ ਕੌਰ, ਸਰਪੰਚ ਕੁਲਦੀਪ ਕੌਰ, ਰਮੇਸ਼ ਚੰਦਰ ਜ਼ਿਲਾ ਜੁਆਇੰਟ ਸਕੱਤਰ ਟਰੇਡ ਵਿੰਗ, ਦਲਜੀਤ ਸਿੰਘ ਮਿਨਹਾਸ,



ਸੂਬੇਦਾਰ ਹੰਸ ਰਾਜ ਕੋਰਡੀਨੇਟਰ ਐਕਸ ਸਰਵਿਸਮੈਨ ਵਿੰਗ, ਸੁਖਦੇਵ ਲਾਲ ਕੋਰਡੀਨੇਟਰ ਬੁੱਧੀਜੀਵੀ ਵਿੰਗ, ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਡਾ.ਕਮਲ ਸਿੰਘ ਕੋਰਡੀਨੇਟਰ ਡਾਕਟਰ ਵਿੰਗ, ਬਲਾਕ ਪ੍ਰਧਾਨ ਮਦਨ ਸਿੰਘ, ਬਲਾਕ ਪ੍ਰਧਾਨ ਸਤਨਾਮ ਮਨਕੋਟੀਆ, ਬਲਾਕ ਪ੍ਰਧਾਨ ਅਜੈ ਕੁਮਾਰ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਬਲਾਕ ਪ੍ਰਧਾਨ ਇੰਦਰਜੀਤ ਸਿੰਘ, ਪਵਨ ਅਰੋੜਾ ਕੋਆਰਡੀਨੇਟਰ ਵਪਾਰ ਵਿੰਗ, ਬਲਾਕ ਪ੍ਰਧਾਨ ਭੁਪਿੰਦਰ ਦੇਵ, ਸਤਨਾਮ ਸਿੰਘ ਟਾਂਡੀ, ਗੁਰਦੇਵ ਸਿੰਘ ਚਰੜ, ਭੁਪਿੰਦਰ ਸਿੰਘ, ਹਰਦੇਵ ਸਿੰਘ, ਸਮਿੱਤਰ ਸਿੰਘ, ਗੁਰਨਾਮ ਸਿੰਘ ਮੌਜੂਦ ਸਨ।

## 'ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭੁੱਲੀ'



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਜਿੰਨੇ ਚਾਅ ਨਾਲ ਪੰਜਾਬ ਦੇ ਲੋਕਾਂ ਨੇ ਬਦਲਾਵ ਲਈ ਪੰਜਾਬ ਸਰਕਾਰ ਦੀ ਚੋਣ ਕੀਤੀ ਸੀ, ਉਹਨਾਂ ਚਾਵਾਂ 'ਤੇ ਪਾਣੀ ਫਿਰਦਾ ਦਿਖਾਈ ਦੇ ਰਿਹਾ ਹੈ।ਕੇਂਦਰ ਸਰਕਾਰ ਵਲੋਂ ਆਪਣੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਤਿੰਨ ਪ੍ਰਤੀਸ਼ਤ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕਰ ਦੇਣ ਨਾਲ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲੋਂ 15 ਪ੍ਰਤੀਸ਼ਤ ਮਹਿੰਗਾਈ ਭੱਤਾ ਵੱਧ ਲੈ ਰਹੇ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਕੋਟ ਫਤੂਹੀ ਦੇ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਹਰਮਨੋਜ ਕੁਮਾਰ ਦੀ ਸਰਪ੍ਰਸਤੀ ਹੇਠ ਬਲਾਕ ਦੀ ਮਹੀਨਾਵਾਰ ਮੀਟਿੰਗ ਵਿੱਚ ਅੱਡਾ ਈਸਪੁਰ ਵਿਖੇ ਕੀਤਾ।ਆਗੂਆਂ ਵਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਨੇ ਮੁਲਾਜਮ-ਪੈਨਸ਼ਨਰ ਮੰਗਾਂ ਤੋਂ ਆਪਣਾ ਮੂੰਹ ਫੇਰਨ ਤੇ ਆਏ ਲੋਕ ਸਭਾ ਦੇ ਨਤੀਜਿਆਂ ਤੋਂ ਕੋਈ ਸਬਕ ਨਹੀਂ ਲਿਆ।ਲਗਤਾਰ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਕਾਰਨ ਮੁਲਾਜਮ-ਪੈਨਸ਼ਨਰ ਵਰਗ ਸਰਕਾਰ ਤੋਂ ਨਰਾਜ ਹੈ। ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਸਰਕਾਰ ਵਲੋਂ ਜਾਰੀ ਕੀਤੇ ਅਧੂਰੇ ਨੋਟੀਫਿਕੇਸ਼ਨ ਨੂੰ ਵੀ ਲਗਭਗ ਦੋ ਸਾਲ ਬੀਤਣ ਤੋਂ ਬਾਅਦ ਅਜੇ ਤੱਕ ਜਮੀਨੀ ਪੱਧਰ 'ਤੇ ਲਾਗੂ ਨਹੀਂ ਕੀਤਾ। ਪੇਅ-ਕਮਿਸ਼ਨ ਦੇ ਬਕਾਏ, ਕੱਟੇ 37 ਭੱਤੇ ਬਹਾਲ ਕਰਨ, ਏ.ਸੀ.ਪੀ ਸਕੀਮ ਅਤੇ ਹੋਰ ਕਈ ਹੱਕੀ ਅਤੇ ਜਾਇਜ ਮੰਗਾਂ ਪ੍ਰਤੀ ਸਰਕਾਰ ਦਾ ਕੋਈ ਹਾਂ-ਪੱਖੀ ਹੁੰਗਾਰਾ ਨਾ ਮਿਲਣ ਤੇ ਮੁਲਾਜਮ-ਪੈਨਸ਼ਨਰ ਵਰਗ ਵਲੋਂ ਆਉਣ ਵਾਲੀ 13 ਨਵੰਬਰ ਚੱਬੇਵਾਲ ਵਿਧਾਨ ਸਭਾ ਉਪ-ਚੋਣ ਲਈ ਪੂਰੇ ਹਲਕੇ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ। ਇਸ ਮੌਕੇ ਐਨ.ਪੀ.ਐਸ ਮੁਲਾਜਮਾਂ ਵਲੋਂ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸ਼ਾਮ ਸੁੰਦਰ, ਜਸਵਿੰਦਰ ਸਿੰਘ, ਬਖਤਾਵਰ ਸਿੰਘ, ਬਲਜੀਤ ਸਿੰਘ, ਸ਼ਿੰਗਾਰਾ ਸਿੰਘ, ਮਹਿੰਦਰ ਪਾਲ, ਅਜੇ ਕੁਮਾਰ, ਸੁਖਜੀਵਨ ਸਿੰਘ, ਉਂਕਾਰ ਸਿੰਘ, ਬਲਜਿੰਦਰ ਪਾਲ, ਸੁਰਜੀਤ ਸਿੰਘ, ਓਮ ਦੱਤ, ਲਹਿੰਬਰ ਸਿੰਘ, ਸੰਜੀਵ ਕੁਮਾਰ, ਸਗਲੀ ਰਾਮ, ਸੰਦੀਪ ਕੁਮਾਰ, ਪ੍ਰਿਤਪਾਲ ਸਿੰਘ, ਪਵਨ ਕੁਮਾਰ ਅਤੇ ਕਈ ਹੋਰ ਐਨ.ਪੀ.ਐਸ ਮੁਲਾਜ਼ਮ ਮੌਜੂਦ ਸਨ।

## ਐੱਲ ਪੀ ਯੂ ਦੇ ਪ੍ਰੋਗਰਾਮਾਂ 'ਚ ਅਕਤੂਬਰ 2024 ਸੈਸ਼ਨ ਲਈ ਦਾਖਲੇ ਖੁੱਲ੍ਹੇ



**ਜਲੰਧਰ ( ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਜਾਂਦੇ ਡਿਸਟੈਂਸ ਅਤੇ ਆਨਲਾਈਨ ਸਿੱਖਿਆ ਪ੍ਰੋਗਰਾਮਾਂ ਵਿੱਚ ਅਕਤੂਬਰ 2024 ਸੈਸ਼ਨ ਲਈ ਦਾਖਲਾ ਖੁੱਲ੍ਹਾ ਹੈ।ਹਾਲ ਹੀ ਵਿੱਚ, ਗ੍ਰਾਂਟ ਕਮਿਸ਼ਨ ਦੁਆਰਾ ਜੁਲਾਈ-ਅਗਸਤ 2024 ਸੈਸ਼ਨ ਨੂੰ ਅਕਤੂਬਰ 2024 ਸੈਸ਼ਨ ਵਿੱਚ ਬਦਲ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਮੈਨੇਜਮੇਂਜ, ਕੰਪਿਊਟਰ ਐਪਲੀਕੇਸ਼ਨ, ਸੂਚਨਾ ਤਕਨਾਲੋਜੀ, ਵਿਗਿਆਨ, ਵਣਜ, ਕਲਾ ਅਤੇ ਵਿਸ਼ਿਆਂ ਵਿੱਚ ਐਲਪੀਯੂ ਦੇ ਯੂਜੀਸੀ-ਪ੍ਰਵਾਨਿਤ ਦੂਰੀ ਅਤੇ ਆਨਲਾਈਨ ਮੋਡ ਪ੍ਰੋਗਰਾਮ ਲਾਇਬ੍ਰੇਰੀ ਵਿੱਚ ਵੱਡੀ ਗਿਣਤੀ ਵਿੱਚ ਦਾਖਲੇ ਹੋ ਰਹੇ ਹਨ। ਵਰਤਮਾਨ ਵਿੱਚ, ਐਲਪੀਯੂ ਡਿਸਟੈਂਸ ਸਿੱਖਿਆ ਮੋਡ ਰਾਹੀਂ ਐਮਬੀਏ, ਬੀਬੀਏ, ਡੀਬੀਏ, ਐਮਸੀਏ, ਐਮਐਸਸੀ ਆਈਟੀ, ਬੀਸੀਏ, ਬੀਐਸਸੀ ਆਈਟੀ, ਡੀਸੀਏ, ਬੀਕਾਮ, ਬੀਏ, ਐਮਐਲਆਈਐਸ, ਬੀਐਲਆਈਐਸ, ਡੀਐਲਆਈਐਸ ਪ੍ਰੋਗਰਾਮ ਅਤੇ ਐਮਬੀਏ, ਐਮਸੀਏ, ਐਮਐਸਸੀ, ਐਮ ਕਾਮ, ਐਮਏ, ਬੀਬੀਏ, ਬੀਸੀਏ ਅਤੇ ਬੀਏ ਪ੍ਰੋਗਰਾਮ ਆਨਲਾਈਨ ਸਿੱਖਿਆ ਮੋਡ ਰਾਹੀਂ ਉਪਲਬਧ ਹਨ। ਆਲ ਇੰਡੀਆ ਕਾਉਂਸਿਲ ਫਾਰ ਟੈਕਨੀਕਲ ਐਜੂਕੇਸ਼ਨ ਦੁਆਰਾ ਐਮਬੀਏ ਅਤੇ ਐਮਸੀਏ ਪ੍ਰੋਗਰਾਮਾਂ ਨੂੰ ਦੋਨੋ ਮੋਡਾਂ ਵਿੱਚ ਪ੍ਰਵਾਨਗੀ ਦਿੱਤੀ ਗਈ ਹੈ। ਪੇਸ਼ੇਵਰ ਅਤੇ ਵਿਦਿਆਰਥੀ ਜੋ ਆਪਣੀਆਂ ਯੋਗਤਾਵਾਂ ਨੂੰ ਵਧਾਉਣਾ ਚਾਹੁੰਦੇ ਹਨ, ਉਹ ਵੀ ਵੱਖ-ਵੱਖ ਯੂਜੀਸੀ ਮਾਨਤਾ ਪ੍ਰਾਪਤ ਦੂਰੀ ਪ੍ਰੋਗਰਾਮਾਂ ਦੀ ਚੋਣ ਕਰ ਸਕਦੇ ਹਨ ਜਿਸ ਵਿੱਚ ਅੰਗਰੇਜ਼ੀ, ਅਰਥ ਸ਼ਾਸਤਰ, ਗਣਿਤ, ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜ ਸ਼ਾਸਤਰ, ਮਨੋਵਿਗਿਆਨ ਸਿੱਖਿਆ, ਪੰਜਾਬੀ ਅਤੇ ਹਿੰਦੀ ਵਿੱਚ ਐਮ.ਏ ਨੂੰ ਚੁਣ ਸਕਦੇ ਹਨ। ਯੂਜੀਸੀ ਨੇ 19 ਅਗਸਤ 2024 ਦੇ ਆਪਣੇ ਨੋਟਿਸ ਰਾਹੀਂ, ਵਿਦਿਆਰਥੀਆਂ ਲਈ ਇੱਕ ਨਵੀਂ ਪ੍ਰਕਿਰਿਆ ਸ਼ੁਰੂ ਕੀਤੀ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਦੂਰੀ ਅਤੇ ਆਨਲਾਈਨ ਮੋਡ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਤੋਂ ਪਹਿਲਾਂ ਯੂਜੀਸੀ ਡੀਈਬੀ ਆਈਡੀ ਬਣਾਉਣਾ ਲਾਜ਼ਮੀ ਬਣਾਇਆ ਗਿਆ ਹੈ ਤਾਂ ਜੋ ਸਿਰਫ ਮਾਨਤਾ ਪ੍ਰਾਪਤ ਉੱਚ ਸਿੱਖਿਆ ਸੰਸਥਾਵਾਂ ਵਿੱਚ ਦਾਖਲਾ ਯਕੀਨੀ ਬਣਾਇਆ ਜਾ ਸਕੇ ਕੀਤਾ ਜਾਵੇ ਅਤੇ ਦਾਖਲੇ ਵਿੱਚ ਪਾਰਦਰਸ਼ਤਾ ਵਧਾਈ ਜਾ ਸਕੇ।

## ਭਗਵਾਨ ਵਾਲਮੀਕ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਸ਼ੋਭਾ ਯਾਤਰਾ ਕੱਢੀ



**ਭੁਲੱਥ, (ਮਨਪ੍ਰੀਤ ਸਿੰਘ)** ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਵਾਲਮੀਕਿ ਭਾਈਚਾਰੇ ਵੱਲੋਂ ਭਗਵਾਨ ਵਾਲਮੀਕਿ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ।ਇਸ ਮੌਕੇ ਭੁਲੱਥ ਦੇ ਭਗਵਾਨ ਵਾਲਮੀਕਿ ਮੰਦਰ ਤੋਂ ਸ਼ੁਰੂ ਹੋ ਕੇ ਵਿਸ਼ਾਲ ਸ਼ੋਭਾ ਯਾਤਰਾ ਭਜਨਾ ਦਾ ਗੁਣਗਾਨ ਕਰਦਿਆਂ ਵੱਖ-ਵੱਖ ਪਿੰਡਾਂ 'ਚ ਹੁੰਦੀ ਹੋਈ ਦੁਬਾਰਾ ਭੁਲੱਥ ਵਿਖੇ ਪੁੱਜੀ।

ਇਸ ਮੌਕੇ ਭੁਲੱਥ ਦੇ ਜੁਡੀਸ਼ੀਅਲ ਕੋਰਟ ਕੰਪਲੈਕਸ ਚੌਂਕ ਵਿੱਚ ਸ਼ੋਭਾ ਯਾਤਰਾ ਦਾ ਉਦਘਾਟਨ ਕਰਦਿਆਂ ਡੀ ਐਸ ਪੀ ਭੁਲੱਥ ਕਰਨੈਲ ਸਿੰਘ ਤੇ ਬਾਬਾ ਸੋਮਨਾਥ ਕੁਲੀ ਵਾਲੀ ਸਰਕਾਰ ਵੱਲੋ ਰੀਬਨ ਕੱਟ ਕੇ ਕੀਤਾ ਗਿਆ।ਇਸ ਮੌਕੇ ਪੁੱਜੀਆਂ ਨਾਮ ਵਾਰ ਸ਼ਖਸ਼ੀਅਤਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ਿੰਗਾਰਾ ਸਿੰਘ, ਐਡਵੋਕੇਟ ਕੁਲਵੰਤ ਸਿੰਘ ਸਹਿਗਲ ਐਸ ਐਚ ਓ ਹਰਜਿੰਦਰ ਸਿੰਘ ਭੁਲੱਥ, ਬਾਬਾ ਦੀਪਕ ਸ਼ਾਹ, ਲਖਵਿੰਦਰ ਪੰਮਾ, ਮਾਸਟਰ ਬੀਰ ਸਿੰਘ ਸਿੱਧੂ, ਪ੍ਰਧਾਨ ਸੁਦੇਸ਼ ਕੁਮਾਰ ਸਿੱਧੂ, ਰਾਜੂ ਅਸ਼ੋਕ ਭੱਟੀ, ਕੁਲਦੀਪ ਰਾਏ, ਜਸਪ੍ਰੀਤ ਗੁਰਾਇਆ ਪਾਵਰ ਵੇਟ ਲਿਫਟਿੰਗ ਸੈਕਟਰੀ ਐਸੋਸੀਏਸ਼ਨ ਪੰਜਾਬ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਬਲਦੇਵ ਸਿੰਘ ਸਿੱਧੂ ਵਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ ਗਈ।

## ਭਗਵਾਨ ਵਾਲਮੀਕਿ ਦੇ ਜੈਕਾਰਿਆਂ ਨਾਲ ਗੂੰਜਿਆ ਨੂਰਮਹਿਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਭਗਵਾਨ ਵਾਲਮੀਕਿ ਨੌਜਵਾਨ ਸਭਾ ਨੂਰਮਹਿਲ, ਵਾਲਮੀਕਿ ਮੰਦਰ ਪੁਰਾਣਾ ਬੱਸ ਸਟੈਂਡ ਨੂਰਮਹਿਲ ਵਲੋਂ ਭਗਵਾਨ ਵਾਲਮੀਕਿ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ।ਝੰਡੇ ਦੀ ਰਸਮ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਇੰਚਾਰਜ ਨਕੋਦਰ ਕਾਂਗਰਸ ਡਾਕਟਰ ਨਵਜੋਤ ਸਿੰਘ ਦਾਹੀਆ ਨੇ ਭਗਵਾਨ ਵਾਲਮੀਕਿ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਵਾਲਮੀਕਿ ਨੌਜਵਾਨ ਸਭਾ ਦੇ ਪ੍ਰਧਾਨ ਮੁਨੀਸ਼ ਗਿੱਲ ਉਰਫ਼ ਕਾਲੀ ਦੀ ਅਗਵਾਈ ਹੇਠ ਵਿਸ਼ਾਲ ਸ਼ੋਭਾ ਯਾਤਰਾ ਬਾਅਦ ਦੁਪਹਿਰ ਦੋ ਵਜੇ ਆਰੰਭ ਹੋਈ।ਸ਼ੋਭਾ ਯਾਤਰਾ ਨੂੰ ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸਮਾਜ ਸੇਵਕ ਪਰਮਜੀਤ ਚਾਹਲ ਉਰਫ ਪੰਮਾ ਚਾਹਲ ਨੇ ਰਵਾਨਾ ਕੀਤਾ।ਸ਼ੋਭਾ ਯਾਤਰਾ ਪੁਰਾਣਾ ਬੱਸ ਸਟੈਂਡ, ਨਵਾਂ ਬੱਸ ਸਟੈਂਡ, ਦਾਣਾ ਮੰਡੀ ਚੌਂਕ, ਫਿਲੌਰ ਰੋਡ, ਰਵਿਦਾਸਪੁਰਾ ਮੁਹੱਲਾ, ਰਵਿਦਾਸ ਚੌਂਕ, ਚੀਮਾ ਬਾਜ਼ਾਰ ਤੋਂ ਹੁੰਦੀ ਹੋਈ ਵਾਪਸਮੰਦਰ ਵਿਖੇ ਪਹੁੰਚ ਕੇ ਸਮਾਪਤ ਹੋਈ।ਇਸ ਮੌਕੇ ਕੌਂਸਲਰ ਨੰਦ ਕਿਸ਼ੋਰ ਗਿੱਲ, ਨਗਰ ਕੌਂਸਲ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ, ਬਲਵੀਰ ਸੌਂਧੀ, ਸੁਭਾਸ਼ ਸੌਂਧੀ, ਦਵਿੰਦਰ ਪਾਲ ਚਾਹਲ, ਬਲਵੀਰ ਸਿੰਘ ਚੀਮਾ ਚੇਅਰਮੈਨ ਸ਼ਿਰੋਮਣੀ ਰੰਘਰੇਟਾ ਦਲ ਪੰਜਾਬ, ਸਾਬਕਾ ਕੌਂਸਲਰ ਰਾਜ ਕੁਮਾਰ ਸਹੋਤਾ, ਕੌਂਸਲਰ ਬਲਵੀਰ ਚੰਦ ਕੌਲੀਧਾਰ, ਕੌਂਸਲਰ ਜੰਗ ਬਹਾਦਰ ਕੋਹਲੀ, ਸੁਰਤੇਜ ਸਿੰਘ ਬਾਸੀ, ਕੌਂਸਲਰ ਰਾਜੀਵ ਮਿਸਰ, ਨੰਬਰਦਾਰ ਅਸ਼ੋਕ ਸੰਧੂ, ਭੂਸ਼ਣ ਲਾਲ ਸ਼ਰਮਾ, ਪੁਸ਼ਪਿੰਦਰ ਜੋਸ਼ੀ ਆਦਿ ਵੱਡੀ ਗਿਣਤੀ 'ਚ ਸੰਗਤਾਂ ਅਤੇ ਸ਼ਹਿਰ ਵਾਸੀ ਮੌਜੂਦ ਸਨ।

## ਟਰੈਫਿਕ ਨਿਯਮਾਂ ਨੂੰ ਬਹਾਲ ਰੱਖਣ ਲਈ ਚਲਾਈ ਮੁਹਿੰਮ ਤਹਿਤ ਭੁਲੱਥ 'ਚ ਕੀਤੀ ਚੈਕਿੰਗ



**ਭੁਲੱਥ, (ਮਨਪ੍ਰੀਤ ਸਿੰਘ)** ਐਸ.ਐਸ.ਪੀ ਕਪੂਰਥਲਾ ਮੈਡਮ ਵਤਸਲਾ ਗੁਪਤਾ ਦੀਆਂ ਹਦਾਇਤਾਂ ਅਨੁਸਾਰ ਤੇ ਡੀ.ਐਸ.ਪੀ ਭੁਲੱਥ ਕਰਨੈਲ ਸਿੰਘ ਦੀ ਅਗਵਾਈ ਹੇਠ ਅਨੁਸਾਰ ਭੁਲੱਥ 'ਚ ਟਰੈਫਿਕ ਸਮੱਸਿਆਵਾਂ ਨੂੰ ਰੋਕਣ ਲਈ ਅਤੇ ਟਰੈਫਿਕ ਨਿਯਮਾਂ ਨੂੰ ਬਹਾਲ ਰੱਖਣ ਲਈ ਚਲਾਈ ਮੁਹਿੰਮ ਤਹਿਤ ਬੇਗੋਵਾਲ, ਨਡਾਲਾ ਅਤੇ ਭੁਲੱਥ ਤਨਾਇਤ ਕੀਤੇ ਗਏ ਟਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਅਤੇ ਏ.ਐਸ.ਆਈ ਗੁਰਦੀਪ ਸਿੰਘ ਵੱਲੋਂ ਵੱਖ-ਵੱਖ ਚੌਂਕਾਂ 'ਚ ਗੱਡੀਆਂ ਮੋਟਰਸਾਈਕਲ ਅਤੇ ਹੋਰ ਵਹੀਕਲਾਂ ਦੀ ਚੈਕਿੰਗ ਕੀਤੀ ਗਈ ਅਤੇ ਬਿਨਾਂ ਕਾਗਜਾਤਾਂ ਤੋਂ ਚੱਲ ਰਹੇ ਵਹੀਕਲਜ਼ ਦੇ ਚਲਾਨ ਕੱਟੇ ਮੋਟਰਸਾਈਕਲ ਤੇ ਪ੍ਰੈਸ਼ਰ ਹਾਰਨ ਵਾਲੇ ਵਹੀਕਲਾਂ ਤੇ ਨੋ ਪਾਰਕਿੰਗ ਵਿੱਚ ਲੱਗੇ ਵਾਹਨਾਂ ਦੇ ਚਲਾਨ ਕੱਟੇ।ਇਸ ਤੋਂ ਇਲਾਵਾ ਬਾਜ਼ਾਰ ਦੇ ਦੁਕਾਨਦਾਰਾਂ ਨੂੰ ਹਦਾਇਤਾਂ ਦਿੰਦਿਆ ਕਿਹਾ ਕਿ ਉਹ ਸਮਾਨ ਵਧਾ ਕੇ ਦੁਕਾਨਾਂ ਤੋਂ ਅੱਗੇ ਨਾ ਰੱਖਣ ਤਾਂ ਕਿ ਟਰੈਫਿਕ ਸਮੱਸਿਆ ਪੈਦਾ ਨਾ ਹੋਵੇ, ਟਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਅੰਦਰ ਬੇਗੋਵਾਲ ਤੇ ਨਡਾਲਾ ਕਸਬਿਆ ਅੰਦਰ ਚੈਕਿੰਗ ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ।ਇਸ ਮੌਕੇ ਏ ਐਸ ਆਈ ਸੁਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੀ ਟੀਮ ਵੱਲੋਂ 1 ਸਤੰਬਰ 2024 ਤੋਂ 31 ਸਤੰਬਰ 2023 ਤੱਕ 32 ਚਲਾਨ ਡੀ.ਟੀ.ਓ ਦੇ ਕੱਟੇ ਹਨ, ਜਿਸ ਦਾ ਜੁਰਮਾਨਾ 75 ਹਜ਼ਾਰ ਰੁਪਏ, ਈ-ਮਸ਼ੀਨ ਰਾਹੀਂ ਜੋ 12 ਚਲਾਨ ਕੱਟੇ ਹਨ, ਉਹਨਾ ਦਾ ਜ਼ੁਰਮਾਨਾ 7 ਹਜ਼ਾਰ ਰੁਪਏ ਤੇ ਜੋ ਨਗਦ ਕੈਸ਼ 6 ਚਲਾਨ ਕੀਤੇ ਹਨ, ਉਹਨਾਂ ਦਾ ਜ਼ੁਰਮਾਨਾ 4 ਹਜ਼ਾਰ ਰੁਪਏ ਹੈ, ਉਹਨਾਂ ਦੱਸਿਆ ਕਿ ਆਪਾਂ ਇੱਕ ਮਹੀਨੇ ਵਿੱਚ ਕਰੀਬ 86 ਹਜ਼ਾਰ ਦੇ ਚਲਾਨ ਕੱਟੇ ਹਨ।

## ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਸੱਦਾ



**ਜਲੰਧਰ (ਇਕਬਾਲ ਸਿੰਘ ਉਭੀ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਨ ਨੂੰ ਛੱਡਕੇ ਵਾਤਾਵਰਣ ਦੀ ਸੰਭਾਲ ਲਈ ਕਿਸਾਨਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਗਿਆ।ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਰਵਾਏ ਗਏ ਸੈਮੀਨਾਰ ਦੌਰਾਨ ਡਾ. ਅਗਰਵਾਲ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਪਰਾਲੀ ਨੂੰ ਅੱਗ ਲਗਾਉਣ ਵਿਰੁੱਧ ਵੱਡੇ ਪੱਧਰ 'ਤੇ ਮੁਹਿੰਮ ਵਿੱਢਣ 'ਤੇ ਜ਼ੋਰ ਦਿੱਤਾ ਗਿਆ।ਧੂੰਏਂ ਕਾਰਨ ਮੌਸਮ ਦੀ ਵਿਗੜਦੀ ਹਾਲਤ ਬਾਰੇ ਬੋਲਦਿਆਂ ਡਾ. ਅਗਰਵਾਲ ਨੇ ਕਿਹਾ ਕਿ ਹਰ ਕੋਈ ਇਸ ਦੇ ਬੁਰੇ ਪ੍ਰਭਾਵਾਂ ਨੂੰ ਮਹਿਸੂਸ ਕਰ ਸਕਦਾ ਹੈ ਅਤੇ ਇਹ ਸਾਡੀ ਸਭ ਦੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਵਾਤਾਵਰਣ ਦੀ ਸੁਰੱਖਿਆ ਲਈ ਸੰਜੀਦੇ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਹਵਾ ਹੀ ਪ੍ਰਦੂਸ਼ਿਤ ਨਹੀਂ ਹੁੰਦੀ, ਸਗੋਂ ਇਸ ਨਾਲ ਜ਼ਮੀਨ ਦੇ ਕਈ ਪੌਸ਼ਟਿਕ ਤੱਤ ਵੀ ਨਸ਼ਟ ਹੋ ਜਾਂਦੇ ਹਨ।ਇਸ ਮੌਕੇ ਡਾ.ਅਗਰਵਾਲ ਵਲੋਂ 20 ਕਿਸਾਨਾਂ, ਜਿਨ੍ਹਾਂ ਵਲੋਂ ਖੇਤਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਈ, ਨੂੰ 'ਵਤਨ ਦੇ ਰਖਵਾਲੇ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਡਿਪਟੀ ਕਮਿਸ਼ਨਰ ਨੇ ਐਲਾਨ ਕੀਤਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੇ ਢੰਗ ਨਾਲ ਸੰਭਾਲ ਲਈ 6342 ਮਸ਼ੀਨਾਂ ਦੀ ਖ਼ਰੀਦ ਕੀਤੀ ਗਈ ਹੈ ਅਤੇ ਇਨ੍ਹਾਂ ਮਸ਼ੀਨਾਂ ਦੀ ਸੁਚਾਰੂ ਢੰਗ ਨਾਲ ਵਰਤੋਂ ਨੂੰ ਯਕੀਨੀ ਬਣਾਉਣ ਲਈ ਪਿੰਡ ਪੱਧਰ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਫਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਨਿਪਟਾਰੇ ਲਈ ਕਿਸਾਨਾਂ ਦੀ ਸਹੂਲਤ ਲਈ 200 ਬੇਲਰਜ ਦਾ ਪ੍ਰਬੰਧ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 'ਵਤਨ ਦੇ ਰੱਖਵਾਲੇ' ਪਹਿਲਕਦਮੀ ਸਦਕਾ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 1 ਲੱਖ ਰੁਪਏ ਦੀ ਆਰਥਿਕ ਸਹਾਇਤਾ ਵੀ ਦਿੱਤੀ ਜਾਂਦੀ ਹੈ।

## ਮੁਫਤ ਹੁਨਰ ਸਿਖਲਾਈ ਸੰਬੰਧੀ ਦਾਖਲਿਆਂ ਲਈ ਪੇਂਡੂ ਨੌਜਵਾਨਾਂ ਕੋਲ ਸੁਨਹਿਰੀ ਮੌਕਾ : ਰਾਜੀਵ ਵਰਮਾ



**ਨਵਾਂਸ਼ਹਿਰ (ਮਨੋਜ ਲਾਡੀ)** ਪੰਜਾਬ ਹੁਨਰ ਵਿਕਾਸ ਮਿਸ਼ਨ ਅਧੀਨ ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਸਕੀਮ ਵਿਚ ਜਿਲ੍ਹੇ ਦੇ ਪੇਂਡੂ ਨੌਜਵਾਨਾਂ ਨੂੰ ਵੇਅਰਹਾਊਸ ਐਸੋਸੀਏਟ ਅਤੇ ਇਨਕਮਿੰਗ ਕੁਆਲਿਟੀ ਕੰਟਰੋਲ ਟੈਕਨੀਸ਼ੀਅਨ ਕੋਰਸਾਂ ਵਿਚ ਮੁਫਤ ਹੁਨਰ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਸਕੀਮ ਅਧੀਨ ਵੱਧ ਤੋਂ ਵੱਧ ਲੋੜਵੰਦ ਨੌਜਵਾਨਾਂ ਦਾ ਦਾਖਲਾ ਕਰਵਾਉਣ ਲਈ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ, ਨਵਾਂਸ਼ਹਿਰ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਅਗਵਾਈ ਹੇਠ ਜਿਲ੍ਹੇ ਦੀਆਂ ਆਂਗਨਵਾੜੀ ਸੁਪਰਵਾਈਜ਼ਰਾਂ ਦੀ ਇਕ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਵੱਲੋਂ ਆਂਗਨਵਾੜੀ ਸੁਪਰਵਾਈਜ਼ਰਾਂ ਨੂੰ ਸਕੀਮ ਬਾਰੇ ਜਾਣੂ ਕਰਵਉਂਦੇ ਹੋਏ ਦੱਸਿਆ ਗਿਆ ਕਿ ਹੁਨਰ ਸਿਖਲਾਈ ਸੰਬੰਧੀ ਦਾਖਲਿਆਂ ਲਈ ਪੇਂਡੂ ਨੌਜਵਾਨਾਂ ਕੋਲ ਸੁਨਹਿਰੀ ਮੌਕਾ ਹੈ। ਉਹਨਾਂ ਦੱਸਿਆ ਕਿ ਇਸ ਸਕੀਮ ਵਿਚ ਬੀ ਪੀ ਐਲ ਪੇਂਡੂ ਨੌਜਵਾਨਾਂ ਨੂੰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ, ਲੁਧਿਆਣਾ ਅਤੇ ਜਲੰਧਰ ਸ਼ਹਿਰਾਂ ਵਿਚ ਸਥਾਪਿਤ ਕੀਤੇ ਗਏ ਹੁਨਰ ਸਿਖਲਾਈ ਕੇਂਦਰਾਂ ਵਿਚ 4 ਤੋਂ 5 ਮਹੀਨੇ ਦੀ ਮੁਫਤ ਟ੍ਰੇਨਿੰਗ ਕਰਵਾਈ ਜਾਵੇਗੀ। ਨਵਾਂਸ਼ਹਿਰ ਵਿਖੇ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ 150 ਰੁਪਏ ਰੋਜਾਨਾ ਸਫਰੀ ਭੱਤਾ ਅਤੇ ਰੂਪਨਗਰ, ਲੁਧਿਆਣਾ ਅਤੇ ਜਲੰਧਰ ਸ਼ਹਿਰਾਂ 'ਚ ਸਥਾਪਿਤ ਕੀਤੇ ਗਏ ਹੁਨਰ ਸਿਖਲਾਈ ਕੇਂਦਰਾਂ ਵਿਚ ਟ੍ਰੇਨਿੰਗ ਲੈਣ ਵਾਲੇ ਉਮੀਦਵਾਰਾਂ ਨੂੰ ਮੁਫਤ ਰਿਹਾਇਸ਼ ਅਤੇ ਖਾਣੇ ਦੀ ਸਹੂਲਤ ਦਿੱਤੀ ਜਾਵੇਗੀ। ਇਸ ਮੌਕੇ ਜਿਲ੍ਹਾ ਰੋਜਗਾਰ ਅਫਸਰ ਸੰਦੀਪ ਕੁਮਾਰ ਵੱਲੋਂ ਜਿਲ੍ਹਾ ਰੋਜਗਾਰ ਬਿਊਰੋ ਵਿਖੇ ਪਬਲਿਕ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ।

## ਦਵਿੰਦਰ ਕੌਰ ਨੇ ਸਰਪੰਚ ਬਣਨ 'ਤੇ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ

**ਬਲਾਚੌਰ (ਜਸਵਿੰਦਰ ਬੈਂਸ)** ਦਵਿੰਦਰ ਕੌਰ ਪਤਨੀ ਨਰੇਸ਼ ਕੁਮਾਰ ਨੇ ਸਪਰੰਚ ਬਣਨ ਉਪਰੰਤ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ ਅਤੇ ਬੋੜੀ ਸਾਹਿਬ ਸੁਆਮੀ ਮਹਾਰਾਜ ਤੋਂ ਆਸ਼ੀਰਵਾਦ ਲਿਆ। ਉਹਨਾਂ ਕਿਹਾ ਕਿ ਪਿੰਡ ਵਾਸੀਆਂ ਦੇ ਪਿਆਰ ਅਤੇ ਸਤਿਕਾਰ ਸਦਕਾ ਉਹਨਾਂ ਨੂੰ ਸਰਪੰਚੀ ਮਿਲੀ ਹੈ। ਉਹਨਾਂ ਨੇ ਇਸ ਜਿੱਤ ਲਈ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਉਹ ਪਿੰਡ ਦੀ ਤਰੱਕੀ ਵਾਸਤੇ ਉਹ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਉਹਨਾਂ ਕਿਹਾ ਕਿ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦੇਣਗੇ ਅਤੇ ਬਿਨਾਂ ਕਿਸੇ ਭੇਦਭਾਵ ਤੋਂ ਸਾਰੇ ਪਿੰਡ ਦੇ ਵਿਕਾਸ ਕਾਰਜ ਕਰਾਏ ਜਾਣਗੇ ਅਤੇ ਉਹਨਾਂ ਨੇ ਫਿਰ ਤੋਂ ਸਾਰੇ ਪਿੰਡ ਦਾ ਧੰਨਵਾਦ ਕੀਤਾ।



## ਗਲੈਮ ਸਟੂਡੀਓ 'ਚ ਕਰਵਾ ਚੌਥ ਦੇ ਰੰਗਾਂ 'ਚ ਸਜੇ ਅਧਿਆਪਕ



**ਜਲੰਧਰ ( ਸ਼ੈਲੀ ਐਲਬਰਟ)** ਵਿਦਿਆਰਥੀਆਂ ਦੀ ਅਗਵਾਈ ਵਾਲੇ ਉੱਦਮ ਗਲੈਮ ਸਟੂਡੀਓ, ਜੋ ਕਿ ਸੀਟੀ ਗਰੁੱਪ ਦੇ ਸੁੰਦਰਤਾ, ਤੰਦਰੁਸਤੀ ਅਤੇ ਸੁਹਜ ਵਿਭਾਗ ਦੁਆਰਾ ਚਲਾਏ ਜਾਂਦੇ ਹਨ, ਨੇ ਸਟਾਫ, ਫੈਕਲਟੀ ਅਤੇ ਵਿਦਿਆਰਥੀਆਂ ਨੂੰ ਮਹਿੰਦੀ ਸੇਵਾਵਾਂ ਅਤੇ ਹੋਰ ਸੁੰਦਰਤਾ ਉਪਚਾਰਾਂ ਦੀ ਪੇਸ਼ਕਸ਼ ਕਰਕੇ ਕਰਵਾਚੌਥ ਦੇ ਜੀਵੰਤ ਤਿਉਹਾਰ ਦੀ ਯਾਦ ਦਿਵਾਈ। ਇਵੈਂਟ ਨੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ। ਗਲੈਮ ਸਟੂਡੀਓ ਵਿਖੇ ਗੁੰਝਲਦਾਰ ਮਹਿੰਦੀ ਡਿਜ਼ਾਈਨ ਦਾ ਅਭਿਆਸ ਕੀਤਾ, ਖਾਸ ਤੌਰ ਤੇ ਵਿਭਾਗ ਦੇ ਵਿਦਿਆਰਥੀਆਂ ਦੇ ਵਿਹਾਰਕ ਹੁਨਰ ਨੂੰ ਵਧਾਉਣ ਲਈ ਤਿਆਰ ਕੀਤਾ ਗਿਆ ਹੈ।।ਦੀਪਿਕਾ ਮਿਗਲਾਨੀ, ਸੁੰਦਰਤਾ, ਤੰਦਰੁਸਤੀ ਅਤੇ ਸੁਹਜ ਸ਼ਾਸਤਰ ਵਿਭਾਗ ਦੀ ਮੁਖੀ ਨੇ ਟਿੱਪਣੀ ਕੀਤੀ ਕਿ ਇਹ ਸਮਾਗਮ ਨਾ ਸਿਰਫ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਹਾਰਕ ਹੁਨਰ ਨੂੰ ਲਾਗੂ ਕਰਨ ਦੀ ਇਜਾਜ਼ਤ ਦਿੰਦਾ ਹੈ, ਸਗੋਂ ਕੈਂਪਸ ਦੇ ਅੰਦਰ ਸੱਭਿਆਚਾਰਕ ਰੁਝੇਵੇਂ ਅਤੇ ਜਸ਼ਨ ਦੀ ਭਾਵਨਾ ਨੂੰ ਵੀ ਵਧਾਉਂਦਾ ਹੈ।।

## ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰੇ : ਕੁਲਵੰਤ ਸੈਣੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਕੇ ਮੁਲਾਜ਼ਮਾਂ ਦੇ ਰੋਹ ਵਿੱਚ ਵਾਧਾ ਕੀਤਾ ਹੈ ਅਤੇ ਮੁਲਾਜ਼ਮਾਂ ਨਾਲ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਸਾਰੇ ਵਾਅਦੇ ਭੁੱਲ ਚੁੱਕੀ ਹੈ।ਇਸ ਕਰਕੇ ਮੁਲਾਜ਼ਮਾਂ ਨੂੰ ਹੜਤਾਲ 'ਤੇ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵਿੱਚ ਰੋਸ ਵੱਧ ਰਿਹਾ ਹੈ ਕਿਉਂਕਿ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਡੀ.ਏ ਦੀ ਕਿਸ਼ਤ, ਬਕਾਏ ਅਤੇ ਇਹ ਸਭ ਕੁਝ ਦਿੱਤਾ ਜਾਵੇਗਾ, ਸਰਕਾਰ ਨੇ ਤਾਂ ਕੀ ਦੇਣਾ ਸੀ, ਮੁਲਾਜ਼ਮਾਂ ਨੂੰ ਵਾਅਦੇ ਮੁਤਾਬਕ 38 ਫੀਸਦੀ ਵੀ ਨਹੀਂ ਮਿਲਿਆ, ਜਦੋਂ ਕਿ ਦੂਜੇ ਸੂਬਿਆਂ 'ਚ 53 ਫੀਸਦੀ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਡੀ.ਏ ਦਾ ਬਕਾਇਆ ਵੀ ਅਦਾ ਨਹੀਂ ਕੀਤਾ ਜਾ ਰਿਹਾ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਵੀ ਅਣਗੌਲਿਆ ਕੀਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਵਾਅਦਾ ਵੀ ਪੂਰਾ ਨਾ ਹੋਣ ਕਾਰਨ ਸੂਬੇ ਦੇ ਸੈਂਕੜੇ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਇਸ ਲਈ ਮੁਲਾਜ਼ਮ ਹੜਤਾਲ ਕਰਨ ਲਈ ਤਿਆਰ ਹਨ। ਸ੍ਰੀ ਸੈਣੀ ਨੇ ਕਿਹਾ ਕਿ ਸਰਕਾਰ ਨੂੰ ਤਿਉਹਾਰਾਂ ਦੇ ਦਿਨਾਂ ਦੌਰਾਨ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਕੇ ਦੀਵਾਲੀ ਦਾ ਤੋਹਫ਼ਾ ਦੇਣਾ ਚਾਹੀਦਾ ਹੈ। ਨਹੀਂ ਤਾਂ ਕਰਮਚਾਰੀ ਹੜਤਾਲ ਕਰਨਗੇ।

## ਭਾਜਪਾ ਯੁਵਾ ਮੋਰਚਾ ਮੰਡਲ ਫਗਵਾੜਾ ਦੇ ਪ੍ਰਧਾਨ ਸਾਥੀਆਂ ਸਮੇਤ 'ਆਪ' 'ਚ ਸ਼ਾਮਲ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਫਗਵਾੜਾ 'ਚ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਭਾਜਪਾ ਯੁਵਾ ਮੋਰਚਾ ਫਗਵਾੜਾ ਦੇ ਮੰਡਲ ਪ੍ਰਧਾਨ ਅਸ਼ੀਸ਼ ਆਹਲੂਵਾਲੀਆ, ਜਿਲ੍ਹਾ ਮੀਤ ਪ੍ਰਧਾਨ ਕੁਲਜੀਤ ਸਿੰਘ ਬਸਰਾ ਅਤੇ ਸਨੀ ਬੱਤਾ ਸਾਬਕਾ ਸੀਨੀਅਰ ਮੀਤ ਪ੍ਰਧਾਨ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਭਾਜਪਾ ਦੇ ਉਕਤ ਨੌਜਵਾਨ ਆਗੂਆਂ ਦਾ ਸਵਾਗਤ ਕਰਨ ਲਈ ਹਲਕਾ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਵਿਸ਼ੇਸ਼ ਤੌਰ 'ਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਦੇ ਗ੍ਰਹਿ ਵਿਖੇ ਪਹੁੰਚੇ। ਡਾ. ਚੱਬੇਵਾਲ ਅਤੇ ਜੋਗਿੰਦਰ ਸਿੰਘ ਮਾਨ ਨੇ ਭਾਜਯੁਮੋ ਮੰਡਲ ਪ੍ਰਧਾਨ ਅਤੇ ਆਗੂਆਂ ਨੂੰ ਆਮ ਆਦਮੀ ਪਾਰਟੀ ਦੀਆਂ ਪੱਟੀਆਂ ਪਹਿਨਾ ਕੇ ਪਾਰਟੀ ਵਿੱਚ ਸ਼ਾਮਲ ਕਰਵਾਇਆ।ਡਾ. ਚੱਬੇਵਾਲ ਨੇ ਜਿੱਥੇ ਨੌਜਵਾਨ ਭਾਜਪਾ ਆਗੂਆਂ ਦੇ ਆਪ ਵਿੱਚ ਸ਼ਾਮਲ ਹੋਣ ਨੂੰ ਪੰਜਾਬ ਦੇ ਹਿੱਤ 'ਚ ਚੰਗਾ ਸੰਕੇਤ ਦੱਸਿਆ ਉੱਥੇ ਹੀ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਢਾਈ ਸਾਲ ਵਿਚ ਜਿਸ ਤਰ੍ਹਾਂ ਦੇ ਲੋਕ ਉਸਾਰੂ ਕੰਮ ਕੀਤੇ ਹਨ, ਉਸ ਤੋਂ ਖਾਸ ਤੌਰ 'ਤੇ ਨੌਜਵਾਨ ਪੀੜ੍ਹੀ ਪ੍ਰਭਾਵਿਤ ਹੋਈ ਹੈ। ਇਸ ਮੌਕੇ ਸੂਬਾ ਸਪੋਕਸ ਪਰਸਨ ਹਰਜੀ ਮਾਨ, ਸੀਨੀਅਰ ਆਗੂ ਹਰਮੇਸ਼ ਪਾਠਕ, ਦਲਜੀਤ ਸਿੰਘ ਰਾਜੂ, ਅਵਤਾਰ ਸਿੰਘ ਪੰਡਵਾ, ਬੋਬੀ ਬੇਦੀ, ਧਰਮਵੀਰ ਸੇਠੀ ਆਦਿ ਵੀ ਹਾਜਰ ਸਨ।

## ਪਟਾਕਿਆਂ ਦੀ ਵਿਕਰੀ ਲਈ ਲਾਇਸੈਂਸ ਜਾਰੀ ਕੀਤੇ

**ਜਲੰਧਰ (ਸ਼ੈਲੀ ਐਲਬਰਟ)** ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਐਕਸਪਲੋਸਿਵ ਰੂਲਜ਼ 2008 ਤਹਿਤ ਪਟਾਕਿਆਂ ਦੀ ਵਿਕਰੀ ਲਈ 20 ਆਰਜ਼ੀ ਲਾਇਸੰਸ ਜਾਰੀ ਕੀਤੇ ਹਨ।ਉਨ੍ਹਾਂ ਦੱਸਿਆ ਕਿ ਇਹ ਲਾਇਸੰਸ ਡਰਾਅ ਪ੍ਰਣਾਲੀ ਰਾਹੀਂ ਉਹਨਾਂ ਨਿਗਰਾਨੀ ਹੇਠ ਅਲਾਟ ਕੀਤੇ ਗਏ ਹਨ। ਕੁੱਲ 133 ਵਿਅਕਤੀਆਂ ਨੇ ਦੀਵਾਲੀ ਮਨਾਉਣ ਲਈ ਪਟਾਕੇ ਵੇਚਣ ਲਈ ਆਰਜ਼ੀ ਲਾਇਸੈਂਸ ਲਈ ਅਪਲਾਈ ਕੀਤਾ ਸੀ।ਇਨ੍ਹਾਂ ਵਿੱਚੋਂ ਚਾਰ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਡਰਾਅ 18 ਅਕਤੂਬਰ 2024 ਨੂੰ ਰੈੱਡ ਕਰਾਸ ਭਵਨ, ਜਲੰਧਰ ਵਿਖੇ ਕੱਢਿਆ ਗਿਆ ਸੀ।ਕਿ ਇਸ ਮੌਕੇ ਪੁਲਸ ਅਧਿਕਾਰੀਆਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਦਫ਼ਤਰ, ਨਗਰ ਨਿਗਮ, ਫਾਇਰ ਬ੍ਰਿਗੇਡ ਜਲੰਧਰ ਦੇ ਕਰਮਚਾਰੀ ਵੀ ਹਾਜ਼ਰ ਸਨ। ਲਾਇਸੰਸ ਧਾਰਕਾਂ ਨੂੰ ਮਾਣਯੋਗ ਸੁਪਰੀਮ ਕੋਰਟ, ਮਾਣਯੋਗ ਹਾਈਕੋਰਟ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਉਹ ਹਰ ਤਰ੍ਹਾਂ ਦੀ ਸੁਰੱਖਿਆ ਅਤੇ ਹੋਰ ਪ੍ਰੋਟੋਕੋਲ ਦੀ ਪਾਲਣਾ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕਮਿਸ਼ਨਰੇਟ ਪੁਲਸ ਜਲੰਧਰ ਪਟਾਕਿਆਂ ਦੀ ਵਿਕਰੀ 'ਤੇ ਨਜ਼ਰ ਰੱਖੇਗੀ ਅਤੇ ਅਣਅਧਿਕਾਰਤ ਵਿਕਰੀ ਜਾਂ ਪਾਬੰਦੀਸ਼ੁਦਾ ਪਟਾਕਿਆਂ ਦੀ ਵਰਤੋਂ ਸਮੇਤ ਸੁਰੱਖਿਆ ਪ੍ਰੋਟੋਕੋਲ ਦੀ ਕਿਸੇ ਵੀ ਉਲੰਘਣਾ ਦੇ ਨਤੀਜੇ ਵਜੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਬਿਨਾਂ ਕਿਸੇ ਭੇਦ ਭਾਵ ਦੇ ਪਿੰਡ ਦੇ ਵਿਕਾਸ ਕਾਰਜ ਕੀਤੇ ਜਾਣਗੇ : ਨਛੱਤਰ ਸਿੰਘ



**ਮਾਹਿਲਪੁਰ (ਸਫ਼ਰੀ)**-ਬੀਤੇ ਦਿਨੀਂ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਪਿੰਡ ਟੂਟੋਮਜਾਰਾ ਦੀ ਪੰਚਾਇਤ, ਸਰਪੰਚ ਨਛੱਤਰ ਸਿੰਘ, ਪੰਚ ਬਲਬੀਰ ਸਿੰਘ, ਪੰਚ ਸਲੀਮ ਜੇਠੀ , ਪੰਚ ਕਰਨਜੀਤ ਕੌਰ, ਪੰਚ ਕੁਲਵਿੰਦਰ ਕੌਰ, ਪੰਚ ਰਜਨੀ ਸ਼ਰਮਾ, ਪੰਚ ਅਨੂ ਕੁਮਾਰੀ, ਪੰਚ ਤਰਸੇਮ ਲਾਲ, ਪੰਚ ਜਸਵਿੰਦਰ ਸਿੰਘ, ਪੰਚ ਬਲਜੀਤ ਸਿੰਘ ਦਾ ਗੁਰਦੁਆਰਾ ਸ਼ਹੀਦ ਬਾਬਾ ਅੱਗੜ ਸਿੰਘ ਦੇ ਸੇਵਾਦਾਰ ਮੁਖੀ ਬਾਬਾ ਨਾਗਰ ਸਿੰਘ ਜੀ ਨੇ ਸਨਮਾਨ ਕੀਤਾ।ਨਗਰ ਨਿਵਾਸੀਆਂ ਵੱਲੋਂ ਵੀ ਨਵੇਂ ਚੁਣੇ ਗਏ ਸਰਪੰਚ ਅਤੇ ਪੰਚਾਇਤ ਮੈਂਬਰਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਨਵੇਂ ਚੁਣੇ ਗਏ ਸਰਪੰਚ ਨਛੱਤਰ ਸਿੰਘ ਤੇ ਸਮੂਹ ਪੰਚਾਇਤ ਮੈਂਬਰਾਂ ਨੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਭੇਦਭਾਵ ਦੇ ਆਪਣੇ ਪੰਚਾਇਤ ਮੈਂਬਰਾਂ ਦਾ ਸਾਥ ਅਤੇ ਮੋਹਤਬਰ ਵਿਅਕਤੀਆਂ ਦੇ ਸਹਿਯੋਗ ਨਾਲ ਹਰ ਇੱਕ ਵਿਅਕਤੀ ਨੂੰ ਇਨਸਾਫ ਦੇਣ ਲਈ ਹਮੇਸ਼ਾ ਹੀ ਯਤਨਸ਼ੀਲ ਰਹਿਣਗੇ।ਬਿਨਾਂ ਕਿਸੇ ਭੇਦ ਭਾਵ ਪਿੰਡ ਦੇ ਵਿਕਾਸ ਕਾਰਜ ਆਪਣੇ ਪ੍ਰੇਮ ਪਿਆਰ ਅਤੇ ਉਹਨਾਂ ਦੇ ਸਹਿਯੋਗ ਨਾਲ ਕਰਨਗੇ।

## ਰੋਟਰੀ ਕਲੱਬ ਮਿਡ ਟਾਊਨ ਦੀ ਮੀਟਿੰਗ 'ਚ ਕੋਰਨੀਆ ਟਰਾਂਸਪਲਾਂਟ ਮੁਹਿੰਮ 'ਤੇ ਜ਼ੋਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰੋਟਰੀ ਕਲੱਬ ਮਿਡ ਟਾਊਨ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ ਹਰ ਸਾਲ ਅਕਤੂਬਰ ਮਹੀਨੇ ਵਿੱਚ ਮਨਾਏ ਜਾਣ ਵਾਲੇ ਵਿਸ਼ਵ ਅੱਖਾਂ ਦੇ ਦਰਸ਼ਨ ਦਿਵਸ ਦੀ ਮਹੱਤਤਾ ਅਤੇ ਇਸ ਨਾਲ ਸਬੰਧਤ ਗਤੀਵਿਧੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਰੋਟਰੀ ਕਲੱਬ ਸਰਗਰਮ ਭੂਮਿਕਾ ਨਿਭਾਏਗਾ ਅਤੇ ਸਮਾਜ ਵਿੱਚ ਅੰਨ੍ਹੇਪਣ ਦੀ ਸਮੱਸਿਆ ਨੂੰ ਘੱਟ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਏਗਾ।ਇਸ ਮੁਹਿੰਮ ਤਹਿਤ ਮੁੱਖ ਤੌਰ 'ਤੇ ਕੋਰਨੀਆ ਟਰਾਂਸਪਲਾਂਟ ਲਈ ਜਾਗਰੂਕਤਾ ਵਧਾਉਣ ਅਤੇ ਸਰੋਤ ਇਕੱਠੇ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ।ਰੋਟੇਰੀਅਨ ਅਵਤਾਰ ਸਿੰਘ ਨੇ ਕਿਹਾ ਕਿ ਕਲੱਬ ਦਾ ਇਹ ਉਪਰਾਲਾ ਨੇਤਰਹੀਣਾਂ ਦੇ ਜੀਵਨ ਵਿੱਚ ਨਵੀਂ ਰੋਸ਼ਨੀ ਦੇਣ ਲਈ ਬਹੁਤ ਮਹੱਤਵਪੂਰਨ ਹੈ।ਕੋਰਨੀਆ ਟਰਾਂਸਪਲਾਂਟ ਲਈ ਦਾਨੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਅਸੀਂ ਲੋੜਵੰਦ ਮਰੀਜ਼ਾਂ ਨੂੰ ਸਹੀ ਸਮੇਂ 'ਤੇ ਸਹਾਇਤਾ ਪ੍ਰਦਾਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।

ਮੀਟਿੰਗ ਵਿੱਚ ਪ੍ਰਵਾਸੀ ਭਾਰਤੀ ਰੋਟੇਰੀਅਨ ਗੁਰਨੰਦਨ ਸਿੰਘ ਜਸਪਾਲ, ਜੋ ਕਿ ਇੰਗਲੈਂਡ ਸਥਿਤ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 1060 ਦੇ ਮੈਂਬਰ ਹਨ ਅਤੇ ਸੁਰਿੰਦਰਪਾਲ ਸਿੰਘ ਸੰਧੂ ਨੇ ਵੀ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਉਨ੍ਹਾਂ ਨੇ ਇਸ ਮੁਹਿੰਮ ਵਿੱਚ ਹਰ ਸੰਭਵ ਸਹਿਯੋਗ ਦੀ ਪੇਸ਼ਕਸ਼ ਕਰਦਿਆਂ ਕਿਹਾ ਕਿ ਇੰਗਲੈਂਡ ਵਿੱਚ ਮੌਜੂਦ ਸਰੋਤਾਂ ਅਤੇ ਮੁਹਾਰਤ ਦਾ ਪੂਰਾ ਲਾਭ ਲਿਆ ਜਾਵੇਗਾ ਤਾਂ ਜੋ ਟਰਾਂਸਪਲਾਂਟ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਜਾ ਸਕੇ। ਜਸਪਾਲ ਨੇ ਇਹ ਵੀ ਭਰੋਸਾ ਦਿੱਤਾ ਕਿ ਉਹ ਕੋਰਨੀਆ ਦਾਨ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਅਤੇ ਯੂਕੇ ਦਰਮਿਆਨ ਤਾਲਮੇਲ ਕਰਨਗੇ ਰੋਟਰੀ ਕਲੱਬ ਮਿਡ ਟਾਊਨ ਹੁਸ਼ਿਆਰਪੁਰ ਅਤੇ ਅਸੀਂ ਮਿਲ ਕੇ ਇੱਕ ਨਵੇਂ ਪ੍ਰੋਜੈਕਟ ਰਿਜ਼ਾਈਟ ਵਿਜ਼ਨ 'ਤੇ ਕੰਮ ਕਰਾਂਗੇ। ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਮੁਹਿੰਮ ਦੇ ਸਫ਼ਲ ਆਯੋਜਨ ਲਈ ਵੱਖ-ਵੱਖ ਸਰਕਾਰੀ ਅਤੇ ਗੈਰ- ਸਰਕਾਰੀ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ ਹੈ।ਰੋਟਰੀ ਕਲੱਬ ਮਿਡ ਟਾਊਨ ਨੇ ਇਸ ਮੁਹਿੰਮ ਰਾਹੀਂ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਅਤੇ ਲੋੜਵੰਦਾਂ ਨੂੰ ਦੂਰਅੰਦੇਸ਼ੀ ਦਾ ਤੋਹਫ਼ਾ ਦੇਣ ਦਾ ਸੰਕਲਪ ਲਿਆ ਹੈ।ਇਸ ਮੌਕੇ ਰੋਟੇਰੀਅਨ ਇੰਦਰਪਾਲ ਸਿੰਘ ਸਕੱਤਰ, ਰੋਟੇਰੀਅਨ ਡੀ ਪੀ ਕਥੂਰੀਆ, ਰੋਟੇਰੀਅਨ ਗੋਪਾਲ ਵਾਸੂਦੇਵ, ਰੋਟੇਰੀਅਨ ਪ੍ਰਵੀਨ ਪਾਲਿਆਲ, ਰੋਟੇਰੀਅਨ ਜਸਵੰਤ ਸਿੰਘ ਭੋਗਲ, ਰੋਟੇਰੀਅਨ ਵਿਕਰਮ ਸ਼ਰਮਾ, ਰੋਟੇਰੀਅਨ ਮਨੋਜ ਓਹਰੀ, ਰੋਟੇਰੀਅਨ ਰਜਨੀਸ਼ ਗੁਲਿਆਣੀ ਹਾਜ਼ਰ ਸਨ।

20-Oct-Sunday.qxd 10/19/2024 9:30 PM Page 1

ਨਵਾਂ ਜ਼ਮਾਨਾ ਐਤਵਾਰਤਾ



ਪ੍ਰੋਫੈਸਰ ਸਾਈਬਾਬਾ ਦਾ ਸੰਸਥਾਗਤ ਕਤਲ
(ਆਖਰੀ ਸਫ਼ੇ 'ਤੇ)

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 20 ਅਕਤੂਬਰ 2024
www.nawanzamana.in
ਕੀਮਤ 5.00 ਰੁਪਏ

# 1857 ਦਾ ਗ਼ਦਰ ਅਚਨਚੇਤ ਵਰਤਾਰਾ ਨਹੀਂ ਸੀ

## ਇਹ ਤੁਰਤ-ਫੁਰਤ ਨਹੀਂ ਸੀ ਵਾਪਰਿਆ, ਪਹਿਲਾਂ ਹੀ ਇਸ ਦੇ ਗਰਭ 'ਚ ਬਹੁਤ ਕੁਝ ਪਿਆ ਸੀ

ਵਿਜੈ ਬੰਬੇਲੀ

ਆਮ ਤੌਰ 'ਤੇ ਜਨ-ਸਧਾਰਨ ਦੀ ਇਹ ਧਾਰਨਾ ਹੈ ਕਿ ਗਊ ਚਰਬੀ ਲੱਗੇ ਕਾਰਤੂਸ 1857 ਦੇ ਗਦਰ ਦਾ ਬਾਨਣੂੰ ਬਣੇ, ਪਰ ਇਹ ਮੁਕੰਮਲ ਸੱਚ ਨਹੀਂ ਹੈ। ਦਰ-ਹਕੀਕਤ; ਬ੍ਰਿਟਿਸ਼ ਸਾਮਰਾਜ ਵੱਲੋਂ ਭਾਰਤੀ ਉੱਪ-ਮਹਾਂਦੀਪ 'ਤੇ ਛਲ-ਫਰੇਬ, ਧੱਕੇ ਨਾਲ ਜਾਂ ਦੇਸੀ ਢੰਡੋਰਚੀਆਂ/ ਸਾਂਝ-ਭਿਆਲੀਆਂ ਦੀ ਜ਼ਾਹਰਾ ਅਤੇ ਲੁਕਵੀਂ ਮਦਦ ਨਾਲ ਪੜਾਅ-ਦਰ-ਪੜਾਅ ਕਬਜ਼ਾ ਅਤੇ ਕਬਜ਼ਾਏ ਖੇਤਰਾਂ ਦੀ ਬਹੁ-ਪਰਤੀ ਲੁੱਟ ਤੇ ਜਬਰ ਵਿਰੁੱਧ ਭਾਰਤੀ ਹਮਸਾਇਆ ਵਲੋਂ ਵੱਖ-ਵੱਖ, ਛੋਟੇ-ਵੱਡੇ ਵਿਰੋਧ ਜਿਹਨਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ, ਹੀ 1857 ਦੇ ਗਦਰ ਦੇ ਬੀਜ-ਮੰਤਰ ਬਣੇ। ਇਸ ਲੇਖ ਵਿਚ, ਵੰਨਗੀ ਵਜੋਂ, ਕੁਝ ਕੁ ਕਿਰਤੀਆਂ-ਸ਼ਿਲਪੀਆਂ ਅਤੇ ਕਿਰਸਾਨਾਂ ਤੇ ਆਦਿਵਾਸੀਆਂ ਦੇ ਲਹੂ-ਵੀਟਵੇਂ ਸੰਘਰਸ਼ਾਂ ਦੀ ਬਾਤ ਪਾਈ ਜਾਵੇਗੀ।

ਪਲਾਸੀ ਦੀ ਲੜਾਈ 1757 ਵਿਚ ਬ੍ਰਿਟਿਸ਼ ਸਾਮਰਾਜੀਆਂ ਦੀ ਜਿੱਤ ਉਪਰੰਤ ਗੋਰੇ ਸੁਦਾਗਰਾਂ ਦੀ ਲੁੱਟ ਦਾ ਰਾਹ ਮੋਕਲਾ ਹੋ ਗਿਆ। ਈਸਟ ਇੰਡੀਆ ਕੰਪਨੀ (ਵੇਲੇ ਦੇ ਕਾਰਪੋਰੇਟਸ) ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆ ਹਰਕਤਾਂ ਬਾਰੇ ਬੰਗਾਲ ਦੇ ਨਵਾਬ ਮੀਰ ਕਾਸਿਮ ਨੇ 1762 'ਚ ਅੰਗਰੇਜ਼ ਗਵਰਨਰ ਕੋਲ ਲਿਖਤੀ ਗਿਲਾ ਪ੍ਰਗਟ ਕੀਤਾ, 'ਤੁਹਾਡੇ ਬੰਦੇ ਕਿਰਤੀਆਂ-ਸ਼ਿਲਪੀਆ, ਖਾਸ ਕਰਕੇ ਬੁਣਕਰਾਂ ਦਾ ਮਾਲ-ਅਸਬਾਬ ਦਾਅ-ਪੇਚ ਨਾਲ, ਜ਼ਬਰਦਸਤੀ ਜਾਂ ਬੇਹੱਦ ਸਸਤੀ ਕੀਮਤ 'ਤੇ ਲੈ ਜਾਂਦੇ ਹਨ। ਮਗਰੋਂ ਉਸੇ ਮਾਲ ਦੀ ਕੀਮਤ ਪੰਜ ਗੁਣਾਂ ਵਸੂਲਦੇ ਹਨ।' (ਭਾਰਤ ਦਾ ਮੁਕਤੀ ਸੰਗਰਾਮ, ਪੰਨਾ-15, ਲੇਖਕ ਅਯੁੱਧਿਆ ਸਿੰਘ)

ਮਗਰੋਂ ਬਕਸਰ ਦੇ ਯੁੱਧ (1764) ਦੀ ਜਿੱਤ ਬਾਅਦ ਤਾਂ ਕੰਪਨੀ ਅਤੇ ਅੰਗਰੇਜ਼ ਵਿਓਪਾਰੀਆਂ ਦੀ ਲੁੱਟ ਅਤੇ ਜਬਰ ਦਾ ਨਵਾਂ ਮੁਕਾਮ ਖੁੱਲ੍ਹ ਗਿਆ। ਉਹਨੀਂ ਹੁਣ ਕਾਰੀਗਰਾਂ (ਸ਼ਿਲਪੀਆਂ) ਨੂੰ ਹੀ ਨਹੀਂ, ਸਗੋਂ ਕਿਰਤੀ-ਕਿਰਸਾਨਾਂ ਨੂੰ ਵੀ ਲੁੱਟਣਾ-ਦਬਾਉਣਾ ਸ਼ੁਰੂ ਕਰ ਦਿੱਤਾ। ਹੁਣ ਵਿਓਪਾਰ ਘੱਟ ਅਤੇ ਲੁੱਟ ਜ਼ਿਆਦਾ ਸੀ। 1772 ਵਿਚ ਭਾਰਤੀ ਮਾਮਲਿਆਂ 'ਤੇ ਬੋਲਦਿਆਂ ਇੱਕ ਨਰਮ ਦਿਲ ਅੰਗਰੇਜ਼ ਵਪਾਰੀ ਵਿਲੀਅਮ ਵੋਲਟਸ ਨੇ ਕਿਹਾ, 'ਸਾਡੇ ਵਪਾਰੀ ਭਾਰਤੀ ਬਾਣੀਆਂ ਅਤੇ ਆਪਣੇ ਕਾਲੇ ਪਿੱਠੂਆਂ ਦੇ ਸਾਥ ਨਾਲ ਆਪਣੇ ਰਾਸ ਆਉਂਦੇ ਤਰੀਕੇ ਵਰਤ ਕੇ ਭਾਰਤੀ ਕਾਰੀਗਰਾਂ ਨੂੰ ਜ਼ਬਰਦਸਤੀ ਮਜ਼ਬੂਰ ਕਰਦੇ ਹਨ ਕਿ ਉਹ ਕਿੰਨੀ ਕੀਮਤ 'ਤੇ ਕਿੰਨਾ ਅਤੇ ਕਿਹੋ-ਜਿਹਾ ਮਾਲ ਸਪਲਾਈ ਕਰਨਗੇ। ਅਕਸਰ, ਉਸ ਮਾਲ ਜਾਂ ਉੱਪਜ ਦੀ ਕੀਮਤ 15 ਤੋਂ 40 ਫੀਸਦੀ ਘੱਟ ਲਗਾਈ ਜਾਂਦੀ। ਵਿਰੋਧ ਕਰਨ ਵਾਲੇ ਜਾਂ ਹੋਰਨਾਂ ਨੂੰ ਮਾਲ-ਅਸਬਾਬ ਦੇਣ ਦੀ ਕੋਸ਼ਿਸ ਕਰਨ ਵਾਲੇ 'ਤੇ ਕਹਿਰ ਢਾਇਆ ਜਾਂਦਾ ਹੈ। '(ਪੁਸਤਕ: 'ਹਿੰਦੋਸਤਾਨ ਦੇ ਮਾਮਲਿਆ 'ਤੇ ਵਿਚਾਰ', ਸਫਾ-191/193, ਲੇਖਕ : ਵ.ਵੋਲਟਰਸ)

ਅੰਗਰੇਜ਼ ਅਤੇ ਧੜਵੈਲ ਦੇਸੀ ਸੁਦਾਗਰਾਂ ਵੱਲੋਂ ਸ਼ਿਲਪੀਆਂ, ਬੁਣਕਰਾਂ, ਵਿਸ਼ੇਸ ਕਰਕੇ ਕਿਸਾਨਾਂ ਅਤੇ ਖੇਤ ਕਾਮਿਆਂ ਦੇ ਬੇਕਿਰਕ ਸ਼ੋਸ਼ਣ ਕਾਰਨ ਇਹਨਾਂ ਕਿਰਤੀ-ਕਿਰਸਾਨਾਂ 'ਚ ਕੰਮ ਅਤੇ ਖੇਤਾਂ-ਖਲਿਆਨਾ ਪ੍ਰਤੀ ਬੇਹੱਦ ਉਦਾਸਨੀਣਤਾ ਵਧ ਗਈ, ਜਿਸ ਦਾ ਸਿੱਟਾ ਬੰਗਾਲ, ਬਿਹਾਰ, ਉੜੀਸਾ ਆਦਿ ਵਿਚ 1770 ਉਪਰੰਤ ਭਿਅੰਕਰ ਕਾਲ ਦੇ ਰੂਪ ਵਿਚ ਨਿਕਲਿਆ, ਪਰ ਕੀ ਜਨਤਾ ਨਾਲ ਕੋਈ ਰਿਆਇਤ ਵਰਤੀ ਗਈ ? ਨਹੀਂ, ਟੈਕਸਾਂ ਅਤੇ ਵਗਾਰਾਂ ਦਾ ਹੋਰ ਬੋਝ ਲੱਦ ਦਿੱਤਾ ਗਿਆ। ਕਰੀਬ ਇੱਕ ਦਹਾਕੇ ਦੀ,1765-84 ਇਸ ਦੁਰਗਤੀ ਬਾਰੇ 1787 ਵਿਚ ਪ੍ਰਕਾਸ਼ਤ ਇਕ ਰਿਪੋਰਟ 'ਭਾਰਤ ਵਿਚ ਅੰਗਰੇਜ਼ਾਂ ਦੇ ਸਵਾਰਥ 'ਤੇ ਇੱਕ ਨਜ਼ਰ' ਬਾਰੇ ਆਪਣਾ ਮਤ ਰੱਖਦੇ ਹੋਏ ਬ੍ਰਿਟਿਸ਼ ਪਾਰਲੀਮੈਂਟਰ ਮਿ. ਵਿਲੀਅਮ ਪੁਲਾਟਰਨ ਨੇ ਕਿਹਾ, "ਪੁਰਾਣੇ ਸਮਿਆ ਵਿਚ ਬੰਗਾਲ ਅੰਨ ਦਾ ਭੰਡਾਰ ਸੀ। ਇਹ ਬੀਤੇ ਸਮੇਂ ਵਿਚ ਮਾਲ-ਅਸਬਾਬ, ਕੱਪੜੇ-ਲੱਤੇ, ਵਿਓਪਾਰ ਅਤੇ ਧਨ-ਦੌਲਤ ਦਾ ਖਜ਼ਾਨਾ ਸੀ। ਅਫਸੋਸ! ਸਾਡੇ 'ਰਾਜਤੰਤਰ' ਨੇ ਇਸ ਨੂੰ ਦੋ ਦਹਾਕਿਆਂ ਵਿਚ ਹੀ ਤਹਿਸ-ਨਹਿਸ ਕਰ ਦਿੱਤਾ।" (ਇੰਡੀਆ ਟੂ-ਡੇਅ, ਕਲਕੱਤਾ-1970, ਰਜਨੀ ਪਾਮ ਦੱਤ,ਪੰਨਾ-108)

ਪਰ, ਕੀ ਸਾਰੇ ਭਾਰਤੀ ਚੁੱਪ ਰਹੇ ? ਨਹੀਂ, ਉਹਨਾਂ ਵਿਚੋਂ ਕਈ ਜੂਝ ਮਰੇ। ਉਹਨਾਂ ਜੂਝ-ਮਰਿਆਂ ਦੀ ਸ਼ਹਾਦਤ ਹੀ 1857 ਦੇ ਗਦਰ ਦਾ ਧਰਾਤਲ ਬਣੀ। 1763 ਦਾ ਸੰਨਿਆਸੀ ਵਿਦਰੋਹ, ਜਿਹੜਾ 1800 ਈਸਵੀ ਤੱਕ ਚੱਲਿਆ, ਨਾਲ ਇਸ ਦੀ ਨੀਂਹ ਰੱਖੀ ਗਈ। ਇਥੋਂ ਕਰੀਬ ਸਦੀ ਭਰ ਚੱਲੇ ਨਿੱਕੇ-ਵੱਡੇ ਵਿਦਰੋਹ, ਜਿਸ ਵਿਚ ਕਿਰਤੀਆਂ-ਸ਼ਿਲਪੀਆਂ, ਕਿਰਸਾਨਾਂ ਸਮੇਤ ਮਗਰੋਂ ਦੇਸ਼ ਭਗਤ ਰਜਵਾੜਿਆਂ-ਰਾਜਿਆਂ ਨੇ ਅਤੇ ਫਿਰ ਇੱਕ ਝੰਡੇ ਹੇਠ ਤਾਅ ਜਾਤਾਂ-ਧਰਮਾਂ, ਕੁਨਬਿਆ ਨੇ ਰੱਤ-ਡੋਲ੍ਹਵਾਂ ਹਿੱਸਾ ਪਾਇਆ,ਜਿਸ ਦਾ ਵਿਰਾਟ ਰੂਪ 1857 ਦੇ ਗਦਰ ਵਿਚ ਨਿਕਲਿਆ। ਲਓ! ਸੁਣੋ,ਸੰਖੇਪ ਰੂਪ ਵਿਚ ਕੁਝ ਕਥਾਵਾਂ:

**ਮੇਦਨੀਪੁਰ (ਬੰਗਾਲ) ਦੀ ਬਗਾਵਤ:** 1760 ਵਿਚ ਈਸਟ ਇੰਡੀਆ ਕੰਪਨੀ ਨੇ ਨਵਾਬ ਮੀਰ ਕਾਸਿਮ ਤੋਂ ਬਰਦਵਾਨ ਅਤੇ ਚਿਟਗਾਂਵ ਖੋਹ ਲਿਆ। ਕੰਪਨੀ ਦੇ ਸੁਦਾਗਰ ਲੋਕਾਂ ਅਤੇ ਉਹਨਾਂ ਦੀ ਕਿਰਤ ਨਾਲ ਧੱਕਾ ਕਰਨ ਲੱਗ ਪਏ। ਫਲਸਰੂਪ ਲੋਕ ਬਾਗੀ ਹੋ ਗਏ। ਵਿਸ਼ੇਸ ਕਰਕੇ ਆਦਿਵਾਸੀਆਂ ਨੇ ਅੰਗਰੇਜ਼ਾਂ ਦਾ ਜ਼ਬਰਦਸਤ/ ਲੰਮਾ ਮੁਕਾਬਲਾ ਕਰਕੇ ਉਹਨਾਂ ਦੇ ਪੈਰ ਉਖਾੜ ਦਿੱਤੇ। ਇਸ ਸੰਘਰਸ਼ ਸਮੇਂ ਸਥਾਨਕ ਜ਼ਿਮੀਦਾਰਾਂ ਨੇ ਵੀ ਕਿਸਾਨਾਂ ਦਾ ਸਾਥ ਦਿੱਤਾ। ਦਰ-ਹਕੀਕਤ, ਹਥਿਆਰਬੰਦ ਲੋਕ-ਸੰਘਰਸ਼ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝੀ ਜੱਦੋਜਹਿਦ, ਇਸ ਖਿੱਤੇ ਦੀ ਸੂਹੀ ਤਵਾਰੀਖ ਸੀ/ ਹੈ। ਬੀਤੇ ਸਮੇਂ ਵੀ ਇਸ ਖਿੱਤੇ ਦੇ ਚਿਤਵਾ-ਵਰਧਾ ਪਰਗਨਾ ਦੇ ਜ਼ਿਮੀਦਾਰ ਸ਼ੋਭਾ ਸਿੰਘ ਅਤੇ ਉੜੀਸਾ ਦੇ ਪਠਾਣ ਸਰਦਾਰ ਰਹੀਮ ਖਾਨ ਦੀ ਅਗਵਾਈ ਹੇਠ ਮੁਗਲ ਸ਼ਾਸਨ ਅਤੇ ਵਰਧਵਾਨ ਦੇ ਕੁਲਕ (ਰਾਜਾ) ਦੇ ਸ਼ੋਸ਼ਣ ਵਿਰੁੱਧ ਇੱਕ ਲੋਕ ਯੁੱਧ ਲੜਿਆ ਗਿਆ ਸੀ। ਅਸਲ ਵਿਚ ਇਹ 'ਬਾਗਦੀ' ਆਦਿਵਾਸੀ ਕਿਰਸਾਨਾਂ ਦਾ ਵਿਦਰੋਹ ਸੀ। ਆਪਣਿਆਂ, ਵੱਡੇ ਜ਼ਿਮੀਦਾਰਾਂ ਦੀ ਗਦਾਰੀ ਕਾਰਨ ਭਾਵੇਂ ਆਮ ਲੋਕ ਮਗਰੋਂ ਅਸਫਲ ਰਹੇ, ਪਰ ਇਸ ਸੰਘਰਸ਼ ਨੇ ਭਵਿੱਖ ਦੇ ਗਰਭ ਵਿਚ ਬਗਾਵਤ ਬੀਜ ਦਿੱਤੀ। ('ਬਿਹਾਰ, ਬੰਗਾਲ ਅੰਦਰ ਬ੍ਰਿਟਿਸ਼ ਰੂਲ', ਪੰਨਾ-39, ਮਿ. ਐੱਲ ਐੱਸ ਐੱਸ ਓਮਲੀ)

**ਬੁਣਕਰਾਂ ਦਾ ਸੰਘਰਸ਼:** ਅੰਗਰੇਜ਼ ਸੁਦਾਗਰਾਂ ਨੇ ਸਾਡੇ ਲਘੂ, ਖਾਸਕਰ ਪੇਂਡੂ/ ਘਰੇਲੂ ਉਦਯੋਗ ਨੂੰ ਖਤਮ ਕਰਨ ਲਈ ਹਰ ਹਰਬਾ ਵਰਤਿਆ। ਭਾਰਤ ਵਿਸ਼ੇਸ ਕਰਕੇ ਬੰਗਾਲ ਖਿੱਤਾ ਦੇ ਬੁਣਕਰ (ਹਿੰਦੂ-ਮੁਸਲਿਮ ਜੁਲਾਹੇ) ਜਿਹਨਾਂ ਦਾ ਬੁਣਿਆ-ਉਣਿਆ ਕੱਪੜਾ-ਵਸਤਰ ਕੁੱਲ-ਦੁਨੀਆ ਵਿਚ ਮਸ਼ਹੂਰ ਸਨ, ਨੇ ਕੀ ਇਸ ਜ਼ਾਹਰਾ ਅਤੇ ਲੁਕਵੀਂ ਤ੍ਰਾਸਦੀ ਨੂੰ ਚੁੱਪ-ਚੱਪੀਤਿਆਂ ਜਰ ਲਿਆ ? ਨਹੀਂ, ਉਹਨਾਂ ਇਸ ਅਨਿਆਂ ਦਾ ਹਰ ਸੰਭਵ ਤਰੀਕੇ ਨਾਲ ਵਿਰੋਧ ਕੀਤਾ। ਇਹੀ ਨਹੀਂ, ਬੇਰੁਜ਼ਗਾਰੀ ਅਤੇ ਘੋਰ ਗਰੀਬੀ ਵੱਲ ਧੱਕ ਦਿੱਤੇ ਗਏ, ਕੁਝ ਗਭਰੂਟ ਬੁਣਕਰਾਂ ਨੇ ਫੌਜ ਵਿਚੋਂ ਬਰਖਾਸਤ ਕਰ ਦਿੱਤੇ ਗਏ ਸਿਪਾਹੀਆਂ ਨਾਲ ਰਲ ਕੇ ਇੱਕ ਅਸਫਲ ਜੱਦੋਜਹਿਦ ਕੀਤੀ। ਖਾਸ ਗੱਲ ਇਹ ਕਿ ਉਹਨਾਂ ਟਰੇਡ ਯੂਨੀਅਨ ਦੀ ਤਰਜ਼ 'ਤੇ, ਉਹਨੀਂ ਦਿਨੀ ਇੱਕ ਅੰਸ਼ਕ ਜਿਹੀ ਲਹਿਰ ਖੜ੍ਹੀ ਕਰਨ ਦਾ ਕੋਸ਼ਿਸ ਕੀਤੀ, ਜਿਹਨੀਂ ਦਿਨੀਂ ਪਹਿਲਾਂ ਅਜਿਹਾ ਕੋਈ ਚਲਨ ਨਹੀਂ ਸੀ। ਪ੍ਰਾਚੀਨ ਸੂਬਾ ਬੰਗਾਲ ਦੀ ਵਿਸ਼ਾਲ ਧਰਤੀ 'ਤੇ ਜਕੜ ਕਾਇਮ ਕਰਦਿਆਂ ਹੀ ਅੰਗਰੇਜ਼ਾਂ ਨੇ ਸੂਤੀ ਅਤੇ ਰੇਸ਼ਮੀ ਕੱਪੜੇ ਦੇ ਲਘੂ-ਉਦਯੋਗ ਨੂੰ ਹੜੱਪਣਾ ਸ਼ੁਰੂ ਕਰ ਦਿੱਤਾ ਹਾਂ, ਸ਼ੋਸ਼ਣ ਤਾਂ ਦੇਸੀ ਸੁਦਾਗਰ ਵੀ ਕਰਦੇ ਸਨ, ਪਰ ਉਹ ਅੰਗਰੇਜ਼ਾਂ ਵਾਂਗ ਮੁਕੰਮਲ ਨਿਰਲੱਜ ਨਹੀਂ ਸਨ। ਵਿਸ਼ੇਸ ਗੱਲ ਇਹ ਕਿ ਕੰਪਨੀ ਆਪਣੇ ਲੋਟੂ ਹਿੱਤਾ ਖਾਤਰ, ਇਹਨਾਂ ਕਾਰੀਗਰਾਂ ਨੂੰ ਸ਼ਹਿਰਾਂ ਵਿਚ, ਖਾਸ ਕਰਕੇ ਕਲਕੱਤਾ ਦੁਆਲੇ ਰੱਖਣਾ-ਵਸਾਉਣਾ ਚਾਹੁੰਦੀ ਸੀ। (ਐਨ ਉਵੇਂ ਜਿਵੇਂ ਅੱਜ ਦੇ ਧਨ ਕੁਬੇਰ/ ਹਾਕਮ ਜਮਾਤਾਂ ਪਿੰਡਾਂ ਨੂੰ ਉਜਾੜਨਾ/ ਖਤਮ ਕਰਨਾ ਚਾਹੁੰਦੀਆਂ ਹਨ।) ਸਿੱਟੇ ਵਜੋਂ, ਲੋਕ ਰੋਹ ਪਨਪ ਉੱਠਿਆ ਅਤੇ ਪੇਂਡੂ ਧਨੀ/ ਸ਼ਾਹੂਕਾਰ ਕਿਸੇ ਮੂਕ ਡਰ ਕਾਰਨ ਅੰਗਰੇਜ਼ਾਂ ਦੀ ਛਤਰ-ਛਾਇਆ ਹੇਠ ਸ਼ਹਿਰੀ ਜਾ ਵਸੇ। ('ਦੀ ਇਕਨਾਮਿਕ ਹਿਸਟਰੀ ਆਫ ਬੰਗਾਲ' ਭਾਗ-1, ਪੰਨਾ-157, ਲੇਖਕ :ਨਰਿੰਦਰ ਸਿਨਹਾ)।

ਇਹਨਾਂ ਪੇਂਡੂਆਂ ਦੇ ਹਿੰਦੂ-ਮੁਸਲਿਮ ਵਾਰਸਾਂ ਨੇ 1857 ਦੀ ਬਗਾਵਤ ਸਮੇਂ ਬਾਗੀਆਂ ਦਾ ਸਿਰਲੱਥ ਸਾਥ ਦਿੱਤਾ। ਐਨ, ਇਸੇ ਤਰਜ਼ ਉੱਤੇ ਦੱਖਣ ਭਾਰਤ ਦੇ ਕਾਰੀਗਰਾਂ ਤੇ ਪਿੰਡਾਂ ਦਾ ਸ਼ੋਸ਼ਣ ਹੋਇਆ ਸੀ। ਹਾਲਾਤ ਅਜਿਹੇ ਬਣਾ ਦਿੱਤੇ ਗਏ ਕਿ ਛੋਟੇ ਦੇਸੀ ਵਿਓਪਾਰੀ, ਜਿਹੜੇ ਸਮਾਜਿਕ-ਆਰਥਿਕ ਅਤੇ ਭਾਵਨਾਤਮਿਕ ਕਾਰਨਾਂ ਕਰਕੇ ਕਿਰਤੀਆਂ-ਸ਼ਿਲਪੀਆਂ ਦੇ ਕੁਝ ਹੇਜਲੇ ਸਨ, ਵੀ ਹੱਥਲ ਕਰ ਦਿੱਤੇ ਸਨ। ਮਗਰੋਂ ਇਹਨਾਂ ਲਘੂ-ਧਨੀਆਂ ਵਿਚੋਂ ਹੀ ਕਈ ਕੁਨਬੇ '57 ਦੀ ਬਗਾਵਤ ਸਮੇਂ ਬਾਗੀਆਂ ਦੇ ਭਰੋਸੇਯੋਗ ਆਰਥਿਕ ਟੂਲ ਬਣੇ ਸਨ।

**ਪਹਾੜੀਆਂ ਦੀ ਬਗਾਵਤ:** ਆਦਿਵਾਸੀ ਕਿਸਾਨਾਂ ਦੀ 1788-89 ਦੀ ਇਸ ਬਗਾਵਤ, ਜਿਹੜੀ ਮਗਰੋਂ ਉਸ ਇਲਾਕੇ ਵਿਚ 1857 ਦੇ ਵਿਦਰੋਹ ਦਾ ਅਧਾਰ ਬਣੀ ਦਾ ਸੰਬੰਧ ਵੀਰਭੂਮ ਤੇ ਬਾਕੜਾਂ (ਬੰਗਾਲ) ਨਾਲ ਹੈ। ਅੰਗਰੇਜ਼ਾਂ, ਜਿਹਨਾਂ ਇਹਨਾਂ ਬਾਗੀ ਆਦਿਵਾਸੀਆਂ ਨੂੰ ਉਜੱਡ, ਚੋਰ-ਲਫੰਗੇ, ਖ਼ੂਨੀ ਅਤੇ ਬੇ-ਅਕਲੇ ਦਰਸਾਇਆ, ਦੀ ਜ਼ਮੀਨ ਅਤੇ ਕੁਦਰਤੀ ਸ੍ਰੋਤ ਖੋਹ ਕੇ 'ਵੱਡੇ ਲੋਕਾਂ' ਨੂੰ ਸੌਂਪਣੇ ਸ਼ੁਰੂ ਕਰ ਦਿੱਤੇ। ਸਿੱਟਾ;ਪਹਾੜੀ ਲੋਕਾਂ ਨੇ ਸ਼ਾਸ਼ਕਾਂ, ਉਹਨਾਂ ਦੇ ਪਿੱਛਲੱਗਾਂ ਅਤੇ ਹਿਮਾਇਤੀਆਂ ਤੇ ਉਹਨਾਂ ਦੇ ਅਸਾਸਿਆਂ 'ਤੇ ਹਥਿਆਰਬੰਦ ਗੁਰੀਲਾ ਹਮਲੇ ਸ਼ੁਰੂ ਕਰ ਦਿੱਤੇ। ਫਿਰ ਬਾਗੀਆਂ ਨੇ ਇੱਕ ਹਥਿਆਰਬੰਦ ਸਮੂਹ ਵੀ ਬਣਾ ਲਿਆ। ਕਨਸੋਅ ਮਿਲਦਿਆਂ ਹੀ ਅੰਗਰੇਜ਼ਾਂ ਨੇ ਵੀਰਭੂਮ ਅਤੇ ਬਾਕੜਾਂ ਨੂੰ ਦੋ ਅੱਡ-ਅੱਡ ਜ਼ਿਲ੍ਹਿਆਂ ਵਿਚ ਤਕਸੀਮ ਕਰਕੇ ਉੱਥੇ ਜੰਗੀ-ਪਿਕਟਾਂ ਤਾਇਨਾਤ ਕਰ ਦਿੱਤੀਆ। ਆਦਿਵਾਸੀਆਂ ਕੋਲ ਰਵਾਇਤੀ ਹਥਿਆਰ, ਤੀਰ-ਭਾਲੇ-ਕੁਹਾੜੇ ਵਗੈਰਾ ਹੀ ਸਨ,ਪਰ ਉਹਨਾਂ ਨੂੰ ਕੁਦਰਤੀ ਨਿਆਮਤਾਂ ਦਾ ਓਟ-ਆਸਰਾ ਵੀ ਸੀ। ਗੁਰੀਲਾ ਯੁੱਧ ਵਿੱਚ ਉਹਨਾਂ ਦਾ ਹੱਥ ਉੱਪਰ ਸੀ। ਉਹਨੀਂ ਵੱਡੇ ਲੋਕਾਂ ਦੀਆਂ ਹਵੇਲੀਆਂ, ਅੰਨ-ਭੰਡਾਰ ਅਤੇ ਸਰਕਾਰੀ ਅਸਾਸਿਆਂ ਨੂੰ ਵੀ ਲੁੱਟਣਾ-ਦਬੱਲਣਾ ਸ਼ੁਰੂ ਕਰ ਦਿੱਤਾ। ਉਹਨਾਂ ਦਾ ਸੰਗਰਾਮ ਅੰਗਰੇਜ਼ਾਂ ਦੀ ਲੁੱਟ-ਖਸੁੱਟ, ਦਮਨ ਅਤੇ ਵੱਡੇ ਜ਼ਿਮੀਦਾਰਾਂ ਦੇ ਧੱਕੇ ਅਤੇ ਆਪਣੀ ਜ਼ਮੀਨ-ਜੰਗਲ ਲਈ ਸੀ।

ਇੱਕ ਅੰਗਰੇਜ਼ ਨੇ ਲਿਖਿਆ, 'ਚਾਰੇ ਪਾਸੇ ਹਫੜਾ-ਦਫੜੀ, ਭੈਅ ਅਤੇ ਖ਼ੂਨ ਦਾ ਮਹੌਲ ਸੀ। ਦੂਰ-ਦੁਰੇਡੀਆਂ ਅਤੇ ਸੀਮਾਵਰਤੀ ਚੌਕੀਆਂ ਨੂੰ ਹਟਾਉਣਾ ਪਿਆ। ਸਾਡੀ ਸੰਗਠਿਤ ਸੈਨਾ ਉੱਤੇ ਉਹਨਾਂ ਦੀ ਏਕਤਾ ਅਤੇ ਗੁਰੀਲਾ ਮੁਹਾਰਿਤ ਤੇ ਸਥਾਨਕ ਜਾਣਕਾਰੀ ਅਤੇ ਮਦਦ ਭਾਰੂ ਸੀ।' (ਡਬਲਯੂ ਡਬਲਯੂ ਹੰਟਰ ਦੀ ਕਿਤਾਬ 'ਅਨੈਲਿਸ ਆਫ ਰੂਰਲ-ਬੰਗਾਲ,ਪੰਨਾ-47)

1790 ਵਿਚ ਜਦ ਲੱਗਣ ਲੱਗ ਪਿਆ ਕਿ ਸਾਰਾ ਵੀਰਭੂਮ ਜ਼ਿਲ੍ਹਾ ਅੰਗਰੇਜ਼ਾਂ ਹੱਥੋਂ ਨਿਕਲ ਜਾਵੇਗਾ, ਤਦ ਹਾਕਮਾਂ ਨੇ ਭਾਰੀ ਹਥਿਆਰਬੰਦ ਕੁਮਕਾਂ ਤਾਇਨਾਤ ਕਰ ਦਿੱਤੀਆਂ। ਪਰ ਸਥਾਨਕ ਲੋਕਾਂ ਦੀ ਮਦਦ ਨਾਲ ਗੁਰੀਲਾ ਮੁਹਾਰਿਤ ਵਰਤਦਿਆਂ ਵਿਦਰੋਹੀਆਂ ਨੇ ਦਫਤਰਾਂ, ਕੋਠੀਆਂ, ਕਚਹਿਰੀਆਂ 'ਤੇ ਕਬਜ਼ਾ ਕਰ ਲਿਆ। ਸਰਕਾਰੀ ਸੈਨਾ ਨੱਠ ਗਈ। ਮਗਰੋਂ ਭਾਵੇਂ ਭਾਰੀ ਵਰਖਾ ਰੁੱਤ ਅਤੇ ਧੜਵੈਲ ਪਲਟਣਾਂ ਦੇ ਦਬਾਅ ਹੇਠ ਬਾਗੀ ਪਿੱਛੇ ਹਟਣ ਲਈ ਮਜਬੂਰ ਹੋ ਗਏ, ਪਰ ਕਿਤੇ ਮਗਰੋਂ ਜਾ ਕੇ ਵੀ ਉਹਨਾਂ ਦੀ ਅੰਸ਼ਕ ਅਤੇ ਥੋੜ੍ਹ-ਚਿਰੀ ਜਿੱਤ ਨੇ ਵੀ 1857 ਦੀ ਬਗਾਵਤ ਨੂੰ ਗਤੀ ਪ੍ਰਦਾਨ ਕਰਨ ਵਿਚ ਹੱਥ ਵਟਾਇਆ ਸੀ।





**ਸੁਬਾਨਦਿਆਂ ਵਿਦਰੋਹ:** ਪੂਰਬੀ ਬੰਗਾਲ, ਹੁਣ ਬੰਗਲਾਦੇਸ਼ ਦੇ ਜ਼ਿਲ੍ਹੇ ਬਾਕਰਗੰਜ ਦੇ ਇੱਕ ਖੇਤਰ ਦਾ ਨਾਂਅ 'ਸੂਬੰਦਿਆ' ਹੈ। ਅਸਲ ਗੱਲ ਵੱਲ ਆਉਣ ਤੋਂ ਪਹਿਲਾਂ ਮੈਂ ਦੋ ਗੱਲਾਂ ਬਿਅਨਾਂਗਾ। ਪਹਿਲੀ, 'ਸਾਰੇ ਬੰਗਾਲ ਵਿਚ ਬਾਕਰਗੰਜ ਵਾਸੀ ਦੰਗਿਆਂ ਅਤੇ ਹੰਗਾਮੇਬਾਜ਼ੀ ਲਈ ਬਦਨਾਮ ਹਨ।' ਕਿਹਾ ਗਿਆ, 'ਉਹ ਕੁਝ ਜ਼ਿਆਦਾ ਹੀ ਤੱਤੇ ਹਨ। ਮਾੜੀ ਜਿਹੀ ਗੱਲ ਉੱਤੇ ਹੀ ਭੜਕ ਉੱਠਦੇ ਹਨ। ਖਾਸ ਕਰਕੇ ਭਾਟੀ ਖਿੱਤੇ (ਦੱਖਣੀ ਬਾਹੀ) ਦੇ ਲੋਕ।' (ਹੰਟਰ, 'ਸਟੇਸਟੀਕਲ ਅਕਾਊਂਟਸ ਆਫ ਬੰਗਾਲ-ਬਾਕਰਗੰਜ' ਭਾਗ-ਤੀਜਾ, ਸਫਾ-87)

ਦੂਜੀ : ਕੀ ਵਾਕਿਆ ਹੀ ਅਜਿਹਾ ਹੈ ? ਇਸ ਪਿੱਛੇ ਕੀ ਕਾਰਨ ਹਨ। ਦਰਅਸਲ ਅਜਿਹੀ ਬਦਨਾਮੀ ਉਹਨਾਂ ਨੂੰ ਨਹੀਂ ਮਿਲਣੀ ਚਾਹੀਦੀ। ਕਾਰਨ ? 'ਉਹਨਾਂ ਦੇ ਵੱਡੇ ਜ਼ਿਮੀਦਾਰ ਮਾਲਕ ਇਹਨਾਂ ਕਿਰਤੀ ਗਰੀਬੜਿਆ ਉੱਤੇ ਬਹੁ-ਪਰਤੀ ਜ਼ੁਲਮ ਕਰਦੇ ਸਨ। ਜ਼ਿਮੀਦਾਰ ਖੁਦ ਕੋਈ ਕਾਇਦਾ-ਕਨੂੰਨ ਨਹੀਂ ਸੀ ਮੰਨਦੇ। ਹੁਕਮਰਾਨਾਂ ਵੀ ਇਸ ਬੇਇਨਸਾਫੀ ਦਾ ਕੋਈ ਪੁਖਤਾ ਹੱਲ ਨਾ ਕੱਢਿਆ। ਇਥੋਂ ਤੱਕ ਕਿ ਉਹਨਾਂ ਨੂੰ ਲਤਾੜਿਆ ਦੀ ਹੱਤਿਆ ਤੱਕ ਕਰ ਦੇਣ 'ਤੇ ਵੀ ਕੋਈ ਸਜ਼ਾ ਨਾ ਮਿਲਦੀ। ਅਸਲ ਵਿੱਚ ਹਾਕਮਾਂ ਦੀ ਉਹਨਾਂ ਨੂੰ ਮੂਕ-ਸਹਿਮਤੀ ਸੀ। ਫਿਰ ਕਿਸੇ ਨੂੰ ਕਿੰਨਾ ਕੁ ਦਬਾਇਆ ਜਾ ਸਕਦਾ ? ਪੀੜਤ ਗੁੱਸੇ ਨਾਲ ਭਰ ਗਏ। ਉਹ ਟਾਕਰਾ ਕਰਨ ਲੱਗੇ। ਜਿਹਨਾਂ ਨੂੰ, ਇੱਕ ਪਾਸੜ 'ਦੰਗਿਆ' ਜਾਂ ਅਖੌਤੀ ਦੰਗੇਬਾਜ਼ ਨਾਂਅ ਠੋਸਿਆ ਗਿਆ। (ਬਾਕਰਗੰਜ਼ ਡਿਸਟ੍ਰਿਕਿਟ ਗਜ਼ਟੀਅਰ ਪੰਨਾ-22)

ਅਸਲ ਵਿਚ, ਮਾਧੜ-ਧਿਰ ਦਾ ਜਾਇਜ਼ ਗੁੱਸਾ ਹੌਲੀ-ਹੌਲੀ ਉਹਨਾਂ ਦੇ ਸੁਭਾਅ ਦਾ ਅੰਗ ਬਣ ਗਿਆ। ਅਨਿਆਂ ਜਾਂ ਦਬਾਅ ਵਿਰੁੱਧ ਉਹ ਭੜਕ ਉੱਠਦੇ। ਸਵੈ-ਰੱਖਿਆ ਹਿੱਤ ਮੋੜਵੇਂ ਹਮਲੇ ਕਰਦੇ। ਵੱਡੇ ਜ਼ਿਮੀਦਾਰਾਂ, ਨਵਾਬਜ਼ਾਦਿਆਂ ਅਤੇ ਗੋਰਿਆਂ ਦੀਆਂ ਮਾੜੀਆਂ ਹਰਕਤਾਂ ਨੇ 'ਸੂਬੰਦੀ ਧਿਰ' ਨੂੰ ਬਾਗੀ-ਸੁਭਾਈ ਬਣਾ ਦਿੱਤਾ, ਜਿਸ ਦਾ ਸਵੈ-ਸਪੱਸ਼ਟ ਇਜ਼ਹਾਰ 1857 ਦੇ ਗਦਰ ਦੌਰਾਨ ਵੇਖਿਆ ਗਿਆ।

ਉਕਤ ਪਿੱਠ-ਭੂਮੀ ਤਹਿਤ 1792 ਵਿਚ ਬਾਕਰਗੰਜ ਜ਼ਿਲ੍ਹੇ ਦੇ ਦੱਖਣੀ ਆਂਚਲ ਵਿਚ ਬਲਾਕੀ ਸ਼ਾਹ ਫਕੀਰ ਦੀ ਅਗਵਾਈ ਹੇਠ ਬਗਾਵਤ ਦੀ ਅੱਗ ਭੜਕ ਉੱਠੀ, ਜਿਸਦਾ ਕੇਂਦਰ ਸੂਬਾਨਦਿਆ ਖਿੱਤਾ ਸੀ। ਦਾਨਿਸ਼ਵਰ ਬਲਾਕੀ ਸ਼ਾਹ ਖੁਦ ਵੀ ਕਿਸਾਨ ਸੀ। ਆਪਣੇ ਅਨੁਭਵ ਨਾਲ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਇੱਕਾ-ਦੁੱਕਾ ਮੁਕਾਬਲਾ ਕਰਨ ਦੀ ਬਜਾਏ 'ਕੱਠੇ ਹੋ ਕੇ ਤਾਅ ਜਾਤਾਂ-ਧਰਮਾਂ ਅਤੇ ਕਿੱਤਾਧਾਰੀਆਂ ਦਾ ਸੰਗਠਿਤ ਮੁਕਾਬਲਾ ਹੀ ਲਾਹੇਵੰਦਾ ਹੁੰਦਾ ਹੈ। ਭਾਵੇਂ ਸਥਾਨਕ ਕੁਲਕ (ਰਜਵਾੜਾ) ਉਹਨਾਂ ਤੋਂ ਕਈ ਪੱਖਾਂ ਵਿਚ ਕਿਤੇ ਵੱਧ ਸ਼ਕਤੀਸ਼ਾਲੀ ਸੀ, ਪਰ ਸਮੂਹਕ ਏਕਤਾ ਰੰਗ ਲਿਆਈ। (ਉਕਤ ਗਜ਼ਟੀਅਰ,ਪੰਨਾ-26)

ਭਾਵੇਂ ਕਈ ਕਾਰਨਾਂ ਕਰਕੇ ਲੰਮੀ ਜੱਦੋ-ਜਹਿਦ ਉਪਰੰਤ ਸਥਾਨਕ ਲੋਕਾਂ ਦਾ ਇਹ ਸੰਘਰਸ਼ ਧੀਮਾ ਪੈ ਗਿਆ, ਕਈ ਮਾਰੇ ਗਏ, ਬਲਾਕੀ ਸ਼ਾਹ ਨੂੰ ਵੀ ਮਜਬੂਰਨ ਫਰਾਰ ਹੋਣਾ ਪਿਆ, ਪਰ ਉਹਨਾ ਜਗੀਰਦਾਰ ਨੂੰ ਲਗਾਨ ਅਤੇ ਮਿਲਵਰਤਨ ਨਾ ਦੇਣ ਤੇ ਆਪਸੀ ਏਕਤਾ ਦੀ ਪਿਰਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰੱਖਿਆ, ਜਿਸ ਦਾ ਉੱਗਰ ਰੂਪ 1857 ਦੇ ਗਦਰ ਦੌਰਾਨ ਵੇਖਣ ਨੂੰ ਮਿਲਿਆ।

1757 ਤੋਂ 1792, ਕਹਿ ਸਕਦੇ ਹਾਂ ਕਿ 1800 ਈਸਵੀ ਤੱਕ ਕਈ ਰੋਸੇ-ਬਗਾਵਤਾਂ ਦੀ ਗਾਥਾ ਸੁਣਾਈ ਜਾ ਸਕਦੀ ਹੈ। ਲੇਖ ਲੰਮਾ ਹੋਣ ਦੇ ਡਰੋਂ ਅਸੀਂ ਸਿਰਫ 1857 ਪੂਰਵ 1855-56 ਦੇ ਸੰਥਾਲ ਵਿਦਰੋਹ ਦੀ ਗੱਲ ਕਰਕੇ ਹੀ ਇਹ ਲੇਖ ਮੁੱਕਦਾ ਕਰਾਂਗੇ।

**ਸੰਥਾਲ ਬਗਾਵਤ:** ਅੰਗਰੇਜ਼ ਵਿਦਵਾਨ ਈ ਓ ਜੇ ਮੂਨ ਆਪਣੀ ਪੁਸਤਕ 'ਸੰਥਾਲੀਆਂ ਐਂਡ ਦਾ ਸੰਥਾਂਲ' ਵਿਚ ਲਿਖਦਾ ਹੈ, 'ਇਸ ਉਪਜਾਤੀ ਨਾਲ ਲੈਣ-ਦੇਣ ਕਰਦਿਆ ਮਹਾਜਨਾਂ ਦੀ ਲਾਲਚੀ ਅਤੇ ਲੋਟੂ ਪ੍ਰਵਿਰਤੀ, ਸ਼ਾਹੂਕਾਰੀ ਦਮਨ, ਵਿਅਕਤੀਗਤ ਰੋਹਬ-ਦਾਬ, ਰਾਜਕੀ ਭ੍ਰਿਸ਼ਟਾਚਾਰ ਅਤੇ ਅਮੀਰਾਂ ਅਤੇ ਕੁਲਕਾਂ ਪ੍ਰਤੀ ਸਰਕਾਰੀ ਹੇਜ ਨੇ ਬਲਦੀ 'ਤੇ ਤੇਲ ਪਾਉਣ ਦਾਕੰਮ ਕੀਤਾ। ਹਾਂ, ਸੰਥਾਲਾਂ ਦੀ ਬੇਸਮਝੀ ਅਤੇ ਫਜ਼ੂਲਖਰਚੀ ਨੇ ਵੀ ਸਿਫ਼ਤੀ ਰੋਲ ਅਦਾ ਕੀਤਾ।' (ਪੰਨਾ-127)

ਪਰ, ਬਿਹਾਰ-ਬੰਗਾਲ ਦੇ ਸੰਥਾਲ ਆਂਚਲ (ਖਿੱਤੇ) ਵਿਚ 'ਸੰਥਾਲ ਹੂਲ' ਵਜੋਂ ਜਾਣੇ ਜਾਂਦੇ ਇਸ ਬਗਾਵਤ ਦੀ ਧਾਰ ਨਿਰੀ ਦੇਸੀ ਲੁਟੇਰਿਆਂ ਜਾਂ ਸ਼ਾਹੂਕਾਰਾਂ ਵਿਰੁੱਧ ਹੀ ਨਹੀਂ ਸੀ, ਜਿਵੇਂ ਉਕਤ ਲੇਖਕ ਦੀ ਭਾਰੀ ਸੁਰ ਇਵੇਂ ਬਿਆਨਦੀ ਹੈ, ਸਗੋਂ ਇਸ ਦੀ ਮੂਲ ਚੂਲ ਅੰਗਰੇਜ਼ ਵਿਸਥਾਰਵਾਦੀਆਂ ਤੋਂ ਆਪਣੀ ਕਰਮ ਭੂਮੀ ਦੀ ਮੁਕੰਮਲ ਬੰਦ-ਖਿਲਾਸੀ ਕਰਵਾ ਕੇ ਮੁੜ ਆਪਣੀ ਪ੍ਰਭੂਸੱਤਾ ਬਹਾਲ ਕਰਨਾ ਸੀ। ਇਹੀ ਉਹ ਗੱਲ ਸੀ, ਜਿਹੜੀ ਗੋਰੇ ਹਾਕਮਾਂ (ਕੰਪਨੀ, ਜਿਸ ਨੂੰ ਮੌਜੂਦਾ ਪ੍ਰਚਲਨ ਵਿਚ ਕਾਰਪੋਰੇਟਸ ਕਿਹਾ ਜਾ ਸਕਦਾ ਹੈ) ਅਤੇ ਉਹਨਾਂ ਦੇ ਦੇਸੀ ਹਮਜੋਲੀਆਂ ਨੂੰ ਪ੍ਰਵਾਨ ਨਹੀਂ ਸੀ।

ਕੁਝ ਵਿਦਵਾਨਾਂ ਅਨੁਸਾਰ, 'ਕਦੇ ਭਾਗਲਪੁਰ, ਬਿਹਾਰ ਦੇ ਆਸ-ਪਾਸ ਗੰਗਾ ਘਾਟੀ, ਜਿਸ ਨੂੰ ਉਧਰ 'ਚੰਪਾ ਦੇਸ਼' ਕਿਹਾ ਜਾਂਦਾ ਸੀ, ਵਿੱਚ ਸੰਥਾਲਾਂ ਦਾ ਇੱਕ ਛਤਰ ਸਾਂਝੀਵਾਲ ਰਾਜ ਸੀ। ਉਹ ਕੁਦਰਤ ਮੇਚਵਾਂ ਸਹਿਕਾਰੀ ਜੀਵਨ ਬਸਰ ਕਰਦੇ ਸਨ। ਕੁਦਰਤੀ ਸੋਮਿਆ ਨਾਲ ਲਬਰੇਜ਼ ਇਹ ਖਿੱਤਾ ਸ਼ਾਹੂਕਾਰਾਂ, ਜਗੀਰਦਾਰਾਂ ਅਤੇ ਕੰਪਨੀ ਦੀ ਰਲਵੀਂ ਸੁਰ ਅਨੁਸਾਰ ਉਹਨਾਂ ਹੱਥੋਂ ਕਿਰ ਗਿਆ। ਨਿਮਰ ਵਿਰੋਧ ਵਿਰੁੱਧ ਵੀ ਬੇਕਿਰਕ ਰਾਜਕੀ-ਜਬਰ ਕਾਰਨ ਭਲੇਮਾਣਸ ਸੰਥਾਲਾਂ ਨੂੰ ਭਰੇ ਮਨ ਨਾਲ ਆਪਣੀ ਨਿਆਮਤਾਂ ਭਰਪੂਰ, ਪੁਸ਼ਤ-ਦਰ-ਪੁਸ਼ਤ ਆਪਣੀ ਕਰਮ ਭੂਮੀ ਛੱਡ ਜੰਗਲਾਂ-ਘਾਟੀਆਂ 'ਚ ਸ਼ਰਨ ਲੈਣੀ ਪਈ।' ਉਹਨੀਂ ਮੁੜ ਖੇਤ-ਖਲਿਆਣ ਆਬਾਦ ਕੀਤੇ। ਉੱਪਜੀਵਕਾ ਖੜ੍ਹੀ ਕੀਤੀ, ਪਰ ਅਫਸੋਸ! 1793 ਦਾ ਜ਼ਮੀਨੀ ਬੰਦੋਬਸਤ ਉਹਨਾਂ ਲਈ ਵਿਨਾਸ਼ ਬਣ ਕੇ ਆਇਆ। ਕੰਪਨੀ ਮੁਤਾਬਕ ਨਵੇਂ ਖੇਤਰਾਂ ਦੀ ਤਰੱਕੀ ਅਤੇ ਵਿਸਥਾਰ ਇਹ ਨਿਮਾਣੇ ਲੋਕ ਨਹੀਂ, ਧੜਵੈਲ ਲੋਕ ਹੀ ਕਰ ਸਕਦੇ ਹਨ। ਸੰਥਾਲਾਂ ਪੱਲੇ ਮੁੜ ਉਜਾੜਾ ਪਿਆ।

ਪਰੰਤੂ, ਸੰਥਾਲ ਫਿਰ 'ਕੁਕਨਸ' ਵਾਂਗ ਜੀ ਉੱਠਦੇ। (ਨੋਟ; ਇੱਕ ਮਿੱਥ ਮੁਤਾਬਿਕ ਕੁਕਨਸ ਇੱਕ ਅਜਿਹਾ ਪੰਛੀ ਹੈ, ਜਿਹੜਾ ਅਗਨੀ ਵਿਚ ਸੜ-ਮਰਨ ਉਪਰੰਤ ਫਿਰ ਉਸੇ ਰਾਖ ਵਿੱਚੋਂ ਜੀਵਤ ਹੋ ਉਡਾਰੀ ਮਾਰ ਜਾਂਦਾ ਹੈ।)

'ਕਲਕੱਤਾ ਰੀਵਿਊ' 1856, ਪੰਨਾ 240 'ਤੇ ਜ਼ਿਕਰ ਆਉਂਦਾ ਹੈ, 'ਧੜਵੈਲ ਜ਼ਿਮੀਦਾਰ, ਰਾਜਕੀ ਕਰਮਚਾਰੀ, ਕੰਪਨੀ ਦੇ ਨੁਮਾਇੰਦੇ, ਸਟੇਟ ਦੇ ਸੰਦ ਸਭ ਰਲ-ਮਿਲ ਸੰਥਾਲਾਂ ਦਾ ਸ਼ੋਸ਼ਣ ਅਤੇ ਲੁੱਟ ਕਰਦੇਸ਼ ਸੋਸ਼ਣ ਸਿਰਫ ਆਰਥਕ ਹੀ ਨਹੀਂ ਸੀ, ਜਿਸਮਾਨੀ-ਸਮਾਜਿਕ ਵੀ ਸੀ। ਸੰਥਾਲੀ ਤ੍ਰੀਮਤਾਂ ਵੀ ਸਰੀਰਕ-ਮਾਨਸਿਕ ਜਬਰ ਦੀਆਂ ਸ਼ਿਕਾਰ ਸਨ। ਉਪਜਾਊ ਖੇਤ ਹੀ ਨਹੀਂ, ਖਰਾ ਪਸ਼ੂ-ਧੰਨ ਵੀ ਕਰਜ਼-ਵਿਆਜ, ਲੈਣ-ਦੇਣ, ਤੋਲ-ਜੋਖ ਵਿੱਚ ਠੱਗਿਆ ਜਾਂਦਾ।' ਇਥੋਂ ਤੱਕ ਕਿ ਇਸ ਖਿੱਤੇ ਵਿਚ ਜਦ ਰੇਲ ਲਾਈਨ ਵਿਛਾਈ ਜਾ ਰਹੀ ਸੀ ਤਾਂ ਸੰਬੰਧਤ ਕਰਮਚਾਰੀ ਅਤੇ ਅਧਿਕਾਰੀ ਸੰਥਾਲਾਂ ਦੇ ਮੁਰਗੇ-ਮੁਰਗੀਆਂ ਅਤੇ ਭੇਡਾਂ-ਬੱਕਰੇ ਵੀ ਹੜੱਪ ਕਰ ਜਾਂਦੇ। ਗਾਲ੍ਹ-ਦੁੱਪੜ ਅਤੇ ਔਰਤਾਂ ਨਾਲ ਦੁਰਵਿਹਾਰ ਆਮ ਗੱਲ ਸੀ। ਮਰਦਾ ਕੀ ਨਹੀਂ ਕਰਦਾ, ਸੰਥਾਲਾਂ ਰਵਾਇਤੀ ਹਥਿਆਰ ਚੁੱਕ ਲਏ। ਨਵੇਂ ਜ਼ਿਮੀਦਾਰ ਅਤੇ ਕੰਪਨੀ ਅਧੁਨਿਕ ਹਥਿਆਰਾਂ ਦੇ ਬਲ ਜ਼ੁਲਮ ਕਰਨ ਲੱਗੀ।

7 ਜੁਲਾਈ 1855 ਨੂੰ ਸੰਥਾਲ ਵਿਦਰੋਹ ਆਰੰਭ ਹੋਇਆ। ਬਾਗੀ ਜ਼ਿਮੀਦਾਰਾਂ ਅਤੇ ਮਹਾਜਨਾਂ-ਸ਼ਾਹੂਕਾਰਾਂ ਦੀ ਜਕੜ ਅਤੇ ਅੰਗਰੇਜ਼ਾ ਦਾ 'ਪ੍ਰਬੰਧ' ਤਹਿਸ-ਨਹਿਸ ਕਰਨ ਲੱਗੇ। ਇਸ ਰੱਤ-ਡੋਲ੍ਹਵੀਂ ਬਗਾਵਤ ਦਾ ਜ਼ਿਕਰ ਹਾਕਮ-ਜਮਾਤਾਂ ਪ੍ਰਤੀ ਨਰਮ ਸੁਰ ਰੱਖਦਾ ਇਤਿਹਾਸਕਾਰ ਮਿ.ਹੰਟਰ ਇਉਂ ਕਰਦਾ ਹੈ, 'ਬਗਾਵਤ ਸ਼ੁਰੂ ਹੋਣ ਉਪਰੰਤ ਹੀ ਇਸ ਖਿੱਤੇ ਵਿਚ ਵੱਖ-ਵੱਖ ਥਾਵੀਂ ਤਾਇਨਾਤ ਕਰੀਬ 1200 ਸਿਪਾਹੀਆਂ ਦਾ ਖੁਰਾ-ਖੋਜ ਹੀ ਨਾ ਲੱਭਿਆ। ਦੋ ਹਫ਼ਤੇ ਸੰਥਾਲਾਂ ਦੀ ਖ਼ੂਨੀ-ਝੜਪ ਭਾਰੂ ਰਹੀ। ਸਰਕਾਰੀ ਜਾਇਦਾਦ ਅਤੇ ਸਰਕਾਰ ਦਾ ਦਮ ਭਰਦੇ ਪਿੰਡ ਫੂਕ ਦਿੱਤੇ ਗਏ। ਬਾਗੀ ਲੋਕ ਪਸ਼ੂ-ਧਨ ਹੱਕ ਕੇ ਲੈ ਗਏ। ਕੁਝ ਅੰਗਰੇਜ਼ ਵੀ ਮਾਰੇ ਗਏ। ਕੁੱਝ ਮਾਲ-ਖਜ਼ਾਨਾਂ ਅਤੇ ਅਨਾਜ ਕੋਠਰੀਆਂ ਲੁੱਟ ਲਈਆਂ ਗਈਆਂ। ਜੇਲ੍ਹਖਾਨਾਂ, ਮੁੱਖ ਖਜ਼ਾਨਾ ਅਤੇ ਦਫਤਰਾਂ 'ਤੇ ਬੇਹੱਦ ਸੁਰੱਖਿਆ ਵਧਾਈ ਗਈ। ਖਜ਼ਾਨੇ ਦੀ ਵੱਡੀ ਰਾਸ਼ੀ ਇੱਕ ਗੁਪਤ ਖੂਹ ਵਿਚ ਛੁਪਾਣੀ ਪਈ।' (ਹੰਟਰਜ਼ ਲਿਖਤਾਂ,ਪੰਨਾ-314)।

ਭਾਈਚਾਰਕ ਏਕਤਾ ਸਿਰ ਪਈ ਨਿਭਾਉਣ ਅਤੇ ਸਿਰਲੱਥਤਾ ਕੁਰਬਾਨੀ ਕਾਰਨ ਸੰਥਾਲ ਭਾਰੂ ਰਹੇ। ਸੰਥਾਲਾਂ ਨੇ ਆਪਣੇ-ਆਪ ਨੂੰ ਕਈ ਛੋਟੇ-ਛੋਟੇ, ਗੁਰੀਲਾ ਦਲਾਂ ਵਿਚ ਵੰਡ ਕੇ ਬਹੁ-ਦਿਸ਼ਾਵੀਂ ਚੜ੍ਹਾਈ ਕੀਤੀ। 'ਵਿਦਰੋਹੀ ਸੰਥਾਲਾਂ ਨੇ ਵੀਰਭੂਮ ਜ਼ਿਲ੍ਹੇ ਦੇ ਕਰੀਬ ਅੱਧੇ ਹਿੱਸੇ ਉੱਤੇ ਅਧਿਕਾਰ ਕਰ ਲਿਆ। 21 ਜੁਲਾਈ 1855 ਨੂੰ ਇੱਕ ਜ਼ੋਰਦਾਰ ਸੰਯੁਕਤ ਹਮਲੇ ਵਿਚ ਸੰਥਾਲਾਂ ਨੇ ਜ਼ਿਮੀਦਾਰਾਂ, ਸ਼ਾਹੂਕਾਰਾਂ ਅਤੇ ਰਾਜਕੀ ਸੈਨਾਵਾਂ ਦੀ ਸਾਝੀ ਕਮਾਂਡ ਨੂੰ ਬੁਰੀ ਤਰ੍ਹਾਂ ਹਰਾ-ਨਠਾ ਦਿੱਤਾ। 23 ਜੁਲਾਈ ਨੂੰ ਸੰਥਾਲਾਂ ਨੇ ਬੇਹੱਦ ਮਹੱਤਵਪੂਰਨ ਗੁਣਪੁਰ ਕਸਬਾ ਜਿੱਤ ਲਿਆ। ਲੈਫਟੀਨੈਂਟ ਟੋਲ ਮੈਅਨ ਨੇ ਜ਼ਬਰਦਸਤ ਮੋੜਵਾਂ ਹੱਲਾ ਕੀਤਾ, ਪਰ ਸਿਪਾਹੀਆਂ ਸਮੇਤ ਮਾਰਿਆ ਗਿਆ। ਅਖੀਰ ਅੰਗਰੇਜ਼ਾਂ ਨੇ ਬਹੁਤ ਵੱਡੀ ਕੁਮਕ ਨਾਲ ਹਮਲਾ ਕੀਤਾ। ਅਧੁਨਿਕ ਹਥਿਆਰਾਂ ਦੀ ਮਾਰ ਕਾਰਨ ਬਾਗੀ ਸੰਥਾਲਾਂ ਨੂੰ ਵੀਰਭੂਮ ਛੱਡਣਾ ਪਿਆ।' ਦਿਗੰਬਰ ਚੱਕਰਵਰਤੀ, 'ਹਿਸਟਰੀ ਆਫ ਦਾ ਸੰਥਾਲ' ਹੂਲ ਆਫ 1855, ਸਫ਼ਾ-37 ਅਤੇ ਕਾਲੀ ਕਿੰਕਰ ਦੱਤ ਦਾ ਇਸੇ ਪੁਸਤਕ 'ਚ ਲੇਖ ਦਾ ਪੰਨਾ-21)

ਮਗਰੋਂ ਵੀ ਛਿੱਟਪੁਟ ਘਟਨਾਵਾਂ ਅਤੇ ਉਤਰਾਵ-ਚੜ੍ਹਾਵ ਜਾਰੀ ਰਹੇ. ਪਰ ਬੱਝਵੀਂ ਸੈਨਾ, ਆਤਿਸ਼ੀ ਹਥਿਆਰਾਂ ਅਤੇ 'ਆਪਣਿਆਂ' ਦੇ ਧਰੋਹ ਕਾਰਨ ਸੰਥਾਲ ਦਿਲ 'ਚ ਪਰਚੰਡ ਜਵਾਲਾ ਸੰਭਾਲ ਉਪਰਾਮ ਹੋ ਗਏ। ਹਾਂ, ਫੜ੍ਹੇ ਗਏ ਬਾਗੀਆਂ ਉੱਤੇ, ਜਿਹਨਾਂ ਵਿਚ 251 ਪ੍ਰਮੁੱਖ ਸਨ, ਮੁਕੱਦਮੇ ਦਾ ਢੌਂਗ ਰਚਿਆ ਗਿਆ। ਇਸ ਵਿਚ 191 ਸੰਥਾਲ ਅਤੇ ਬਾਕੀ ਡੂਮ, ਧਾਂਗੜ, ਗਵਾਲੇ ਅਤੇ ਭੂਈਆਂ ਸਨ। ਇਹਨਾਂ ਵਿਚ 46 ਤਾਂ ਮਹਿਜ਼ 9-10 ਸਾਲ ਦੇ ਯੁਵਕ-ਯੁਵਤੀਆਂ ਸਨ। ਇਸ ਬਗਾਵਤ ਤੋਂ ਬਾਅਦ ਸੰਥਾਲ ਪਰਗਨਾ ਅੱਡ ਜ਼ਿਲ੍ਹਾ ਬਣਾ ਦਿੱਤਾ ਅਤੇ ਈਸਾਈ ਮਿਸ਼ਨਰੀਆਂ ਤੋਂ ਬਿਨਾਂ ਕਿਸੇ ਵੀ ਬਾਹਰਲੇ ਵਿਅਕਤੀ ਜਾਂ ਸੰਗਠਨ ਦਾ ਇਸ ਖਿੱਤੇ ਵਿਚ ਦਾਖਲਾ ਵਰਜਿਤ ਕਰ ਦਿੱਤਾ।

ਬੇਸ਼ੱਕ ਅੱਜ ਦੇ ਕਿਸਾਨ ਸੰਗਠਨਾਂ ਵਾਂਗ ਸੰਥਾਲੀ ਕਿਸਾਨਾ ਕੋਲ ਰਾਜਨੀਤਕ ਜਾਂ ਜਥੇਬੰਦਕ ਚੇਤਨਾ ਨਹੀਂ ਸੀ, ਪਰ ਉਹਨਾਂ ਇੱਕ-ਜੁੱਟ ਹੋ ਕੇ ਦੋਸਤ ਅਤੇ ਦੁਸ਼ਮਣ ਨੂੰ ਬਾਖ਼ੂਬੀ ਪਹਿਚਾਣਿਆ। ਉਹ 'ਕੱਠੇ ਹੋ ਕੇ ਰਵਾਇਤੀ ਹਥਿਆਰਾਂ ਨਾਲ ਲੜੇ, ਬੇਸ਼ੱਕ ਹਾਰ ਗਏ, ਪਰ1857 ਦੇ ਗਦਰ ਵਿਚ ਮੁੜ ਪ੍ਰਚੰਡ ਹੋ ਕੇ ਜੂਝੇ। ਹਾਂ, ਚਰਬੀ ਲੱਗੇ ਕਾਰਤੂਸ ਜਾਂ ਦੇਸੀ ਸਿਪਾਹੀਆਂ ਨਾਲ ਬਹੁ-ਪਰਤੀ ਪੱਖਪਾਤ ਤੀਲ੍ਹੀ ਦਾ ਕਾਰਨ ਹੋ ਸਕਦਾ ਹੈ। 1857 ਵਿਚ ਰਜਵਾੜਿਆਂ ਦੇ ਵੀ ਆਪਣੇ ਹਿੱਤ ਹੋ ਸਕਦੇ ਹਨ। ਉਹਨਾਂ ਕੋਲ ਜਥੇਬੰਦਕ ਤਾਕਤ ਜਾਂ ਹਥਿਆਰ ਵੀ ਹੋ ਸਕਦੇ ਹਨ, ਪਰ 1857 ਪੂਰਵ ਭਾਰਤੀ ਉੱਪ ਮਹਾਂਦੀਪ ਦੀਆਂ ਕਰੀਬ ਸੈਂਕੜਾ ਭਰ ਬਗਾਵਤਾਂ ਨੇ ਆਮ ਲੋਕਾਂ ਦੀ ਤਾਕਤ ਦਾ ਅਹਿਸਾਸ ਕਰਵਾ ਦਿੱਤਾ ਸੀ। ਦਰ-ਹਕੀਕਤ 1857 ਦਾ ਗਦਰ ਅਚਨਚੇਤ ਨਹੀਂ ਸੀ ਭੜਕਿਆ। ਅਰਥਾਤ, ਅੰਬਰੋਂ ਨਹੀਂ ਸੀ ਉੱਤਰਿਆ।

ਮੁੱਕਦੀ ਗੱਲ, ਵੱਖ-ਵੱਖ ਖਿੱਤਿਆਂ ਦੇ ਬੜੇ ਕਿੱਸੇ ਸੁਣਾਏ ਜਾ ਸਕਦੇ ਹਨ। ਸੰਖੇਪ ਵਿਚ ਉਦਾਹਰਨ ਵਜੋਂ ਕੁਝ ਕੁ ਹੀ ਬਿਆਨਣ ਦਾ ਭਾਵ ਇਹ ਹੈ ਕਿ 1857 ਦੀ ਮਹਾਂ-ਬਗਾਵਤ, ਜਿਸ ਨੇ ਸਾਰੇ ਭਾਰਤ ਨੂੰ ਕਲਾਵੇ ਵਿਚ ਲਿਆ ਸੀ, ਜਿਸ ਵਿਚ ਤਾਅ ਜਾਤ-ਧਰਮ, ਕੌਮਾਂ-ਕੁਨਬੇ ਗਲਵਕੜੀ ਪਾ ਕੇ ਜੂਝੇ, ਦੇ ਉਸਾਰ ਵਿਚ 1857 ਪੂਰਵ ਦੀਆਂ ਇਹਨਾਂ ਬਗਾਵਤਾਂ ਨੇ ਇੱਕ-ਜੁੱਟ ਲੋਕ ਸ਼ਕਤੀ ਦਾ ਵਿਰਾਟ ਸੁਨੇਹਾ ਦਿੱਤਾ ਹੋਇਆ ਸੀ। ਅਸਲ ਵਿਚ ਪਹਿਲੀ ਜੰਗਿ-ਏ-ਆਜ਼ਾਦੀ 1857 ਦਾ ਬੀਜ-ਮੰਤਰ ਕਿਸੇ ਨਾ ਕਿਸੇ ਰੂਪ ਵਿਚ ਇਹਨਾਂ ਬਗਾਵਤਾਂ ਦੇ ਧਰਾਤਲ ਵਿਚ ਛੁਪਿਆ ਹੋਇਆ ਹੈ।

—ਸੰਪਰਕ 94634-39075



# ਮਹਾਰਾਸ਼ਟਰ, ਝਾਰਖੰਡ ਦੇ ਨਾਲ ਪੰਜਾਬ ਦੀਆਂ ਚਾਰ ਸੀਟਾਂ ਲਈ ਚੋਣਾਂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਚੋਣ ਸਰਗਰਮੀਆਂ ਵਿੱਚ ਲਗਾਤਾਰ ਰੁਝਿਆ ਦਿੱਸਣ ਵਾਲੇ ਭਾਰਤ ਵਿੱਚ ਦੋ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਨਾਲ ਚੋਣਾਂ ਦਾ ਇੱਕ ਨਵਾਂ ਦੌਰ ਚੱਲ ਪਿਆ ਹੈ। ਇਨ੍ਹਾਂ ਵਿੱਚੋਂ ਮਹਾਰਾਸ਼ਟਰ ਭਾਰਤ ਦਾ ਦੂਸਰਾ ਸਭ ਤੋਂ ਵੱਡਾ ਰਾਜ ਹੈ। ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾ ਵਿਚਲੇ ਸਭ ਤੋਂ ਵੱਧ ਅੱਸੀ ਮੈਂਬਰ ਇੱਕੋ ਰਾਜ ਉੱਤਰ ਪ੍ਰਦੇਸ਼ ਤੋਂ ਆਉਂਦੇ ਹਨ ਤੇ ਦੂਸਰਾ ਨੰਬਰ ਮਹਾਰਾਸ਼ਟਰ ਦਾ ਹੈ, ਜਿੱਥੋਂ ਦੇ ਅਠਤਾਲੀ ਮੈਂਬਰ ਹੁੰਦੇ ਹਨ। ਬਤਾਲੀ ਲੋਕ ਸਭਾ ਮੈਂਬਰਾਂ ਨਾਲ ਤੀਸਰਾ ਵੱਡਾ ਰਾਜ ਪੱਛਮੀ ਬੰਗਾਲ ਹੈ। ਬਿਹਾਰ ਨਾਲੋਂ ਕੱਟ ਕੇ ਬਣਾਏ ਹੋਏ ਝਾਰਖੰਡ ਵਿੱਚ ਵੀ ਇਸ ਵਾਰ ਮਹਾਰਾਸ਼ਟਰ ਦੇ ਨਾਲ ਵਿਧਾਨ ਸਭਾ ਚੋਣ ਕਰਵਾਈ ਜਾਣੀ ਹੈ, ਜਿਸ ਦੀਆਂ ਇਕਾਸੀ ਸੀਟਾਂ ਹਨ ਅਤੇ ਇਨ੍ਹਾਂ ਦੋਵਾਂ ਰਾਜਾਂ ਨਾਲ ਕਈ ਹੋਰ ਰਾਜਾਂ ਵਿੱਚ ਖਿੱਲਰੀਆਂ ਹੋਈਆਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਖਾਲੀ ਸੀਟਾਂ ਲਈ ਵੀ ਚੋਣਾਂ ਹੋਣੀਆਂ ਹਨ। ਕਿਸੇ ਮੈਂਬਰ ਦੀ ਮੌਤ ਹੋਣ ਜਾਂ ਕਿਸੇ ਵਿਰੁੱਧ ਅਦਾਲਤੀ ਹੁਕਮ ਆਉਣ ਨਾਲ ਸੀਟਾਂ ਖਾਲੀ ਹੋਣ ਜਾਂ ਕਿਸੇ ਵਿਧਾਇਕ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਮਗਰੋਂ ਵਿਧਾਨ ਸਭਾ ਤੋਂ ਅਸਤੀਫਾ ਦੇਣ ਦੇ ਕਾਰਨ ਖਾਲੀ ਹੋਈਆਂ ਜਿਨ੍ਹਾਂ ਸੀਟਾਂ ਲਈ ਉੱਪ ਚੋਣਾਂ ਕਰਵਾਈਆਂ ਜਾਣਗੀਆਂ, ਇਨ੍ਹਾਂ ਵਿੱਚ ਪੰਜਾਬ ਦੀਆਂ ਚਾਰ ਸੀਟਾਂ ਵੀ ਸ਼ਾਮਲ ਹਨ।

ਪਿਛਲੀ ਵਾਰ ਦੀਆਂ ਚੋਣਾਂ ਵਿੱਚ ਭਾਜਪਾ ਅਤੇ ਸ਼ਿਵ ਸੈਨਾ ਇੱਕੋ ਗੱਠਜੋੜ ਵਿੱਚ ਸਨ, ਪਰ ਚੋਣਾਂ ਮਗਰੋਂ ਦੋਵਾਂ ਦਾ ਸਰਕਾਰ ਦੀ ਅਗਵਾਈ ਦੇ ਸਵਾਲ ਉੱਤੇ ਝਗੜਾ ਪੈ ਗਿਆ ਸੀ। ਓਦੋਂ ਭਾਜਪਾ ਤੋਂ ਤੰਗ ਆਈ ਸ਼ਿਵ ਸੈਨਾ ਨੇ ਕਾਂਗਰਸ ਤੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਨਾਲ ਗੱਲ ਚਲਾਈ ਤਾਂ ਭਾਜਪਾ ਨੇ ਐੱਨ ਸੀ ਪੀ ਦੇ ਮੁਖੀ ਸ਼ਰਦ ਪਵਾਰ ਦੀ ਪਾਰਟੀ ਨੂੰ ਢਾਹ ਲਾਈ ਤੇ ਉਸ ਦਾ ਭਤੀਜਾ ਅਜੀਤ ਪਵਾਰ ਡਿਪਟੀ ਮੁੱਖ ਮੰਤਰੀ ਬਣਾ ਕੇ ਅੱਧੀ ਰਾਤ ਸਰਕਾਰ ਬਣਾ ਲਈ। ਜਿੰਨੀ ਤੇਜ਼ੀ ਨਾਲ ਉਹ ਸਰਕਾਰ ਬਣਾਈ ਸੀ, ਦੂਸਰੀਆਂ ਧਿਰਾਂ ਦੇ ਇਕੱਠੇ ਹੋਣ 'ਤੇ ਅਜੀਤ ਪਵਾਰ ਦੇ ਪਿੱਛੇ ਮੁੜ ਜਾਣ ਨਾਲ ਓਸੇ ਤੇਜ਼ੀ ਨਾਲ ਟੁੱਟ ਗਈ ਅਤੇ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦੀ ਅਗਵਾਈ ਹੇਠ ਤਿੰਨ ਪਾਰਟੀਆਂ ਦੇ ਗੱਠਜੋੜ ਦੀ ਸਾਂਝੀ ਸਰਕਾਰ ਬਣ ਗਈ। ਭਾਜਪਾ ਨੇ ਉਸ ਵਿੱਚ ਫਿਰ ਢਾਹ ਲਾਈ ਅਤੇ ਸ਼ਿਵ ਸੈਨਾ ਦਾ ਵੱਡਾ ਹਿੱਸਾ ਉਸ ਨਾਲੋਂ ਤੋੜ ਕੇ ਉਨ੍ਹਾਂ ਦੇ ਨੇਤਾ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ ਸਰਕਾਰ ਬਣਾਈ ਅਤੇ ਉਸ ਦਾ ਡਿਪਟੀ ਮੁੱਖ ਮੰਤਰੀ ਆਪਣਾ ਦਵਿੰਦਰ ਫੜਨਵੀਸ ਬਣਵਾ ਕੇ ਸਰਕਾਰ ਅਮਲ ਵਿੱਚ ਭਾਜਪਾ ਚਲਾਉਂਦੀ ਰਹੀ। ਕੁਝ ਚਿਰ ਪਿੱਛੋਂ ਫਿਰ ਅਜੀਤ ਪਾਰਟੀ ਇੱਕ ਹੋਰ ਦਲਬਦਲੀ ਕਰ ਕੇ ਭਾਜਪਾ ਨਾਲ ਜਾ ਜੁੜਿਆ ਤੇ ਓਧਰੋਂ ਡਿਪਟੀ ਮੁੱਖ ਮੰਤਰੀ ਬਣ ਕੇ ਆਪਣੇ ਚਾਚੇ ਅਤੇ ਪਾਰਟੀ ਦੋਵਾਂ ਦੇ ਖਿਲਾਫ ਭਾਜਪਾ ਦੇ ਹਮਲੇ ਦਾ ਅਗਵਾਨੂੰ ਬਣ ਗਿਆ। ਜਦੋਂ ਇਸ ਵੇਲੇ ਓਥੇ ਵਿਧਾਨ ਸਭਾ ਚੋਣ ਦਾ ਐਲਾਨ ਹੋ ਚੁੱਕਾ ਹੈ, ਭਾਜਪਾ ਦੇ ਕੁਝ ਵਿਧਾਇਕ ਤੇ ਮੰਤਰੀ ਉਸ ਨੂੰ ਛੱਡਦੇ ਜਾ ਰਹੇ ਹਨ ਅਤੇ ਕੁਝ ਏਕਨਾਥ ਸ਼ਿੰਦੇ ਦੇ ਸਾਥੀਆਂ ਨੇ ਪਾਰਟੀ ਛੱਡ ਕੇ ਸ਼ਿਵ ਸੈਨਾ ਵੱਲ ਜਾਣਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀ ਹਾਲਤ ਮਹਾਰਾਸ਼ਟਰ ਵਿੱਚ ਓਦਾਂ ਦੀ ਹੈ, ਜਿੱਦਾਂ ਦੀ ਹਰਿਆਣਾ ਵਿੱਚ ਸੀ, ਪਰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਏਦਾਂ ਦੇ ਹਾਲਾਤ ਵਿੱਚ ਕਾਂਗਰਸ ਦੇ ਅੰਦਰ ਮੁੱਖ ਮੰਤਰੀ ਬਣਨ ਦੀ ਦੌੜ ਨੇ ਜਿਵੇਂ ਹਰਿਆਣੇ ਵਿੱਚ ਉਸ ਨੂੰ ਡੋਬਿਆ ਹੈ, ਇਹੀ ਕੁਝ ਮਹਾਰਾਸ਼ਟਰ ਵਿੱਚ ਵੀ ਹੋ ਸਕਦਾ ਹੈ। ਕਾਂਗਰਸ ਦੀ ਹਾਈ ਕਮਾਨ ਇਸ ਮਾਮਲੇ ਵਿੱਚ ਬਹੁਤੀ ਅਸਰਦਾਰ ਅਜੇ ਤੱਕ ਵੀ ਨਹੀਂ ਹੋਈ।

ਦੂਸਰਾ ਰਾਜ ਝਾਰਖੰਡ ਪਹਿਲਾਂ ਬਿਹਾਰ ਦਾ ਹਿੱਸਾ ਹੁੰਦਾ ਸੀ ਤੇ ਇਸ ਵਿੱਚ ਕੁਦਰਤੀ ਖਜ਼ਾਨਿਆਂ ਵਾਲੀਆਂ ਖਾਣਾਂ ਏਨੀਆਂ ਹਨ ਕਿ ਢੰਗ ਨਾਲ ਵਰਤਿਆ ਜਾਵੇ ਤਾਂ ਖੁਸ਼ਹਾਲ ਹੋ ਸਕਦਾ ਹੈ। ਵੱਖਰਾ ਰਾਜ ਬਣਨ ਮਗਰੋਂ ਬਦਕਿਸਮਤੀ ਨਾਲ ਇਸ ਨੂੰ ਬਿਹਾਰ ਦੇ ਭ੍ਰਿਸ਼ਟਾਚਾਰੀਏ ਲੀਡਰਾਂ ਤੋਂ ਚੰਗੇ ਆਗੂ ਨਹੀਂ ਮਿਲ ਸਕੇ ਤੇ ਰਾਜ ਤਰੱਕੀ ਵੱਲ ਅੱਗੇ ਵਧਣ ਦੀ ਥਾਂ ਗਰੀਬੀ ਵਾਲੇ ਅੱਡੇ ਉੱਤੇ ਖੜਾ ਹੀ ਨਜ਼ਰ ਆਉਂਦਾ ਹੈ। ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਓਥੋਂ ਦੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਦਾ ਭ੍ਰਿਸ਼ਟਾਚਾਰ ਫਿੱਟ ਬੈਠਦਾ ਹੈ। ਇਹ ਗੱਲ ਕੋਈ ਨਹੀਂ ਕਹਿੰਦਾ ਕਿ ਭਾਜਪਾ ਦੇ ਆਗੂ ਭ੍ਰਿਸ਼ਟਾਚਾਰੀ ਨਹੀਂ, ਸਗੋਂ ਹੋਰਨਾਂ ਤੋਂ ਵੱਧ ਦੱਸੇ ਜਾਂਦੇ ਹਨ, ਪਰ ਇੱਕ ਤਾਂ ਉਨ੍ਹਾਂ ਨੂੰ ਬੇਈਮਾਨੀ ਕਰਨ ਦੇ ਲੁਕਵੇਂ ਢੰਗ ਵਰਤਣ ਦੀ ਵੱਧ ਸੂਝ ਹੈ ਤੇ ਦੂਸਰਾ ਕੇਂਦਰ ਦੀਆਂ ਜਿਨ੍ਹਾਂ ਏਜੰਸੀਆਂ ਨੇ ਕਾਰਵਾਈ ਕਰਨ ਲਈ ਆਉਣਾ ਹੁੰਦਾ ਹੈ, ਕੇਂਦਰ ਵਿੱਚ ਉਨ੍ਹਾਂ ਦੀ ਆਪਣੀ ਸਰਕਾਰ ਹੋਣ ਕਾਰਨ ਉਹ ਉਨ੍ਹਾਂ ਤੋਂ ਬਚੇ ਰਹਿੰਦੇ ਹਨ। ਇਸ ਵਕਤ ਓਥੇ ਝਾਰਖੰਡ ਮੁਕਤੀ ਮੋਰਚਾ ਦੀ ਸਰਕਾਰ ਅਤੇ ਮੁੱਖ ਮੰਤਰੀ ਹੇਮੰਤ ਹੈ, ਪਰ ਪਿਛਲੇ ਸਾਲ ਉਸ ਦੀ ਗ੍ਰਿਫਤਾਰੀ ਜਿਹੜੇ ਢੰਗ ਨਾਲ ਭਾਜਪਾ ਦੀ ਕੇਂਦਰ ਸਰਕਾਰ ਦੇ ਇਸ਼ਾਰੇ ਉੱਤੇ ਕੇਂਦਰੀ ਏਜੰਸੀਆਂ ਨੇ ਕੀਤੀ ਅਤੇ ਅਦਾਲਤ ਨੇ ਉਸ ਨੂੰ ਜ਼ਮਾਨਤ ਉੱਤੇ ਛੱਡਣ ਲਈ ਹੁਕਮ ਦਿੱਤਾ, ਉਸ ਨਾਲ ਉਹ ਉਸ ਰਾਜ ਦੇ ਲੋਕਾਂ ਵਾਸਤੇ ਪੀੜਤ ਹੋ ਗਿਆ ਹੈ। ਭਾਜਪਾ ਵਾਲੇ ਕਹਿੰਦੇ ਹਨ ਕਿ ਹੇਮੰਤ ਦੇ ਕਾਰਨ ਇਸ ਰਾਜ ਦੀ ਬਦਨਾਮੀ ਹੋਈ ਹੈ ਤੇ ਝਾਰਖੰਡ ਮੁਕਤੀ ਮੋਰਚਾ ਦੇ ਆਗੂ ਇਹ ਗੱਲ ਲੋਕਾਂ ਕੋਲ ਪੁਚਾ ਰਹੇ ਹਨ ਕਿ ਭਾਜਪਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਗ੍ਰਿਫਤਾਰ ਕਰਵਾਇਆ ਸੀ, ਉਸ ਨੂੰ ਵੀ ਅਦਾਲਤ ਨੇ ਜ਼ਮਾਨਤ ਦਿੱਤੀ ਹੈ, ਦੋਵਾਂ ਨਾਲ ਜ਼ਿਆਦਤੀ ਕੀਤੀ ਗਈ ਹੈ। ਇਸ ਹਾਲ ਵਿੱਚ ਉਸ ਰਾਜ ਵਿੱਚ ਵਿਧਾਨ ਸਭਾ ਚੋਣਾਂ ਇਸ ਵਾਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਭ੍ਰਿਸ਼ਟਾਚਾਰ ਬਹਾਨੇ ਵਿਰੋਧੀ ਪਾਰਟੀਆਂ ਖਿਲਾਫ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦੇ ਮੁੱਦੇ ਉੱਤੇ ਲੜੇ ਜਾਣ ਦੀ ਸੰਭਾਵਨਾ ਬਣ ਗਈ ਹੈ। ਹਰਿਆਣੇ ਵਿਚਲੀ ਜਿੱਤ ਦੇ ਹੁਲਾਰੇ ਨਾਲ ਭਾਜਪਾ ਝਾਰਖੰਡ ਵਿੱਚ ਵੀ ਸਿਆਸੀ ਪਲਟੀ ਮਾਰਨ ਵਾਸਤੇ ਤਿਆਰੀਆਂ ਕਰਦੀ ਸੁਣੀ ਜਾਂਦੀ ਹੈ, ਪਰ ਹਾਲਾਤ ਨਾ ਹਾਲ ਦੀ ਘੜੀ ਉਸ ਦੇ ਹੱਕ ਵਿੱਚ ਸੁਣੀਂਦੇ ਹਨ ਅਤੇ ਨਾ ਉਸ ਦੇ ਵਿਰੋਧੀਆਂ ਦੇ ਪੱਖ ਵਿੱਚ। ਝਾਰਖੰਡ ਵਿੱਚ ਆਮ ਲੋਕ ਚੋਣਾਂ ਦੀ ਗੱਲ ਬਹੁਤੀ ਅਜੇ ਨਹੀਂ ਕਰਦੇ, ਅਗਲੇ ਮਹੀਨੇ ਦੀ ਤੇਰਾਂ ਤਰੀਕ ਨੂੰ ਵੋਟਾਂ ਪੈਣੀਆਂ ਹਨ, ਉਸ ਦੇ ਕਰੀਬ ਜਾ ਕੇ ਪਤਾ ਲੱਗੇਗਾ ਕਿ ਉਸ ਰਾਜ ਦੇ ਆਮ ਲੋਕ ਇਸ ਵਾਰੀ ਕਿਸ ਪਾਰਟੀ ਵੱਲ ਝੁਕਣ ਦੇ ਰੌਂਅ ਵਿੱਚ ਹੋ ਸਕਦੇ ਹਨ।

ਇਨ੍ਹਾਂ ਦੋਵਾਂ ਰਾਜਾਂ ਨਾਲ ਹੋਰ ਕਿਹੜੇ ਰਾਜ ਵਿੱਚ ਕਿਸ ਲੋਕ ਸਭਾ ਜਾਂ ਵਿਧਾਨ ਸਭਾ ਸੀਟ ਲਈ ਉੱਪ ਚੋਣ ਵਾਸਤੇ ਐਲਾਨ ਕੀਤਾ ਗਿਆ ਹੈ, ਇਸ ਦੀ ਚੀਰ-ਪਾੜ ਕਰਨ ਦੀ ਥਾਂ ਅਸੀਂ ਪੰਜਾਬ ਦੀਆਂ ਉਨ੍ਹਾਂ ਚਾਰ ਸੀਟਾਂ ਦੀ ਗੱਲ ਕਰਨ ਦੀ ਲੋੜ ਸਮਝਦੇ ਹਾਂ, ਜਿੱਥੇ ਉਪਰੋਕਤ ਦੋਵਾਂ ਰਾਜਾਂ ਦੀਆਂ ਚੋਣਾਂ ਨਾਲ ਉੱਪ ਚੋਣਾਂ ਹੋਣੀਆਂ ਹਨ। ਏਸੇ ਸਾਲ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਚਾਰ ਵਿਧਾਇਕ ਜਿੱਤ ਕੇ ਪਾਰਲੀਮੈਂਟ ਵਿੱਚ ਚਲੇ ਗਏ ਸਨ ਅਤੇ ਉਨ੍ਹਾਂ ਵਾਲੀਆਂ ਡੇਰਾ ਬਾਬਾ ਨਾਨਕ, ਚੱਬੇਵਾਲ, ਬਰਨਾਲਾ ਅਤੇ ਗਿੱਦੜਬਾਹਾ ਦੀਆਂ ਸੀਟਾਂ ਉੱਤੇ ਉੱਪ ਚੋਣ ਹੋਣੀ ਹੈ। ਅਕਾਲੀ ਦਲ ਨੇ ਸੁੱਚਾ ਸਿੰਘ ਲੰਗਾਹ ਨੂੰ ਪਾਰਟੀ ਵਿੱਚ ਵਾਪਸ ਲੈ ਕੇ ਇਸ਼ਾਰਾ ਕਰ ਦਿੱਤਾ ਸੀ ਕਿ ਉਹ ਡੇਰਾ ਬਾਬਾ ਨਾਨਕ ਤੋਂ ਚੋਣ ਲੜ ਸਕਦਾ ਹੈ, ਪਰ ਵਿਰਸਾ ਸਿੰਘ ਵਲਟੋਹਾ ਦੇ ਮੁੱਦੇ ਦਾ ਖਿਲਾਰਾ ਪੈਣ ਮਗਰੋਂ ਪਾਰਟੀ ਉਸ ਬਾਰੇ ਜੱਕੋਤੱਕੀ ਵਿੱਚ ਸੁਣੀਂਦੀ ਹੈ। ਬਾਕੀ ਧਿਰਾਂ ਨੇ ਹਾਲੇ ਇਸ ਹਲਕੇ ਬਾਰੇ ਸੰਕੇਤ ਨਹੀਂ ਦਿੱਤਾ ਤੇ ਭਾਜਪਾ ਸਮੇਤ ਕਿਸੇ ਧਿਰ ਨੇ ਚੱਬੇਵਾਲ, ਗਿੱਦੜਬਾਹਾ ਤੇ ਬਰਨਾਲਾ ਬਾਰੇ ਵੀ ਅਜੇ ਤੱਕ ਪੱਤੇ ਨਹੀਂ ਖੋਲ੍ਹੇ। ਕੁਝ ਅੰਦਾਜ਼ਾ ਲੱਗ ਸਕਦਾ ਹੈ ਤਾਂ ਸਿਰਫ ਗਿੱਦੜਬਾਹੇ ਬਾਰੇ ਲੱਗਦਾ ਹੈ। ਓਥੇ ਭਾਜਪਾ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੀ ਚਰਚਾ ਚੱਲ ਰਹੀ ਹੈ। ਪਹਿਲਾਂ ਚਰਚਾ ਸੀ ਕਿ ਐਤਕੀਂ ਉਹ ਆਪਣੇ ਚਚੇਰੇ ਭਰਾ ਸੁਖਬੀਰ ਸਿੰਘ ਬਾਦਲ ਨਾਲ ਸੰਬੰਧ ਸੁਧਾਰ ਕੇ ਅਕਾਲੀ ਦਲ ਵੱਲੋਂ ਇਹ ਚੋਣ ਲੜ ਸਕਦਾ ਹੈ, ਪਰ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਨੇ ਜਦੋਂ ਅਕਾਲੀ ਦਲ ਤੋਂ ਬਗਾਵਤ ਕੀਤੀ ਤੇ ਇਹ ਸਾਰੀ ਕਹਾਣੀ ਜਨਤਕ ਕਰ ਦਿੱਤੀ ਤਾਂ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਦੀ ਥਾਂ ਭਾਜਪਾ ਵੱਲੋਂ ਚੋਣ ਲੜਨ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਸਨ। ਅਕਾਲੀ ਦਲ ਵਿੱਚ ਚਰਚਾ ਹੈ ਕਿ ਜੇ ਸੁਖਬੀਰ ਸਿੰਘ ਬਾਦਲ ਨੇ ਰਾਜਨੀਤੀ ਵਿੱਚ ਆਪਣੀ ਖੁੱਸੀ ਹੋਈ ਸਾਖ ਫਿਰ ਕਾਇਮ ਕਰਨੀ ਹੋਵੇ ਤਾਂ ਬਹੁਤ ਲੰਮਾ ਸਮਾਂ ਆਪਣੇ ਬਾਪ ਦਾ ਹਲਕਾ ਰਹੇ ਗਿੱਦੜਬਾਹਾ ਦੀ ਉੱਪ ਚੋਣ ਲੜੇ ਅਤੇ ਜਿੱਤੇ, ਵਰਨਾ ਲਾਂਭੇ ਧੱਕਿਆ ਜਾਵੇਗਾ। ਇਸ ਲਈ ਚਰਚਾ ਹੈ ਕਿ ਜੇ ਕੋਈ ਵੱਡਾ ਵਿਘਨ ਨਾ ਪਿਆ ਤਾਂ ਅਕਾਲੀ ਉਮੀਦਵਾਰ ਸੁਖਬੀਰ ਸਿੰਘ ਬਾਦਲ ਹੀ ਹੋਵੇਗਾ। ਇਸ ਨਾਲ ਓਥੇ ਦੋਵਾਂ ਭਰਾਵਾਂ ਵਿੱਚ ਸਿੰਗ ਫਸਣ ਦੀ ਨੌਬਤ ਆ ਸਕਦੀ ਹੈ, ਜਿਸ ਦਾ ਲਾਭ ਮੁਕਾਬਲੇ ਵਿੱਚ ਖੜੇ ਹੋਰਨਾਂ ਧਿਰਾਂ ਦੇ ਉਮੀਦਵਾਰਾਂ ਵਿੱਚੋਂ ਕਿਸੇ ਨੂੰ ਮਿਲ ਸਕਦਾ ਹੈ, ਪਰ ਤਸਵੀਰ ਅਜੇ ਤੱਕ ਪੂਰੀ ਸਾਫ ਨਹੀਂ ਹੋ ਸਕੀ।

ਹਾਲਾਤ ਪੰਜਾਬ ਦੇ ਵੀ ਅਤੇ ਦੇਸ਼ ਦੇ ਵੀ ਜਿਸ ਤਰ੍ਹਾਂ ਪਲ-ਪਲ ਬਦਲਦੇ ਰਹਿੰਦੇ ਹਨ, ਕੱਲ੍ਹ ਨੂੰ ਕੀ ਹੋਵੇਗਾ, ਇਹ ਤਾਂ ਇੱਕ ਪਾਸੇ ਰਹਿ ਗਿਆ, ਘੜੀ ਕੁ ਤੱਕ ਕੀ ਹੋ ਜਾਵੇਗਾ, ਇਹ ਵੀ ਕਹਿਣਾ ਸੌਖਾ ਨਹੀਂ। ਜਿਹੜੀ ਗੱਲ ਇਹ ਚੋਣ ਸ਼ੁਰੂ ਹੋਣ ਦੇ ਵਕਤ ਸਾਫ ਦਿੱਸਦੀ ਹੈ, ਉਹ ਇਹ ਕਿ ਆਖਰ ਨੂੰ ਨਤੀਜਾ ਕਿਸੇ ਵੀ ਧਿਰ ਦੇ ਪੱਖ ਵਿੱਚ ਨਿਕਲੇ, ਆਰੰਭਤਾ ਦੇ ਵਕਤ ਅਕਾਲੀ ਦਲ ਦੀ ਲੀਡਰਸ਼ਿਪ ਜਿੰਨਾ ਫਸਿਆ ਕੋਈ ਨਹੀਂ ਜਾਪਦਾ। ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਲਈ ਉੱਪ ਚੋਣਾਂ ਨਾਲ ਇਸ ਰਾਜ ਦੀ ਰਾਜਨੀਤੀ ਉੱਤੇ ਵੀ ਬਹੁਤ ਵੱਡਾ ਅਸਰ ਪੈ ਸਕਦਾ ਹੈ, ਪਰ ਸਭ ਤੋਂ ਵੱਡਾ ਅਸਰ ਇਹ ਸਮਝਿਆ ਜਾ ਰਿਹਾ ਹੈ ਕਿ ਇਸ ਨਾਲ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦੇ ਰਾਜਨੀਤੀ ਵਿੱਚ ਰਹਿਣ ਜਾਂ ਬਾਹਰ ਕਰ ਦਿੱਤੇ ਜਾਣ ਵਾਲੇ ਹਾਲਾਤ ਬਣ ਸਕਦੇ ਹਨ। ਇਸ ਲਈ ਇਸ ਰਾਜ ਦੇ ਲੋਕਾਂ ਦਾ ਧਿਆਨ ਮਹਾਰਾਸ਼ਟਰ ਅਤੇ ਝਾਰਖੰਡ ਦੀਆਂ ਵਿਧਾਨ ਸਭਾਵਾਂ ਦੇ ਨਤੀਜਿਆਂ ਵੱਲ ਓਨਾ ਨਹੀਂ ਹੋਣਾ, ਜਿੰਨਾ ਇਨ੍ਹਾਂ ਚਾਰ ਸੀਟਾਂ ਵੱਲ ਲੱਗਾ ਰਹੇਗਾ।

# ਪੈਰ ਥੱਲੇ ਬਟੇਰ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਪਹਿਲਾ ਸੱਚ ਤਾਂ ਇਹ ਹੈ ਕਿ ਨਤੀਜੇ ਵਾਲੇ ਦਿਨ ਸਭ ਜੋਤਸ਼ੀ, ਵੱਡੇ-ਵੱਡੇ ਪੱਤਰਕਾਰ-ਭਵਿੱਖਬਾਣੀਆਂ ਕਰਨ ਵਾਲੇ ਸਣੇ ਅੰਧ-ਭਗਤਾਂ ਦੇ ਦੁਪਹਿਰ ਤੱਕ ਮੂਰਛਤ ਹੋਏ ਪਏ ਸਨ। ਸਭ ਆਪੋ-ਆਪਣੇ ਤਰੀਕੇ ਨਾਲ ਕਾਂਗਰਸ ਦੀ ਸਰਕਾਰ, ਉਸ ਦੀ ਮਿਹਨਤ ਦੀਆਂ ਆਮ ਸਿਫ਼ਤਾਂ ਕਰਦੇ ਦੇਖੇ ਗਏ ਸਨ। ਸਭ ਭਾਜਪਾ ਦੀਆਂ ਨਾਕਾਮੀਆਂ ਗਿਣਾ ਰਹੇ ਸਨ। ਜਦ ਦੁਪਹਿਰ ਬਾਅਦ ਰੁਝਾਨ ਬਦਲਣੇ ਸ਼ੁਰੂ ਹੋਏ ਤਾਂ ਸਭ ਹਵਾਈ-ਕੁੱਕੜ ਵਾਂਗ ਆਪੋ-ਆਪਣਾ ਰੁਖ ਬਦਲਦੇ ਗਏ। ਭਾਵ ਹਰਿਆਣਾ ਬਾਰੇ ਸਭ ਅੰਦਾਜ਼ੇ ਬੁਰੀ ਤਰ੍ਹਾਂ ਫੇਲ੍ਹ ਹੋਏ। ਹਰਿਆਣੇ ਦੀ ਭਾਜਪਾ ਆਪਣਾ ਨੱਕ ਰੱਖਣ ਜੋਗੀਆਂ ਸੀਟਾਂ ਦੀ ਆਸ ਕਰਦੀ ਸੀ। ਗੱਲ ਕੀ, ਜਦ ਰੁਝਾਨ ਬਦਲੇ ਸਭ ਬਦਲ ਗਏ।

ਹਰਿਆਣੇ ਤੋਂ ਛੇਤੀ ਬਾਅਦ ਜੰਮੂ-ਕਸ਼ਮੀਰ 'ਚ ਵੋਟਾਂ ਵਾਲੇ ਡੱਬੇ 'ਚ ਤਾਂ ਭਾਜਪਾ ਭਾਵੇਂ ਪਹਿਲਾਂ ਨਾਲੋਂ ਵਧੀ ਪਰ ਸਰਕਾਰ ਬਣਾਉਣ ਦੇ ਸੁਪਨੇ ਤੋਂ ਪਛੜ ਗਈ। ਤਦ ਉਸ ਨੂੰ ਮਹਾਰਾਸ਼ਟਰ ਅਤੇ ਝਾਰਖੰਡ ਦੀਆਂ ਚੋਣਾਂ ਡਰਾਉਣ ਲੱਗੀਆਂ, ਜਿਸ ਡਰ ਨੂੰ ਦੂਰ ਕਰਨ ਲਈ ਹਰਿਆਣੇ ਵਿੱਚ ਏਨਾ ਵੱਡਾ ਸਹੁੰ-ਚੁੱਕ ਸਮਾਗਮ ਮਹਾਂਰਿਸ਼ੀ ਬਾਲਮੀਕ ਦੇ ਜਨਮ ਦਿਹਾੜੇ ਗਰੀਬਾਂ ਨੂੰ ਭਰਮਾਉਣ ਲਈ ਕਰਨਾ ਪਿਆ। ਜਿਸ ਵਿੱਚ ਸਮੁੱਚਾ ਐਨ ਡੀ ਏ ਜੁੜਿਆ। ਸਮੁੱਚਾ ਐਨ ਡੀ ਏ ਇਕੱਠਾ ਕੀਤਾ। ਮੀਟਿੰਗ ਦੇ ਬਹਾਨੇ ਸਮੁੱਚਾ ਕੇਂਦਰੀ ਮੰਤਰੀ ਮੰਡਲ ਹਾਜ਼ਰ ਸੀ। ਅਜਿਹਾ ਇਕੱਠ ਸ਼ਾਇਦ ਪਹਿਲਾਂ ਵੀ ਗੁਜਰਾਤ 'ਚ ਕੀਤਾ ਗਿਆ। ਸਭ ਸੰਬੰਧਤ ਸੂਬਿਆਂ ਦੇ ਸਿਰਕੱਢ ਲੀਡਰ ਪਹੁੰਚੇ। ਸਭ ਦੇ ਪਹੁੰਚਣ 'ਤੇ ਅਜਿਹਾ ਹੀ ਸਹੁੰ ਚੁੱਕ ਸਮਾਗਮ ਹੋ ਸਕਿਆ। ਅਜਿਹਾ ਬੇਲੋੜਾ ਡਰਾਮਾ ਆਉਣ ਵਾਲੀਆਂ ਦੋ ਸੂਬਿਆਂ ਦੀਆਂ ਚੋਣਾਂ ਦੇ ਡਰ ਨੇ ਕਰਾਇਆ ਹੈ।

ਇਸ ਸਹੁੰ-ਚੁੱਕ ਸਮਾਗਮ ਵਿੱਚ ਨੱਬੇ ਵਿਧਾਨ ਸਭਾ ਅਸੰਬਲੀ 'ਚ ਜਿੰਨੇ ਵੱਧ ਤੋਂ ਵੱਧ ਵਜ਼ੀਰ ਬਣ ਸਕਦੇ ਸੀ, ਓਨੇ ਇੱਕ ਵਾਰ ਹੀ ਬਣਾ ਦਿੱਤੇ, ਜਾਣੀ ਮੁੱਖ ਮੰਤਰੀ ਸਣੇ ਚੌਦਾਂ। ਪੰਜਾਹ ਫ਼ੀਸਦੀ ਔਰਤਾਂ ਲਈ ਰਾਖਵਾਂਕਰਨ ਦਾ ਸੰਘ ਪਾੜ ਕੇ ਰੌਲਾ ਪਾਉਣ ਵਾਲਿਆਂ ਨੇ ਆਪਣੇ ਤਾਜ਼ਾ ਮੰਤਰੀ ਮੰਡਲ ਵਿੱਚ ਸਿਰਫ਼ ਦੋ ਬੀਬੀਆਂ ਨੂੰ ਹੀ ਸ਼ਾਮਲ ਕਰਕੇ ਆਪਣੀ ਅਸਲੀ ਔਰਤਾਂ ਵਿਰੁੱਧ ਸੋਚ ਦਾ ਸਬੂਤ ਦੇ ਦਿੱਤਾ ਹੈ। ਇਹ ਵੱਡਾ ਇਕੱਠ ਕਰਕੇ ਜੰਮੂ-ਕਸ਼ਮੀਰ ਤੋਂ ਆਪਣਿਆਂ ਦਾ ਧਿਆਨ ਹਟਾਉਣ ਦੀ ਇਕ ਕੋਸ਼ਿਸ਼ ਵੀ ਹੈ। ਅਜੋਕੀ ਚੋਣ 'ਚ ਅਚਾਨਕ ਬਟੇਰੇ ਦੇ ਪੈਰ ਥੱਲੇ ਆਉਣ ਨਾਲ ਜਿੰਨੀਆਂ ਖੁਸ਼ੀਆਂ ਪ੍ਰਾਪਤ ਹੋਈਆਂ ਹਨ, ਓਨੀਆਂ ਹੀ ਜ਼ਿੰਮੇਵਾਰੀਆਂ ਵੀ ਵਧ ਗਈਆਂ ਹਨ। ਜਿਸ ਨਾਲ ਹਕੂਮਤ ਲਈ ਆਉਣ ਵਾਲਾ ਸਮਾਂ ਚੁਣੌਤੀਆਂ ਪੂਰਨ ਹੋਵੇਗਾ। ਕਾਰਨ, ਕਾਂਗਰਸ ਨੇ ਸੱਤਾ ਪ੍ਰਾਪਤ ਕਰਨ ਲਈ ਅਤੇ ਭਾਜਪਾ ਨੇ ਹੈਟਰਿਕ ਲਾਉਣ ਦੀ ਖਾਤਰ ਏਨੇ ਵਾਅਦੇ ਰਿਉੜੀਆਂ ਦੇ ਰੂਪ ਕੀਤੇ ਹੋਏ ਹਨ, ਜਿਨ੍ਹਾਂ ਨੂੰ ਅਸਲੀ ਜਾਮਾ ਪਹਿਨਾਉਣਾ ਕਠਿਨ ਹੀ ਨਹੀਂ ਬਲਕਿ ਨਾ-ਮੁਮਕਿਨ ਹੈ।

ਭਾਜਪਾ ਮੌਜੂਦਾ ਸਰਕਾਰ ਦਾ ਡਬਲ ਇੰਜਣ ਸਰਕਾਰ ਦਾ ਰੌਲਾ ਫਜ਼ੂਲ ਹੈ। ਉਂਜ ਡਬਲ ਇੰਜਣ ਨੂੰ ਪੰਜਾਬ ਵਿੱਚ ਬਿੰਡੀ ਵੀ ਆਖਦੇ ਹਨ। ਅਗਰ ਭਾਰ ਖਿੱਚਣ ਵਾਲੀ ਮਸ਼ੀਨਰੀ ਜਾਂ ਬਲਦਾਂ ਆਦਿ ਦੀ ਜੋੜੀ ਕਮਜ਼ੋਰ ਹੋਵੇ ਤਾਂ ਫਿਰ ਇੱਕ ਹੋਰ ਬਲਦਾਂ ਦੀ ਜੋੜੀ ਅੱਗੇ ਜੋੜ ਦਿੱਤੀ ਜਾਂਦੀ ਹੈ। ਇਸ ਕਰਕੇ ਡਬਲ ਇੰਜਣ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦ ਪਹਿਲਾ ਲੱਗਾ ਹੋਇਆ ਇੰਜਣ ਕਮਜ਼ੋਰ ਹੋਵੇ। ਉਦਾਹਰਨ ਲਈ ਬਿਹਾਰ ਵਿੱਚ ਇਸ ਵਕਤ ਡਬਲ ਇੰਜਣ ਦੀ ਸਰਕਾਰ ਹੈ। ਪਰ ਉਸ ਦਾ ਵੀ ਉਥੇ ਬੁਰਾ ਹਾਲ ਹੋਇਆ ਪਿਆ ਹੈ। ਜਦ ਅਸੀਂ ਇਹ ਸਤਰਾਂ ਲਿਖ ਰਹੇ ਹਾਂ ਤਾਂ ਬਿਹਾਰ 'ਚ ਫਿਰ ਉਹੀ ਕੁਝ ਵਾਪਰ ਰਿਹਾ ਹੈ ਜੋ ਪਿਛਲੇ ਸਮੇਂ ਵਾਪਰਦਾ ਰਿਹਾ ਹੈ। ਨਜਾਇਜ਼ ਸ਼ਰਾਬ ਨਾਲ ਮੌਤਾਂ ਦੀ ਗਿਣਤੀ ਤਿੰਨ ਦਰਜਨ ਤੱਕ ਪਹੁੰਚ ਚੁੱਕੀ ਹੈ, ਤਕਰੀਬਨ ਏਨੇ ਹੀ ਲੋਕ ਤੜਫ਼ ਰਹੇ ਹਨ। ਜਿਸ ਬਾਰੇ ਸ੍ਰੀ ਨਿਤੀਸ਼ ਕੁਮਾਰ "ਉਰਫ਼ ਪਲਟੂਰਾਮ" ਨੇ ਪਿੱਛੇ ਜਿਹੇ ਕਿਹਾ ਸੀ "ਅਗਰ ਪੀਓਗੇ ਤਾਂ ਮਰੋਗੇ"। ਹੁਣ ਡਰਾਈ ਸਟੇਟ ਡਾਈ ਸਟੇਟ ਬਣ ਚੁੱਕੀ ਹੈ। ਬਿਹਾਰ 'ਚ ਨਜਾਇਜ਼ ਸ਼ਰਾਬ ਦਾ ਕਾਰੋਬਾਰ ਸਰਕਾਰੀ ਅਰਥ-ਵਿਵਸਥਾ ਦੇ ਬਰਾਬਰ ਚੱਲ ਰਿਹਾ ਹੈ। ਸਿਰਫ਼ ਛੋਟੀਆਂ-ਛੋਟੀਆਂ ਮੱਛੀਆਂ ਨੂੰ ਫੜਿਆ ਜਾਵੇਗਾ। ਮਗਰਮੱਛਾਂ ਨੂੰ ਹੱਥ ਕਦੇ ਵੀ ਨਹੀਂ ਲਾਇਆ ਜਾਵੇਗਾ। ਬਾਕੀ ਹਰਿਆਣੇ 'ਚ ਤੀਜੀ ਵਾਰ ਡਬਲ ਇੰਜਣ ਦੀ ਸਰਕਾਰ ਬਣੀ ਹੈ। ਇਹ ਵੀ ਪਹਿਲੀਆਂ ਸਰਕਾਰਾਂ ਵਾਂਗ ਮਾਅਰਕੇ ਦਾ ਕੋਈ ਕੰਮ ਨਹੀਂ ਕਰੇਗੀ। ਵੱਧ ਤੋਂ ਵੱਧ ਆਪਣਾ ਸਮਾਂ ਪੂਰਾ ਕਰੇਗੀ। ਜਿੱਤ ਦੀ ਖੁਸ਼ੀ 'ਚ ਅਜੋਕਾ ਸਹੁੰ-ਚੁੱਕ ਅਡੰਬਰ ਆਉਣ ਵਾਲੀਆਂ ਦੋ ਸੂਬਿਆਂ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਰਚਿਆ ਗਿਆ ਹੈ ਤਾਂ ਕਿ ਐਨ ਡੀ ਏ ਕੇਡਰ ਹੌਸਲੇ 'ਚ ਰਹੇ।

ਹਰਿਆਣੇ 'ਚ ਭਾਜਪਾ ਦੀ ਜਿੱਤ ਨੂੰ ਅਸੀਂ ਨਿਗੂਣੀ ਜਿੱਤ ਵੀ ਆਖ ਸਕਦੇ ਹਾਂ ਅਤੇ ਮਹਾਨ ਜਿੱਤ ਨਾਲ ਵੀ ਤੁਲਨਾ ਕਰ ਸਕਦੇ ਹਾਂ। ਨਿਗੂਣੀ ਜਿੱਤ ਇਸ ਕਰਕੇ ਅਗਰ ਗਹੁ ਨਾਲ ਦੇਖਿਆ ਜਾਵੇ ਤਾਂ ਕਾਂਗਰਸ ਅਤੇ ਭਾਜਪਾ ਵਿੱਚ ਕੁੱਲ ਵੋਟਾਂ ਦੀ ਗਿਣਤੀ ਲਗਭਗ ਬਰਾਬਰ ਹੈ। ਇਸ ਤੋਂ ਇਲਾਵਾ ਪ੍ਰਤੀਸ਼ਤ ਵੋਟ ਵੀ ਲਗਭਗ ਬਰਾਬਰ ਹੈ। ਪਰ ਨਤੀਜੇ ਵਿੱਚ ਭਾਜਪਾ ਅਠਤਾਲੀ ਸੀਟਾਂ ਲੈ ਗਈ ਹੈ ਅਤੇ ਕਾਂਗਰਸ ਸਿਰਫ਼ ਸੈਂਤੀਆਂ ਤੱਕ ਸਿਮਟ ਗਈ ਹੈ। ਇਸ ਕਰਕੇ ਨੱਬਿਆਂ ਵਿੱਚੋਂ ਅਠਤਾਲੀ ਸੀਟਾਂ ਲੈਣੀਆਂ ਇਕ ਮਹਾਨ ਜਿੱਤ ਵੱਲ ਇਸ਼ਾਰਾ ਹੈ।

ਅੱਜ ਦੇ ਸਮੇਂ ਅਸਲ ਮੁਕਾਬਲਾ ਐਨ ਡੀ ਏ ਅਤੇ ਇੰਡੀਆ ਗੱਠਜੋੜ ਵਿਚਕਾਰ ਹੈ। ਜਿਵੇਂ ਭਾਜਪਾ ਨੇ ਸਹੁੰ-ਚੁੱਕ ਸਮਾਗਮ ਬਹਾਨੇ ਆਪਣਾ ਸਾਰਾ ਕੋੜਮਾ ਇਕੱਠਾ ਕੀਤਾ ਹੈ ਅਤੇ ਇਕੱਠੇ ਹੋਣ ਦਾ ਹੋਕਾ ਦਿੱਤਾ ਹੈ, ਉਵੇਂ ਹੀ ਇੰਡੀਆ ਮਹਾਂਗੱਠਜੋੜ ਨੂੰ ਵੀ ਹੋਰ ਇਕੱਠੇ ਹੋਣ ਦੀ ਲੋੜ ਹੈ। ਇੰਡੀਆ ਗੱਠਜੋੜ ਨੂੰ ਸਭ ਉਨ੍ਹਾਂ ਉਮੀਦਵਾਰਾਂ ਦੀ ਮਦਦ (ਮਾਲੀ ਅਤੇ ਵੋਟਾਂ ਰਾਹੀਂ) ਕਰਨੀ ਚਾਹੀਦੀ ਹੈ, ਜਿਨ੍ਹਾਂ ਉਮੀਦਵਾਰਾਂ ਨੂੰ ਗੱਠਜੋੜ ਰਾਹੀਂ ਟਿਕਟਾਂ ਦੇ ਕੇ ਉਮੀਦਵਾਰ ਬਣਾਇਆ ਗਿਆ ਹੋਵੇ। ਸਾਡਾ ਆਪਸੀ ਗੱਠਜੋੜ ਅਗਰ ਸਾਂਝੇ ਦੁਸ਼ਮਣ ਖ਼ਿਲਾਫ਼ ਹੋਵੇਗਾ ਤਾਂ ਅਸੀਂ ਓਨਾ ਹੀ ਆਪਣੀ ਜਿੱਤ ਦੇ ਨੇੜੇ ਹੋਵਾਂਗੇ। ਅਗਰ ਅਸੀਂ ਸਾਂਝੇ ਤੌਰ 'ਤੇ ਇਕੱਠੇ ਹੋ ਕੇ ਲੜਾਈ ਨਹੀਂ ਦੇਵਾਂਗੇ ਤਾਂ ਅਸੀਂ ਸਰਕਾਰ ਦੀਆਂ ਪਾਲਸੀਆਂ ਕਰਕੇ ਹੋਰ ਗਰੀਬੀ ਵੱਲ ਵਧਾਂਗੇ। ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਕ 2020 'ਚ 56 ਕਰੋੜ ਭਾਰਤੀ ਹੋਰ ਗਰੀਬ ਹੋਏ ਹਨ। ਜਿਸ ਦਾ ਸਿੱਧਾ ਮਤਲਬ ਹੈ ਕਿ ਨਵੇਂ ਹੋਏ ਗਰੀਬਾਂ ਵਿੱਚੋਂ ਸਾਡਾ ਗਰੀਬੀ ਦਾ ਹਿੱਸਾ 80 ਪ੍ਰਤੀਸ਼ਤ ਹੈ। ਬਾਕੀ ਤੁਸੀਂ ਸਮਝੋ ਕਿ ਅਸੀਂ ਕਿਥੇ ਤੱਕ ਪਹੁੰਚ ਗਏ ਹਾਂ। ਅਗਰ ਅਸੀਂ ਅੱਜ ਵੀ ਸੁਚੇਤ ਨਾ ਹੋਏ ਤਾਂ ਫਿਰ ਬਹੁਤ ਦੇਰ ਹੋ ਚੁੱਕੀ ਹੋਵੇਗੀ। ਕਾਰਨ, ਸਮੁੱਚੀ ਭਾਜਪਾ ਆਪਣੇ ਅੰਧ-ਭਗਤਾਂ ਦੇ ਸਦਕਾਝੂਠ-ਅਫ਼ਵਾਹਾਂ ਫੈਲਾਅ ਕੇ ਸਾਡੇ 'ਚ ਵਿਚਰ ਰਹੀ ਹੈ। ਬਚ ਸਕਦੇ ਹੋ ਤਾਂ ਬਚੋ।

*# ਸੰਪਰਕ : 98721-65741*

# 'ਮਹਾਨ ਕੋਸ਼' ਇੱਕ 'ਮਹਾਨ ਵਿਦਵਾਨ' ਦੀ 'ਮਹਾਨ ਰਚਨਾ'

ਪਰਮਵੀਰ ਸਿੰਘ

"ਗੁਰਸ਼ਬਦ ਰਤਨਾਕਰ ਮਹਾਨ ਕੋਸ਼" ਪੰਜਾਬੀ ਭਾਸ਼ਾ ਦਾ ਵਿਸ਼ਾਲ ਸ਼ਬਦ ਕੋਸ਼ ਹੈ, ਜਿਸ ਦੀ ਰਚਨਾ ਭਾਈ ਕਾਨ੍ਹ ਸਿੰਘ ਨਾਭਾ ਜੀ ਵੱਲੋਂ ਕੀਤੀ ਗਈ। ਬਹੁਭਾਸ਼ਾਈ ਗਿਆਨ ਦੇ ਮਾਲਕ ਭਾਈ ਕਾਨ੍ਹ ਸਿੰਘ (1861-1938) ਨੇ ਕੋਈ ਡੇਢ ਦਰਜਨ ਪ੍ਰਕਾਸ਼ਿਤ-ਅਪ੍ਰਕਾਸ਼ਿਤ ਪੁਸਤਕਾਂ ਦੀ ਰਚਨਾ ਕੀਤੀ। ਉਹਨਾਂ ਵੱਲੋਂ ਲੱਗਭੱਗ ਇੱਕ ਸਦੀ ਪਹਿਲਾਂ ਤਿਆਰ ਕੀਤਾ ਗਿਆ ਮਹਾਨ ਕੋਸ਼ ਅੱਜ ਵੀ ਪੰਜਾਬ ਦੇ ਇਤਿਹਾਸ, ਫਲਸਫੇ, ਧਰਮ, ਸੱਭਿਆਚਾਰ ਅਤੇ ਭਾਸ਼ਾ ਵਿਚ ਦਿਲਚਸਪੀ ਰੱਖਣ ਵਾਲੇ ਵਿਦਵਾਨਾਂ ਅਤੇ ਪਾਠਕਾਂ ਲਈ ਮਹਾਨ ਕੋਸ਼ ਇੱਕ ਮਾਰਗਦਰਸ਼ਨ ਦਾ ਕੰਮ ਕਰਦਾ ਹੈ। ਮਹਾਨ ਕੋਸ਼ ਨੂੰ ਗੁਰਮੁਖੀ ਲਿਪੀ ਵਿਚ ਅੱਖਰਕ੍ਰਮ ਦੀ ਤਰਤੀਬ ਵਿਚ ਲਿਖਿਆ ਗਿਆ ਹੈ। ਸ਼ਬਦਾਂ ਨੂੰ ਤਰਤੀਬ ਦਿੰਦਿਆਂ ਉਹਨਾਂ ਨੇ ਅਜੋਕੇ ਸ਼ਬਦਕੋਸ਼ਾਂ ਵਾਂਗ ਅੱਖਰਮਾਲਾ ਨੂੰ ਅਤੇ ਅੱਗੋਂ ਹਰ ਅੱਖਰ ਦੇ ਸੰਬੰਧ ਵਿਚ ਲਗਾਂ-ਮਾਤਰਾਂ ਨੂੰ ਆਧਾਰ ਬਣਾਇਆ ਹੈ। ਮਹਾਨ ਕੋਸ਼ ਵਿਚ 64,263 ਇੰਦਰਾਜ਼ ਦਰਜ ਹਨ, ਜਿਨ੍ਹਾਂ ਵਿਚ ਉਹ ਸ਼ਬਦ ਸ਼ਾਮਲ ਹਨ, ਜਿਹੜੇ ਸਿੱਖ ਮਰਯਾਦਾ, ਧਰਮ ਅਤੇ ਇਤਿਹਾਸ ਵਿਚ ਪਾਏ ਜਾਂਦੇ ਹਨ। ਗੁਰਮੁਖੀ ਅੱਖਰਾਂ ਵਿਚਲੇ ਇਹਦੇ ਨਾਂਅ ਹੇਠ ਅੰਗਰੇਜ਼ੀ ਵਿਚ 'ਐਨਸਾਈਕਲੋਪੀਡੀਆ ਆਫ਼ ਸਿੱਖ ਲਿਟਰੇਚਰ' ਛਪਿਆ ਹੋਇਆ ਹੈ। ਲੇਖਕ ਨੇ ਆਪਣੇ ਖੋਜ ਕਾਰਜ ਦਾ ਆਰੰਭ ਪਹਿਲਾਂ ਤੋਂ ਪ੍ਰਾਪਤ ਦੋ ਗ੍ਰੰਥਾਂ, ਪੰਡਿਤ ਤਾਰਾ ਸਿੰਘ ਨਰੋਤਮ ਦਾ ਗ੍ਰੰਥ ਗੁਰੂ ਗਿਰਾਰਥ ਕੋਸ਼ (1895) ਅਤੇ ਹਜਾਰਾ ਸਿੰਘ ਦੇ ਸ੍ਰੀ ਗੁਰੂ ਗ੍ਰੰਥ ਕੋਸ਼ (1899) ਦੇ ਅਧਿਐਨ ਦੇ ਦੌਰਾਨ ਕੀਤਾ। ਇਹਨਾਂ ਨੇ ਬਹੁਤ ਬਾਰੀਕੀ ਨਾਲ ਸਮੁੱਚੀ ਭਾਸ਼ਾ ਸਮੱਗਰੀ ਦਾ ਅਧਿਐਨ ਕੀਤਾ। ਉਹਨਾਂ ਨੇ ਸੋਚਿਆ, ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਇਹਨਾਂ ਵਿਚ ਨਹੀਂ ਆਏ, ਉਹ ਵੀ ਲੈ ਕੇ ਇਕ ਉੱਤਮ ਕੋਸ਼ ਲਿਖਿਆ ਜਾਵੇ। ਪੰਜ ਸਾਲ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਦੇ ਸ਼ਬਦੀ ਹਵਾਲੇ ਲੈਂਦਿਆਂ ਲੱਗ ਗਏ। ਹਵਾਲਿਆਂ ਨੂੰ ਤਰਤੀਬ ਦੇਣ ਦੇ ਸੰਬੰਧ ਵਿਚ 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' ਦੇਖਦਿਆਂ ਉਹਨਾਂ ਨੂੰ ਖਿਆਲ ਆਇਆ ਕਿ ਇਹ ਗੁਰੂ ਗ੍ਰੰਥ ਸਾਹਿਬ ਦਾ ਹੀ ਨਹੀਂ, ਸਗੋਂ ਸਿੱਖ ਸਾਹਿਤ ਦਾ ਕੋਸ਼ ਹੋਵੇ। ਇਸ ਆਸ਼ੇ ਨਾਲ ਉਹਨਾਂ ਨੇ ਦਸਮ ਗ੍ਰੰਥ, ਭਾਈ ਗੁਰਦਾਸ ਦੀ ਬਾਣੀ, ਭਾਈ ਨੰਦ ਲਾਲ ਦੀ ਰਚਨਾ, ਭਾਈ ਮਨੀ ਸਿੰਘ ਦੀਆਂ ਸਾਖੀਆਂ, ਭਾਈ ਬਾਲੇ ਵਾਲੀ ਜਨਮਸਾਖੀ, ਰਹਿਤਨਾਮੇ, ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਆਦਿ ਗ੍ਰੰਥ ਘੋਖ ਕੇ ਹਵਾਲੇ ਇਕੱਠੇ ਕੀਤੇ। 1911 ਵਿਚ ਉਹਨਾਂ ਦੇ ਕਦਰਦਾਨ ਨਾਭਾਪਤੀ ਮਹਾਰਾਜਾ ਹੀਰਾ ਸਿੰਘ ਗੁਜ਼ਰ ਗਏ। 1912 ਵਿਚ ਆਜ਼ਾਦ-ਖ਼ਿਆਲ ਟਿੱਕਾ ਰਿਪੁਦਮਨ ਸਿੰਘ ਨੇ ਇੰਗਲੈਂਡ ਤੋਂ ਆ ਕੇ ਗੱਦੀ ਸੰਭਾਲੀ ਤਾਂ ਉਹਨੇ ਰਿਆਸਤ ਦੇ ਪ੍ਰਬੰਧਕ ਢਾਂਚੇ ਅਤੇ ਨੀਤੀਆਂ ਵਿਚ ਕਈ ਤਬਦੀਲੀਆਂ ਕੀਤੀਆਂ। ਭਾਈ ਸਾਹਿਬ ਦੇ ਆਪਣੇ ਕਹਿਣ ਅਨੁਸਾਰ "ਕਈ ਕਾਰਨਾਂ ਕਰਕੇ" ਉਹ ਨਾਭੇ ਦੀ ਨੌਕਰੀ ਤੋਂ ਵੱਖ ਹੋ ਗਏ, ਭਾਵੇਂ ਕਿ ਉਹ ਬਾਲ ਰਿਪੁਦਮਨ ਸਿੰਘ ਦੇ ਸਿੱਖਿਆਦਾਤਾ ਰਹੇ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ 10 ਮਈ 1912 ਨੂੰ ਨਾਭਾ ਰਿਆਸਤ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਇਸ ਵਿਹਲ ਨੂੰ ਗ਼ਨੀਮਤ ਸਮਝਦਿਆਂ ਉਹ ਕਸ਼ਮੀਰ ਚਲੇ ਗਏ ਅਤੇ 20 ਮਈ 1912 ਨੂੰ ਅਰਦਾਸਾ ਸੋਧ ਕੇ ਰਚਨਾ ਕਾਰਜ ਆਰੰਭ ਕਰ ਦਿੱਤਾ। ਇਹਨਾਂ ਨੇ ਆਪਣੇ ਇਸ ਵੱਡ-ਆਕਾਰੀ ਕੰਮ ਨੂੰ ਜਿਸ ਲਈ ਇਹਨਾਂ ਨੇ ਆਪਣੇ ਆਪ ਨੂੰ ਚੁਣਿਆ ਸੀ, ਉਸ ਨੂੰ ਪੂਰਾ ਕਰਨ ਵਿਚ ਤਕਰੀਬਨ 14 ਸਾਲ ਦਾ ਸਮਾਂ ਲੱਗਾ ਸੀ।

6 ਫਰਵਰੀ 1926 ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਤਨਦੇਹੀ ਨਾਲ ਇਸ ਵਿਸ਼ੇਸ਼ ਕੰਮ ਨੂੰ ਪੂਰ ਚੜ੍ਹਾਇਆ। ਮਹਾਰਾਜਾ ਫ਼ਰੀਦਕੋਟ, ਬਰਜਿੰਦਰ ਸਿੰਘ ਨੇ ਕੋਸ਼ ਛਪਵਾਉਣ ਦਾ ਵਚਨ ਦਿੱਤਾ ਹੋਇਆ ਸੀ, ਪਰ ਬਦਕਿਸਮਤੀ ਨੂੰ ਉਹ ਗੁਜ਼ਰ ਚੁੱਕਿਆ ਸੀ। ਮਹਾਰਾਜਾ ਨਾਭਾ, ਰਿਪੁਦਮਨ ਸਿੰਘ, ਜਿਸ ਨੇ ਡੇਢ ਸਾਲ ਲਈ ਭਾਈ ਸਾਹਿਬ ਦੇ ਸਾਰੇ ਅਮਲੇ ਦਾ ਖਰਚ ਦਿੱਤਾ ਸੀ ਅਤੇ ਛਪਾਈ ਲਈ ਨਿੱਗਰ ਸਹਾਇਤਾ ਦਾ ਇਕਰਾਰ ਕੀਤਾ ਸੀ, ਨੂੰ ਗੱਦੀ ਛੱਡਣੀ ਪੈ ਗਈ ਸੀ। ਜਦੋਂ ਭਾਈ ਸਾਹਿਬ ਨੇ ਮਹਾਰਾਜਾ ਰਿਪੁਦਮਨ ਸਿੰਘ ਦੇ ਇਸ ਇਕਰਾਰ ਸੰਬੰਧੀ ਰਿਆਸਤ ਦੇ ਨਵੇਂ ਪ੍ਰਬੰਧਕ ਨਾਲ ਗੱਲ ਕੀਤੀ, ਉਹਨੇ ਖ਼ਜ਼ਾਨਾ ਖਾਲੀ ਦੱਸ ਕੇ ਕਿਸੇ ਮਦਦ ਤੋਂ ਇਨਕਾਰ ਕਰ ਦਿੱਤਾ। ਇਕ ਅਕਤੂਬਰ 1927 ਨੂੰ ਭਾਈ ਸਾਹਿਬ ਨੂੰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਆਪਣੇ ਪਰਬਤੀ ਟਿਕਾਣੇ ਚਾਇਲ ਬੁਲਾਇਆ ਅਤੇ ਦੱਸਿਆ ਕਿ ਛਪਾਈ ਦਾ ਸਾਰਾ ਖ਼ਰਚ ਉਹ ਦੇਵੇਗਾ। ਕੋਸ਼ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੀ ਮਿਹਰਬਾਨੀ ਨਾਲ ਹੀ ਛਪਿਆ। ਭਾਈ ਸਾਹਿਬ ਨੇ ਪੰਜਾਬੀ ਸਾਹਿਤ ਦੇ ਉਸ ਸਮੇਂ ਦੇ ਪ੍ਰਸਿੱਧ ਛਾਪਕ, ਸੁਦਰਸ਼ਨ ਪ੍ਰੈੱਸ ਅੰਮ੍ਰਿਤਸਰ ਦੇ ਮਾਲਕ, ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਕੋਲ ਪੁੱਜ ਕੇ ਕੋਸ਼ ਲਈ ਨਵਾਂ ਵਧੀਆ ਟਾਈਪ ਢਾਲਣ ਦੀ ਬੇਨਤੀ ਕੀਤੀ। ਉਹਨਾਂ ਦੇ ਆਪਣੇ ਸ਼ਬਦਾਂ ਵਿਚ ਚਾਤ੍ਰਿਕ ਜੀ ਨੇ "ਮੇਰੀ ਇੱਛਾ ਅਨੁਸਾਰ ਨਵੇਂ ਟਾਈਪ ਤਿਆਰ ਕਰ ਕੇ 'ਮਹਾਨ ਕੋਸ਼' ਨੂੰ ਵਪਾਰੀਆਂ ਵਾਕਰ ਨਹੀਂ, ਬਲਕਿ ਪ੍ਰੇਮੀ ਗੁਣੀਆਂ ਦੀ ਤਰ੍ਹਾਂ ਵੱਡੀ ਮਿਹਨਤ ਨਾਲ ਉੱਤਮ ਛਾਪਿਆ ਹੈ।" ਹਿੰਦੀ-ਸੰਸਕ੍ਰਿਤ, ਫ਼ਾਰਸੀ-ਅਰਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਤੋਂ ਆਏ ਸ਼ਬਦਾਂ ਨੂੰ ਗੁਰਮੁਖੀ ਵਿਚ ਛਾਪਣ ਦੇ ਨਾਲ-ਨਾਲ ਉਹਨਾਂ ਦੀਆਂ ਮੂਲ ਭਾਸ਼ਾਵਾਂ ਅਤੇ ਲਿਪੀਆਂ ਵਿਚ ਵੀ ਛਾਪਿਆ ਗਿਆ। 26 ਅਕਤੂਬਰ 1927 ਨੂੰ ਪੰਜਾਬੀ ਦੇ ਮਸ਼ਹੂਰ ਕਵੀ ਧਨੀ ਰਾਮ ਚਾਤ੍ਰਿਕ ਦੀ ਸੁਦਰਸ਼ਨ ਪ੍ਰੈੱਸ, ਅੰਮ੍ਰਿਤਸਰ ਵਿਚ ਇਸ ਰਚਨਾ ਦੀ ਛਪਾਈ ਦਾ ਕੰਮ ਆਰੰਭ ਹੋਇਆ। 13 ਅਪ੍ਰੈਲ 1930 ਨੂੰ ਇਸ ਦੀ ਛਪਾਈ ਮੁਕੰਮਲ ਹੋ ਗਈ। ਪਹਿਲਾ ਸੰਸਕਰਨ (1930) ਚਾਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੰਜਾਬ ਅਤੇ ਪਬਲਿਕ ਲਾਇਬ੍ਰੇਰੀਆਂ

ਗੁਰਵਿੰਦਰ

ਅਰਜਨਟਾਈਨਾ ਦਾ ਲੇਖਕ ਹੋਰਹੇ ਲੁਈਸ ਬੋਰਹੇਸ ਕਹਿੰਦਾ ਹੈ ਕਿ ਮੈਂ ਸਦਾ ਹੀ ਇਹ ਕਲਪਨਾ ਕੀਤੀ ਹੈ ਕਿ ਸਵਰਗ ਜ਼ਰੂਰ ਹੀ ਲਾਇਬ੍ਰੇਰੀ ਵਰਗਾ ਹੋਵੇਗਾ । ਜੇ. ਕੇ. ਰਾਓਲਿੰਗ ਨੇ ਵੀ ਇਸੇ ਕਰਕੇ ਹੀ ਕਿਹਾ ਸੀ ਕਿ ਜਦੋਂ ਕਿਸੇ ਦੁਵਿਧਾ 'ਚ ਹੋਵੋ ਤਾਂ ਲਾਇਬ੍ਰੇਰੀ ਚਲੇ ਜਾਓ। ਪੁਰਾਣੇ ਸਮਿਆਂ ਵਿਚ ਜਦੋਂ ਇਕ ਰਾਜਾ ਦੂਜੇ ਰਾਜੇ 'ਤੇ ਹਮਲਾ ਕਰਦਾ ਸੀ ਤਾਂ ਜਿੱਤਣ ਵਾਲਾ ਰਾਜਾ ਸਭ ਤੋਂ ਪਹਿਲਾਂ ਹਾਰਨ ਵਾਲੇ ਰਾਜੇ ਦੀ ਲਾਇਬ੍ਰੇਰੀ ਤਬਾਹ ਕਰਦਾ ਸੀ। ਸੋਚਣ ਵਾਲੀ ਗੱਲ ਹੈ ਕੋਈ ਅਜਿਹਾ ਕਿਉਂ ਕਰਦਾ ਹੋਵੇਗਾ ?

ਇਸ ਦੁਨੀਆ 'ਤੇ ਕਿਤਾਬਾਂ ਨੇ ਬਹੁਤ ਔਖੇ ਸਮੇਂ ਦੇਖੇ ਹਨ ਅਤੇ ਬਹੁਤ ਸਾਰੀਆਂ ਕਿਤਾਬਾਂ ਹੁਣ ਵੀ ਮਾੜੇ ਦੌਰ 'ਚੋਂ ਗੁਜ਼ਰ ਰਹੀਆਂ ਹਨ । ਸਦੀਆਂ ਤੋਂ ਹੀ ਲਾਇਬ੍ਰੇਰੀਆਂ ਅਤੇ ਕਿਤਾਬਾਂ ਨਾਲ ਨਫਰਤ ਕੀਤੀ ਜਾਂਦੀ ਰਹੀ ਹੈ । ਅਜਿਹਾ ਨਹੀਂ ਕਿ ਕਿਤਾਬਾਂ ਨਾਲ ਪਿਆਰ ਨਹੀਂ ਕੀਤਾ ਗਿਆ । ਕਿਸੇ ਵੀ ਸਮੇਂ ਕਿਸੇ ਲਾਇਬ੍ਰੇਰੀ ਦਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਲੋਕਾਂ ਨੇ ਸਾਹਿਤ ਪੜ੍ਹਿਆ ਅਤੇ ਉਸ ਨੂੰ ਸਾਂਭੀ ਵੀ ਰੱਖਿਆ, ਪਰ ਦੂਜਾ ਸੱਚ ਇਹ ਵੀ ਹੈ ਕਿ ਹਕੂਮਤਾਂ ਵੱਲੋਂ ਕਿਤਾਬਾਂ ਅਤੇ ਲਾਇਬ੍ਰੇਰੀਆਂ ਨੂੰ ਜਲਾਇਆ ਜਾਂਦਾ ਰਿਹਾ ਹੈ ।

213 ਬੀ ਸੀ ਵਿੱਚ ਚੀਨ ਦੇ ਇਕ ਰਾਜੇ ਵੱਲੋਂ ਕਵਿਤਾ, ਫ਼ਿਲਾਸਫ਼ੀ ਅਤੇ ਇਤਿਹਾਸ ਦੀਆਂ ਕਿਤਾਬਾਂ ਨੂੰ ਇਸ ਕਰਕੇ ਅੱਗ ਲਗਾ ਦਿੱਤੀ ਗਈ ਤਾਂ ਜੋ ਉਸ ਤੋਂ ਬਾਅਦ ਵਾਲਾ ਰਾਜਾ ਇਹਨਾਂ ਕਿਤਾਬਾਂ ਨੂੰ ਪੜ੍ਹ ਕੇ ਚੰਗਾ ਰਾਜਾ ਨਾ ਬਣ ਜਾਵੇ । ਅਲੈਗਜ਼ੈਂਡਰੀਆ ਦੀ ਲਾਇਬ੍ਰੇਰੀ ਦਾ ਖਤਮ ਹੋ ਜਾਣਾ ਇਕ ਵੱਡਾ ਘਾਟਾ ਹੈ। ਇਸ ਸ਼ਹਿਰ ਨੂੰ ਅਲੈਗਜ਼ੈਂਡਰ ਮਹਾਨ ਨੇ ਵਸਾਇਆ ਸੀ । ਉਸ ਦੇ ਉੱਤਰਾਧਿਕਾਰੀ ਫਹਿਰੋਹ ਨੇ ਉੱਥੇ ਇਕ ਮਿਊਜ਼ੀਅਮ ਬਣਵਾਇਆ, ਜਿਸ ਨੂੰ ਮਿਊਜ ਦੀ ਸੀਟ ਅਤੇ ਅਲੈਗਜ਼ੈਂਡਰੀਆ ਦੀ ਮਹਾਨ ਲਾਇਬ੍ਰੇਰੀ ਕਿਹਾ ਗਿਆ । ਇਸ ਨੂੰ ਅਰਸਤੂ ਦੇ ਸਕੂਲ ਲਾਇਸੀਅਮ ਦੇ ਆਧਾਰ 'ਤੇ ਬਣਾਇਆ ਗਿਆ ਸੀ। ਅਸੀਰੀਆ (ਅੱਜ ਦੇ ਇਰਾਕ, ਈਰਾਨ, ਕੁਵੈਤ ਅਤੇ ਤੁਰਕੀ), ਯੂਨਾਨ, ਪਰਸੀਆ, ਮਿਸਰ, ਭਾਰਤ ਅਤੇ ਹੋਰ ਬਹੁਤ ਸਾਰੇ ਮੁਲਕਾਂ ਤੋਂ ਇਸ ਲਾਇਬ੍ਰੇਰੀ ਲਈ ਪੰਜ ਲੱਖ ਦੇ ਕਰੀਬ ਕਿਤਾਬਾਂ ਤੇ ਹੋਰ ਦਸਤਾਵੇਜ਼ ਮੰਗਵਾ ਕੇ ਰੱਖੇ ਗਏ ਸਨ । 100 ਵਿਦਵਾਨ ਉਥੇ ਖੋਜ ਅਤੇ ਪੜ੍ਹਨ-ਲਿਖਣ ਦਾ ਕੰਮ ਕਰਦੇ ਸਨ। ਇਹ ਲਾਇਬ੍ਰੇਰੀ ਏਨੀ ਵੱਡੀ ਸੀ ਕਿ ਇਸ ਦੀਆਂ ਕਈ ਬਰਾਂਚਾਂ ਸਨ। ਕਿਹਾ ਜਾਂਦਾ ਹੈ ਕਿ 43 ਬੀ ਸੀ ਵਿੱਚ ਅਲੈਗਜ਼ੈਂਡਰੀਆ ਦੀ ਲਾਇਬ੍ਰੇਰੀ ਦੇ ਕਾਫੀ ਵੱਡੇ ਹਿੱਸੇ ਨੂੰ ਜੂਲੀਅਸ ਸੀਜਰ ਵੱਲੋਂ ਖਤਮ ਕਰ ਦਿੱਤਾ ਗਿਆ। ਐਡਵਰਡ ਗਿਬੋਨ ਨੇ ਆਪਣੀ ਕਿਤਾਬ 'ਦਾ ਡਿਕਲਾਈਨ ਐਂਡ ਫਾਲ ਆਫ ਦਾ ਰੋਮਨ ਐਮਪਾਇਰ' ਵਿੱਚ ਕਿਹਾ ਹੈ ਕਿ ਇਸ ਲਾਇਬ੍ਰੇਰੀ ਦੀ ਇਕ ਬ੍ਰਾਂਚ ਨੂੰ ਥਿਓਫਾਲਸ ਨੇ ਕ੍ਰਿਸਚੀਅਨ ਚਰਚ ਬਣਾ ਦਿੱਤਾ ਅਤੇ ਇਸ ਮਹਾਨ ਲਾਇਬ੍ਰੇਰੀ ਦਾ ਇਕ ਵੱਡਾ ਹਿੱਸਾ ਅਤੇ ਬਹੁਤ ਸਾਰੇ ਦਸਤਾਵੇਜ਼ ਤਬਾਹ ਕਰ ਦਿੱਤੇ ਸਨ ।

ਵਿਸ਼ਵ ਯੁੱਧ ਪਹਿਲਾ ਅਤੇ ਦੂਜਾ ਸਮੇਂ ਵੀ ਕਿਤਾਬਾਂ ਅਤੇ ਲਾਇਬ੍ਰੇਰੀਆਂ ਨੂੰ ਭਾਰੀ ਨੁਕਸਾਨ ਕੀਤਾ ਗਿਆ । 1930 ਦੇ ਦਹਾਕੇ ਦੌਰਾਨ ਹਿਟਲਰ ਵੱਲੋਂ ਬਹੁਤ ਸਾਰੀਆਂ ਕਿਤਾਬਾਂ ਨੂੰ ਅੱਗ ਲਗਾ ਦਿੱਤੀ ਗਈ, ਜੋ ਉਸ ਦੀ ਪਾਰਟੀ ਜਾਂ ਵਿਚਾਰਧਾਰਾ ਦਾ ਵਿਰੋਧ ਕਰਦੀਆਂ ਸਨ । ਜਦੋਂ ਮਾਓ ਚੀਨ ਵਿਚ ਸੱਤਾ 'ਚ ਆਇਆ ਤਾਂ ਉਸ ਨੇ ਵੀ ਕਲਚਰਲ ਰੈਵੋਲਿਊਸ਼ਨ ਰਾਹੀਂ ਬਹੁਤ ਸਾਰੀਆਂ ਕਿਤਾਬਾਂ ਨੂੰ ਖ਼ਤਮ ਕਰ ਦਿੱਤਾ ਸੀ। ਥੋੜ੍ਹਾ ਸਮਾਂ ਪਹਿਲਾਂ ਜਾਫਨਾ ਲਾਇਬ੍ਰੇਰੀ (ਸ੍ਰੀਲੰਕਾ) ਜੋ ਤਾਮਿਲ ਇਤਿਹਾਸ ਨਾਲ ਜੁੜੀਆਂ ਲੱਖਾਂ ਦੁਰਲੱਭ ਕਿਤਾਬਾਂ ਦਾ ਘਰ ਸੀ, ਨੂੰ ਸਿੰਨਹਾਲੇ ਬੋਧੀਆ ਵੱਲੋਂ ਅੱਗ ਲਗਾ ਦਿੱਤੀ ਸੀ। ਜਦੋਂ 2012 ਵਿੱਚ ਅਲਕਾਇਦਾ ਨੇ ਮਾਲੀ 'ਤੇ ਹਮਲਾ ਕੀਤਾ ਤਾਂ ਉਸ ਵੇਲੇ ਉਹਨਾਂ ਨੇ ਵੀ ਬਹੁਤ ਸਾਰੀਆਂ ਕਿਤਾਬਾਂ ਨੂੰ ਤਬਾਹ ਕਰ ਦਿੱਤਾ, ਪਰ ਇਹ ਤਬਾਹੀ ਹੋਰ ਵੱਡੀ ਹੋ ਜਾਣੀ ਸੀ ਜੇਕਰ ਅਬਦੁਲ ਕਾਦਰ ਹੈਦਰਾ ਵਰਗੇ ਲੋਕ ਨਾ ਹੁੰਦੇ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾਅ ਉੱਪਰ ਲਾ ਦਿੱਤੀ ਅਤੇ ਤਕਰੀਬਨ 3,50000 ਤੋਂ ਜ਼ਿਆਦਾ ਪੁਰਾਣੀਆਂ ਲਿਖਤਾਂ ਨੂੰ ਬਚਾ ਲਿਆ। ਸੋਚਣ ਵਾਲੀ ਗੱਲ ਹੈ ਕਿ ਕਿਤਾਬਾਂ ਤੇ ਲਾਇਬ੍ਰੇਰੀਆਂ ਨਾਲ ਨਫ਼ਰਤ ਕਿਉਂ ਕੀਤੀ ਜਾਂਦੀ ਹੈ ? ਇਸ ਦਾ ਇਕ ਉੱਤਰ ਅੰਗਰੇਜ਼ੀ ਦਾ ਲੇਖਕ ਜੌਨ ਮਿਲਟਨ 1644 'ਚ ਲਿਖੀ ਇਕ ਕਿਤਾਬ 'ਚ ਦਿੰਦਾ ਹੈ।

ਉਸ ਨੇ ਆਪਣੀ ਕਿਤਾਬ ਜੋ ਮੀਡੀਆ 'ਤੇ ਰੋਕ ਦਾ ਵਿਰੋਧ ਕਰਦੀ ਹੈ, ਵਿਚ ਕਿਹਾ ਹੈ ਕਿ ਜਦੋਂ ਕੋਈ ਕਿਸੇ ਮਨੁੱਖ ਨੂੰ ਮਾਰਦਾ ਹੈ ਤਾਂ ਉਹ ਇਕ ਤਰਕਸ਼ੀਲ ਜੀਵ ਦਾ ਕਤਲ ਹੁੰਦਾ ਹੈ, ਪਰ ਜਦੋਂ ਕੋਈ ਇਕ ਚੰਗੀ ਕਿਤਾਬ ਨੂੰ ਨਸ਼ਟ ਕਰਦਾ ਹੈ ਤਾਂ ਉਹ ਤਰਕ ਦਾ ਹੀ ਕਤਲ ਕਰ ਦਿੰਦਾ ਹੈ ।

ਹੁਣ ਅਸੀਂ ਗੱਲ ਕਰਦੇ ਹਾਂ ਕਿ ਪੰਜਾਬ ਵਿਚ ਲਾਇਬ੍ਰੇਰੀਆਂ ਦੇ ਕੀ ਹਾਲਾਤ ਹਨ । ਪੰਜਾਬੀ ਸਾਹਿਤ ਦਾ ਇਤਿਹਾਸ ਬਹੁਤ



ਪੁਰਾਣਾ ਹੈ । 8ਵੀਂ ਤੇ 9ਵੀਂ ਸਦੀ ਵਿੱਚ ਯੋਗੀਆਂ ਤੇ ਨਾਥਾਂ ਦਾ ਸਾਹਿਤ ਮਿਲਦਾ ਹੈ ਅਤੇ ਫਿਰ ਸੂਫ਼ੀ ਸਾਹਿਤ ਅਤੇ ਭਗਤਾਂ ਦੁਆਰਾ ਲਿਖੀ ਗਈ ਬਾਣੀ । ਇਸ ਦਾ ਭਾਵ ਕਿ ਪੰਜਾਬ ਦਾ ਸੰਬੰਧ ਪੜ੍ਹਨ ਅਤੇ ਲਿਖਣ ਨਾਲ ਰਿਹਾ ਹੈ, ਭਾਵੇਂ ਇੱਥੇ ਹਮਲੇ ਵੀ ਹੁੰਦੇ ਰਹੇ ਅਤੇ ਲੋਕ ਇੱਧਰ-ਉੱਧਰ ਵੀ ਜਾਂਦੇ ਰਹੇ, ਪਰ ਫਿਰ ਵੀ ਸਮੇਂ-ਸਮੇਂ 'ਤੇ ਇੱਥੇ ਸਾਹਿਤ ਦੀ ਰਚਨਾ ਹੁੰਦੀ ਰਹੀ ਅਤੇ ਸਾਹਿਤ ਨੂੰ ਪੜ੍ਹਿਆ ਵੀ ਗਿਆ ।

ਹੁਣ ਸਵਾਲ ਇਹ ਵੀ ਹੈ, ਜਿਸ ਖੇਤਰ ਦਾ ਆਪਣਾ ਸਾਹਿਤਕ ਇਤਿਹਾਸ ਇੰਨਾ ਵਿਸ਼ਾਲ ਹੋਵੇ, ਉਥੇ ਬਹੁਤ ਸਾਰੀਆਂ ਲਾਇਬ੍ਰੇਰੀਆਂ ਵੀ ਹੋਣਗੀਆਂ ।

ਭਾਵੇਂ ਪੰਜਾਬ ਦਾ ਲਾਇਬ੍ਰੇਰੀਆਂ ਨੂੰ ਲੈ ਕੇ ਆਪਣਾ ਮਾਣਮੱਤਾ ਇਤਿਹਾਸ ਰਿਹਾ ਹੈ, ਪਰ ਪਬਲਿਕ ਲਾਇਬ੍ਰੇਰੀਆਂ ਨੂੰ ਲੈ ਕੇ ਪੰਜਾਬ ਦੇ ਹਾਲਾਤ ਭਾਰਤ ਦੇ ਹੋਰ ਰਾਜਾਂ ਨਾਲੋਂ ਮਾੜੇ ਹਨ। ਅਣਵੰਡੇ ਪੰਜਾਬ 'ਚ 1884 ਵਿੱਚ ਪੰਜਾਬ ਦੀ ਪਹਿਲੀ ਪਬਲਿਕ ਲਾਇਬ੍ਰੇਰੀ ਲਾਹੌਰ ਵਿੱਚ ਖੋਲ੍ਹੀ ਗਈ ਸੀ। ਇਸ ਤੋਂ ਬਿਨਾਂ ਦਿਆਲ ਸਿੰਘ ਪਬਲਿਕ ਲਾਇਬਰੇਰੀ 1896 ਵਿੱਚ ਅਤੇ ਸਰ ਗੰਗਾ ਰਾਮ ਪਬਲਿਕ ਲਾਇਬਰੇਰੀ 1923 ਅਤੇ ਦੁਆਰਕਾ ਦਾਸ ਪਬਲਿਕ ਲਾਇਬਰੇਰੀ 1921 ਦੇ ਵਿੱਚ ਹੋਂਦ ਵਿਚ ਆਈਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਵਿੱਚ ਪਹਿਲਾਂ ਤੋਂ ਹੀ ਬਹੁਤ ਸਾਰੀਆਂ ਪਬਲਿਕ ਲਾਇਬ੍ਰੇਰੀਆਂ ਸਥਿਤ ਸਨ। ਇਸ ਤੋਂ ਬਾਅਦ ਪੰਜਾਬ ਵਿੱਚ ਬਹੁਤ ਸਾਰੀਆਂ ਮਿਊਂਸੀਪਲ ਲਾਇਬ੍ਰੇਰੀਆਂ ਵੀ ਸਥਿਤ ਸਨ, ਜਿਨ੍ਹਾਂ ਵਿੱਚ ਸੈਂਟਰਲ ਪਬਲਿਕ ਲਾਇਬਰੇਰੀ ਸੰਗਰੂਰ ਜੋ 1912 ਵਿੱਚ ਖੋਲ੍ਹੀ ਗਈ ਸੀ, ਦਾ ਵੀ ਨਾਂਅ ਸ਼ਾਮਲ ਹੈ। ਮੁਸਾਫਰ ਮੈਮੋਰੀਅਲ ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ ਵਿੱਚ 1955 ਦੇ ਵਿੱਚ ਬਣਾਈ ਗਈ ਅਤੇ 1956 ਦੇ ਵਿੱਚ ਲੋਕਾਂ ਦੇ ਲਈ ਖੋਲੀ।

ਭਾਵੇਂ ਮੌਜੂਦਾ ਸਰਕਾਰ ਦਾ ਦਾਅਵਾ ਹੈ ਕਿ ਉਹ ਇਸ ਖੇਤਰ ਵਿਚ ਕੰਮ ਕਰ ਰਹੀ ਹੈ ਪਰ ਪੰਜਾਬ ਅਜੇ ਇਸ ਪੱਖੋਂ ਬਹੁਤ ਪਿੱਛੇ ਹੈ । ਪੰਜਾਬ ਵਿੱਚ ਸਿਰਫ ਇਕ ਸਟੇਟ ਲਾਇਬ੍ਰੇਰੀ ਹੈ, ਜੋ ਪਟਿਆਲੇ ਵਿਚ ਹੈ । ਪੰਜਾਬ ਵਿਚ ਕੁੱਲ 23 ਜ਼ਿਲ੍ਹੇ ਹਨ, ਪਰ ਜ਼ਿਲ੍ਹਾ ਪੱਧਰ 'ਤੇ ਲਾਇਬ੍ਰੇਰੀਆਂ ਸਿਰਫ 15 ਹਨ । ਇਸ ਤੋਂ ਬਿਨਾਂ 104 ਮਿਊਂਸਪਲ ਲਾਇਬ੍ਰੇਰੀਆਂ ਅਤੇ 1200 ਪੇਂਡੂ ਲਾਇਬ੍ਰੇਰੀਆਂ ਹਨ । ਭਾਵੇਂ ਫਰਵਰੀ 2023 'ਚ ਪੰਜਾਬ ਸਰਕਾਰ ਵੱਲੋਂ 28 ਨਵੀਆਂ ਲਾਇਬ੍ਰੇਰੀਆਂ ਬਣਾਉਣ ਦੀ ਗੱਲ ਕੀਤੀ ਗਈ ਸੀ ਪਰ ਇਹ ਗਿਣਤੀ ਬਹੁਤ ਘੱਟ ਹੈ ਕਿਉਂਕਿ ਪੰਜਾਬ ਦੀ ਅਬਾਦੀ 3 ਕਰੋੜ ਦੇ ਲੱਗਭੱਗ ਹੈ । 23 ਜ਼ਿਲ੍ਹੇ ਹਨ । 12500 ਤੋਂ ਜ਼ਿਆਦਾ ਪਿੰਡ ਹਨ । ਭਾਰਤ ਦੇ ਤਕਰੀਬਨ 19 ਰਾਜਾਂ ਕੋਲ ਆਪਣਾ ਪਬਲਿਕ ਲਾਇਬ੍ਰੇਰੀ ਐਕਟ ਹੈ। ਤਾਮਿਲਨਾਡੂ ਨੇ ਇਹ ਐਕਟ 1948 'ਚ ਪਾਸ ਕੀਤਾ ਸੀ, ਪਰ ਪੰਜਾਬ ਅਜੇ ਤੱਕ ਇਸ ਮਾਮਲੇ 'ਚ ਬਹੁਤ ਪਿੱਛੇ ਹੈ।

ਪੰਜਾਬ ਵਿਚ ਆਈਆਂ ਹਕੂਮਤਾਂ ਦੀ ਕਿਤਾਬਾਂ ਅਤੇ ਲਾਇਬ੍ਰੇਰੀਆਂ ਨੂੰ ਲੈ ਕੇ ਜ਼ਿਆਦਾ ਸਾਕਾਰਾਤਮਕ ਸੋਚ ਨਜ਼ਰ ਨਹੀਂ ਆਉਂਦੀ, ਪਰ ਇਹ ਤੇ ਲਾਇਬ੍ਰੇਰੀਆਂ ਦਾ ਇਤਿਹਾਸ ਹੀ ਦੱਸਦਾ ਹੈ ਕਿ ਰਾਜਿਆਂ ਤੋਂ ਲੈ ਕੇ ਹੁਣ ਦੀਆਂ ਲੋਕਤੰਤਰੀ ਸਰਕਾਰਾਂ ਵਿਚ ਚੰਗੀਆਂ ਕਿਤਾਬਾਂ ਹਿੱਸੇ ਸੰਘਰਸ਼ ਹੀ ਆਇਆ ਹੈ। ਕਿਤਾਬ ਅਕਲ ਦਾ ਸਾਧਨ ਹੈ, ਪੁਰਾਣੀ ਸਮਝ ਤੋਂ ਨਵੀਂ ਸਮਝ ਬਣਾਈ ਜਾਂਦੀ ਹੈ ਅਤੇ ਨਵੇਂ ਦੀ ਸਿਰਜਣਾ ਹੁੰਦੀ ਹੈ । ਕਿਤਾਬਾਂ ਸੁਪਨੇ ਦਿੰਦੀਆਂ ਹਨ ਅਤੇ ਇਹੀ ਸੁਪਨੇ ਇਕ ਚੰਗੇ ਸਮਾਜ ਦਾ ਆਧਾਰ ਬਣਦੇ ਹਨ । ਚੰਗੀਆਂ ਕਿਤਾਬਾਂ ਸੱਚ ਦੀਆਂ ਪਹਿਰੇਦਾਰ ਹੁੰਦੀਆਂ ਹਨ, ਪਰ ਇਹ ਕੰਮ ਸੌਖਾ ਨਹੀਂ ਹੁੰਦਾ, ਇਸੇ ਕਰਕੇ ਹੀ ਤਾਂ ਦੁਨੀਆ ਦੇ ਕਿੰਨੇ ਲੇਖਕਾਂ ਨੂੰ ਤਸੀਹੇ ਸਹਿਣੇ ਪਏ, ਬਹੁਤ ਸਾਰੇ ਮਾਰ ਦਿੱਤੇ ਗਏ ਅਤੇ ਬਹੁਤ ਸਾਰੇ ਆਪਣੇ ਮੁਲਕਾਂ ਨੂੰ ਛੱਡ ਹੋਰ ਮੁਲਕਾਂ ਵਿਚ ਚਲੇ ਗਏ । ਇਸ ਕਰਕੇ ਸਾਨੂੰ ਉਹਨਾਂ ਲੋਕਾਂ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ, ਜਿਨ੍ਹਾ ਨੂੰ ਲੇਖਣੀ ਕਰਕੇ ਜੇਲ੍ਹ ਜਾਣਾ ਪਿਆ ਜਾਂ ਆਪਣੀ ਜਾਨ ਦੇਣੀ ਪਈ ਅਤੇ ਇਸੇ ਕਰਕੇ ਹੀ ਸਾਨੂੰ ਲਾਇਬ੍ਰੇਰੀ ਜਾਣਾ ਚਾਹੀਦਾ ਹੈ । ਇਸ ਵਿਚ ਸਕੂਲਾਂ, ਕਾਲਜਾਂ ਅਤੇ ਅਧਿਆਪਕਾਂ ਦਾ ਰੋਲ ਬਹੁਤ ਮਹੱਤਵਪੂਰਨ ਹੈ, ਕਿਉਂਕਿ ਇੱਥੋਂ ਹੀ ਬੱਚਿਆਂ ਨੂੰ ਕਿਤਾਬਾਂ ਤੇ ਲਾਇਬ੍ਰੇਰੀਆਂ ਨਾਲ ਮੁਹੱਬਤ ਕਰਨਾ ਸਿਖਾਇਆ ਜਾ ਸਕਦਾ ਹੈ। ਅਧਿਆਪਕਾਂ ਨੂੰ ਖੁਦ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਉਹਨਾਂ ਨੂੰ ਦੇਖ ਕੇ ਵਿਦਿਆਰਥੀ ਇਸ ਪਾਸੇ ਨੂੰ ਮੁੜਨ। ਘਰਾਂ ਵਿਚ ਮਾਂ-ਬਾਪ ਦੇ ਪੜ੍ਹਨ ਦੀ ਆਦਤ ਉਹਨਾਂ ਦੇ ਬੱਚਿਆਂ ਨੂੰ ਪਾਰਸ ਬਣਾ ਸਕਦੀ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਸਰਕਾਰ ਤੋਂ ਹਰ ਇਕ ਪਿੰਡ ਲਈ ਇਕ ਪਬਲਿਕ ਲਾਇਬ੍ਰੇਰੀ ਮੰਗੀਏ ਤਾਂ ਜੋ ਪੰਜਾਬ 'ਚ ਆਬੋਹਵਾ 'ਚ ਅੱਖਰਾਂ ਦੀ ਸੁਗੰਧ ਗੂੰਜੇ। ਨੌਜਵਾਨ ਨਸ਼ਿਆਂ ਤੋਂ ਦੂਰ ਹੋਣਗੇ ਅਤੇ ਪੰਜਾਬ ਦੀ ਤਰੱਕੀ 'ਚ ਯੋਗਦਾਨ ਪਾਉਣਗੇ। ਲੋਕ ਉਥੇ ਬਹਿ ਕੇ ਪੜ੍ਹ ਸਕਣਗੇ ਅਤੇ ਵਿਚਾਰ ਚਰਚਾ ਕਰ ਸਕਣਗੇ। ਇਸ ਨਾਲ ਕਿੰਨੇ ਹੀ ਲੋਕਾਂ ਨੂੰ ਰੋਜ਼ਗਾਰ ਮਿਲ ਸਕਦਾ ਹੈ। ਲੋਕਾਂ ਨੂੰ ਬਾਬਾ ਸਾਹਿਬ ਅੰਬੇਦਕਰ ਦਾ ਕਿਹਾ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਮੰਦਰ ਬਣਾਉਣਗੇ ਅਤੇ ਅਸੀਂ ਲਾਇਬ੍ਰੇਰੀਆਂ ਬਣਾਵਾਂਗੇ।

*ਮੋਬਾ. 75290-36218*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

20-Oct-Sunday.qxd 10/19/2024 9:31 PM Page 4



# ਮਨੁੱਖੀ ਨਿਰਾਸ਼ਤਾ ਦਾ ਨਾਟ-ਪ੍ਰਤੀਕਰਮ

ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਚੰਦਰ ਪ੍ਰਕਾਸ਼


## ਜਲ ਭਰਮ ਤੋਂ ਵਾਪਸੀ

(ਨਾਟਕ ਸੰਗ੍ਰਹਿ)
**ਗੁਰਦਿਆਲ ਦਲਾਲ**
**ਸਫ਼ੇ : 142, ਕੀਮਤ : 250 ਰੁਪਏ**
**ਗੋਲਡਮਾਈਨ ਪਬਲੀਕੇਸ਼ਨ, ਪਟਿਆਲਾ**

'ਨਾਟਕ' ਵਿਭਿੰਨ ਕਲਾਵਾਂ ਦੇ ਸੁਮੇਲ ਵਾਲੀ ਵਿਧਾ ਹੈ। ਪਾਠ ਅਤੇ ਮੰਚ ਦੀ ਇਕਸੁਰਤਾ; ਇਸ ਵਿਧਾ ਦਾ ਖ਼ਾਸ ਪਛਾਣ ਸੂਤਰ ਹੈ।ਸਮਕਾਲੀ ਪੰਜਾਬੀ ਨਾਟਕ/ਨਾਟਕਕਾਰ ਇਸ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਜਾਪਦੇ ਹਨ।ਇਸ ਸੁਚੇਤਤਾ 'ਚੋਂ ਹੀ ਨਵੇਂ ਨਾਟ ਰੂਪ ਉਦੈ ਹੋਏ ਹਨ/ਹੋ ਰਹੇ ਹਨ।'ਨੈਨੋ ਨਾਟਕ' ਤਾਜ਼ਾ ਉਦਾਹਰਣ ਹੈ। ਇਉਂ ਨਾਟ-ਪ੍ਰਯੋਗ ਲੜੀ ਵਿਚ 'ਇਕ ਪਾਤਰੀ ਨਾਟਕ' ਦੇ ਵਧਦੇ ਪ੍ਰਚਲਨ ਤੋਂ ਬਿਨਾਂ ਨਾਵਲ/ ਕਹਾਣੀ/ ਕਵਿਤਾ ਆਦਿ ਨਾਟ-ਰੂਪਾਂਤਰਨ ਸਾਹਮਣੇ ਆਉਂਦੇ ਹਨ। ਵਿਭਿੰਨ ਵਿਧਾਵਾਂ ਦੇ ਨਾਟ-ਰੂਪਾਂਤਰਨ ਸੰਬੰਧੀ ਵਿਚਾਰਾਂ ਦਾ ਵਖਰੇਵਾਂ ਪੇਸ਼ ਕੀਤਾ ਜਾਂਦਾ ਹੈ। ਜਿਵੇਂ: ਸਾਹਿਤ ਰੂਪਾਂ ਦੇ ਕਥਾਤਮਕ ਤਣਾਉ ਟੱਕਰ ਵਿਚਲੀ ਨਾਟਕੀਅਤਾ ਦਾ ਗੁਣ, ਠੋਸ ਵਿਚਾਰਧਾਰਕ ਪ੍ਰਸੰਗ ਦੀ ਮੰਚ-ਯੋਗਤਾ, ਸਕ੍ਰਿਪਟਾਂ ਦੀ ਘਾਟ, ਨਿਰਦੇਸ਼ਕ ਮੰਚ ਡੀਜ਼ਾਇਨਰ ਦੀ ਵਿਅਕਤੀਗਤ/ ਵਿਸ਼ੇਸ਼ ਰੁਚੀ, ਨਵਾਂ ਮੰਚ ਕਾਰਜ ਕਰਨ ਦਾ ਚਾਅ, ਟੀ ਵੀ/ ਸਿਨਮਾ/ ਸੋਸ਼ਲ ਮੀਡੀਆ ਦੇ ਪ੍ਰਤਿਰੋਧਕ ਪ੍ਰਵਚਨ ਆਦਿ ਵਿਚਾਰਾਂ ਨੂੰ ਆਧਾਰ ਮਿੱਥ ਕੇ ਇਸ ਵਿਧਾ ਦੇ ਸੰਰਚਨਾਤਮਕ ਪ੍ਰਬੰਧ ਦੀ ਚਰਚਾ ਕੀਤੀ ਜਾਂਦੀ ਹੈ।ਪਾਠ-ਮੰਚ ਨਾਲ ਜੁੜੇ ਸਿਰਜਨਾਤਮਕ ਕਾਰਜ ਚੁਣੌਤੀ ਭਰਪੂਰ ਵੀ ਹਨ, ਪਰ ਕਥਾ ਦਾ ਸਰਲੀਕ੍ਰਿਤ ਵਿਧੀ ਰਾਹੀਂ ਮੰਚ ਕਾਰਜ, ਨਾਟਕ ਅਤੇ ਸ੍ਰੋਤਮੂਲਕ ਰਚਨਾ ਦੇ ਪ੍ਰਭਾਵ ਨੂੰ ਫਿੱਕਾ ਵੀ ਕਰ ਸਕਦਾ ਹੈ।

ਦੂਜੇ ਬੰਨੇ ਦੋਵਾਂ ਦੀ ਗਠਜੋੜਤਾ ਇਕ-ਦੂਜੇ ਨੂੰ ਹੁਲਾਰਾ ਦੇ ਸਕਦੀ ਹੈ। ਗੁਰਸ਼ਰਨ ਸਿੰਘ ਨੇ ਸਰਵਮੀਤ ਦੀ ਕਹਾਣੀ 'ਕਲਾਣ' 'ਚੋਂ 'ਨਵਾਂ ਜਨਮ' ਨਾਂਅ ਹੇਠ ਸ਼ਾਨਦਾਰ ਨਾਟਕ ਸਿਰਜਿਆ ਹੈ। ਇਉਂ ਮਿੱਤਰ ਸੈਨ ਮੀਤ ਦੇ ਨਾਵਲ 'ਤਫਤੀਸ਼' ਦਾ 'ਕਾਤਾਂ' ਚ ਨਾਟ ਰੂਪਾਂਤਰਨ, ਗਾਰਗੀ, ਗੁਰਦਿਆਲ ਸਿੰਘ ਫੁੱਲ, ਕਰਮਜੀਤ ਕੁੱਸਾ ਆਦਿ ਕਈ ਸਾਹਿਤਕਾਰਾਂ ਦੀਆਂ ਰਚਨਾਵਾਂ ਮੰਚ ਅੰਗ ਬਣਦੀਆਂ ਹਨ।ਕੇਵਲ ਧਾਲੀਵਾਲ ਵੱਲੋਂ ਗੁਰਸ਼ਰਨ ਸਿੰਘ ਦੇ ਨਾਟਕ (ਭਾਗ ਛੇਵਾਂ) ਅਜਿਹੇ ਨਾਟਕਾਂ ਦਾ ਸੰਗ੍ਰਹਿ ਹੈ।ਇਸ ਖੇਤਰ ਵਿਚ ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਸੋਮਪਾਲ ਹੀਰਾ, ਕੀਰਤੀ ਕਿਰਪਾਲ, ਲੱਖਾ ਲਹਿਰੀ, ਰਾਣਾ ਰਣਬੀਰ, ਸ਼ਬਦੀਸ਼ ਜੋੜੀ, ਗੌਰਵ ਵਿੱਜ, ਭੁਪਿੰਦਰ ਉਤਰੇਜਾ ਆਦਿ ਕਈ ਨਾਂਅ ਜੁੜੇ ਹੋਏ ਹਨ । ਕਵਿਤਾ, ਨਾਵਲ, ਕਹਾਣੀ ਆਦਿ ਦੀ ਮੰਚ ਪ੍ਰਸਤੁਤੀ ਨਾਲ ਮੂਲ ਰਚਨਾਕਾਰ, ਨਾਟਕਕਾਰ, ਨਿਰਦੇਸ਼ਕ, ਅਦਾਕਾਰ, ਪਾਠਕ/ਦਰਸ਼ਕ ਆਦਿ ਦਾ ਨਵਾਂ ਸੰਵਾਦਕ ਪ੍ਰਬੰਧ ਬਣਦਾ ਹੈ। ਇਉਂ ਵਿਭਿੰਨ ਵਿਧਾਵਾਂ ਦੇ ਮਾਧਿਅਮ ਰਾਹੀਂ ਨਾਟ ਰੂਪਾਂਤਰਨ ਦੀਆਂ ਖ਼ੂਬੀਆਂ, ਖ਼ਾਮੀਆਂ, ਸੀਮਾਵਾਂ ਦਾ ਵੱਖਰਾ ਸਿਧਾਂਤਕ ਵਿਹਾਰਕ ਚੌਖਟਾ ਤਿਆਰ ਕੀਤਾ ਜਾ ਸਕਦਾ ਹੈ।

ਪੰਜਾਬੀ ਨਾਟ-ਮੰਚ ਦੇ ਇਸ ਖੇਤਰ ਵਿਚ ਬਹੁਵਿਧਾਈ ਲੇਖਕ ਗੁਰਦਿਆਲ ਦਲਾਲ ਦਾ ਨਾਂਅ ਵੀ ਦਰਜ ਹੋ ਗਿਆ ਹੈ।'ਜਲ ਭਰਮ ਤੋਂ ਵਾਪਸੀ' ਨਾਟਕ ਸੰਗ੍ਰਹਿ ਵਿਚ ਸ਼ਾਮਲ ਅੱਠ ਨਾਟ-ਕਿਰਤਾਂ ਸਫ਼ਲਤਾ ਪੂਰਵਕ ਮੰਚ ਦਾ ਹਿੱਸਾ ਬਣ ਚੁੱਕੀਆਂ ਹਨ।ਰਮਾ ਕਾਂਤ ਦੀ ਹਿੰਦੀ ਕਹਾਣੀ ਆਧਾਰਤ ਨਾਟਕ 'ਜ਼ਹਿਰ' ਜ਼ਿੰਦਗੀ ਦੀ ਨਿਰਾਸ਼ਤਾ ਨੂੰ ਪ੍ਰਗਟਾਉਂਦਾ ਹੈ। ਮਨੁੱਖ ਦੇ ਮਨ ਅੰਦਰ ਮਹਿੰਗਾਈ/ਗ਼ਰੀਬੀ ਕਾਰਨ ਪੈਦਾ ਹੋਣ ਵਾਲੀ ਬੇਈਮਾਨੀ, ਭ੍ਰਿਸ਼ਟਾਚਾਰੀ ਰੁਚੀ, ਘਰੇਲੂ ਅਸਾਵਾਂਪਣ, ਮਰਦ ਹਉਮੈ, ਨਾਰੀ ਪ੍ਰਤੀ ਨਕਾਰਾਤਮਕ ਸੋਚ, ਦਾਜ-ਦੂਜਾ ਵਿਆਹ ਆਦਿ ਵਿਸ਼ੇ ਜ਼ਿੰਦਗੀ ਦੇ 'ਜ਼ਹਿਰੀਲੇਪਨ' ਦਾ ਸੂਚਕ ਹੋ ਨਿੱਬੜਦੇ ਹਨ।ਕੈਮਿਸਟ ਅਤੇ ਗਾਹਕ ਦੇ ਨਾਟ-ਸੰਵਾਦ 'ਚੋਂ ਐਬਸਰਡ ਸ਼ੈਲੀ ਦੀ ਝਲਕ ਵੇਖਣ ਨੂੰ ਮਿਲਦੀ ਹੈ। ਗੁਰਦਿਆਲ ਦਲਾਲ ਨੇ ਆਪਣੀ ਕਹਾਣੀ 'ਬੁਲਡੋਜ਼ਰ' ਨੂੰ ਇਸ ਨਾਂਅ ਹੇਠ ਵਿਚਾਰਦਿਆਂ 'ਕੁੜੀਮਾਰਾਂ' ਦੀ ਨਕਾਰਾਤਮਕ ਸੋਚਣੀ ਨੂੰ ਆਧਾਰ ਬਣਾਇਆ ਹੈ। ਮਾਸਟਰ ਦੇ ਕਿਰਤੀ ਬੰਦੇ ਪਾਖਰ ਨੂੰ ਕਹੇ ਬੋਲ 'ਐਵੇਂ ਮੋਕ ਮਾਰੀ ਜਾਨੈਂ? ਤੂੰ ਉਸ ਨੂੰ ਇਹ ਸਮਝਾ ਉਸ ਨੂੰ, ਬਈ ਤਿੰਨ ਕੁੜੀਆਂ ਦਾ ਆਚਾਰ ਪਾਉਣੇ ਆ।' ਭੰਡਣਯੋਗ ਹਨ। ਕਾਮਰੇਡ ਬਾਪ-ਧੀ ਦੀ ਨਿਧੜਕ ਸੋਚਣੀ ਠੋਕਵਾਂ ਜਵਾਬ ਦਿੰਦੀ ਹੈ। ਨਾਟਕ ਦੇ ਅੰਤ ਉੱਤੇ ਧੀ ਦੀ ਥਾਂ ਪੁੱਤ ਦਾ ਜਨਮ ਹੋਣ ਉੱਤੇ ਡਾਕਟਰੀ ਪੇਸ਼ੇ ਉੱਤੇ ਵੀ ਸਵਾਲੀਆ ਚਿੰਨ੍ਹ ਲੱਗਦਾ ਹੈ। ਕਾਮਰੇਡ ਦਾ ਸਾਈਕਲ 'ਬੁਲਡੋਜ਼ਰ' ਬਣ ਗੁੱਝੇ ਅਰਥ ਸਿਰਜਦਾ ਹੈ।ਛੋਟੀਆਂ-ਛੋਟੀਆਂ ਝਾਕੀਆਂ ਨਾਲ ਸਮੱਸਿਆ ਨੂੰ ਉਜਾਗਰ ਕਰਨ ਦਾ ਯਤਨ ਪੂਰਵ ਨਿਰਧਾਰਤ ਯੋਜਨਾ ਦਾ ਹਿੱਸਾ ਜਾਪਣ ਲੱਗਦਾ ਹੈ। ਨਾਟਕ, ਸੰਦੇਸ਼ ਮੂਲਕ ਨਾਅਰੇ ਨਾਲ ਸਮਾਪਤ ਹੋ ਜਾਂਦਾ ਹੈ। ਤਸਲੀਮਾ ਨਸਰੀਨ ਦੇ ਨਾਵਲ 'ਲੱਜਾ' ਨੂੰ 'ਬਦਲਾ' ਵਿਚ ਬਦਲਦਿਆਂ ਧਾਰਮਿਕ ਜਨੂੰਨ ਵਿਚ ਖੁਰਦੀ ਇਨਸਾਨੀ ਸੰਵੇਦਨਾ ਨੂੰ ਵਾਚਿਆ ਗਿਆ ਹੈ। ਪੰਜਾਬ ਸੰਤਾਪ, ਮੰਦਰ-ਮਸਜਿਦ ਬੰਗਲਾਦੇਸ਼ੀ ਦੰਗਿਆਂ ਆਦਿ ਨਾਲ ਜੁੜੀਆਂ ਘਟਨਾਵਾਂ ਦੇ ਸਿੱਧੇ ਹਵਾਲਿਆਂ ਦਾ ਮੰਚ-ਪ੍ਰਸਤੁਤੀਕਰਨ ਜੋਖਮ ਭਰਿਆ ਕਾਰਜ ਹੈ।ਨਾਟ-ਰੂਪਾਂਤਰਨਕਾਰ ਨੇ ਇਹ ਤਜਰਬਾ ਕੀਤਾ ਹੈ।





ਧਰਮ/ਇਤਿਹਾਸ ਨੂੰ ਸਮਕਾਲ ਵਿਚ ਰੂਪਾਂਤਰਨ ਕਰਨ ਦੀ ਵਿਧੀ ਨਾਲ ਜਿੱਥੇ ਨਾਟ-ਅਰਥ ਖੁੱਲ੍ਹ ਜਾਂਦੇ ਹਨ, ਉੱਥੇ ਸਮੇਂ ਦੇ ਵਹਾਅ ਨਾਲ ਅਰਥ ਖੁਰ ਜਾਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਤੱਥ ਮੂਲਕ ਵੇਰਵਿਆਂ/ਘਟਨਾਵਾਂ ਨੂੰ ਸੁਚੇਤਤਾ ਨਾਲ ਨਾਟਕ 'ਚ ਤਬਦੀਲ ਕਰਨਾ ਪੈਂਦਾ ਹੈ।ਅਜਿਹੇ ਵੇਰਵਿਆਂ ਦੀ ਦਲੇਰੀ ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਵੇਖਣ ਨੂੰ ਮਿਲਦੀ ਹੈ। 'ਦਾਨ ਪੁੰਨ' ਕਹਾਣੀ ਦੇ ਆਧਾਰ 'ਤੇ ਬਣਾਏ ਗਏ ਦੋ ਪਾਤਰੀ ਨਾਟਕ 'ਪ੍ਰਤੀਬਿੰਬ ਦੇ ਰੂਬਰੂ' ਵਿਚ ਬਿਰਧ ਅਵਸਥਾ ਦਾ ਚਿਤਰਣ ਹੈ । ਔਲਾਦ ਦਾ ਗ਼ੈਰ ਜ਼ਿੰਮੇਵਾਰ ਵਿਵਹਾਰ ਸਮਾਜ ਸੰਕਟ ਦੀ ਨਿਸ਼ਾਨੀ ਹੈ। ਇਸ ਤਰ੍ਹਾਂ 'ਪੁਨਰ ਜਨਮ' ਨਾਟਕ ਵਿਚ ਬਿਰਧ ਦੀ ਹੋਣੀ ਨੂੰ ਪ੍ਰਗਟਾਉਂਦਿਆਂ ਬਿਰਧ ਆਸ਼ਰਮ ਦੀ ਦ੍ਰਿਸ਼ਕਾਰੀ ਕੀਤੀ ਗਈ ਹੈ।ਲਾਲ ਸਿੰਘ ਦੇ ਸੇਵਾਮੁਕਤ ਹੋਣ ਬਾਅਦ ਪੁੱਤਰਾਂ ਦਾ ਪੂੰਜੀ ਮੋਹ; ਵਿਯੋਗੀ ਸਥਿਤੀਆਂ ਉਤਪੰਨ ਕਰਦਾ ਹੈ।ਲਾਲ ਸਿੰਘ ਦੇ 'ਪੁਨਰ ਜਨਮ' ਨੂੰ ਬਿਰਧ ਆਸ਼ਰਮ ਨਾਲ ਤੁਲਨਾ ਕੇ ਤਕੜਾ ਵਿਅੰਗ ਕੀਤਾ ਹੈ। ਆਰ ਚੂੜਾਮਨੀ ਦੀ ਕਹਾਣੀ 'ਯੋਗ' ਨਾਲ ਸੰਬੰਧਤ 'ਮਮਤਾ ਮਾਰੀ ਜੋਗਣ' ਵੀ ਅਜਿਹੇ ਵਿਸ਼ੇ ਦਾ ਵਿਸਥਾਰ ਜਾਪਦਾ ਹੈ। ਪੜ੍ਹੇ-ਲਿਖੇ ਰੁਜ਼ਗਾਰ ਹਾਸਲ ਪੁੱਤਰਾਂ ਦੀ ਮਾਂ ਘਰੇਲੂ ਨੌਕਰਾਣੀ ਬਣ ਕਿੱਤਾ ਕਰਨ ਲਈ ਮਜਬੂਰ ਹੈ।ਧਾਰਮਿਕ ਪਾਖੰਡਵਾਦ/ਗ਼ੈਰ ਵਿਗਿਆਨਕ ਸੋਚ ਵਾਲੀ ਭਾਗੀਰਥੀ ਸੰਤਾਪ ਭੋਗਣ ਬਾਅਦ ਵੀ ਔਲਾਦ ਪ੍ਰਤੀ ਮੋਹ ਜਾਰੀ ਰੱਖਣਾ ਚਾਹੁੰਦੀ ਹੈ।ਚੰਦਰ ਕਾਂਤਾ ਅਤੇ ਭਾਗੀਰਥੀ ਦੋਵੇਂ ਔਰਤਾਂ ਦੇ ਭਿੰਨ ਨਜ਼ਰੀਏ 'ਚੋਂ ਨਾਟਕ ਵਿਕਾਸ ਕਰਦਾ ਹੈ।ਨਾਟਕ ਵਿੱਚੋਂ ਨੌਕਰੀਪੇਸ਼ਾ ਲੋਕਾਂ ਦੀਆਂ ਸਮੱਸਿਆਵਾਂ/ਭ੍ਰਿਸ਼ਟ ਪ੍ਰਬੰਧ ਬਾਰੇ ਮਿਲਦੇ ਵੇਰਵੇ ਸੋਚਣਯੋਗ ਹਨ। ਇਸ ਲੋਟੂ ਨਿਜ਼ਾਮ ਦਾ ਕੁਝ ਹਿੱਸਾ ਕ੍ਰਿਸ਼ਨ ਚੰਦਰ ਦੀ ਕਹਾਣੀ ਤੋਂ ਬਣੇ ਨਾਟਕ 'ਜਾਮਣ ਦਾ ਰੁੱਖ' ਵਿਚ ਦਰਜ ਕੀਤਾ ਗਿਆ ਹੈ।ਜਾਮਣ ਦੇ ਰੁੱਖ ਥੱਲੇ ਦੱਬੇ ਬੰਦੇ ਨੂੰ ਫਾਇਲਾਂ 'ਚ ਰੁਲਦੇ ਵਿਖਾ ਕੇ ਸਮਾਜ ਨੂੰ ਭੰਡਿਆ ਹੈ। ਮਨੁੱਖੀ ਸੰਵੇਦਨਾਵਾਂ ਅਤੇ ਸਰਕਾਰੀ ਤੰਤਰ ਦਾ ਬੇਮੇਲ ਵਿਵਹਾਰ ਸਮਾਜਿਕ-ਵਿਕਾਸ ਦੇ ਰਾਹ ਵਿਚ ਰੁਕਾਵਟ ਬਣਦਾ ਹੈ। ਵਿਭਿੰਨ ਵਿਭਾਗਾਂ ਦੀ ਅਸਹਿਯੋਗੀ ਕਾਰਵਾਈ 'ਚ ਕੁਲਝੇ ਬੰਦੇ ਨੂੰ ਦਰਜਾ ਚਾਰ ਮੁਲਾਜ਼ਮ ਮਾਲੀ ਅਤੇ ਉਸ ਦੀ ਪਤਨੀ ਵੱਲੋਂ ਬਚਾਉਣਾ; ਉੱਚ ਅਧਿਕਾਰੀਆਂ ਨੂੰ ਜਵਾਬਹੀਣ ਕਰਦਾ ਹੈ। ਸਿਰਲੇਖਕ ਨਾਟਕ 'ਜਲ ਭਰਮ ਤੋਂ ਵਾਪਸੀ' ਰਾਮ ਨਾਥ ਰਾਏ ਦੀ ਬੰਗਲਾ ਕਹਾਣੀ ਦੀ ਉਪਜ ਹੈ।ਇਸ ਵਿਚ ਵੀ ਬਿਰਧ ਬੰਦੇ ਰਾਮ ਲਾਲ ਦੀ ਹੋਂਦ-ਹੋਣੀ ਹੈ। ਔਲਾਦ ਦੀ ਗ਼ੈਰ-ਹਾਜ਼ਰੀ ਵਿਚ ਇਕੱਲਤਾ/ਬੇਗਾਨਗੀ ਦਾ ਅਹਿਸਾਸ ਹੰਢਾਉਣਾ ਔਖਾ ਹੈ। ਡਾਕਟਰ, ਪੰਡਿਤ/ਜੋਤਿਸ਼ ਤੋਂ ਮੌਤ ਨਿਸ਼ਚਿਤ ਕਰਵਾਉਣ ਲਈ ਦਾਅਪੇਚ ਖੇਡਣਾ; ਪੁੱਤਰਾਂ/ਧੀ ਨੂੰ ਪਰਖਣ ਦੀ ਵਾਹ ਲਾਉਣਾ; ਉਨ੍ਹਾਂ ਦਾ ਬਾਪ ਨੂੰ ਪੂੰਜੀ-ਵਸਤ ਸਮਝਣਾ ਆਦਿ ਘਟਨਾਵਾਂ ਦਾ ਵਿਅੰਗਾਤਮਕ ਮਾਹੌਲ ਸਮਾਜਿਕ-ਕਟਾਖਸ਼ ਸਿਰਜਦਾ ਹੈ।ਨਾਟ-ਅੰਤ ਉੱਤੇ ਕੁਝ ਜੀਆਂ ਦੀ ਆਮਦ 'ਤੇ ਉਨ੍ਹਾਂ ਨੂੰ ਘਰੋਂ ਭਜਾਉਣਾ; ਦਲੇਰਾਨਾ ਫ਼ੈਸਲਾ ਲੱਗਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਰਾਮ ਲਾਲ ਆਪਣੀ ਮੌਤ ਉਪਰੰਤ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਠੇਕਾ ਬਿਰਧ ਆਸ਼ਰਮ ਦੇ ਮੈਨੇਜਰ ਨੂੰ ਦੇ ਕੇ ਘਰ-ਜੀਆਂ ਨੂੰ ਫਾਰਗ ਕਰ ਦਿੰਦਾ ਹੈ।ਨਾਟ-ਪਾਤਰ ਬਨਾਰਸੀ ਦਾਸ ਦਾ ਸੰਵਾਦ ਵੇਖੋ-ਅਸੀਂ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਕਰਦੇ ਹਾਂ।ਮੌਤ ਮਗਰੋਂ ਉਹਨਾਂ ਦਾ ਅੰਤਿਮ ਸੰਸਕਾਰ ਵੀ ਸਾਰੀਆਂ ਰਸਮਾਂ ਨਾਲ ਕੀਤਾ ਜਾਂਦਾ ਹੈ। ਸਾਰਾ ਕੁਝ ਮਰਨ ਵਾਲੇ ਦੀ ਅੰਤਿਮ ਇੱਛਾ ਮੁਤਾਬਕ ਹੁੰਦਾ ਹੈ ।ਵਾਜਬ ਚਾਰਜ ਲਏ ਜਾਂਦੇ ਨੇ। ਸੰਪਰਕ ਕਰੋ ਮੋਬਾਇਲ ਨੰਬਰ—। ਇਹ ਸੰਵਾਦ ਉਸਰ ਰਹੇ ਨਵ-ਜੀਵਨ ਦੀ ਤਸਵੀਰਕਸ਼ੀ ਕਰਦਾ ਹੈ।

ਇਨ੍ਹਾਂ ਨਾਟਕਾਂ ਦਾ ਅਧਿਕਤਰ ਘੇਰਾ ਬਜ਼ੁਰਗਾਂ ਦੀ ਫ਼ਿਕਰਮੰਦੀ/ਬੰਦੇ ਨਾਲ ਜੁੜਿਆ ਹੋਇਆ ਹੈ। ਰਿਸ਼ਤਿਆਂ ਦੀ ਬਦਲਾਉਸ਼ੀਲਤਾ ਨੇ ਸਮਾਜਿਕ ਵਾਤਾਵਰਣ ਨੂੰ ਬਦਲ ਕੇ ਰੱਖ ਦਿੱਤਾ ਹੈ।ਇਸ ਬਦਲਾਓ ਦੇ ਪ੍ਰਤੀਉੱਤਰ ਵਿਚ ਸਿਰਜੇ ਗਏ ਕਾਮਰੇਡ ਪਾਤਰ/ਸੰਵਾਦ-ਉਕਤੀਆਂ ਦੀ ਸਿੱਧੀ ਦਖ਼ਲ-ਅੰਦਾਜ਼ੀ; ਸਿਰਜਕ ਦੀ ਮਨੋਰਥ-ਸਿੱਧੀ ਪ੍ਰਤੀਤ ਹੋਣ ਲੱਗਦੀ ਹੈ। ਨਾਟ-ਅੰਤ ਉੱਤੇ ਪਾਤਰਾਂ ਦਾ ਗੋਡੇ/ਸਿਰ

ਭਾਰ ਬੈਠਣਾ; ਨਾਅਰੇ ਅਤੇ ਤਾੜੀਆਂ ਦੀ ਗੂੰਜ ਆਦਿ ਦ੍ਰਿਸ਼ ਸਮਾਜਿਕ ਸਥਿਤੀਆਂ ਦਾ ਪ੍ਰਤੀਰੋਧਕ ਪ੍ਰਵਚਨ ਸਿਰਜਦੇ ਹਨ। ਅਜਿਹੀਆਂ ਨਾਟ-ਰਚਨਾਵਾਂ ਦੇ ਮਾਧਿਅਮ ਰਾਹੀਂ ਭਾਰਤੀ ਗਲਪ/ਕਾਵਿ/ਨਾਟ-ਸਾਹਿਤ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਚੇਤੇ ਰੱਖਣਾ ਇਹ ਵੀ ਬਣਦਾ ਹੈ ਕਿ ਠੋਸ ਕਿਰਤਾਂ ਦਾ ਨਾਟ-ਰੂਪਾਂਤਰਨ ਹੀ ਸੰਵਾਦ-ਲੜੀ ਬਣ/ਬਣਾ ਸਕਦਾ ਹੈ।

ਇੰਜ ਸੂਤਰਧਾਰ ਦਾ ਬਹੁ ਸੰਦਰਭੀ ਪ੍ਰਯੋਗ, ਹਨੇਰ-ਚਾਨਣ, ਆਵਾਜ਼ਾਂ, ਰੌਸ਼ਨੀਆਂ, ਗੀਤ-ਸੰਗੀਤ ਆਦਿ ਦੀ ਸਹਾਇਤਾ ਨਾਲ ਨਾਟ-ਰੂਪ ਨਿਖਰਦੇ ਹਨ/ਹੋਰ ਨਿਖਰ ਸਕਦੇ ਹਨ।ਨਾਟਕੀ ਮੋੜ ਬਣਾਉਣ ਲਈ ਥੋੜ੍ਹੀ ਜਿਹੀ ਹੋਰ ਮਿਹਨਤ ਜ਼ਰੂਰੀ ਹੈ।ਕਥਾ ਸੁਣਾਉਣ ਅਤੇ ਪ੍ਰਦਰਸ਼ਤ ਕਰਨ ਵਿਚ ਵੱਡਾ ਫ਼ਰਕ ਹੁੰਦਾ ਹੈ।ਇਹ ਇਕ ਰਚਨਾ ਦਾ ਦੂਜੀ ਵਿਧਾ ਵਿਚ ਦਾਖ਼ਲਾ ਹੈ।ਇਸ ਦਾਖ਼ਲੇ ਲਈ ਮੰਚ/ਦਰਸ਼ਕ/ਪਾਠਕ/ਲਿਖ਼ਤ ਆਦਿ ਦੇ ਪੜਾਅ 'ਚੋਂ ਗੁਜ਼ਰਨਾ ਪੈਂਦਾ ਹੈ। ਸੰਗ੍ਰਹਿ ਦੇ ਨਾਟਕਾਂ ਦਾ ਸਫ਼ਲ ਮੰਚਨ ਸਲਾਹੁਣਯੋਗ ਹੈ।ਪੰਜਾਬੀ ਨਾਟਕ ਦੀ ਵਿਕਾਸ-ਰੇਖਾ ਲਈ ਅਜਿਹੀਆਂ ਨਾਟ-ਲਿਖਤਾਂ ਨੂੰ ਪ੍ਰਕਾਸ਼ਨ ਰੂਪ ਵਿਚ ਸਾਂਭਣਾ ਲਾਜ਼ਮੀ ਹੈ।ਇਸ ਨਾਲ ਪੰਜਾਬੀ ਨਾਟ-ਖੋਜ/ਆਲੋਚਨਾ ਵਿਚ ਨਿੱਗਰ ਵਾਧਾ ਹੋਵੇਗਾ।

**ਸੰਪਰਕ**-85281-00088

# ਮਨੁੱਖੀ ਪ੍ਰੇਮ ਅਤੇ ਸਾਂਝੀਵਾਲਤਾ ਦੀ ਸਿਰਜਣਾ

## ਨੈਣਾਂ ਦੇ ਆਰ-ਪਾਰ

(ਨਾਵਲ)
**ਕਰਨੈਲ ਸਿੰਘ ਵਜ਼ੀਰਾਬਾਦ**
**ਪੰਨੇ : 206, ਮੁੱਲ : 320 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਤੇਜਿੰਦਰ ਚੰਡਿਹੋਕ

ਹਥਲਾ ਨਾਵਲ 'ਨੈਣਾਂ ਦੇ ਆਰ-ਪਾਰ' ਕਰਨੈਲ ਸਿੰਘ ਵਜ਼ੀਰਾਬਾਦ ਦਾ ਪਲੇਠਾ ਨਾਵਲ ਹੈ, ਜਿਸ ਰਾਹੀਂ ਉਸ ਨੇ ਮਨੁੱਖੀ ਪ੍ਰੇਮ ਅਤੇ ਪਰਵਾਰਕ ਸਾਂਝੀਵਾਲਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਨਾਵਲ ਬਿਨਾਂ ਕਿਸੇ ਭੂਮਿਕਾ/ਮੁੱਖ ਬੰਦ ਤੋਂ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਹੜਾ ਉਸ ਨੂੰ ਲੇਖਣੀ ਵਿੱਚ ਸਹਿਯੋਗ ਦੇਣ ਵਾਲੀ ਆਪਣੀ ਧਰਮ ਪਤਨੀ ਨੂੰ ਸਮਰਪਿਤ ਕੀਤਾ ਹੈ। ਇਸ ਨਾਵਲ ਨੂੰ ਸੈਂਤੀ ਭਾਗਾਂ ਵਿੱਚ ਵੰਡਿਆ ਗਿਆ ਹੈ ਅਤੇ ਇਸ ਦੀ ਕਥਾ ਕਰੀਬ ਦੋ ਸੌ ਪੰਨਿਆਂ 'ਤੇ ਵਿਛੀ ਹੋਈ ਹੈ।

ਨਾਵਲ ਦਾ ਨਿੱਠ ਕੇ ਪਾਠ ਕਰਦਿਆਂ ਮਹਿਸੂਸ ਹੋਇਆ ਕਿ ਅੱਜ ਦੇ ਯੁੱਗ ਵਿੱਚ ਭਾਵੇਂ ਮਨੁੱਖਤਾ ਵਿੱਚ ਓਨਾ ਪ੍ਰੇਮ, ਸਹਿਣਸ਼ੀਲਤਾ ਅਤੇ ਸਾਂਝੀਵਾਲਤਾ ਨਹੀਂ ਦਿਸਦੀ, ਪਰ ਇਹ ਨਾਵਲ ਵਿੱਚ ਲੇਖਕ ਨੇ ਇਸ ਨੂੰ ਪੇਸ਼ ਕਰਨ ਦਾ ਭਰਪੂਰ ਯਤਨ ਕੀਤਾ ਹੈ। ਇਹ ਵੀ ਮਹਿਸੂਸ ਹੋਇਆ ਕਿ ਇਸ ਵਿਚਲੀਆਂ ਕੁਝ ਕੁ ਗੱਲਾਂ ਪੁਰਾਣੇ ਸਮਿਆਂ ਨਾਲ਼ ਸੰਬੰਧਤ ਹਨ, ਜਿਹੜੀਆਂ ਹੁਣ ਦੇ ਜ਼ਮਾਨੇ ਵਿੱਚ ਬਹੁਤ ਅੱਗੇ ਜਾ ਚੁੱਕੀਆਂ ਹਨ। ਨਾਵਲ ਦੀ ਕਹਾਣੀ ਗੋਬਿੰਦਗੜ੍ਹ ਤੋਂ ਅੰਮ੍ਰਿਤਸਰ ਵਿਚਾਲੇ ਘੁੰਮਦੀ ਹੈ।

ਨਾਵਲ ਦਾ ਆਰੰਭ ਧੋਬੀ ਪਰਵਾਰ ਤੋਂ ਸ਼ੁਰੂ ਕਰਕੇ ਲੇਖਕ ਨੇ ਅੰਤ ਜਿਮੀਂਦਾਰ ਪਰਵਾਰ ਨਾਲ਼ ਕੀਤਾ ਹੈ। ਪਿੰਡ ਦੇ ਧੋਬੀ ਪਰਵਾਰ ਵਿੱਚ ਕਰਮੋ ਅਤੇ ਬੁੱਧ ਰਾਮ ਅਜਿਹੇ ਭਲੇ ਲੋਕ ਹਨ, ਜੋ ਦੂਜਿਆਂ ਦੇ ਕੰਮ ਆਉਂਦੇ ਹਨ। ਧੋਬੀਆਂ ਦਾ ਪੁਸ਼ਤੈਨੀ ਕੰਮ ਕਰਨ ਵਾਲੇ ਇਹਨਾਂ ਦੇ ਪਰਵਾਰ ਦਾ ਸੰਬੰਧ ਪਾਖਰ ਸਿੰਘ ਜਿਮੀਂਦਾਰ ਦੇ ਪਰਵਾਰ ਨਾਲ਼ ਨੇੜਤਾ ਵਾਲਾ ਦਿਖਾਇਆ ਗਿਆ ਹੈ। ਬੁੱਧ ਰਾਮ ਅਨੁਸਾਰ ਪਿਆਰ ਹੀ ਪਿਆਰ ਨੂੰ ਵਧਾਉਂਦਾ ਹੈ। ਪਹਿਲੇ ਕਾਂਡ ਵਿੱਚ ਪਿੰਡ ਦੀ ਤਾਈ ਰਾਮ ਕੁਰ ਆਪਣੀ ਭਤੀਜੀ ਦੇ ਸੰਬੰਧ ਕਰਮੋ ਦੇ ਭਤੀਜੇ ਨਾਲ਼ ਜੋੜਨ ਦੇ ਮਕਸਦ ਨਾਲ਼ ਕਰਮੋ ਕੋਲ ਆਉਂਦੀ ਹੈ ਪਰ ਇਹ ਗੱਲਬਾਤ ਜ਼ਿਆਦਾ ਅੱਗੇ ਨਹੀਂ ਵਧੀ, ਉੱਥੇ ਹੀ ਖ਼ਤਮ ਹੋ ਜਾਂਦੀ ਹੈ। ਕਰਮੋ ਦੀ ਭੂਆ ਦਾ ਮੁੰਡਾ ਇੰਦਰ ਸਿੰਘ ਜੋ ਵਕੀਲ ਹੈ, ਉਸ ਦੀ ਸਾਰ ਲੈਂਦਾ ਹੈ ਪਰ ਅੱਜ ਦੇ ਸਮੇਂ ਵਿੱਚ ਸਕੇ ਭੈਣ-ਭਰਾਵਾਂ ਦਾ ਪਿਆਰ ਨਹੀਂ ਦਿਸਦਾ, ਜਦੋਂ ਕਿ ਇਹ ਦੋਨਾਂ ਸਕੇ ਭੈਣ-ਭਰਾ ਨਹੀਂ ਹਨ।

ਬੁੱਧ ਰਾਮ ਅਤੇ ਕਰਮੋ ਦੀ ਧੀ ਬੇਅੰਤ ਕੌਰ ਨੇਤਰਹੀਣ ਹੈ, ਜਿਹੜੀ ਪੰਜਵੀਂ ਕਲਾਸ ਵਿੱਚ ਅੰਮ੍ਰਿਤਸਰ ਦੇ ਕਿਸੇ ਸਕੂਲ ਦੇ ਹੋਸਟਲ ਵਿੱਚ ਪੜ੍ਹਦੀ ਹੈ ਅਤੇ ਉਸ ਨੂੰ ਮੁਫ਼ਤ ਪੜ੍ਹਾਈ ਕਰਵਾਈ ਜਾਂਦੀ ਹੈ। ਦੂਜੇ ਪਾਸੇ ਜਿਮੀਂਦਾਰ ਪਾਖਰ ਸਿੰਘ ਦਾ ਮੁੰਡਾ ਹਰਭਾਗ ਸਿੰਘ ਪਾਗਲ ਹੋਣ ਕਰਕੇ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਬੇਅੰਤ ਕੌਰ ਨੂੰ ਸਕੂਲ ਤੋਂ ਦੋ ਮਹੀਨਿਆਂ ਦੀ ਛੁੱਟੀ ਹੁੰਦੀ ਹੈ, ਪਰ ਆਪਣੇ ਟੀਚਰ ਨਾਲ਼ ਸਿਰਫ ਇੱਕ ਹਫਤਾ ਆਪਣੇ ਮਾਂ-ਬਾਪ ਕੋਲ ਰਹਿਣ ਆਉਂਦੀ ਹੈ। ਇਸ ਤਰ੍ਹਾਂ ਜਿੱਥੇ ਕਰਮੋ ਉਸ ਦਾ ਪਤਾ ਲੈਣ ਲਈ ਅੰਮ੍ਰਿਤਸਰ ਜਾਣ ਦੀ ਇੱਛਾ ਰੱਖਦੀ ਹੈ, ਉੱਥੇ ਉਹ ਆਪਣੀ ਧੀ ਨੂੰ ਮਿਲਣ ਦੀ ਲਾਲਸਾ ਵੀ ਰੱਖਦੀ ਹੈ। ਕਰਮੋ ਅਕਸਰ ਹੀ ਵਿਅਸਤ ਰਹਿੰਦੀ ਹੈ, ਕਿਉਂਕਿ ਆਪਣੇ ਪਤੀ ਨਾਲ਼ ਕੱਪੜੇ ਧੋਣ ਅਤੇ ਪ੍ਰੈੱਸ ਕਰਨ ਵਿੱਚ ਮਦਦ ਕਰਨ ਦੇ ਨਾਲ਼-ਨਾਲ਼ ਡੰਗਰ-ਵੱਛੇ ਨੂੰ ਸੰਭਾਲਣਾ ਘਰ ਦਾ ਕੰਮ ਬਹੁਤ ਜ਼ਿਆਦਾ ਹੋ ਜਾਂਦਾ ਹੈ। ਬੁੱਧ ਰਾਮ ਚਾਲੀ ਕੁ ਸਾਲ ਦਾ ਅਤੇ ਕਰਮੋ ਛੱਤੀ ਕੁ ਸਾਲ ਦੀ ਦਿਖਾਈ ਗਈ ਹੈ, ਪਰ ਦੇਖਣ ਪੱਖੋਂ ਪੱਚੀ ਸਾਲਾਂ ਦੀ ਜਾਪਦੀ ਹੈ। ਜਿਸ ਕਰਕੇ ਪਿੰਡ ਦੀਆਂ ਹਮ-ਉਮਰ ਔਰਤਾਂ ਉਸ ਨੂੰ ਛੇੜਦੀਆਂ ਹਨ ਕਿ ਉਹ ਕਿਸ ਚੱਕੀ ਦਾ ਆਟਾ ਖਾਂਦੀ ਹੈ।



ਪਾਖਰ ਸਿੰਘ ਦੇ ਮੁੰਡੇ ਹਰਭਾਗ ਦੇ ਦਿਮਾਗ ਦੇ ਅਪ੍ਰੇਸ਼ਨ ਸਮੇਂ ਮਲਕੀਤ ਕੌਰ ਨਰਸ ਦੀ ਡਿਊਟੀ ਬਤੌਰ ਦੇਖ-ਭਾਲ ਲੱਗਦੀ ਹੈ, ਪਰ ਉਹ ਇੰਨੇ ਚੰਗੇ ਢੰਗ ਨਾਲ਼ ਦੇਖ-ਭਾਲ ਕਰਦੀ ਹੈ ਕਿ ਹਰਭਾਗ ਉਸ ਨੂੰ ਆਪਣੀ ਭੈਣ ਮੰਨਣ ਲੱਗ ਪੈਂਦਾ ਹੈ ਅਤੇ ਮਲਕੀਤ ਕੌਰ ਦਾ ਕੋਈ ਭਰਾ ਨਹੀਂ ਹੁੰਦਾ। ਇੱਥੋਂ ਹਰਭਾਗ ਨੂੰ ਛੁੱਟੀ ਮਿਲਣ ਉਪਰੰਤ ਡੋਗਰ ਖਾਂ ਜੋ ਮਰਾਸੀ ਹੈ ਅਤੇ ਜਿਸ ਦੀ ਨੂੰਹ ਪ੍ਰਵੀਜ਼ ਖਾਂ ਐੱਮ ਐੱਸ ਸੀ ਮੈਥ ਹੈ, ਹਰਜਾਪ ਨੂੰ ਘਰ ਪੜ੍ਹਾਉਣ ਆਉਂਦੀ ਹੈ। ਕਰਮੋ ਨੂੰ ਉਸ ਦੇ ਘਰ ਵਾਲਿਆਂ ਨੇ ਨਹੀਂ ਪੜ੍ਹਾਇਆ। ਨਾਵਲ ਵਿੱਚ ਨਵੀਂ ਪੀੜ੍ਹੀ ਵੱਲੋਂ ਪੁਰਾਣੇ ਸਮੇਂ ਔਰਤ ਨੂੰ ਨਾ ਪੜ੍ਹਾਉਣ ਬਾਰੇ ਚਿੰਤਾ ਵਿਅਕਤ ਕੀਤੀ ਹੈ।

ਇੱਕ ਦਿਨ ਕਿਸੇ ਅਣਜਾਣ ਬੰਦੇ ਦਾ ਕਰਮੋ ਹੁਰਾਂ ਦੀ ਗੈਰਹਾਜ਼ਰੀ ਵਿੱਚ ਉਹਨਾਂ ਦੇ ਘਰ ਆਉਣਾ ਇਕ ਰਹੱਸ ਹੀ ਬਣਿਆ ਰਿਹਾ ਹੈ। ਜੈਲਦਾਰਨੀ ਦੀ ਆਕੜ ਉਸ ਦੀ ਬੋਲੀ ਤੋਂ ਪਤਾ ਲੱਗਦਾ ਹੈ ਜਦੋਂ ਉਹ ਕਰਮੋ ਨੂੰ ਆਪਣੀ ਧੀ ਨੂੰ ਮੰਜਾ ਬੁਣਨਾ ਸਿਖਾਉਣ ਲਈ ਕਹਿੰਦੀ ਹੈ ਕਿ ਤੁਹਾਡਾ ਦਿਮਾਗ ਖਰਾਬ ਹੋ ਗਿਆ ਹੈ। ਮੇਰੀ ਧੀ ਕੋਈ ਕੰਮੀ ਕਮੀਣਾ ਦੀ ਧੀ ਨਹੀਂ। ਕਰਮੋ ਦੀ ਧੀ ਬੇਅੰਤ ਕੌਰ ਪੜ੍ਹਦੀ-ਪੜ੍ਹਦੀ ਐੱਮ.ਏ ਸੰਗੀਤ ਕਰਨ ਲੱਗ ਜਾਂਦੀ ਹੈ, ਜਿੱਥੇ ਉਸ ਦੇ ਪ੍ਰੋਫੈਸਰ ਡਾਕਟਰ ਸਨਾਵਰ ਸਿੰਘ ਨਾਲ਼ ਪ੍ਰੇਮ ਹੋ ਜਾਂਦਾ ਹੈ, ਜਿਹੜਾ ਆਪ ਵੀ ਇੱਕ ਲੱਤ ਨਾ ਹੋਣ ਕਰਕੇ ਅਪਾਹਜ ਹੈ। ਬੇਅੰਤ ਦੀਆਂ ਅੱਖਾਂ ਦੇ ਅਪ੍ਰੇਸ਼ਨ ਹੋਣ ਬਾਅਦ ਉਹ ਪਹਿਲੀ ਵਾਰ ਦੇਖਣਯੋਗ ਹੋ ਜਾਂਦੀ ਹੈ ਅਤੇ ਸਿਰਫ ਡਾਕਟਰ ਸਨਾਵਰ ਨੂੰ ਹੀ ਦੇਖਣ ਦੀ ਤਮੰਨਾ ਰੱਖਦੀ ਹੈ।

ਉਧਰ ਹਰਭਾਗ ਨੂੰ ਪੜ੍ਹਾਉਣ ਲਈ ਉਸ ਦੇ ਮਾਮੇ ਗੁਰਨਾਮ ਸਿੰਘ ਦੀ ਨੂੰਹ ਨਿਰਲੇਪ ਕੌਰ ਆਪਣੇ ਨਾਲ਼ ਤਾਂ ਲੈ ਜਾਂਦੀ ਹੈ, ਪਰ ਫਿਰ ਉਸ ਨੂੰ ਵਾਪਸ ਆਪਣੇ ਘਰ ਮਾਪਿਆਂ ਕੋਲ ਭੇਜਣ ਦਾ ਬਹਾਨਾ ਲੱਭ ਕੇ ਅਤੇ ਆਪਣੀ ਅਜ਼ਾਦੀ ਵਿੱਚ ਰੋੜਾ ਸਮਝ ਕੇ ਵਾਪਸ ਭੇਜ ਦਿੰਦੀ ਹੈ। ਨਿਰਲੇਪ ਕੌਰ ਅਤੇ ਪ੍ਰਵੀਜ਼ ਖਾਂ ਇਕੋ ਹੀ ਕਾਲਜ ਵਿੱਚ ਪੜ੍ਹਾਉਣ ਲੱਗ ਪੈਂਦੀਆਂ ਹਨ, ਪਰ 1947 ਦੀ ਵੰਡ ਬਾਰੇ ਆਪਣੇ ਦਾਦੇ ਤੋਂ ਜਾਣ ਕੇ ਮੁਸਲਮਾਨ ਫਿਰਕੇ ਨਾਲ਼ ਨਫਰਤ ਕਰਦੀ ਹੈ। ਉਧਰ ਨਿਰਲੇਪ ਕੌਰ ਦਾ ਘਰ ਵਾਲਾ ਅਤੇ ਗੁਰਨਾਮ ਸਿੰਘ ਦਾ ਲੜਕਾ ਬਹਾਲ ਸਿੰਘ ਐੱਫ ਸੀ ਆਈ ਵਿੱਚ ਭਰਤੀ ਹੋਣ ਕਰਕੇ ਘਪਲੇ ਅਤੇ ਬਲਾਤਕਾਰ ਦੇ ਕੇਸ ਵਿੱਚ ਜੇਲ੍ਹ ਚਲਾ ਜਾਂਦਾ ਹੈ। ਉਹ ਨਸ਼ੇੜੀ ਬਣ ਜਾਂਦਾ ਹੈ, ਪਰ ਨਾਲ਼ ਹੀ ਸਹਿ ਕਰਮਚਾਰਨ ਕਿਰਨ ਵਿਰਦੀ ਜਿਸ ਦਾ ਪਤੀ ਅਜੀਤ ਸਿੰਘ ਵਿਰਦੀ ਜੋ ਵੱਡਾ ਵਕੀਲ ਹੈ ਰਾਹੀਂ ਉਸ ਨੂੰ ਛੁਡਾਉਣ ਦੀ ਕੋਸ਼ਿਸ਼ ਵਿੱਚ ਹੈ। ਬਹਾਲ ਸਿੰਘ ਦੀ ਜੇਲ੍ਹ ਅੰਦਰ ਮੌਤ ਹੋ ਜਾਂਦੀ ਹੈ।

ਨਾਵਲ ਵਿੱਚ ਬੇਅੰਤ ਕੌਰ ਦਾ ਵਿਆਹ ਡਾਕਟਰ ਸਨਾਵਰ ਸਿੰਘ ਨਾਲ਼ ਦਿਖਾਇਆ ਹੈ, ਜਿਹੜੇ ਕਾਲਜ ਵਿੱਚ ਗੁਰੂ ਚੇਲੇ ਦੇ ਤੌਰ 'ਤੇ ਵਿਚਰਦੇ ਹਨ। ਨਾਵਲ ਵਿੱਚ ਲੇਖਕ ਨੇ ਬਹੁਤ ਕੁਝ ਉਲਟ-ਪੁਲਟ ਕੀਤਾ ਹੈ, ਜਿਵੇਂ ਇੱਕ ਥਾਂ ਕਰਮੋ ਕਹਿੰਦੀ ਹੈ ਕਿ ਰੈਤਾ ਅੰਬੀ ਦੇ ਬੂਟੇ ਨਾਲ਼ ਲਟਕ ਰਿਹਾ ਹੈ। ਨਛੱਤਰ ਕੌਰ ਵੱਲੋਂ ਪ੍ਰਵੀਜ਼ ਨੂੰ ਦਸ ਰੁਪਏ ਅਤੇ ਸਰਪੰਚ ਵੱਲੋਂ ਹਰਭਾਗ ਨੂੰ ਸੌ ਰੁਪਏ ਸ਼ਗਨ ਦਿੰਦਾ ਹੈ। ਨਾਵਲ ਵਿੱਚ ਵਕੀਲ ਦਾ ਨਾਂਅ ਕਿਤੇ ਅਜੀਤ ਸਿੰਘ ਵਿਰਦੀ ਲਿਖਿਆ ਹੈ, ਕਿਤੇ ਅਜੀਤ ਸਿੰਘ ਬੇਦੀ। ਨਾਵਲ ਵਿੱਚ ਇਕ ਹੋਰ ਕਹਾਣੀ ਉਤਪੰਨ ਹੁੰਦੀ ਹੈ ਕਿ ਕਾਲਜ ਹੋਸਟਲ ਵਿੱਚ ਵਾਰਡਨ ਜਰਨੈਲ ਕੌਰ ਦਾ ਪਹਿਲਾਂ ਵਿਆਹ ਬੁੱਧ ਰਾਮ ਨਾਲ਼ ਹੋਣਾ ਸੀ, ਪਰ ਬੁੱਧ ਰਾਮ ਦੀ ਮਾਂ ਨੇ ਮਨ੍ਹਾ ਕਰ ਦਿੱਤਾ ਸੀ। ਇੱਕ ਪਾਸੇ ਨਾਵਲ ਵਿੱਚ ਦਰਜ ਹੈ ਕਿ ਬਹਾਲ ਸਿੰਘ ਨੇ ਸਾਥੀਆਂ ਨਾਲ਼ ਮਿਲ ਕੇ ਕਿਸੇ ਔਰਤ ਨਾਲ਼ ਬਲਾਤਕਾਰ ਕੀਤਾ ਅਤੇ ਗਲ ਘੁੱਟ ਕੇ ਮਾਰ ਕੇ ਨਹਿਰ ਵਿੱਚ ਸੁੱਟ ਦਿੱਤਾ ਹੈ, ਦੂਜੇ ਪਾਸੇ ਵਕੀਲ ਅਜੀਤ ਸਿੰਘ ਵਿਰਦੀ ਕਹਿੰਦਾ ਹੈ ਕਿ ਦੋ ਵਕੀਲਾਂ ਨੂੰ ਨਾਲ਼ ਲੈ ਕੇ ਬਲਾਤਕਾਰ ਦਾ ਸ਼ਿਕਾਰ ਹੋਈ ਔਰਤ ਕੋਲ ਗਿਆ ਸੀ। ਇਸੇ ਤਰ੍ਹਾਂ ਸੈਕਟਰ ਬੱਤੀ ਦੇ ਹਸਪਤਾਲ ਵਿੱਚ ਜਿਸ ਐਕਸੀਡੈਂਟ ਵਾਲੇ ਮਰੀਜ਼ ਦੀਆਂ ਅੱਖਾਂ ਕੱਢ ਕੇ ਬੇਅੰਤ ਨੂੰ ਪਾਈਆਂ ਗਈਆਂ, ਉਹ ਕੌਣ ਸੀ? ਸਪੱਸ਼ਟ ਨਹੀਂ ਹੈ।

ਜਦੋਂ ਕੋਈ ਲਿਖਤ ਆਪਣੀ ਭਾਸ਼ਾ ਲਿੱਪੀ ਜਾਂ ਬੋਲੀ ਵਿੱਚ ਲਿਖੀ ਹੋਵੇ ਤਾਂ ਪਾਠਕਾਂ ਦੀ ਸਮਝ ਵਿੱਚ ਆ ਜਾਂਦੀ ਹੈ। ਇਸ ਨਾਵਲ ਵਿੱਚੋਂ ਬੇਲੋੜਾ ਵਿਸਥਾਰ ਘਟਾਇਆ ਜਾ ਸਕਦਾ ਸੀ। ਨਾਵਲ ਵਿੱਚ ਮੁਹਾਵਰਿਆਂ ਦੀ ਵਰਤੋਂ ਨੇ ਨਾਵਲ ਦੀ ਦਿਲਚਸਪੀ ਵਧਾਈ ਹੈ। ਨਾਵਲ ਵਿੱਚ ਦਰਦ, ਹਮਦਰਦੀ ਵੀ ਹੈ ਅਤੇ ਇੱਕ-ਦੂਜੇ ਦਾ ਸਹਿਯੋਗ ਕਰਨ ਦੀ ਪ੍ਰਵਿਰਤੀ ਵੀ ਹੈ।

# ਸੱਜਰਾ ਸਾਹਿਤ

## ਦੋ ਦੂਣੀ ਚਾਰ

(ਬਾਲ ਕਵਿਤਾਵਾਂ)
**ਅਮਰੀਕ ਸਿੰਘ ਢੀਂਡਸਾ**
**ਸਫੇ : 48, ਮੁੱਲ : 100 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਢੀਂਡਸਾ ਦੀ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਦਾ ਵਸਤੂ ਜਗਤ ਵੰਨ-ਸੁਵੰਨਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਪ੍ਰਕਿਰਤੀ ਦੇ ਸੁੰਦਰ ਨਜ਼ਾਰੇ ਦਿਖਾਈ ਦਿੰਦੇ ਹਨ, ਜਿਨ੍ਹਾਂ ਵਿੱਚ ਭਾਂਤ-ਭਾਂਤ ਦੇ ਨਿੱਕੇ ਵੱਡੇ ਅਤੇ ਰੰਗ ਬਰੰਗੇ ਪੰਛੀ ਅਤੇ ਜਨੌਰ ਵਿਚਰਦੇ ਹਨ। ਅਮਰੀਕ ਸਿੰਘ ਢੀਂਡਸਾ ਨੇ ਬੱਚਿਆਂ ਦੀ ਸੋਚ ਨੂੰ ਆਧੁਨਿਕ ਯੁੱਗ ਦੀ ਹਾਣੀ ਬਣਾਉਣ ਵਾਸਤੇ ਵਿਗਿਆਨ ਦਾ ਸਹਾਰਾ ਲਿਆ ਹੈ ਤਾਂ ਜੋ ਬੱਚਿਆਂ ਵਿੱਚ ਤਰਕਮਈ ਸੋਚਣੀ ਪੈਦਾ ਹੋ ਸਕੇ।

**-ਬੈਕ ਕਵਰ ਤੋਂ**

## ਸ਼ਹੀਦ ਬਦਨ ਸਿੰਘ ਦਲੇਲ ਸਿੰਘ ਵਾਲਾ

(ਜੀਵਨੀ)
**ਸੰਪਾ. ਬਲਬੀਰ ਲੌਂਗੋਵਾਲ**
**ਸਫੇ : 54, ਮੁੱਲ : ਦਰਜ ਨਹੀਂ**
**ਮਾਲਵਾ ਇਤਿਹਾਸ ਖੋਜ ਸੈਂਟਰ, ਬਠਿੰਡਾ**



ਭਾਰਤੀ ਆਜ਼ਾਦੀ ਸੰਗਰਾਮ ਵਿੱਚ ਗ਼ਦਰ ਪਾਰਟੀ ਦਾ ਲਾਸਾਨੀ ਯੋਗਦਾਨ ਹੈ। ਗ਼ਦਰ ਪਾਰਟੀ ਦੇ ਆਗੂਆਂ, ਕਾਰਕੁੰਨਾਂ ਨੇ ਵਿਦੇਸ਼ੀ ਧਰਤੀ ਤੋਂ ਦੇਸੀ ਗੁਲਾਮੀ ਦੇ ਖਿਲਾਫ਼, ਭਾਰਤ ਵਿੱਚੋਂ ਬਰਤਾਨਵੀ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ, ਜ਼ਬਰਦਸਤ ਵਿਰੋਧ ਪ੍ਰਚਾਰ ਵਿੱਢਿਆ। ਸ਼ਹੀਦ ਬਦਨ ਸਿੰਘ ਦਲੇਲ ਸਿੰਘ ਵਾਲਾ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਕੈਨੇਡਾ ਦੇ ਅੰਦਰ ਅੰਗਰੇਜ਼ਾਂ ਦੀਆਂ ਹੋਰ ਮੁਲਕਾਂ ਨੂੰ ਗੁਲਾਮ ਬਣਾ ਕੇ ਲੁੱਟਣ ਦੀਆਂ ਨੀਤੀਆਂ ਖਿਲਾਫ਼ ਹਮੇਸ਼ਾ ਸਰਗਰਮ ਰਹੇ। ਸ਼ਹੀਦ ਬਦਨ ਸਿੰਘ ਨੇ ਵੈਨਕੂਵਰ (ਕੈਨੇਡਾ) ਵਿੱਚ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲੈਂਦਿਆਂ ਆਪਣੀ ਛਾਤੀ 'ਤੇ ਰਿਵਾਲਵਰ ਦੀਆਂ ਗੋਲੀਆਂ ਦੀ ਬੁਛਾੜ ਝੱਲਦਿਆਂ ਅੰਗਰੇਜ਼ ਸਾਮਰਾਜ ਦੇ ਭਾਰਤੀ ਝੋਲੀਚੁਕ ਬੇਲਾ ਸਿੰਘ ਹੱਥੋਂ ਸ਼ਹਾਦਤ ਪ੍ਰਾਪਤ ਕੀਤੀ। ਉਹ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਸ਼ਹਾਦਤ ਪ੍ਰਾਪਤ ਕਰਕੇ ਸੁਨਹਿਰੀ ਅੱਖਰਾਂ ਵਿੱਚ ਆਪਣਾ ਨਾਂਅ ਅੰਕਿਤ ਕਰ ਗਏ।

**- ਸੰਪਾਦਕ ਵੱਲੋਂ**

## ਅੰਬੇਡਕਰ ਅਤੇ ਹਿੰਦੂਤਵ ਰਾਜਨੀਤੀ

**ਰਾਮ ਪੁਨਿਆਨੀ**
**ਅਨੁ. ਕੇ ਐੱਸ ਅਜ਼ਾਦ**
**ਸਫੇ : 63, ਮੁੱਲ : 100 ਰੁਪਏ**
**ਵ੍ਹਾਈਟ ਕਰੋਅ ਪਬਲੀਸ਼ਰਜ਼, ਮੋਹਾਲੀ**



ਇਹ ਕਿਤਾਬ ਅੰਬੇਡਕਰ ਦੀਆਂ ਕਦਰਾਂ-ਕੀਮਤਾਂ ਅਤੇ ਵਿਚਾਰਧਾਰਾ ਨੂੰ ਇਕ ਅਜਿਹੇ ਸਮੇਂ ਵਿੱਚ ਪੇਸ਼ ਕਰਨ ਦਾ ਯਤਨ ਹੈ, ਜਦੋਂ ਕਈ ਸਿਆਸੀ ਤਾਕਤਾਂ ਉਨ੍ਹਾਂ ਦੀ ਵਿਰਾਸਤ 'ਤੇ ਕਾਬਜ਼ ਹੋਣ ਲਈ ਸੰਘਰਸ਼ ਕਰ ਰਹੀਆਂ ਹਨ। ਪਿਛਲੇ ਕੁਝ ਸਮੇਂ ਤੋਂ ਬਹੁਤੀਆਂ ਰਾਜਨੀਤਕ ਧਿਰਾਂ ਦਾ ਅੰਬੇਡਕਰ ਪ੍ਰਤੀ ਪਿਆਰ ਅਚਾਨਕ ਉੱਭਰਿਆ ਹੈ। ਇਨ੍ਹਾਂ ਵਿੱਚੋਂ ਅੰਬੇਡਕਰ ਵਿਚਾਰਧਾਰਾ ਦੀ ਸਭ ਤੋਂ ਵੱਡੀ ਦੁਸ਼ਮਣ ਸਿਆਸੀ ਧਿਰ ਸੰਘ ਪਰਵਾਰ ਆਰ ਐੱਸ ਐੱਸ ਹੈ, ਜਿਸ ਦਾ ਜਾਲ ਸਮਾਜ ਦੇ ਹਰ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਸੋਸ਼ਲ ਮੀਡੀਆ 'ਤੇ ਵੀ ਉਸ ਦੀ ਡੂੰਘੀ ਪਕੜ ਹੈ। ਇਸ ਕਰਕੇ ਹੀ ਉਹ ਇੱਕ ਝੂਠ ਨੂੰ ਵਾਰ-ਵਾਰ ਬੋਲ ਕੇ ਸੱਚ ਦੀ ਰੰਗਤ ਦੇਣ ਵਿੱਚ ਕਾਮਯਾਬ ਹੋ ਜਾਂਦੀ ਹੈ। ਸੰਘ ਦਾ ਕੋਈ ਨਾ ਕੋਈ ਕਾਰਕੁੰਨ ਵੱਖ-ਵੱਖ ਸਮੇਂ ਦਾਅਵੇ ਕਰਦਾ ਰਹਿੰਦਾ ਹੈ ਕਿ ਅੰਬੇਡਕਰ ਅਤੇ ਸੰਘ ਦੀਆਂ ਵਿਚਾਰਧਾਰਾਵਾਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਸਨ, ਉਹ ਆਰ ਐੱਸ ਐੱਸ ਦੇ ਸੰਸਥਾਪਕ ਹੈਡਗੇਵਾਰ ਦੇ ਨੇੜੇ ਸਨ ਅਤੇ ਹਿੰਦੂ ਸੰਸਕ੍ਰਿਤੀ ਦੇ ਸਮਰਥਕ ਵੀ ਸਨ। ਅਜਿਹੇ ਸਫੇਦ ਝੂਠਾਂ ਨੂੰ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ।

**-ਭੂਮਿਕਾ 'ਚੋਂ**

# ਪੁਸਤਕ ਰੀਵਿਊ

## ਦਹਿਸ਼ਤ ਦੇ ਪਰਛਾਵੇਂ

(ਕਹਾਣੀ ਸੰਗ੍ਰਹਿ)
**ਜਗਤਾਰ ਸਿੰਘ ਭੁੱਲਰ**
**ਮੁੱਲ : 150 ਰੁਪਏ, ਪੰਨੇ : 104 ਪੇਪਰ ਬੈਕ**
**ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**

ਜਗਤਾਰ ਸਿੰਘ ਭੁੱਲਰ ਦੁਆਰਾ ਰਚਿਤ ਪਲੇਠਾ ਕਥਾ ਸੰਗ੍ਰਹਿ 'ਦਹਿਸ਼ਤ ਦੇ ਪਰਛਾਵੇਂ' ਕਾਲੇ ਦੌਰ ਦੇ ਭਿਆਨਕ ਤੇ ਦਿਲ-ਕੰਬਾਊ ਦ੍ਰਿਸ਼ਾਂ ਨੂੰ ਵਾਸਤਵਿਕਤਾ ਸਹਿਤ ਪੇਸ਼ ਕਰਦਾ ਹੈ। ਉਹ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਦਹਿਸ਼ਤੀ ਸਮੇਂ ਦੀ ਪੇਸ਼ਕਾਰੀ, ਪੂੰਜੀਵਾਦੀ ਯੁੱਗ ਵਿਚ ਮਨੁੱਖ ਦੇ ਵਧੇਰੇ ਲਾਲਚੀ ਹੋਣ, ਦਲਿਤ ਔਰਤ ਦੀ ਦਾਸਤਾਨ, ਨਵੇਂ ਤੇ ਅਤਿ-ਸੰਵੇਦਨਸ਼ੀਲ ਵਿਸ਼ਿਆਂ ਨੂੰ ਬੜੀ ਸੁਹਿਰਦਤਾ ਨਾਲ ਨਿਭਾਉਂਦਾ ਹੈ।

ਕਹਾਣੀ 'ਦਹਿਸ਼ਤ ਦੇ ਪਰਛਾਵੇਂ' ਵਿਚ ਪੁਲਸ ਝੂਠੇ ਮੁਕਾਬਲਿਆਂ ਦੁਆਰਾ ਬੇਕਸੂਰ ਤੇ ਬੇਗੁਨਾਹ ਲੋਕਾਂ ਦਾ ਕਤਲੇਆਮ ਕਰਦੀ ਹੈ। ਜਾਗਰ ਸਿਉਂ ਵਰਗੇ ਲਾਲਚੀ ਬੰਦੇ ਦੂਸਰਿਆਂ ਦੀ ਜ਼ਮੀਨ ਹੜੱਪਣ ਲਈ ਮਲਾਗਰ ਵਰਗੇ ਸਾਊ ਬੰਦੇ ਦਾ ਕਤਲ ਕਰਵਾਉਂਦੇ ਹਨ। ਕਹਾਣੀ ਉਸ ਸਮੇਂ ਨਵਾਂ ਮੋੜ ਕੱਟਦੀ ਹੈ, ਜਦੋਂ ਜਾਗਰ ਦੀ ਧੀ ਸੀਦਾਂ ਮਲਾਗਰ ਦੇ ਪੁੱਤਰ ਚਿੰਟੇ ਨਾਲ ਭੱਜ ਕੇ ਵਿਆਹ ਕਰਵਾਉਂਦੀ ਹੈ। ਇਸ ਦਹਿਸ਼ਤਗਰਦੀ ਵਾਲੇ ਮਾਹੌਲ ਵਿਚ ਔਰਤ 'ਤੇ ਵਧੇਰੇ ਤਸ਼ੱਦਦ ਹੁੰਦਾ ਹੈ, ਉਹ ਭਾਵੇਂ ਮਲਾਗਰ ਦੀ ਪਤਨੀ ਧੰਨੋ ਜਾਂ ਫਿਰ ਜਾਗਰ ਦੀ ਸੀਦਾਂ ਹੋਵੇ।

ਕਹਾਣੀ 'ਨਾਨੀ ਦੀ ਟਕੋਰੀ' ਵੀ ਕਾਲੇ ਦੌਰ ਦੇ ਭਿਆਨਕ ਵਾਤਾਵਰਨ ਨੂੰ ਦਰਸਾਉਂਦੀ ਹੈ। ਮੈਂ ਪਾਤਰ ਨਾਨਕਿਆਂ ਤੋਂ ਪਿੰਡ ਵਾਪਿਸ ਪਰਤਦੇ ਸਮੇਂ ਬੱਸ ਵਿਚ ਸਵਾਰ ਦੋ ਨੌਜਵਾਨ ਉਸ ਦੀ ਨਾਨੀ ਦੁਆਰਾ ਭੇਜੀ ਗਈ ਟੋਕਰੀ ਵਿਚ ਆਪਣਾ ਸਮਾਨ ਰੱਖ ਕੇ ਉਸ ਦੇ ਪਰਵਾਰ ਲਈ ਵੱਡਾ ਖ਼ਤਰਾ ਪੈਦਾ ਕਰਦੇ ਹਨ, ਪਰੰਤੂ ਸਾਰਾ ਪਰਵਾਰ ਉਸ ਸਮੇਂ ਸੁਰਖ਼ਰੂ ਹੁੰਦਾ ਹੈ, ਜਦੋਂ ਪੁਲਸ ਮੁਕਾਬਲੇ ਵਿਚ ਦੋ ਨੌਜਵਾਨਾਂ ਦੇ ਕਤਲ ਬਾਰੇ ਪਤਾ ਚਲਦਾ ਹੈ। ਕਹਾਣੀ 'ਕਾਤਲ ਰੁੱਖ' ਦੁਆਰਾ ਕਥਾਕਾਰ ਦਿੱਲੀ ਦੰਗਿਆਂ ਸਮੇਂ ਜੈਲੇ ਦੇ ਕਤਲ ਹੋਏ ਪਰਵਾਰ ਦੀ ਦਰਦਨਾਕ ਸਥਿਤੀ ਨੂੰ ਚਿਤਰਦਾ ਹੈ। ਉਹ ਪਰਵਾਰਕ ਵਿਛੋੜੇ ਦਾ ਦੁਖਾਂਤ ਨਾ ਸਹਾਰਦਾ ਹੋਇਆ ਨੀਮ ਪਾਗਲਪਣ ਦੀ ਅਵਸਥਾ ਵਿਚ ਪਹੁੰਚਦਾ ਹੈ। ਰਚਨਾਕਾਰ ਮੈਂ ਪਾਤਰ ਦੇ ਮਾਧਿਅਮ ਰਾਹੀਂ ਜੈਲੇ ਨਾਲ ਬੱਚੇ ਦੀ ਦੋਸਤੀ ਕਰਵਾਉਂਦਾ ਹੈ, ਜਿਹੜਾ ਉਸ ਦੀ ਮਾਨਸਿਕਤਾ ਨੂੰ ਤਬਦੀਲ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ। ਕਹਾਣੀ 'ਅਧੂਰੇ ਚਾਅ' ਰਾਹੀਂ ਕਥਾਕਾਰ ਸਮਕਾਲੀ ਪੰਜਾਬ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਪੰਜਾਬੀ ਲੋਕਾਂ ਦਾ ਵਿਦੇਸ਼ੀ ਲਾੜਿਆਂ ਨਾਲ ਰਿਸ਼ਤੇ ਕਰਨ ਸਮੇਂ ਬਹੁਤੀ ਪੁੱਛ-ਪੜਤਾਲ ਨਾ ਕਰਨਾ, ਜਿਸ ਤਹਿਤ ਨੰਬਰਦਾਰ ਆਪਣੀ ਸਰਕਾਰੀ ਅਧਿਆਪਕਾ ਧੀ ਦਾ ਰਿਸ਼ਤਾ ਕੈਨੇਡਾ ਦੇ ਚਾਅ ਤੇ ਆਪਣੇ ਦੋਵਾਂ ਪੁੱਤਰਾਂ ਨੂੰ ਵਿਦੇਸ਼ ਭੇਜਣ ਦੀ ਲਾਲਸਾ ਹਿੱਤ ਕਰਦਾ ਹੈ, ਜਿਹੜਾ ਕਿ ਪਰਵਾਰ ਲਈ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਕਹਾਣੀ 'ਪੌਂਡਾਂ ਦੀ ਚਮਕ' ਵਧੇਰੇ ਪੂੰਜੀ ਦੀ ਲਾਲਸਾ ਹਿੱਤ ਤਬਾਹ ਹੋਏ ਪਰਵਾਰ ਦੀ ਦਾਸਤਾਨ ਨੂੰ ਬਿਆਨ ਕਰਦੀ ਹੈ। ਪੱਚੀ ਕਿੱਲਿਆਂ ਦਾ ਮਾਲਕ ਹਰਦੇਵ ਵਧੇਰੇ ਧਨ ਦੀ ਲਾਲਸਾ ਹਿੱਤ ਇੰਗਲੈਂਡ ਪਹੁੰਚ ਅੰਗਰੇਜ਼ ਔਰਤ ਨਾਲ ਦੂਸਰਾ ਵਿਆਹ ਕਰਵਾਉਂਦਾ ਹੈ। ਦੂਸਰੇ ਪਾਸੇ ਪੰਜਾਬ ਵਿਚ ਬਜ਼ੁਰਗ ਮਾਪਿਆਂ ਦੀ ਮੌਤ, ਪਤਨੀ ਦਾ ਬਿਮਾਰ ਹੋਣਾ, ਧੀ ਦਾ ਸ਼ਾਮ ਭਈਏ ਨਾਲ ਵਿਆਹ ਕਰਵਾਉਣਾ, ਵੱਡੇ ਪੁੱਤਰ ਦਾ ਨਸ਼ੇੜੀ ਨਿਕਲਣਾ ਅਤੇ ਛੋਟੇ ਦਾ ਘਰੋਂ ਭੱਜਣਾ ਆਦਿ ਵਰਤਾਰਿਆਂ ਨੂੰ ਕਥਾਕਾਰ ਵਿਅੰਗਾਤਮਿਕ ਰੂਪ ਵਿਚ ਪ੍ਰਗਟਾਉਂਦਾ ਹੈ।

ਕਹਾਣੀ 'ਗੁਲਾਬੋ' ਰਾਹੀਂ ਕਥਾਕਾਰ ਦਲਿਤ ਔਰਤ ਦੇ ਦਰਦ ਨੂੰ ਬਿਆਨ ਕਰਦਾ ਹੈ, ਜਿਹੜੀ ਸਾਰੀ ਉਮਰ ਦੁੱਖਾਂ, ਦਰਦਾਂ, ਆਰਥਕ ਥੁੜ੍ਹਾਂ ਤੇ ਪਰਵਾਰਕ ਜ਼ਿੰਮੇਵਾਰੀਆਂ ਨਾਲ ਸੰਘਰਸ਼ ਕਰਦੀ ਹੈ। ਜਵਾਨੀ ਸਮੇਂ ਪਤੀ ਦੀ ਨਸ਼ਿਆਂ ਕਾਰਨ ਮੌਤ ਹੋਣ ਉਪਰੰਤ ਵਿਧਵਾ ਦਾ ਸੰਤਾਪ, ਬੁਢਾਪੇ ਵਿਚ ਪੁੱਤਰ ਦੇ ਵਿਛੋੜੇ ਤੇ ਨੂੰਹ ਦੇ ਘਰੋਂ ਜਾਣ ਦਾ ਦੁਖਾਂਤ ਉਸ ਨੂੰ ਅਸਹਿ ਦਰਦ ਦਿੰਦੇ ਹਨ। ਕਹਾਣੀ 'ਸੁੱਚੀ ਸਾਂਝ' ਰਾਹੀਂ ਕਥਾਕਾਰ ਨਿਵੇਕਲੇ ਵਿਸ਼ੇ ਨੂੰ ਸਨਮੁਖ ਕਰਦਾ ਹੈ। ਪਾਤਰ ਪਰੀ, ਜਿਹੜੀ ਕਿ ਖੁਸਰਾ ਹੈ ਅਤੇ ਸਾਗਰ ਦੋਵੇਂ ਇਕ-ਦੂਸਰੇ ਨੂੰ ਸੱਚਾ ਪਿਆਰ ਕਰਦੇ ਹਨ, ਜਿਸ ਉਪਰੰਤ ਉਹ ਕੋਰਟ ਮੈਰਿਜ ਕਰਵਾ ਕੇ ਇਕ ਬੱਚੀ ਵੀ ਗੋਦ ਲੈਂਦੇ ਹਨ, ਜਿਸ ਦੀ ਕਲਪਨਾ ਕਰਨਾ ਬੜਾ ਕਠਿਨ ਵਰਤਾਰਾ ਹੈ। ਇਸ ਕਥਾ ਸੰਗ੍ਰਹਿ ਵਿਚ ਕੁੱਲ ਸੱਤ ਕਹਾਣੀਆਂ ਹਨ। ਕਥਾਕਾਰ ਵਿਸ਼ੇ ਤੇ ਨਿਭਾਅ ਅਨੁਸਾਰ ਮੁਹਾਵਰੇ, ਅਖਾਣਾਂ ਅਤੇ ਲੋਕ ਗੀਤਾਂ ਆਦਿ ਦੀ ਬਾਖੂਬੀ ਵਰਤੋਂ ਕਰਦਾ ਹੈ। ਸੋ, ਜਗਤਾਰ ਸਿੰਘ ਭੁੱਲਰ ਦੀ ਇਹ ਰਚਨਾ ਸਾਹਿਤ ਜਗਤ ਲਈ ਬੜੀ ਮੁੱਲਵਾਨ ਹੈ।

**— ਡਾ. ਕੁਲਵਿੰਦਰ ਸਿੰਘ**

## ਚਰਨ ਸਿੰਘ ਦਾ ਕਾਵਿ ਸੰਸਾਰ

**ਜੋਗਿੰਦਰ ਸਿੰਘ ਕੈਰੋਂ (ਡਾ.)**
**ਪੰਨੇ-108, ਮੁੱਲ-200 ਰੁਪਏ**
**ਬਸੰਤ ਸੁਹੇਲ ਪਬਲੀਕੇਸ਼ਨ, ਫਗਵਾੜਾ**

ਪ੍ਰਸਿੱਧ ਆਲੋਚਕ ਡਾ. ਜੋਗਿੰਦਰ ਸਿੰਘ ਕੈਰੋਂ ਨੇ ਪੁਸਤਕ ਵਿਚ ਵਿਦੇਸ਼ ਰਹਿੰਦੇ ਸ਼ਾਇਰ ਚਰਨ ਸਿੰਘ ਦੀਆਂ ਕਾਵਿ ਰਚਨਾਵਾਂ ਦਾ ਬਹੁਪੱਖੀ ਵਿਸ਼ਲੇਸ਼ਣ ਕੀਤਾ ਹੈ। ਮੁਢਲੇ ਸ਼ਬਦ ਵੀ ਡਾ. ਕੈਰੋਂ ਦੇ ਲਿਖੇ ਹਨ। ਵਿਦਵਾਨ ਆਲੋਚਕ ਨੇ ਲਿਖਿਆ ਹੈ ਕਿ ਮੈਨੂੰ ਕਵਿਤਾ ਦੀ ਬਹੁਤੀ ਸਮਝ ਨਹੀਂ ਹੈ, ਪਰ ਮੈਂ ਕਵਿਤਾ ਦਾ ਪਾਠਕ ਜ਼ਰੂਰ ਹਾਂ ।(ਕਿਉਂਕਿ ਆਮ ਕਿਹਾ ਜਾਣ ਲੱਗਾ ਹੈ ਕਿ ਪੰਜਾਬੀ ਕਵਿਤਾ ਦੇ ਪਾਠਕ ਘਟ ਰਹੇ ਹਨ) ਪੰਜਾਬੀ ਗਲਪ ਦੇ ਪਾਠਕ ਵਧ ਰਹੇ ਹਨ । ਚਰਨ ਸਿੰਘ ਦੀ ਕਵਿਤਾ ਖੁੱਲ੍ਹੀ ਹੈ । ਛੰਦ ਬੰਦੀ ਰਹਿਤ ਕਵਿਤਾ ਦੀਆਂ ਤੁਕਾਂ ਦੇ ਅਰਥ ਸਮਝਣੇ ਪਾਠਕ ਲਈ ਔਖੇ ਜ਼ਰੂਰ ਹਨ, ਪਰ ਇਹ ਮੁਸ਼ਕਲ ਡਾ. ਕੈਰੋਂ ਦੀ ਇਸ ਕਿਤਾਬ ਨੇ ਦੂਰ ਕਰ ਦਿੱਤੀ ਹੈ। ਆਲੋਚਕ ਅਨੁਸਾਰ ਚਰਨ ਸਿੰਘ ਨੇ ਪੌਣਾ ਸੈਂਕੜਾ ਦੇ ਕਰੀਬ ਕਿਤਾਬਾਂ ਲਿਖੀਆਂ ਹਨ ।ਭਾਵ 75 ਕੁ ਕਿਤਾਬਾਂ ਹਨ । ਉਹ ਪਿਛਲੇ 40 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ।

ਇਧਰ ਚਰਨ ਸਿੰਘ ਜ਼ਿਲ੍ਹਾ ਕਪੂਰਥਲਾ ਦੇ ਬੇਗੋਵਾਲ ਤੋਂ ਹੈ । ਲੰਮੇ ਸਮੇਂ ਤੋਂ ਕੈਨੇਡਾ ਵਿਚ ਰਹਿੰਦੇ ਹੋਣ ਕਰਕੇ ਉਸ ਦੀ ਕਵਿਤਾ ਵਿਚ ਪਰਵਾਸੀ ਪੰਜਾਬੀਆਂ ਦੇ ਜੀਵਨ ਦੇ ਦ੍ਰਿਸ਼ ਆਮ ਹਨ । ਕਵਿਤਾ ਵਿਚ ਆਮ ਬੰਦੇ ਦੀ ਮਸ਼ੀਨੀ ਜ਼ਿੰਦਗੀ, ਕਾਹਲਾਪਣ, ਮਨੁੱਖੀ ਮਾਨਸਿਕਤਾ ਦੇ ਵਿਭਿੰਨ ਰੂਪ ਹਨ । ਕਵਿਤਾ ਵਿਚ ਕਵੀ ਦਾ ਨਿੱਜ ਵੀ ਹੈ। ਕਵਿਤਾ ਨਿੱਜ ਤੋਂ ਪਰ ਦਾ ਸਫਰ ਤਹਿ ਕਰਦੀ ਹੈ । ਕਵੀ ਖੰਡ ਬ੍ਰਹਿਮੰਡ ਦੀ ਗੱਲ ਕਰਦਾ ਹੈ । ਵਿਗਿਆਨ ਦੇ ਕਈ ਪਹਿਲੂ ਕਵਿਤਾ ਵਿਚ ਹਨ । ਕਵੀ ਚਰਨ ਸਿੰਘ ਨੇ ਲੋਕ ਕਵੀ ਨੰਦ ਲਾਲ ਪੁਰੀ ਜਿਹੇ ਮਹਾਨ ਕਵੀਆਂ ਦੀ ਸੰਗਤ ਕੀਤੀ ਹੈ ।

ਪੁਸਤਕ ਦੇ ਸੌ ਪੰਨੇ (8—108) ਕਵਿਤਾ ਦੀ ਆਲੋਚਨਾ ਤੇ ਹਨ ।ਵਿਦਵਾਨ ਆਲੋਚਕ ਨੇ ਚਰਨ ਸਿੰਘ ਦੀਆਂ ਨੌਂ ਕਿਤਾਬਾਂ ਦੀਆਂ ਕਵਿਤਾਵਾਂ 'ਤੇ ਗੰਭੀਰ ਆਲੋਚਨਾ ਕੀਤੀ ਹੈ । ਆਲੋਚਕ ਦੀ ਸ਼ਬਦਾਵਲੀ ਉੱਚ ਪੱਧਰ ਦੀ ਹੈ । 83 ਕੁ ਕਵਿਤਾਵਾਂ ਦੇ ਕਰੀਬ ਰਚਨਾਵਾਂ ਨੂੰ ਵਿਸ਼ਲੇਸ਼ਤ ਕੀਤਾ ਹੈ। ਕਵੀ ਚਰਨ ਸਿੰਘ ਦੀ ਇਕ ਕਵਿਤਾ 250 ਪੰਨਿਆਂ ਤੱਕ ਦੀ ਹੈ (ਆਪੇ ਬੋਲ ਸ੍ਰੋਤ) । ਉਹ ਕਵਿਤਾਵਾਂ ਵਿਚ ਪੰਜਾਬ ਦੇ ਪਿੰਡਾਂ ਦੀ ਤਸਵੀਰ ਵਿਖਾਉਂਦਾ ਹੈ। ਪਿੰਡਾਂ ਦੇ ਕੱਚੇ ਕੋਠੇ ਲਿੱਪੇ ਬਨੇਰੇ, ਘੁੱਗੀਆਂ, ਕਾਵਾਂ, ਤੋਤੇ, ਬਟੇਰੇ ਆਦਿ ਪੰਛੀ ਉਸ ਦੀ ਕਵਿਤਾ ਵਿਚ ਹਨ । ਉਹ ਕੁਦਰਤੀ ਰੰਗਾਂ ਦੀ ਕਵਿਤਾ ਸਿਰਜਦਾ ਹੈ । ਇਕ ਕਵਿਤਾ ਦੇ ਬੋਲ ਹਨ

'ਲੋਕਾਂ ਦੇ ਵੱਗ ਵਿਚ ਗੁਆਚ ਗਿਆ ਹੈ ਤੇਰੀ ਚੁੱਪ ਦਾ ਬੋਲ'

ਕਵੀ ਮਨੁੱਖ ਦੀ ਚੁੱਪ ਨੂੰ ਵੀ ਵੱਖਰੇ ਅਰਥਾਂ ਵਿਚ ਲੈਂਦਾ ਹੈ । ਲੋਕਾਂ ਦੀ ਭੀੜ ਨੂੰ ਵਗ ਜਿਹੀ ਤਸਵਰ ਕਰਦਾ ਹੈ । ਉਹ ਵਸਤੂਆਂ ਦਾ ਮਾਨਵੀਕਰਨ ਕਰਦਾ ਹੈ।

ਆਲੋਚਨਾ ਪੁਸਤਕ ਵਿਚ ਕਵਿਤਾਵਾਂ ਤੇਰਾ ਮੇਰਾ ਵਿਸ਼ਵ, ਮੈਂ ਨਹੀਂ ਚਾਹੁੰਦਾ, ਗਤੀ ਅਤੇ ਪੱਥਰ, ਸੂਰਜ ਦਾ ਅਕਸ, ਉਸ ਦੀ ਦੇਹ, ਚੁੱਪ ਤੇ ਸ਼ੋਰ, ਆਪਣੇ ਤੱਕ, ਵਿਖੰਡਤਾ, ਨੰਗੀ ਤਲਵਾਰ, ਜ਼ਮੀਰ ਆਦਿ ਅੰਤ, ਚਕਲਾ, ਓਪਣੇ ਤਕ, ਤਲਾਸ਼, ਇਹ ਕੌਣ ਹੈ, ਆਖਰੀ ਧਿਰ, ਸਮਾਧੀ ਸੰਗ੍ਰਹਿ ਦੀਆਂ 26 ਕਵਿਤਾਵਾਂ ਦੀ ਚਰਚਾ ਹੈ ।ਇਸ ਤੋਂ ਇਲਾਵਾ ਬਾਕੀ ਸੰਗ੍ਰਹਿਆਂ ਵਿੱਚੋਂ ਲੋਹੇ ਦਾ ਮਨੁੱਖ, ਕੱਚੀ ਮੁਹੱਬਤ, ਕਵਿਤਾ ਸਹਿਰਾ, (ਸਮਾਧੀ ਤੇ ਅੰਕੁਰ), ਗੁਆਚਾ ਰੁੱਖ (ਰੁੱਖ ਦਾ ਮਾਨਵੀਕਰਨ), ਪਲਦਾ ਅੱਜਕੱਲ, ਵਾਲਦੈਨ, ਬੁਝ ਗਿਆ ਦੀਵਾ, ਗਤੀ ਦਾ ਭਰਮ, ਪੰਛੀ, ਨਜ਼ਰ ਦਾ ਸੱਚ ਆਦਿ ਕਵਿਤਾਵਾਂ ਦੀਆਂ ਟਿੱਪਣੀਆਂ ਹਨ। ਆਲੋਚਨਾ ਵਿਚ ਭਾਸ਼ਾ ਵਿਗਿਆਨਕ ਸੋਚ ਵਾਲੀ ਹੈ। ਇਹ ਕਵਿਤਾਵਾਂ 2012-2019 ਦੇ ਸਮੇਂ ਦੀਆਂ ਹਨ ।

ਅੰਤਿਕਾ ਵਿਚ ਕਿਤਾਬ 'ਸ਼ੂਨਯ ਬੋਲ' ਦਾ ਜ਼ਿਕਰ ਹੈ। ਪੁਸਤਕ ਆਲੋਚਨਾ ਖੇਤਰ ਦੀ ਮਹੱਤਵਪੂਰਨ ਦਸਤਾਵੇਜ਼ ਹੈ । ਕਵੀ ਚਰਨ ਸਿੰਘ ਦੀ ਕਾਵਿ ਉਡਾਰੀ ਦੇ ਪ੍ਰਸੰਗ ਸਮਝਣ ਵਿਚ ਕਾਵਿ ਦਰਪਣ ਦਾ ਦਰਜਾ ਹਾਸਲ ਕਰਦੀ ਹੈ। ਸਵਾਗਤ ਹੈ ।

**— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

# 'ਜਮਹੂਰੀਅਤ, ਸਮਾਜਿਕ ਨਿਆਂ ਤੇ ਸਾਹਿਤ' ਵਿਸ਼ੇ 'ਤੇ ਪ੍ਰਲੇਸ ਵੱਲੋਂ ਰਾਸ਼ਟਰੀ ਸੈਮੀਨਾਰ 26 ਨੂੰ



**ਜਲੰਧਰ—** ਅੱਜ ਜਦ ਜਮਹੂਰੀਅਤ ਦੇ ਨਾਂਅ 'ਤੇ ਸੱਤਾ 'ਤੇ ਕਾਬਜ਼ ਧਿਰਾਂ ਹੀ ਜਮਹੂਰੀਅਤ ਦੀ ਗਰਦਨ ਦਬੋਚ ਰਹੀਆਂ ਹਨ ਅਤੇ ਸਮਾਜਿਕ ਨਿਆਂ ਦੀ ਕਬਰ ਪੁੱਟੀ ਜਾ ਰਹੀ ਹੈ, ਤਾਂ ਅਜਿਹੇ ਸਮਿਆਂ ਵਿੱਚ ਸਾਹਿਤ ਦੀ ਕੀ ਭੂਮਿਕਾ ਹੈ ਤੇ ਕੀ ਹੋਣੀ ਚਾਹੀਦੀ ਹੈ ? ਇਸ ਗੰਭੀਰ ਮਸਲੇ 'ਤੇ ਚਰਚਾ ਕਰਨ ਲਈ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ 26 ਅਕਤੂਬਰ (ਸ਼ਨੀਵਾਰ) ਨੂੰ ਪੰਜਾਬ ਕਲਾ ਪ੍ਰੀਸ਼ਦ, ਕਲਾ ਭਵਨ, ਸੈਕਟਰ 16, ਚੰਡੀਗੜ੍ਹ ਵਿਖੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ।

ਪ੍ਰਲੇਸ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਸੂਬਾ ਪ੍ਰਧਾਨ ਸੁਰਜੀਤ ਜੱਜ ਅਤੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਸਾਂਝੇ ਬਿਆਨ ਵਿਚ ਦੱਸਿਆ ਕਿ ਇਸ ਸੈਮੀਨਾਰ ਦਾ ਕੇਂਦਰੀ ਥੀਮ 'ਭਾਰਤੀ ਜਮਹੂਰੀਅਤ, ਸਮਾਜਿਕ ਨਿਆਂ ਤੇ ਸਾਹਿਤ' ਰੱਖਿਆ ਗਿਆ ਹੈ।

ਇਸ ਸੈਮੀਨਾਰ ਦੇ ਉਦਘਾਟਨੀ ਸੈਸ਼ਨ ਵਿਚ ਉਪਰੋਕਤ ਵਿਸ਼ੇ ਦੀਆਂ ਵਿਭਿੰਨ ਪਰਤਾਂ 'ਤੇ ਚਰਚਾ ਹੋਵੇਗੀ। ਇਸ ਸੈਸ਼ਨ ਦੀ ਚਰਚਾ ਵਿਚ ਪ੍ਰਸਿੱਧ ਚਿੰਤਕ ਅਤੇ ਪ੍ਰਗਤੀਸ਼ੀਲ ਪਰੰਪਰਾ ਦੇ ਵਾਰਿਸ ਪ੍ਰੋ. ਸਈਦਾ ਹਮੀਦ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਪੀ ਲਕਸ਼ਮੀ ਨਰਾਇਣ, ਭਾਰਤ ਦੇ ਪ੍ਰਸਿੱਧ ਵਿਦਵਾਨ ਅਤੇ ਅਦੀਬ ਪ੍ਰੋ. ਕਾਂਚਾ ਇਲਈਆ, ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੇ ਪ੍ਰਸਿੱਧ ਜਰਨਲਿਸਟ ਉਰਮਿਲੇਸ਼, ਸਾਰਿਕਾ ਸ੍ਰੀਵਾਸਤਵ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਸਵਰਨਜੀਤ ਸਵੀ ਅਤੇ ਪ੍ਰੋ. ਸੁਰਜੀਤ ਜੱਜ ਸ਼ਮੂਲੀਅਤ ਕਰਨਗੇ। ਅਗਲੇ ਸੈਸ਼ਨ ਦਾ ਥੀਮ 'ਭਾਰਤੀ ਜਮਹੂਰੀਅਤ ਦੇ ਸਨਮੁੱਖ ਚੁਣੌਤੀਆਂ' ਹੋਵੇਗਾ। ਇਸ ਸੈਸ਼ਨ ਵਿਚ ਇਸ ਮੁੱਦੇ 'ਤੇ ਚਰਚਾ ਹੋਵੇਗੀ ਕਿ ਆਜ਼ਾਦੀ ਦੇ 75 ਸਾਲ ਬੀਤ ਜਾਣ ਤੋਂ ਬਾਅਦ ਵੀ ਭਾਰਤੀ ਲੋਕਤੰਤਰ ਸਹੀ ਅਰਥ ਵਿਚ ਅਵਾਮੀ ਲੋਕਤੰਤਰ ਕਿਉਂ ਨਹੀਂ ਬਣ ਸਕਿਆ। ਇਸ ਸੈਸ਼ਨ ਦੇ ਪੈਨਲਿਸਟਾਂ ਵਿਚ ਭਾਰਤ ਦੇ ਉੱਘੇ ਵਿਦਵਾਨ ਵਿਭੂਤੀ ਨਰਾਇਣ ਰਾਏ, ਵੀਰੇਂਦਰ ਯਾਦਵ, ਡਾ. ਆਰਤੀ, ਮੋਹਨ ਦਾਸ ਵਲਿਕਵੂ, ਹੇਤੂ ਭਾਰਦਵਾਜ, ਰਾਜਾ ਰਾਮ ਭਾਦੂ ਅਤੇ ਡਾ. ਸਵਰਾਜਬੀਰ ਚਰਚਾ ਕਰਨਗੇ।

ਦੁਪਹਿਰ ਤੋਂ ਬਾਅਦ ਚੱਲਣ ਵਾਲੇ ਸੈਸ਼ਨ ਵਿਚ 'ਸਮਾਜਿਕ ਪਰਿਵਰਤਨ ਦੀਆਂ ਦਿਸ਼ਾਵਾਂ ਅਤੇ ਸਾਹਿਤ' ਵਿਸ਼ੇ 'ਤੇ ਪੈਨਲ ਚਰਚਾ ਹੋਵੇਗੀ। ਇਸ ਵਿਸ਼ੇ ਦੇ ਤਹਿਤ ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਮੱਧਕਾਲ ਤੋਂ ਲੈ ਕੇ ਅੱਜ ਤੱਕ ਗਲੋਬਲ ਸੰਸਾਰ ਤੱਕ ਹੋਣ ਵਾਲੇ ਸਮਾਜਿਕ ਪਰਿਵਰਤਨਾਂ ਦੀ ਦਸ਼ਾ ਅਤੇ ਦਿਸ਼ਾ ਕੀ ਰਹੀ ਹੈ ਅਤੇ ਭਵਿੱਖ ਵਿਚ ਕੀ ਹੋਵੇਗੀ ? ਇਸ ਵਿਸ਼ੇ 'ਤੇ ਚਰਚਾ ਕਰਨ ਲਈ ਉੱਘੇ ਵਿਦਵਾਨ ਡਾ. ਆਸ਼ੀਸ਼ ਤ੍ਰਿਪਾਠੀ, ਵਿਨੀਤ ਤਿਵਾੜੀ, ਰਣੇਂਦਰ, ਡਾ, ਮਿਥਿਲੇਸ਼ (ਰਾਂਚੀ), ਕਵਿਤਾ ਕਰਮਾਕਰ, ਸੰਜੇ ਸ੍ਰੀਵਾਸਤਵ ਅਤੇ ਡਾ. ਕੁਲਦੀਪ ਸਿੰਘ ਦੀਪ ਸ਼ਮੂਲੀਅਤ ਕਰਨਗੇ। ਸੈਮੀਨਾਰ ਦੇ ਆਖਰੀ ਸੈਸ਼ਨ ਦਾ ਵਿਸ਼ਾ 'ਪਛਾਣ ਦੀ ਸਿਆਸਤ ਅਤੇ ਸਾਹਿਤ' ਹੋਵੇਗਾ। ਪਛਾਣ ਦੀ ਸਿਆਸਤ ਕੀ ਹੈ, ਇਸ ਦਾ ਸਮਾਜ ਨੂੰ ਸਮਝਣ ਅਤੇ ਬਦਲਣ ਵਿਚ ਕੋਈ ਯੋਗਦਾਨ ਬਣਦਾ ਵੀ ਹੈ ਜਾਂ ਨਹੀਂ ? ਹਾਸ਼ੀਆਗਤ ਧਿਰਾਂ ਆਪਣੀ ਪਛਾਣ ਕਿਵੇਂ ਗੁਆ ਲੈਂਦੀਆਂ ਹਨ ? ਔਰਤਾਂ, ਦਲਿਤਾਂ, ਜਨਜਾਤੀਆਂ ਅਤੇ ਕਿਸਾਨੀ ਨਾਲ ਸੰਬੰਧਤ ਹਾਸ਼ੀਆਗਤ ਧਿਰਾਂ ਦੇ ਮਸਲੇ ਕੀ ਹਨ ? ਆਦਿ ਵਿਸ਼ਿਆਂ 'ਤੇ ਚਰਚਾ ਕਰਨ ਲਈ ਪ੍ਰਸਿੱਧ ਚਿੰਤਕ ਡਾ. ਵੰਦਨਾ ਚੌਬੇ, ਡਾ. ਕੁਸਮ ਮਾਧੁਰੀ ਟੋਪੋ, ਰਾਕੇਸ਼ ਵਾਨਖੇੜੇ, ਖਾਲਿਦ ਹੁਸੈਨ, ਡਾ. ਹਰਵਿੰਦਰ ਸਿਰਸਾ ਅਤੇ ਜਸਪਾਲ ਮਾਨਖੇੜਾ ਸ਼ਮੂਲੀਅਤ ਕਰਨਗੇ। ਸਾਰੇ ਪੰਡਾਲ ਨੂੰ ਫ਼ੈਜ਼ ਅਹਿਮਦ ਫ਼ੈਜ਼ ਯਾਦਗਾਰੀ ਭਵਨ ਦਾ ਨਾਂਅ ਦਿੱਤਾ ਜਾਵੇਗਾ। ਇਹ ਸਾਰਾ ਸੈਮੀਨਾਰ ਪਿਛਲ਼ੇ ਸਾਲ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਵਿਦਵਾਨ ਚੌਥੀ ਰਾਮ ਯਾਦਵ, ਸੁਰਜੀਤ ਪਾਤਰ ਤੇ ਮੋਹਨਜੀਤ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਵਿਸ਼ੇਸ਼ ਤੌਰ ਤਿਆਰ ਕੀਤਾ ਸੋਵੀਨਰ ਵੀ ਜਾਰੀ ਹੋਵੇਗਾ। ਇਸ ਸੋਵੀਨਰ ਦਾ ਕੇਂਦਰੀ ਸਲੋਗਨ ਬੁੱਲ੍ਹੇਸ਼ਾਹ ਰਚਿਤ ਕਾਵਿ-ਅੰਸ਼ 'ਸੱਚ ਆਖ ਮਨਾ ਕਿਉਂ ਡਰਦਾ ਏਂ' ਹੋਵੇਗਾ। ਇਸ ਸਲੋਗਨ ਦੀ ਭਾਵਨਾ ਦੇ ਤਹਿਤ ਹੀ ਪੂਰੇ ਦੇਸ਼ ਦੇ ਅਵਾਮੀ ਲੇਖਕ ਬਿਨਾਂ ਕਿਸੇ ਡਰ-ਭੈਅ ਦੇ ਆਪਣੀ ਆਵਾਜ਼ ਬੁਲੰਦ ਕਰਨ ਲਈ ਇਸ ਸੈਮੀਨਾਰ ਵਿਚ ਸ਼ਾਮਿਲ ਹੋਣਗੇ।

ਭਾਰਤ ਦੇ ਵੱਖ-ਵੱਖ ਰਾਜਾਂ ਤੋਂ 150 ਦੇ ਕਰੀਬ ਡੈਲੀਗੇਟ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਲਈ ਆਪਣੀਆਂ ਟਿਕਟਾਂ ਬੁੱਕ ਕਰਵਾ ਚੁੱਕੇ ਹਨ। ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਅਤੇ ਪੰਜਾਬ ਕਲਾ ਪ੍ਰੀਸ਼ਦ ਸਮੂਹ ਅਦੀਬਾਂ, ਚਿੰਤਕਾਂ ਅਤੇ ਸੰਘਰਸ਼ੀ ਕਾਮਿਆਂ ਨੂੰ ਚਿੰਤਨ ਦੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੰਦੇ ਹਨ।

## ਬਲਜਿੰਦਰ ਨਸਰਾਲੀ ਸੰਤ ਅਤਰ ਸਿੰਘ ਘੁੰਨਸ ਐਵਾਰਡ ਨਾਲ ਸਨਮਾਨਿਤ



**ਤਪਾ ਮੰਡੀ**-ਗੁਰਦੁਆਰਾ ਤਪ ਸਥਾਨ ਘੁੰਨਸ ਵਿਖੇ ਸੰਤ ਅਤਰ ਸਿੰਘ ਘੁੰਨਸ ਦੀ ਸਾਲਾਨਾ ਬਰਸੀ ਮੌਕੇ ਉਨ੍ਹਾਂ ਦੀ ਯਾਦ ਵਿਚ ਬਣੇ ਸਾਹਿਤਕ ਟਰੱਸਟ ਵੱਲੋਂ ਇਸ ਵਾਰ ਨਾਵਲਕਾਰ ਅਤੇ ਕਹਾਣੀਕਾਰ ਬਲਜਿੰਦਰ ਨਸਰਾਲੀ ਨੂੰ ਸਨਮਾਨਤ ਕੀਤਾ ਗਿਆ। ਸਨਮਾਨ ਵਿਚ ਨਕਦ ਰਾਸ਼ੀ ਅਤੇ ਗਰਮ ਸ਼ਾਲ ਸ਼ਾਮਲ ਸੀ। ਇਸ ਮੌਕੇ ਬੋਲਦਿਆਂ ਟਰੱਸਟ ਦੇ ਜਨਰਲ ਸੈਕਟਰੀ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਨਸਰਾਲੀ ਦੇ ਤਿੰਨ ਨਾਵਲ ਅਤੇ ਦੋ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਅੱਜਕੱਲ੍ਹ ਇਨ੍ਹਾਂ ਦਾ ਅੰਬਰ ਪਰੀਆਂ ਨਾਵਲ ਪੰਜਾਬੀ ਅਤੇ ਹਿੰਦੀ 'ਚ ਚਰਚਾ ਵਿਚ ਹੈ। ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਰਸਮ ਟਰੱਸਟ ਦੇ ਚੇਅਰਮੈਨ ਅਤੇ ਸਾਬਕਾ ਸੰਸਦੀ ਸਕੱਤਰ ਸੰਤ ਬਲਵੀਰ ਸਿੰਘ ਘੁੰਨਸ ਨੇ ਅਦਾ ਕਰਨ ਉਪਰੰਤ ਕਿਹਾ ਕਿ ਇਹ ਟਰੱਸਟ 1991 ਵਿਚ ਹੋਂਦ 'ਚ ਆਇਆ ਸੀ। ਹੁਣ ਤੱਕ ਟਰੱਸਟ ਇਕਵੰਜਾ ਲੇਖਕਾਂ ਨੂੰ ਸਨਮਾਨਿਤ ਕਰ ਚੁੱਕਿਆ ਹੈ। ਸਨਮਾਨਿਤ ਹੋਣ ਉਪਰੰਤ ਬਲਜਿੰਦਰ ਨਸਰਾਲੀ ਨੇ ਕਿਹਾ ਕਿ ਮੈਂ ਮੱਧਵਰਗੀ ਕਿਸਾਨ ਦੇ ਘਰ ਪੈਦਾ ਹੋਇਆ ਅਤੇ ਪਿੰਡਾਂ ਵਿਚ ਵਸਦੇ ਸਮੂਹ ਜਾਤੀਆਂ ਦੇ ਦੁੱਖਾਂ ਬਾਰੇ ਜਾਣਦਾ ਹਾਂ। ਮੈਂ ਆਪਣੀਆਂ ਸਾਹਿਤਕ ਕਿਰਤਾਂ ਰਾਹੀਂ ਲੋਕਾਂ ਦੇ ਦੁੱਖਾਂ ਦੇ ਹੱਕ ਵਿਚ ਖੜ੍ਹਦਾ ਹਾਂ। ਇਸ ਮੌਕੇ ਪੰਜਾਬੀ ਲੇਖਕ ਡਾ. ਭੁਪਿੰਦਰ ਸਿੰਘ ਬੇਦੀ, ਡਾ. ਰਾਮਪਾਲ ਸ਼ਾਹਪੁਰੀ, ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਰਘਵੀਰ ਸਿੰਘ ਕੱਟੂ ਅਤੇ ਗੁਰਸੇਵਕ ਸਿੰਘ ਧੌਲਾ ਵੀ ਹਾਜ਼ਰ ਸੀ। ਇਨ੍ਹਾਂ ਲੇਖਕਾਂ ਨੂੰ ਵੀ ਸੰਤ ਬਲਵੀਰ ਸਿੰਘ ਘੁੰਨਸ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਸੁਰਿੰਦਰ ਗਿੱਲ, ਅਤਰਜੀਤ ਤੇ ਅਮਰੀਕ ਡੋਗਰਾ ਨੂੰ 'ਕਲਮ' ਪੁਰਸਕਾਰ ਭੇਟ



**ਮਾਹਿਲਪੁਰ**-ਕੌਮਾਂਤਰੀ ਲੇਖਕ ਮੰਚ 'ਕਲਮ' ਵੱਲੋਂ 20ਵੇਂ 'ਕਲਮ' ਪੁਰਸਕਾਰ ਭੇਟ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਿਲਪੁਰ ਦੇ ਸਹਿਯੋਗ ਨਾਲ਼ ਸਨਮਾਨ ਸਮਾਰੋਹ ਤੇ ਯਾਦਗਾਰੀ ਕਵੀ-ਦਰਬਾਰ ਸਰਵਸ੍ਰੀ ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਬਲਦੇਵ ਸਿੰਘ ਸੜਕਨਾਮਾ, ਦਰਸ਼ਨ ਖਟਕੜ, ਪ੍ਰਿੰ. ਪਰਵਿੰਦਰ ਸਿੰਘ, ਪਰਮਜੀਤ ਧੰਜ ਤੇ ਡਾ. ਲਖਵਿੰਦਰ ਜੌਹਲ ਦੀ ਪ੍ਰਧਾਨਗੀ ਹੇਠ ਸੁਰਜੀਤ ਜੱਜ ਤੇ ਹਰਮੀਤ ਵਿਦਿਆਰਥੀ ਦੇ ਮੰਚ ਸੰਚਾਲਨ ਵਿੱਚ ਕਰਵਾਇਆ ਗਿਆ, ਜਿਸ ਵਿੱਚ 'ਬਾਪੂ ਜਾਗੀਰ ਸਿੰਘ ਕੰਬੋਜ ਆਸ਼ੀਰਵਾਦ 'ਕਲਮ' ਪੁਰਸਕਾਰ' ਸ਼ਾਇਰ ਸੁਰਿੰਦਰ ਗਿੱਲ ਨੂੰ, 'ਤਲਵਿੰਦਰ ਦੀ ਤਰੰਗ 'ਕਲਮ' ਪੁਰਸਕਾਰ' ਕਹਾਣੀਕਾਰ ਅਤਰਜੀਤ ਨੂੰ, 'ਰਿਸ਼ੀ-ਰਮਨ ਦੀ ਰੌਅ 'ਕਲਮ' ਪੁਰਸਕਾਰ' ਸ਼ਾਇਰ ਅਮਰੀਕ ਡੋਗਰਾ ਨੂੰ ਭੇਟ ਕਰਦਿਆਂ ਵੱਡੀ ਗਿਣਤੀ ਵਿਦਿਆਰਥੀਆਂ, ਅਧਿਆਪਕਾਂ ਤੇ ਪੰਜਾਬ ਭਰ ਤੋਂ ਆਏ ਲੇਖਕਾਂ ਦੀ ਹਾਜ਼ਰੀ ਵਿੱਚ ਕ੍ਰਮਵਾਰ ਇਕੱਤੀ, ਇੱਕੀ ਤੇ ਗਿਆਰਾਂ ਹਜ਼ਾਰ ਰੁਪਏ, ਸਨਮਾਨ-ਪੱਤਰ ਤੇ ਸ਼ਾਲ ਦੇ ਕੇ ਨਿਵਾਜਿਆ ਗਿਆ। ਪ੍ਰਿੰਸੀਪਲ ਪਰਵਿੰਦਰ ਸਿੰਘ ਵੱਲੋਂ ਸਭ ਨੂੰ ਜੀ-ਆਇਆਂ ਕਹਿਣ ਉਪਰੰਤ, ਸੁਖਵਿੰਦਰ ਕੰਬੋਜ ਤੇ ਕੁਲਵਿੰਦਰ ਚੇਅਰਮੈਨ ਤੇ ਕੋ-ਚੇਅਰਮੈਨ 'ਕਲਮ' ਦੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਜਨਰਲ ਸਕੱਤਰ ਸੁਰਜੀਤ ਜੱਜ ਵੱਲੋਂ 'ਕਲਮ' ਦੇ 20 ਸਾਲਾਂ ਦੇ ਸਫ਼ਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ । ਨਾਲ਼ੋਂ-ਨਾਲ਼ ਪੰਜਾਬੀ ਸ਼ਾਇਰੀ ਦੀ ਸਿਖਰਲੀ ਸਮਰੱਥਾ ਦਾ ਮੁਜ਼ਾਹਰਾ ਕਰਦਿਆਂ ਸ਼ਾਇਰ ਸ਼ਬਦੀਸ਼, ਮਨਜੀਤ ਪੁਰੀ, ਕੁਲਵਿੰਦਰ ਕੰਵਲ, ਅਨੂ ਬਾਲਾ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਬਖ਼ਤੌਰ ਧਾਲੀਵਾਲ, ਬਲਦੇਵ ਸਿੰਘ ਬੱਲੀ, ਮੱਖਣ ਮਾਨ, ਕੁਲਵਿੰਦਰ ਕੁੱਲਾ, ਅਨੀ ਕਾਠਗੜ੍ਹ, ਸੁਨੀਲ ਚੰਦਿਆਣਵੀ, ਕੁਲਦੀਪ ਫ਼ਿਰੋਜ਼ਪੁਰ, ਮਨਜਿੰਦਰ ਕਮਲ, ਨਵਤੇਜ ਗੜ੍ਹਦੀਵਾਲਾ, ਦੇਵ ਰਾਜ ਦਾਦਰ, ਬਲਜਿੰਦਰ ਮਾਨ, ਉਰਦੂ ਕਵੀ ਪਰਵਿੰਦਰ ਸ਼ੋਖ਼ ਸਹਿਤ ਸਨਮਾਨਿਤ ਸ਼ਾਇਰ ਸੁਰਿੰਦਰ ਗਿੱਲ ਤੇ ਅਮਰੀਕ ਡੋਗਰਾ ਦੀ ਅੰਬਰੀ ਕਾਵਿ-ਉਡਾਣ ਨਾਲ਼ ਸਿਖਰਾਂ ਛੂੰਹਦੇ ਕਾਵਿਕ-ਮਾਹੌਲ ਨੂੰ ਦਰਸ਼ਨ ਖਟਕੜ ਦੇ ਭਾਵਪੂਰਤ ਕਾਵਿ-ਬੋਲਾਂ ਨੇ ਬੁਲੰਦੀ ਬਖ਼ਸ਼ੀ। ਕਹਾਣੀਕਾਰ ਅਤਰਜੀਤ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਬਲਦੇਵ ਸਿੰਘ ਸੜਕਨਾਮਾ ਤੇ 'ਕਲਮ' ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਦੇ ਸੰਖੇਪ, ਸੂਤਰਮਈ ਤੇ ਗਹਿਰ-ਗੰਭੀਰ ਵਿਚਾਰਾਂ ਨੇ ਪੂਰੇ ਸਮਾਰੋਹ ਨੂੰ ਵਿਚਾਰਕ ਗਹਿਰਾਈ ਬਖ਼ਸ਼ੀ। ਪ੍ਰੋ. ਬਲਬੀਰ ਕੌਰ ਰੀਹਲ, ਡਾ. ਭੁਪਿੰਦਰ ਕੌਰ, ਅਜੀਤ ਲੰਗੇਰੀ, ਰਮੇਸ਼ ਯਾਦਵ, ਭੁਪਿੰਦਰ ਸੰਧੂ, ਧਰਵਿੰਦਰ ਔਲਖ, ਭਗਵੰਤ ਰਸੂਲਪੁਰੀ ਸਮੇਤ ਪੰਜਾਬ ਭਰ 'ਚੋਂ ਆਏ ਲੇਖਕਾਂ ਦੀ ਭਰਵੀਂ ਹਾਜ਼ਰੀ ਨੇ 'ਕਲਮ' ਦੇ ਕਾਫ਼ਲੇ ਦੀਆਂ ਪੈੜਾਂ ਨੂੰ ਹੋਰ ਪੁਖਤਾ ਕੀਤਾ।

## ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਹਾਇਕ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਪੂਰੀ ਕਰਨ ਲਈ ਪੰਜਾਬ ਸਰਕਾਰ ਨੂੰ ਅਪੀਲ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ 2021 ਵਿਚ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ 1158 ਸਹਾਇਕ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਹੋਈ ਸੀ, ਜੋ ਬਾਅਦ ਵਿਚ ਮਾਨਯੋਗ ਹਾਈਕਰਟ ਦੇ ਸਿੰਗਲ ਬੈਂਚ ਵੱਲੋਂ ਪਹਿਲਾਂ ਰੋਕ ਕੀਤੀ ਗਈ, ਬਾਅਦ ਵਿਚ ਰੱਦ ਕਰ ਦਿੱਤੀ ਗਈ। ਬਾਅਦ ਵਿਚ ਡਬਲ ਬੈਂਚ ਵੱਲੋਂ ਭਰਤੀ ਨੂੰ ਫਿਰ ਬਹਾਲ ਕਰ ਦਿੱਤਾ ਗਿਆ। ਇਸ ਭਰਤੀ ਨੂੰ ਰੱਦ ਕਰਵਾਉਣ ਲਈ ਬਜ਼ਿੱਦ ਧਿਰ ਸੁਪਰੀਮ ਕੋਰਟ ਤੋਂ ਵੀ ਸਟੇਅ ਲਈ ਗਈ, ਪਰ ਉੱਥੇ ਸਟੇਅ ਨਹੀਂ ਹੋਈ। ਪੰਜਾਬ ਸਰਕਾਰ ਨੇ ਜਿਨ੍ਹਾ ਪ੍ਰੋਫ਼ੈਸਰਾਂ ਕੋਲ ਤਿੰਨ ਸਾਲ ਪਹਿਲਾਂ ਦੇ ਨਿਯੁਕਤੀ ਪੱਤਰ ਸਨ, ਉਹਨਾਂ ਨੂੰ ਸਟੇਸ਼ਨ 26 ਅਲਾਟ ਕਰਕੇ ਕਾਲਜਾਂ ਵਿਚ ਭੇਜ ਦਿੱਤਾ ਗਿਆ। ਉਨ੍ਹਾਂ ਦੀ ਗਿਣਤੀ ਲੱਗਭੱਗ 483 ਹੈ। ਦੋ ਹਫ਼ਤਿਆਂ ਤੋਂ ਬਾਕੀ ਬਚਦੇ 411 ਦੇ ਲੱਗਭੱਗ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਨੂੰ ਕਾਲਜਾਂ ਵਿਚ ਭੇਜਣ ਦੀ ਥਾਂ ਸਰਕਾਰ ਟਾਲ-ਮਟੋਲ ਕਰ ਰਹੀ ਹੈ। ਇਹ ਹਿੱਸਾ ਸਮੁੱਚੀ ਭਰਤੀ ਦਾ ਲੱਗਭੱਗ 34% ਹਿੱਸਾ ਹੈ। ਇਨ੍ਹਾਂ ਵਿਚ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਸਮੇਤ ਭਾਸ਼ਾਵਾਂ ਵਾਲੇ ਉਮੀਦਵਾਰਾਂ ਦੀ ਗਿਣਤੀ ਵਧੇਰੇ ਹੈ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਅਸੀਂ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਇਸ ਭਰਤੀ ਦੇ ਬਾਕੀ ਰਹਿੰਦੇ 411 ਸਹਾਇਕ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਜਲਦੀ ਕਾਲਜਾਂ ਵਿਚ ਭੇਜਣ ਤਾਂ ਜੋ ਇਨ੍ਹਾਂ ਦੇ ਭਵਿੱਖ ਸੁਰੱਖਿਅਤ ਰਹਿ ਸਕਣ। ਅਪੀਲ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਜਨਮੇਜਾ ਸਿੰਘ ਜੌਹਲ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ ਅਤੇ ਕਰਮਜੀਤ ਸਿੰਘ ਗਰੇਵਾਲ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

—ਡਾ.ਗੁਲਜ਼ਾਰ ਸਿੰਘ ਪੰਧੇਰ

## ਡਾ. ਅਮਨ ਅਚਰਵਾਲ ਦੇ ਗੀਤ ਸੰਗ੍ਰਹਿ 'ਪਰਦੇਸੀ ਕੂੰਜਾਂ' 'ਤੇ ਗੋਸ਼ਟੀ



**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਅਤੇ ਪਰਵਾਰ ਵੱਲੋਂ ਬੇਬੇ ਗੁਰਦਿਆਲ ਕੌਰ ਤੇ ਬਾਪੂ ਹਰਚੰਦ ਸਿੰਘ ਟੱਲੇਵਾਲੀਆ ਦੀ ਨਿੱਘੀ ਯਾਦ ਨੂੰ ਸਮਰਪਿਤ ਅੱਠਵਾਂ ਪੁਰਸਕਾਰ ਰਾਜਵਿੰਦਰ ਸਿੰਘ ਮੱਲੀ ਦੇ ਕਵੀਸ਼ਰੀ ਜਥੇ ਨੂੰ ਦਿੱਤਾ ਗਿਆ। ਸਨਮਾਨ ਸਮਾਰੋਹ ਬਾਰੇ ਬੋਲਦਿਆਂ ਭੋਲਾ ਸਿੰਘ ਸੰਘੇੜਾ ਨੇ ਕਿਹਾ ਕਿ ਅੱਜ ਜਦੋਂ ਲੋਕ ਆਪਣੇ ਮਾਤਾ-ਪਿਤਾ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਰਹੇ ਹਨ ਤਾਂ ਇਸ ਮੌਕੇ ਸਾਹਿਤਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਸਮਾਜ ਦੇ ਰਾਹ-ਦਸੇਰੇ ਬਣਨ। ਉਹ ਅਜਿਹੀਆਂ ਰਵਾਇਤਾਂ ਸਮਾਜ ਵਿੱਚ ਪਾਉਣ ਕਿ ਜਿਉਂਦੇ ਜੀਅ ਮਾਪਿਆਂ ਦੀ ਘਰਾਂ ਵਿੱਚ ਹੀ ਦੇਖਭਾਲ ਕੀਤੀ ਜਾਵੇ ਅਤੇ ਮਾਪਿਆਂ ਦੇ ਤੁਰ ਜਾਣ ਤੋਂ ਬਾਅਦ ਉਹਨਾਂ ਦੀਆਂ ਯਾਦਾਂ ਨੂੰ ਉਸਾਰੂ ਢੰਗ ਨਾਲ ਮਨਾਇਆ ਜਾਵੇ, ਜਿਸ ਤਰ੍ਹਾਂ ਕਿ ਮਾਲਵਾ ਸਾਹਿਤ ਸਭਾ ਮਨਾ ਰਹੀ ਹੈ। ਇਸ ਮੌਕੇ ਡਾ. ਅਮਨ ਅਚਰਵਾਲ ਦੇ ਗੀਤ ਸੰਗ੍ਰਹਿ 'ਪਰਦੇਸੀ ਕੂੰਜਾਂ' ਉਪਰ ਗੋਸ਼ਟੀ ਕਰਵਾਈ ਗਈ, ਜਿਸ ਉਪਰ ਪਰਚਾ ਪੜ੍ਹਦਿਆਂ ਡਾ. ਰਾਮਪਾਲ ਸਿੰਘ ਨੇ ਕਿਹਾ ਕਿ ਅਮਨ ਅੱਚਰਵਾਲ ਦੇ ਗੀਤ ਪਾਠਕਾਂ ਨੂੰ ਇਸ ਰੁੱਖੀ ਤੇ ਨਿਰਦਈ ਜ਼ਿੰਦਗੀ ਵਿਚ ਨਵੇਂ ਬੀਜਾਂ ਦੇ ਪੁੰਗਰਨ ਦਾ ਅਹਿਸਾਸ ਕਰਵਾਉਂਦੇ ਹਨ। ਭਾਰਤੀ ਸਾਹਿਤ ਅਕੈਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਅਮਨ ਅੱਚਰਵਾਲ ਦੇ ਗੀਤ ਮਨੁੱਖੀ ਮਨਦਾ ਜਜ਼ਬਾਤੀ ਤੇ ਸਰੋਦੀ ਬੋਲੀ ਵਿੱਚ ਕਲਾਮਈ ਪ੍ਰਗਟਾਅ ਹਨ, ਜੋ ਪਾਠਕਾਂ ਨੂੰ ਸੁਹਜਾਤਮਕ ਆਨੰਦ ਪ੍ਰਦਾਨ ਕਰਦੇ ਹਨ। ਲੋਕ ਗਾਇਕ ਜੁਗਰਾਜ ਧੌਲਾ ਨੇ ਕਿਹਾ ਕਿ ਅਮਨ ਅਚਰਵਾਲ ਦੇ ਗੀਤ ਜਿੱਥੇ ਵਿਰਸੇ ਅਤੇ ਸੱਭਿਆਚਾਰ ਦੀ ਬਾਤ ਪਾਉਂਦੇ ਹਨ, ਉਥੇ ਇਹਨਾਂ ਗੀਤਾਂ ਵਿੱਚ ਇਨਕਲਾਬੀ ਰੰਗ ਵੀ ਝਲਕਦਾ ਹੈ। ਇਹਨਾਂ ਤੋਂ ਇਲਾਵਾ ਹਰਚਰਨ ਸਿੰਘ ਸੰਧੂ ਨਾਵਲਕਾਰ, ਦਰਸ਼ਨ ਸਿੰਘ ਗੁਰੂ, ਜਗਤਾਰ ਜਜ਼ੀਰਾ, ਕਹਾਣੀਕਾਰ ਪਵਨ ਪਰਿੰਦਾ, ਹਾਕਮ ਸਿੰਘ ਰੂੜੇਕੇ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਜਸਵਿੰਦਰ ਸਿੰਘ ਛਿੰਦਾ ਦੇਹੜਕੇ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਜਸਵਿੰਦਰ ਸਿੰਘ ਸ਼ਿੰਦਾ ਦਾ ਕਹਾਣੀ ਸੰਗ੍ਰਹਿ 'ਤੇ ਦਿਲ ਫਿਰ ਉਦਾਸ ਹੋ ਗਿਆ' ਵੀ ਲੋਕ ਅਰਪਣ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿੱਚ ਸਾਗਰ ਸਿੰਘ ਸਾਗਰ, ਡਾ. ਉਜਾਗਰ ਸਿੰਘ ਮਾਨ, ਰਾਜਿੰਦਰ ਸ਼ੌਂਕੀ, ਜਗਤਾਰ ਬੈਂਸ, ਅਜੀਤ ਅੱਚਰਵਾਲ, ਮੱਖਣ ਧਨੇਰ, ਦਲਵਾਰ ਸਿੰਘ ਧਨੌਲਾ, ਅਜਾਇਬ ਸਿੰਘ ਕੋਟਲੀ ਕਲਾਂ, ਗੁਰਤੇਜ ਸਿੰਘ ਮੱਖਣ, ਲਖਵਿੰਦਰ ਸਿੰਘ ਠੀਕਰੀਵਾਲ, ਸਿੰਦਰ ਧੌਲਾ, ਸੁਰਜੀਤ ਸਿੰਘ ਦੇਹੜ, ਮਲਕੀਤ ਸਿੰਘ ਗਿੱਲ, ਰਜਨੀਸ਼ ਕੌਰ, ਬਬਲੀ, ਮਨਜੀਤ ਸਿੰਘ, ਸਾਗਰ, ਤੇਜਿੰਦਰ ਚੰਡਿਹੋਕ, ਰਾਮ ਸਿੰਘ ਬੀਹਲਾ ਅਤੇ ਰਘਵੀਰ ਸਿੰਘ ਗਿੱਲ ਕੱਟੂ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਦੀ ਰਵਾਇਤ ਮੁਤਾਬਕ ਡਾ. ਅਮਨ ਅਚਰਵਾਲ ਦਾ ਇਸ ਮੌਕੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ ਗਿੱਲ, ਗਿਆਨੀ ਕਰਮ ਸਿੰਘ ਭੰਡਾਰੀ, ਹਰਚਰਨ ਸਿੰਘ ਚਹਿਲ, ਕੈਪਟਨ ਦਰਬਾਰਾ ਸਿੰਘ ਪੱਖੋਕੇ, ਹੈੱਡ ਮਾਸਟਰ ਰਣਜੀਤ ਸਿੰਘ ਟੱਲੇਵਾਲ, ਗੁਰਸੇਵਕ ਸਿੰਘ ਧੌਲਾ, ਪ੍ਰਭਜੀਤ ਸਿੰਘ ਅਚਰਵਾਲ, ਲਾਲ ਸਿੰਘ ਮਾਣੂਕੇ ਅਤੇ ਪਰਮਜੀਤ ਸਿੰਘ ਅੱਚਰਵਾਲ, ਹਰਬੰਸ ਸਿੰਘ ਟੱਲੇਵਾਲ ਅਤੇ ਮਾਸਟਰ ਮਨਜੀਤ ਸਿੰਘ ਠੀਕਰੀਵਾਲ ਹਾਜ਼ਰ ਸਨ।

## ਆਰਥਿਕ ਮਦਦ

*ਕੈਨੇਡਾ ਤੋਂ ਹਰ ਵਰ੍ਹੇ 'ਨਵਾਂ ਜ਼ਮਾਨਾ' ਨੂੰ ਪੁਰਖਿਆ ਦੇ ਨਾਂਅ 'ਤੇ ਆਰਥਿਕ ਮਦਦ ਪ੍ਰਾਪਤ ਹੁੰਦੀ ਹੈ। ਜਿਹੜੀ ਕਿ ਐਤਕੀਂ ਵੀ ਵਿਜੈ ਬੰਬੇਲੀ ਰਾਹੀਂ ਇੰਝ ਹੀ ਪ੍ਰਾਪਤ ਹੋਈ ਹੈ, ਗ਼ਦਰੀ ਬਾਬਾ ਨਰੰਜਣ ਸਿੰਘ ਪੰਡੋਰੀ ਲੱਧਾ ਸਿੰਘ 1000/- ਰੁਪਏ, ਗੁਰਦੇਵ ਸਿੰਘ ਢਿੱਲੋਂ 'ਯਕਦਮ' 1000/- ਰੁਪਏ, ਜਰਨੈਲ ਮੂਲਾ ਸਿੰਘ ਬਾਹੋਵਾਲ 1000/- ਰੁਪਏ। ਕੁੱਲ ਤਿੰਨ ਹਜ਼ਾਰ ਰੁਪਏ ਭੇਜੇ ਗਏ ਹਨ। ਅਦਾਰਾ ਇਨ੍ਹਾਂ ਸਭ ਦਾ ਧੰਨਵਾਦੀ ਹੈ।*

## ਸੁਰਿੰਦਰ ਕੈਲੇ ਨੂੰ ਮਿਲਿਆ ਰੌਸ਼ਨ ਫੂਲਵੀ ਸਨਮਾਨ



**ਲੁਧਿਆਣਾ**-ਰਾਸ਼ਟਰੀ ਮਿੰਨੀ ਕਹਾਣੀ ਸਮਾਗਮ ਦੌਰਾਨ 2023 ਦਾ ਰੌਸ਼ਨ ਫੂਲਵੀ ਯਾਦਗਾਰੀ ਸਨਮਾਨ ਅਣੂ ਦੇ ਸੰਪਾਦਕ ਸੁਰਿੰਦਰ ਕੈਲੇ ਨੂੰ ਪ੍ਰਦਾਨ ਕੀਤਾ ਗਿਆ। ਇਹ ਸਨਮਾਨ ਹਿੰਦੀ ਦੀ ਪ੍ਰਸਿੱਧ ਪੱਤ੍ਰਿਕਾ 'ਲਘੂ ਕਥਾ ਕਲਸ਼' ਦੇ ਸੰਪਾਦਕ ਸ੍ਰੀ ਯੋਗਰਾਜ ਪ੍ਰਭਾਕਰ ਵੱਲੋਂ ਸਥਾਪਤ ਕੀਤਾ ਗਿਆ ਹੈ, ਜਿਸ ਵਿਚ ਲੋਈ, ਸਨਮਾਨ ਪੱਤਰ ਤੇ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ ਸ਼ਾਮਲ ਹੈ। ਸਨਮਾਨ ਅਦਾ ਕਰਨ ਦੀ ਰਸਮ ਵਿਚ ਸ੍ਰੀ ਯੋਗਰਾਜ ਪ੍ਰਭਾਕਰ ਦੇ ਨਾਲ ਸਰਵਸ੍ਰੀ ਹਰਭਜਨ ਸਿੰਘ ਖੇਮਕਰਨੀ, ਡਾ. ਅਸ਼ੋਕ ਭਾਟੀਆ, ਡਾ. ਕੁਲਦੀਪ ਸਿੰਘ ਦੀਪ, ਪ੍ਰੋ. ਗੁਰਦੀਪ ਸਿੰਘ ਢਿੱਲੋਂ, ਡਾ. ਅਨੂਪ ਸਿੰਘ, ਡਾ. ਇੰਦਰਜੀਤ ਕੌਰ, ਜਗਦੀਸ਼ ਰਾਏ ਕੁਲਰੀਆਂ ਤੇ ਹੋਰ ਸਾਹਿਤਕ ਸ਼ਖ਼ਸੀਅਤਾਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਈਆਂ।ਯੋਗਰਾਜ ਪ੍ਰਭਾਕਰ ਨੇ ਕਿਹਾ ਕਿ ਸੁਰਿੰਦਰ ਕੈਲੇ ਨੇ ਦਰਜਨ ਦੇ ਕਰੀਬ ਮੌਲਿਕ ਪੁਸਤਕਾਂ ਦੀ ਰਚਨਾ ਕੀਤੀ ਹੈ। ਇਸ ਤੋਂ ਬਿਨਾਂ ਦੋ ਪੁਸਤਕਾਂ ਦਾ ਹਿੰਦੀ ਅਨੁਵਾਦ ਅਤੇ ਪੰਜਾਬੀ ਮਿੰਨੀ ਕਹਾਣੀ ਦੇ ਇਤਿਹਾਸ ਦੀ ਪ੍ਰਥਮ ਤੇ ਮੁੱਢਲੀ ਅਹਿਮ ਜਾਣਕਾਰੀ ਭਰਪੂਰ 'ਅਣੂ ਕਹਾਣੀਆਂ' ਦੇ ਨਾਲ ਲਹਿੰਦੇ ਪੰਜਾਬ ਦੀਆਂ ਮਿੰਨੀ ਕਹਾਣੀਆਂ ਅਤੇ ਅਨੇਕਾਂ ਹੀ ਪੁਸਤਕਾਂ ਦੀ ਸੰਪਾਦਨਾ ਤੇ ਪ੍ਰਕਾਸ਼ਨਾ ਕੀਤੀ ਹੈ। ਰੌਸ਼ਨ ਫੂਲਵੀ ਯਾਦਗਾਰੀ ਸਨਮਾਨ ਨਾਲ ਸ੍ਰੀ ਸੁਰਿੰਦਰ ਕੈਲੇ ਨੂੰ ਸਨਮਾਨਦਿਆਂ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ।

—ਸੁਰਿੰਦਰ ਕੈਲੇ

## 'ਮੁਹੱਬਤ ਨੇ ਕਿਹਾ' ਦਾ ਲੋਕ-ਅਰਪਣ



**ਚੰਡੀਗੜ੍ਹ** : 'ਚੰਡੀਗੜ੍ਹ ਸਕੂਲ ਆਫ਼ ਪੋਇਟਰੀ ਕ੍ਰਿਟੀਸਿਜ਼ਮ' ਵੱਲੋਂ ਪੰਜਾਬੀ ਅਧਿਅਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਅੱਜ ਡਾ. ਦੇਵਿੰਦਰ ਸੈਫ਼ੀ ਦੀ ਕਾਵਿ-ਕਿਤਾਬ 'ਮੁਹੱਬਤ ਨੇ ਕਿਹਾ' (ਊੜਾ ਪ੍ਰਕਾਸ਼ਨ ਵੱਲੋਂ ਛਾਪੀ) ਨੂੰ ਲੋਕ ਅਰਪਣ ਕਰਨ ਉਪਰੰਤ ਉੱਘੇ ਵਿਦਵਾਨਾਂ ਵੱਲੋਂ ਸੰਵਾਦ ਰਚਾਇਆ ਗਿਆ। ਮੁੱਖ ਮਹਿਮਾਨ ਵਜੋਂ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ, ਕੁਲਤਾਰ ਸਿੰਘ ਸੰਧਵਾਂ ਨੇ ਸ਼ਿਰਕਤ ਕੀਤੀ। ਮੁੱਖ ਵਕਤਾ ਦੀ ਭੂਮਿਕਾ ਵੱਡੇ ਚਿੰਤਕ ਡਾ. ਮਨਮੋਹਨ ਨੇ ਨਿਭਾਈ। ਸਮਾਗਮ ਦੀ ਪ੍ਰਧਾਨਗੀ ਲਈ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਉੱਘੇ ਸਿੱਖਿਆ ਸ਼ਾਸਤਰੀ ਡਾ. ਸੁਖਚੈਨ ਸਿੰਘ ਬਰਾੜ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਚੇਅਰਮੈਨ ਡਾ. ਯੋਗਰਾਜ ਨੇ ਆਏ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਰਿਲੀਜ਼ ਹੋ ਰਹੀ ਪੁਸਤਕ ਦੀ ਮਹੱਤਤਾ ਦੱਸੀ । ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਨੂੰ ਸ਼ਾਨਦਾਰ ਅੰਦਾਜ਼ ਨਾਲ ਲੋਕ ਅਰਪਣ ਕੀਤਾ ਗਿਆ। ਉੱਘੇ ਗਾਇਕ ਸੁਖਵਿੰਦਰ ਸਾਰੰਗ ਤੇ ਅਨੁਜੋਤ ਨੇ ਇਸ ਪੁਸਤਕ ਵਿੱਚੋਂ ਕਲਾਮ ਗਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਸਮਾਗਮ ਦੇ ਅਗਲੇ ਪੜਾਅ ਵਿਚ ਸ਼ਾਇਰ ਡਾ. ਦੇਵਿੰਦਰ ਸੈਫ਼ੀ ਨੇ ਵੱਖ-ਵੱਖ ਰੂਪ ਦੀ ਕਵਿਤਾ ਦਾ ਪਾਠ ਕਰਕੇ ਸਰੋਤਿਆਂ/ਦਰਸ਼ਕਾਂ ਤੋਂ ਭਰਪੂਰ ਦਾਦ ਲਈ। ਮੁੱਖ ਵਕਤਾ ਵਜੋਂ ਬੋਲਦਿਆਂ ਉੱਘੇ ਆਲੋਚਕ, ਕਵੀ, ਨਾਵਲਕਾਰ, ਚਿੰਤਕ ਡਾ. ਮਨਮੋਹਨ ਨੇ ਕਿਹਾ ਕਿ ਸੈਫ਼ੀ ਨੇ ਇਸ ਪੁਸਤਕ ਰਾਹੀਂ ਮੁਹੱਬਤ ਦਾ ਨਵਾਂ ਰਸ ਪੈਦਾ ਕੀਤਾ ਹੈ। ਉੱਘੇ ਆਲੋਚਕ ਡਾ. ਪ੍ਰਵੀਨ ਕੁਮਾਰ ਨੇ ਕਿਹਾ ਕਿ ਇਹ ਕਵਿਤਾ ਮੁਹੱਬਤ ਦੇ ਅਨੁਭਵ, ਕਿਰਿਆ, ਭਵਿੱਖੀ ਚੇਤਨਾ ਅਤੇ ਮਾਨਵੀ ਫ਼ਲਸਫੇ ਦੀ ਗੱਲ ਕਰਦੀ ਹੈ । ਸਿੱਧੂ ਨੇ ਕਿਹਾ ਕਿ ਸੈਫ਼ੀ ਨਿਵੇਕਲਾ ਕਵੀ ਹੈ। ਇਸ ਪੁਸਤਕ ਵਿੱਚ ਵਿਲੱਖਣ ਊਰਜਾ ਹੈ, ਜਿਹੜੀ ਚੁੰਬਕ ਵਾਂਗ ਆਵਦੇ ਵੱਲ ਖਿੱਚਦੀ ਹੈ। ਮੁਹੱਬਤ ਦੀ ਅਜਿਹੀ ਕਵਿਤਾ ਦਾ ਪੰਜਾਬੀ ਵਿੱਚ ਛਪਣਾ ਪੂਰੇ ਪੰਜਾਬੀ ਕਾਵਿ ਲਈ ਵੱਡਾ ਮਾਣ ਹੈ। ਨੌਜਵਾਨ ਆਲੋਚਕ ਡਾ. ਤੇਜਿੰਦਰ ਸਿੰਘ ਨੇ ਲੋਕਧਾਰਾਈ ਪੱਖ ਤੋਂ ਆਪਣੀ ਰਾਏ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਪੁਸਤਕ ਦੀ ਭਾਸ਼ਾ ਵਿਚ ਮੁਹੱਬਤ ਦੀ ਪਾਕੀਜ਼ਗੀ ਪ੍ਰਵਾਹਿਤ ਹੋ ਰਹੀ ਹੈ, ਅਜਿਹੀਆਂ ਪਾਕਿ ਜਜ਼ਬੇ ਵਾਲੀਆਂ ਪ੍ਰਗੀਤਕ ਰਚਨਾਵਾਂ ਗਾਈਆਂ ਜਾਣ ਤਾਂ ਪੂਰਨ ਸਵਾਦਲਾ ਰੰਗ ਉੱਘੜ ਕੇ ਸਾਹਮਣੇ ਆਵੇਗਾ। ਪ੍ਰਧਾਨਗੀ ਮੰਡਲ ਵਿੱਚੋਂ ਉੱਘੇ ਸਿੱਖਿਆ ਸ਼ਾਸਤਰੀ ਡਾ. ਸੁਖਚੈਨ ਸਿੰਘ ਬਰਾੜ ਨੇ ਕਿਹਾ ਕਿ ਇਹ ਮੁਹੱਬਤ ਨੂੰ ਅਸਲ ਰੂਪ ਵਿੱਚ ਡੀਫਾਈਨ ਕਰਦੀ ਕਵਿਤਾ ਹੈ । ਇਸ ਤੋਂ ਬਾਅਦ ਉੱਘੇ ਆਲੋਚਕ ਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸੈਫ਼ੀ ਘੱਟ ਲਿਖਦਾ ਹੈ, ਪਰ ਪਾਏਦਾਰ ਲਿਖਦਾ ਹੈ।'ਦੁਪਹਿਰ ਦਾ ਸਫ਼ਾ' ਤੋਂ 'ਮੁਹੱਬਤ ਨੇ ਕਿਹਾ' ਤੱਕ ਉਸ ਦੀ ਕਵਿਤਾ ਬ੍ਰਹਿਮੰਡੀ ਚੇਤਨਾ-ਪੜਾਅ ਤੈਅ ਕਰਦੀ ਹੈ। ਉਹਨਾਂ ਕਿਹਾ ਕਿ ਇਹ ਕਵਿਤਾ ਸਰਮਾਏਦਾਰੀ ਹਿੰਸਾ, ਜ਼ੁਲਮ ਅਤੇ ਵਿਕਾਰਾਂ ਖ਼ਿਲਾਫ਼ ਨਿਰਮਤ ਕੀਤਾ ਉਹ ਪ੍ਰਵਚਨ ਹੈ। ਆਖ਼ਰ ਵਿਚ ਪੰਜਾਬ ਵਿਧਾਨ ਦੇ ਸਪੀਕਰ, ਸਮਾਗਮ ਦੇ ਮੁੱਖ ਮਹਿਮਾਨ ਸ. ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਆਏ ਮਹਿਮਾਨਾਂ ਨੂੰ ਵਿਭਾਗ ਵੱਲੋਂ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਸਮਾਗਮ ਦਾ ਸੰਚਾਲਨ ਸੰਸਥਾ ਦੇ ਸਾਹਿਤਕ ਪ੍ਰਬੰਧਕ ਜਗਦੀਪ ਸਿੱਧੂ ਨੇ ਕੀਤਾ। ਪੰਜਾਬੀ ਵਿਭਾਗ ਦੇ ਸੀਨੀਅਰ ਪ੍ਰੋਫ਼ੈਸਰ ਡਾ. ਉਮਾ ਸੇਠੀ ਨੇ ਮੁਹੱਬਤੀ ਕਾਵਿ ਦੀ ਅਕਾਦਮਿਕ ਦ੍ਰਿਸ਼ਟੀ ਤੋਂ ਪ੍ਰਸ਼ੰਸਾ ਕਰਦਿਆਂ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।

—ਗੁਰਚਰਨ ਨੂਰਪੁਰ ਜ਼ੀਰਾ

# ਪਾਠਕਾਂ ਦੇ ਝਰੋਖੇ 'ਚੋਂ

## ਕਾਨੂੰਨ ਦੀ ਕੌਣ ਪ੍ਰਵਾਹ ਕਰਦੈ

6 ਅਕਤੂਬਰ ਦੇ ਐਤਵਾਰਤਾ ਵਿਚ 'ਦ੍ਰਿਸ਼ਟੀਕੋਣ' ਅਧੀਨ ਭਾਰਤ ਵਿਚ ਕਾਨੂੰਨ ਦੀ ਚਰਚਾ ਕੀਤੀ ਹੈ। ਦੇਸ਼ ਵਿਚ ਕਾਨੂੰਨ ਜ਼ਿਆਦਾ ਕਰਕੇ ਅਮੀਰ ਦੇ ਹੱਕ ਵਿਚ ਭੁਗਤਦਾ ਹੈ। ਗਰੀਬ ਤਾਂ ਅਦਾਲਤਾਂ ਵਿਚ ਖੱਜਲ ਹੀ ਹੋ ਰਿਹਾ ਹੈ। ਦੂਸਰਾ ਕਾਨੂੰਨ ਮੰਨਣ ਦੀ ਗੱਲ ਹੈ ।ਕਾਨੂੰਨ ਤਾਂ ਸੜਕੀ ਨਿਯਮਾਂ ਬਾਰੇ ਵੀ ਹਨ, ਪਰ ਕੌਣ ਪਰਵਾਹ ਕਰਦਾ ਹੈ ਨਿਯਮਾਂ ਦੀ। ਇਸੇ ਲਈ ਹਾਦਸੇ ਵਧ ਰਹੇ ਹਨ ।ਕਾਨੂੰਨ ਤਾਂ ਇਹ ਵੀ ਹੈ ਕਿ ਟਰੱਕਾਂ ਵਿਚ ਕਿੰਨਾ ਸਮਾਨ ਲੋਡ ਕਰਨਾ ਹੈ, ਪਰ ਆਮ ਵੇਖਿਆ ਗਿਆ ਕਿ ਟਰੱਕਾਂ ਵਿਚ ਤੂੜੀ ਜਾਂ ਪਰਾਲੀ ਬਾਹਰ ਤੱਕ ਭਰੀ ਹੁੰਦੀ ਹੁੰਦੀ ਹੈ। ਸੜਕ 'ਤੇ ਚੱਲਣ ਵਾਲੇ ਮੁਸ਼ਕਲ ਨਾਲ ਤੁਰਦੇ ਹਨ। ਦੇਸ਼ ਦਾ ਕਾਨੂੰਨ ਤਰਫੋਂ ਬੁਰਾ ਹਾਲ ਹੈ। ਬੰਦੇ ਦੀ ਕੀ ਵੁਕਤ ਹੈ। ਬੰਦਾ ਮਾਰਨ ਵਾਲੇ ਆਪ ਦਾ ਕੰਮ ਕਰਕੇ ਅਹੁ ਜਾਂਦੇ ਹਨ। ਕੋਈ ਕਾਨੂੰਨ ਦਾ ਡਰ ਹੀ ਨਹੀ ਰਹਿ ਗਿਆ। ਤਿਉਹਾਰਾਂ ਮੌਕੇ ਆਮ ਵਰਤੋਂ ਦੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਮਹਿੰਗੇ ਮੁੱਲ ਵੇਚ ਕੇ ਮੁਨਾਫਾ ਕਮਾਇਆ ਜਾ ਰਿਹਾ ਹੈ। ਐਡਵੋਕੇਟ ਸ਼ੁਗਲੀ ਨੇ 'ਨੱਥ ਜਾਂ ਡੈਹਾ' ਦੀ ਚਰਚਾ ਕੀਤੀ ਹੈ ।ਇਹ ਸਭ ਪਸ਼ੂਆਂ ਲਈ ਹੈ, ਪਰ ਕਈ ਬੰਦੇ ਵੀ ਪਸ਼ੂਆ ਜਿਹਾ ਵਿਹਾਰ ਕਰਦੇ ਹਨ ।ਬੋਲਣ ਵੇਲੇ ਪੁੱਠੇ-ਸਿੱਧੇ ਬਿਆਨ ਦੇਈ ਜਾਣਗੇ। ਸ਼ੁਗਲੀ ਜੀ ਨੇ ਕੰਗਣਾ ਦੀ ਮਿਸਾਲ ਦਿੱਤੀ ਹੈ।ਕੰਗਣਾ ਨੂੰ ਸਿੱਖਾਂ ਦਾ ਇਤਿਹਾਸ ਪੜ੍ਹਾਉਣ ਦੀ ਲੋੜ ਹੈ। ਭਾਰਤੀ ਜਨਤਾ ਪਾਰਟੀ ਨੂੰ ਕੰਗਣਾ ਦੀ ਲਗਾਮ ਕੱਸਣ ਦੀ ਲੋੜ ਹੈ। ਐੱਮ ਪੀ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ ।ਹਲਕਾ ਪ੍ਰਤੀਨਿਧ ਹੋਣ ਕਰਕੇ ਐੱਮ ਪੀ ਨੂੰ ਆਪਣੇ ਹਲਕੇ ਦੇ ਵਿਕਾਸ ਬਾਰੇ ਕੁਝ ਕਰਨਾ ਚਾਹੀਦਾ ਹੈ। ਬਹੁਤ ਲੋਕ ਮਸਲੇ ਹਨ । ਹੋਰ ਨਹੀਂ ਤਾਂ ਦੇਸ਼ ਦਾ ਸੰਵਿਧਾਨ ਹੀ ਪੜ੍ਹ ਲੈਣਾ ਚਾਹੀਦਾ ਹੈ। ਹਰਜੀਤ ਸਿੰਘ ਨੇ ਆਪਣੇ ਪਿਤਾ ਬਾਗੀ ਜੀ ਨੂੰ ਯਾਦ ਕੀਤਾ ਹੈ ।ਕਵੀ ਲਾਲ ਸਿੰਘ ਦਿਲ ਦੀ ਇਨਕਲਾਬੀ ਕਵਿਤਾ ਬਾਰੇ ਜਾਣਕਾਰੀ ਡਾਕਟਰ ਰਵਿੰਦਰ ਸਿੰਘ ਨੇ ਦਿੱਤੀ ਹੈ। ਲਾਲ ਸਿੰਘ ਦਿਲ ਸ਼ਬਦਾਂ ਨੂੰ ਚਿੰਗਾੜੇ ਬਣਾ ਕੇ ਪੇਸ਼ ਕਰਦਾ ਸੀ।

ਦਾਦਰ ਪੰਡੋਰਵੀ ਦੀਆਂ ਗਜ਼ਲਾਂ ਚੰਗਾ ਰੰਗ ਲਾ ਗਈਆਂ। ਕੁਝ ਸਮਾਂ ਪਹਿਲਾਂ ਦਾਦਰ ਪੰਡੋਰਵੀ ਦੀ ਇਕ ਕਿਤਾਬ ਦਾ ਮੈਂ ਰੀਵਿਊ ਕੀਤਾ ਸੀ ।ਪੁਸਤਕ ਪੰਨੇ 'ਤੇ ਨਛੱਤਰ ਦੇ ਨਾਵਲ 'ਮੁਹਾਜ਼' ਦੀ ਜਾਣਕਾਰੀ ਮਿਲੀ। ਆਲੋਚਕ ਅਰਵਿੰਦਰ ਕੌਰ ਕਾਕੜਾ ਨੇ ਡਾ. ਮਿਹਰ ਮਾਣਕ ਦੀ ਕਿਤਾਬ 'ਸ਼ੂਕਦੇ ਆਬ ਤੇ ਖਾਬ' ਦੀ ਕਵਿਤਾ ਦੀ ਚੰਗੀ ਜਾਣ-ਪਛਾਣ ਕਰਾਈ ਹੈ। ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਡਾਕਟਰ ਸਤੀਸ਼ ਕੁਮਾਰ ਵਰਮਾ ਤੇ ਹਰਮੀਤ ਵਿਦਿਆਰਥੀ ਨੂੰ ਪੁਰਸਕਾਰ ਦੇਣ ਦੀ ਚੋਣ ਕਰਨੀ ਬਹੁਤ ਢੁਕਵਾਂ ਤੇ ਚੰਗਾ ਫੈਸਲਾ ਹੈ।ਦੋਵਾਂ ਅਦੀਬਾਂ ਨੂੰ ਮੁਬਾਰਕ । ਸੁੱਖੀ ਬਾਠ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਜੋ ਸਮਾਗਮ ਕਰਾ ਰਹੇ ਹਨ, ਉਹ ਬਹੁਤ ਪ੍ਰਸ਼ੰਸਾਯੋਗ ਹਨ। ਇਹ ਯਤਨ ਬੱਚਿਆਂ ਵਿਚ ਸਾਹਿਤਕ ਰੁਚੀਆਂ ਪੈਦਾ ਕਰਨਗੇ । ਸੁੱਖੀ ਬਾਠ ਨੂੰ ਇਨ੍ਹਾਂ ਯਤਨਾਂ ਲਈ ਮੁਬਾਰਕਾਂ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕਾਰਪੋਰੇਟ ਅਤੇ ਫਾਸ਼ੀਵਾਦ ਨਾਲ ਜੂਝਣ ਦਾ ਪ੍ਰਤੀਕ 'ਗਦਰ ਲਹਿਰ' : ਅਮਲੋਕ ਸਿੰਘ


ਭਾਰਤੀ ਲੋਕਤੰਤਰ, ਸਮਾਜਿਕ ਨਿਆਂ ਅਤੇ ਸਾਹਿਤ : ਉਰਮਿਲੇਸ਼

'ਮੈਂ ਜ਼ਿੰਦਾਬਾਦ' : ਰਾਣਾ ਰਣਬੀਰ, (ਫੋਕਸ) : ਪ੍ਰੋਫੈਸਰ ਸੰਧੂ ਵਰਿਆਣਵੀ

ਗੁਰਮੀਤ ਸਿੰਘ ਮਰ੍ਹਾੜ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਕਹਾਣੀ ਧਾਰਾ : ਨੌਂ ਕਹਾਣੀਆਂ




ਕਹਾਣੀ ਧਾਰਾ-75 (ਅਕਤੂਬਰ-ਦਸੰਬਰ, 2024) ਅੰਕ ਛਪ ਗਿਆ ਹੈ। ਸੰਪਾਦਕੀ 'ਚ ਸੰਪਾਦਕ ਨੇ 'ਸਾਹਿਤ ਕਲਾ, ਨਾਟ ਕਲਾ ਤੇ ਸੰਗੀਤ ਕਲਾ' ਤਹਿਤ ਸਾਹਿਤ ਤੇ ਕਲਾ ਨਾਲ ਜੁੜੀਆਂ ਸੰਸਥਾਵਾਂ ਦੀ ਕਾਰਜ ਵਿਧੀ ਦਾ ਜ਼ਿਕਰ ਕੀਤਾ ਹੈ। ਗੋਸ਼ਟੀ ਦੀ ਪ੍ਰੰਪਰਾ ਕਾਇਮ ਰੱਖਦਿਆਂ ਇਸ ਵਾਰ 'ਕਹਾਣੀ ਬਿਰਤਾਂਤ ਦਾ ਸੰਕਟ' ਵਿਸ਼ੇ ਦੇ ਵਿਦਵਾਨ ਚਿੰਤਕਾਂ ਡਾ. ਮਹਿਲ ਸਿੰਘ, ਡਾ. ਆਤਮ ਸਿੰਘ ਰੰਧਾਵਾ, ਡਾ. ਹੀਰਾ ਸਿੰਘ, ਅਰਵਿੰਦਰ ਕੌਰ ਧਾਲੀਵਾਲ ਤੇ ਮੈਂ (ਭਗਵੰਤ ਰਸੂਲਪੁਰੀ) ਨੇ ਗੰਭੀਰ ਸੰਵਾਦ ਤੋਰਿਆ ਹੈ। 26 ਪੰਨਿਆਂ ਤੇ ਫੈਲੀ ਇਸ ਗੋਸ਼ਟੀ ਵਿੱਚ ਕਹਾਣੀ ਤੇ ਨਾਵਲ ਦੇ ਪ੍ਰਸੰਗ ਵਿੱਚ ਕਈ ਨੁਕਤਿਆ 'ਤੇ ਗੱਲਾਂ ਕੀਤੀਆਂ ਹਨ। ਨਿਸਚੇ ਹੀ ਇਸ ਗੋਸ਼ਟੀ ਨਾਲ ਬਿਰਤਾਂਤ ਸੰਬੰਧੀ ਸੰਵਾਦ ਤੁਰੇਗਾ। ਲਹਿੰਦੇ ਪੰਜਾਬੀ ਰੰਗ ਵਿੱਚ ਬਦੇਸ਼ੀ ਕਹਾਣੀਆਂ ਕਾਲਮ 'ਚ ਇਸ ਵਾਰ ਗਰੇਸ ਏ ਔਗੋਤ ਦੀ ਕਹਾਣੀ 'ਮੀਂਹ ਲੱਥਾ' (ਉਲਥਾਕਾਰ ਮਕਸੂਦ ਸਾਕਿਬ, ਲਿਪੀਅੰਤਰ ਜੋਗਿਦਰ ਪਾਲ ਮਾਨ) ਨਾਰੀ ਦੇ ਜਜ਼ਬੇ ਦੀਆਂ ਬਰੀਕ ਪਰਤਾਂ ਨੂੰ ਉਭਾਰਦੀ ਹੈ। ਜਗਿਆਸਾ (ਜਗਜੀਤ ਬਰਾੜ) ਕਹਾਣੀ ਪਤੀ-ਪਤਨੀ ਦੇ ਰਿਸ਼ਤੇ ਦੀਆਂ ਬਰੀਕ ਤੰਦਾਂ ਨੂੰ ਪੇਸ਼ ਕਰਦੀ ਹੈ। ਜਿਸ ਵਿੱਚ ਉਮਰ ਦਾ ਖੱਪਾ ਸੰਕਟ ਪੈਦਾ ਕਰਦਾ ਹੈ। ਪ੍ਰੇਮ ਮਾਨ ਆਪਣੀ ਕਹਾਣੀ 'ਮੇਰਾ ਆਪਣਾ ਘਰ' 'ਚ ਬਲਜੀਤ ਕੌਰ ਦੇ ਪਾਤਰ ਰਾਹੀਂ ਨਾਰੀ ਦੀ ਜ਼ਿੰਦਗੀ 'ਚ ਆਏ ਉਤਰਾਅ ਚੜ੍ਹਾਅ ਦਾ ਬਿਰਤਾਂਤ ਸਿਰਜਦੀ ਹੈ। ਹਲਾਤ ਭਾਵੇਂ ਉਹਨੂੰ ਦੇਹ ਵੇਚਣ ਲਈ ਮਜ਼ਬੂਰ ਕਰ ਦਿੰਦੇ ਨੇ ਪਰ ਉਹ ਆਪਣਾ ਸਾਫ਼ ਸੁਥਰਾ ਅਕਸ ਉਭਾਰਨ ਦਾ ਸਫ਼ਲ ਹੋ ਜਾਂਦੀ ਹੈ। ਰਘਬੀਰ ਸਿੰਘ ਮਾਨ ਨੇ ਪਰਵਾਸੀਆਂ ਦੀਆਂ ਜ਼ਮੀਨਾਂ-ਜਾਇਦਾਤਾਂ ਉੱਤੇ ਕਬਜ਼ੇ ਦੇ ਸੰਕਟ ਤੋਂ ਉਤਪੰਨ ਹੋਏ ਮਸਲੇ ਨੂੰ ਪਰਵਾਸੀਆਂ ਦੀ ਨਵੀਂ ਪੀੜ੍ਹੀ ਦੀ ਮਨੋਦਸ਼ਾ ਰਾਹੀਂ ਉਭਾਰਿਆ ਹੈ। ਚਰਨਜੀਤ ਸਿੰਘ ਪੰਨੂ ਦੀ 'ਰਾਬਤਾ' ਬੜੀ ਖ਼ੂਬਸੂਰਤ ਕਹਾਣੀ ਹੈ। ਕਹਾਣੀ ਦਾ ਮੁੱਖ ਪਾਤਰ ਪਾਲਤੂ 'ਕੁੱਤਾ' ਹੈ। ਕੁੱਤੇ ਰਾਹੀਂ ਕਹਾਣੀਕਾਰ ਨੇ ਕੁੱਤੇ ਦੀ ਮਾਨਸਿਕ ਬਣਤਰ ਨੂੰ ਬਹੁ ਪਰਤੀ ਘਟਨਾਵਾਂ ਨਾਲ ਪੇਸ਼ ਕੀਤਾ ਹੈ। ਦੀਪਤੀ ਬਬੂਟਾ ਨੇ 'ਉਹੀ ਅੰਜਨਾ!' ਕਹਾਣੀ ਵਿੱਚ ਲੇਖਕ, ਚਿੰਤਕ ਦੇ ਮਸਲੇ ਅੰਜਨਾ ਨਾਰੀ ਪਾਤਰ ਰਾਹੀਂ ਪੇਸ਼ ਕੀਤੇ ਹਨ। ਪਰਿਵਾਰ ਵਿੱਚ ਵਿਚਰਦੀ ਅੰਜਨਾ ਕਿਵੇਂ ਰਿਸ਼ਤਿਆਂ ਦੀ ਟੁੱਟ-ਭੱਜ ਮਹਿਸੂਸ ਕਰ ਰਹੀ ਹੈ, ਕਹਾਣੀ ਸਫ਼ਲਤਾ ਨਾਲ ਕਹਿੰਦੀ ਹੈ। ਹਰਕੀਰਤ ਕੌਰ ਚਹਿਲ ਦੀ ਕਹਾਣੀ 'ਬੇੜੀ ਦਾ ਮੇਲਾ' ਵਾਹਗੇ ਦੇ ਆਰ ਪਾਰ ਵੱਸਦੇ ਲੋਕਾਂ ਦੀ ਸਾਂਝ ਦੀ ਗੱਲ ਕਰਦੀ ਹੈ। ਵਿਪਨ ਗਿੱਲ ਦੀ ਕਹਾਣੀ 'ਭਰਮਜਾਲ਼' ਪਵਨ-ਨੀਰਜਾ ਦੋ ਪਾਤਰਾਂ ਰਾਹੀਂ ਰਿਸ਼ਤਿਆਂ ਦੀ ਟੁੱਟ ਭੱਜ, ਤਣਾਓ, ਬੇਚੈਨੀ ਨੂੰ ਕਈ ਕੋਣਾ ਤੋਂ ਪੇਸ਼ ਕਰ ਜਾਂਦੀ ਹੈ। ਲਖਵਿੰਦਰ ਵਿਰਕ 'ਓਪਨ ਮੈਰਿਜ' ਕਹਾਣੀ ਨਾਲ ਪੰਜਾਬੀ ਕਹਾਣੀ ਜਗਤ ਵਿੱਚ ਪ੍ਰਵੇਸ਼ ਕਰਦੀ ਹੈ। ਪਤੀ-ਪਤਨੀ ਦੇ ਰਿਸ਼ਤੇ ਤੋਂ ਅਗਾਂਹ ਉਹ ਮਰਦ ਪਾਤਰ ਰਾਹੀਂ ਓਪਨ ਮੈਰਿਜ ਦੇ ਰੁਝਾਨ ਦਾ ਬਿਰਤਾਂਤ ਕਹਾਣੀ ਵਿੱਚ ਸਿਰਜਦੀ ਹੈ। ਮਰਦ ਪਤੀ ਪਾਤਰ ਵਿੱਚ ਦੈਹਿਕ ਰੁਚੀਆਂ ਦਾ ਉਲਾਰਪਨ ਤੇ ਪਤਨੀ ਦਾ ਮਾਨਸਿਕ ਸਾਂਝ ਦਾ ਤਰਸੇਵਾਂ ਕਹਾਣੀ ਖ਼ੂਬਸੂਰਤੀ ਨਾਲ ਬਿਆਨ ਕਰਦੀ ਹੈ।

ਬੂਟਾ ਸਿੰਘ ਚੌਹਾਨ ਨੇ 'ਕੰਵਲ ਨੀ ਕਿਸੇ ਨੇ ਬਣ ਜਾਣਾ' ਜਸਵੰਤ ਸਿੰਘ ਕੰਵਲ ਬਾਰੇ ਸ਼ਬਦ ਚਿੱਤਰ ਲਿਖ ਕੇ ਉਸ ਦੇ ਕਈ ਪੱਖਾਂ ਨੂੰ ਸਫ਼ਲਤਾ ਨਾਲ ਉਭਾਰਿਆ ਹੈ। ਆਲੋਚਨਾ ਭਾਗ ਵਿੱਚ ਸੱਤ ਮਹੱਤਵ ਪੂਰਨ ਕਿਤਾਬਾਂ ਦਾ ਵੱਖ-ਵੱਖ ਵਿਦਵਾਨਾਂ ਨੇ ਵਿਸ਼ਲੇਸ਼ਣ ਕੀਤਾ ਹੈ। ਡਾ. ਗੁਰਮੇਲ ਸਿੰਘ (ਡਲਿਵਰੀ ਮੈਨ), ਡਾ. ਸੰਦੀਪ ਰਾਣਾ (ਮੋਰ ਪੈਲ਼ ਕਿਉਂ ਨਹੀਂ ਪਾਉਂਦੇ), ਸੁਖਪਾਲ ਕੌਰ ਸਮਰਾਲਾ (ਨਿੱਕੀਆਂ ਵੱਡੀਆਂ ਗੱਲਾਂ), ਡਾ. ਕੁਲਵਿੰਦਰ ਸਿੰਘ (ਧਰਮ ਵਿਹੂਣੇ), ਡਾ. ਸੰਦੀਪ ਰਾਣਾ (ਗੁੰਮਰਾਹ), ਨਿਰੰਜਣ ਬੋਹਾ (ਨਗੰਦੇ), ਸੰਦੀਪ ਕੌਰ (ਮੁਹੱਬਤ ਵੇਲ਼ਾ) ਆਦਿ ਸਮੀਖਿਆਕਾਰਾਂ ਨੇ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਹੈ। ਕਹਾਣੀ ਧਾਰ-74 ਅੰਕ ਵਿੱਚ ਛਪੀਆਂ ਕਹਾਣੀਆਂ ਦੀ ਪੜ੍ਹਤ ਤਿਆਰ ਕੀਤੀ ਹੈ ਬਲਵੀਰ ਕੌਰ ਰੀਹਲ ਨੇ। 'ਮੇਰਾ ਸਟੱਡੀ ਟੇਬਲ' ਵਿੱਚ ਮੈਂ 16 ਕਿਤਾਬਾਂ ਤੇ ਸੰਖੇਪ ਟਿੱਪਣੀਆਂ ਦਿੱਤੀਆਂ ਹਨ। ਕਹਾਣੀ ਧਾਰਾ ਪਹਿਲਾਂ ਵਾਂਗ ਮਹੱਤਵ ਪੂਰਨ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ।

ਇਸ ਅੰਕ ਦੇ ਸਫ਼ੇ : 192 ਅਤੇ ਮੁੱਲ: 80 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਲੰਧਰ-144026 ਪਰਚੇ ਦੇ ਸੰਪਾਦਕ: ਭਗਵੰਤ ਰਸੂਲਪੁਰੀ, ਸੰਪਰਕ 94170-64350

## ਨਿੱਕੀਆਂ ਕਰੂੰਬਲਾਂ : ਸਤੰਬਰ-ਅਕਤੂਬਰ, 2024




ਬੱਚਿਆਂ ਦੇ ਪੜ੍ਹਨ ਵਾਲਾ ਰਸਾਲਾ ਇਸ ਵਾਰ ਵੀ ਬੱਚਿਆ ਲਈ ਵੰਨ-ਸੁਵੰਨੀ ਤੇ ਰੌਚਿਕ ਸਮੱਗਰੀ ਲੈ ਕੇ ਛਪਿਆ ਹੈ। ਇਸ ਵਾਰ ਸੰਪਾਦਕੀ ਵਿੱਚ ਸੰਪਾਦਕ ਨੇ ਪਾਠਕਾਂ ਦੇ ਹੁੰਗਾਰੇ ਦੀ ਗੱਲ ਕੀਤੀ ਹੈ। ਖ਼ੁਸ਼ੀ ਦੀ ਗੱਲ ਹੈ ਕਿ ਰਸਾਲਾ 30 ਵੇਂ ਸਾਲ 'ਚ ਪੁੱਜ ਗਿਆ ਹੈ। ਇਸ ਵਾਰ ਦਰਸ਼ਨ ਸਿੰਘ ਆਸ਼ਟ ਦਾ ਬਾਲ ਨਾਵਲ 'ਫੁੱਲ ਖਿੜ ਪਏ' ਛਪਿਆ ਹੈ। ਕਹਾਣੀਆਂ ਵਿੱਚ ਸਮਾਂ ਰੁਕ ਗਿਆ (ਡਾ. ਡੀ. ਪੀ. ਸਿੰਘ), ਲੁਕਣ-ਮੀਟੀ (ਹਰਜੀਤ ਕੌਰ ਵਿਰਕ), ਬੋਹੜ ਦੀ ਛਾਂ (ਜਸਵੀਰ ਸਿੰਘ ਰਾਣਾ), ਚੂਹੇ ਦੀ ਸਿਆਣਪ (ਪ੍ਰਿੰਸੀ. ਵਿਜੈ ਕੁਮਾਰ), ਚੰਦਰਮਾ ਦੀ ਸੈਰ (ਬਲਵਿੰਦਰ ਸਿੰਘ ਭੁੱਲਰ), ਘਰ ਤੋਂ ਦੂਰ (ਅੰਜੂ ਵ ਰੱਤੀ) ਤੇ ਪ੍ਰਦੂਸ਼ਣ ਰਹਿਤ ਦੀਵਾਲੀ (ਹਰਿੰਦਰ ਸਿੰਘ ਗੋਗਨਾ) ਦੀਆਂ ਬੱਚਿਆਂ ਦੀ ਮਾਨਸਿਕਤਾ ਅਨੁਸਾਰ ਲਿਖੀਆਂ ਗਈਆਂ ਕਹਾਣੀਆਂ ਛਪੀਆਂ ਹਨ।

ਇਸ ਵਾਰ ਬਾਲਾਂ ਲਈ ਲੇਖ ਵੀ ਕਾਫੀ ਰੌਚਿਕ ਹਨ। ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਹੈਰੀ ਪੌਟਰ (ਹਰਵੀਰ ਮਾਨ), ਪਵਿੱਤਰ ਤਿਉਹਾਰ ਹੈ ਦੀਵਾਲੀ (ਬਲਵਿੰਦਰ ਬਾਲਮ), ਸਾਡੇ ਜੀਵਨ ਵਿੱਚ ਕੰਪਿਊਟਰ ਸਿੱਖਿਆ ਦਾ ਮਹੱਤਵ (ਵਿਜੈ ਗਰਗ), ਤਾਏ ਨੇ ਅੱਠ-ਸੰਗ ਸੁਣਿਆ (ਹਰਕੇਵਲ ਸਿੰਘ ਸੈਲਾਨੀ), ਜਾਣਕਾਰੀ ਜੋ ਹੈਰਾਨ ਕਰਦੀ ਹੈ (ਮਨਮੋਹਨ ਸਿੰਘ ਦਾਊਂ), ਨਿਆਰੀਆਂ ਗੱਲਾਂ ਪਿਆਰੀਆਂ ਗੱਲਾਂ (ਜੋਗਾ ਸਿੰਘ ਬਠੁੱਲਾ) ਲੇਖ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਵਾਲੇ ਹਨ।

ਕਾਵਿ ਵੰਨਗੀ ਤਹਿਤ ਬਲਜੀਤ ਕੌਰ ਝੂਟੀ, ਉਮਾ ਕਮਲ, ਹਰਪ੍ਰੀਤ ਪੱਤੋ, ਦੇਸ ਰਾਜ ਬਾਲੀ, ਬਲਵਿੰਦਰ ਬਾਲਮ, ਜਗਦੀਸ਼ ਬਹਾਦਰਪੁਰੀ, ਅੰਜੂ ਰੱਤੀ, ਜਸਵੀਰ ਸਿੰਘ ਭਲੂਰੀਆ, ਕਰਮਜੀਤ ਸਿੰਘ ਗਰੇਵਾਲ, ਪਰਮਿੰਦਰ ਕੌਰ, ਰਜਿੰਦਰ ਵਰਮਾ, ਮੁਹੰਮਦ ਅਸ਼ਰਫ ਸੁਹੇਲ, ਨਵਰਾਹੀ ਘੁਗਿਆਣਵੀ, ਸੁਰਜੀਤ ਸਿੰਘ ਬਲ੍ਹਾੜੀ ਕਲਾਂ, ਓਮਕਾਰ ਸੂਦ ਬਹੋਨਾ ਤੇ ਸੁਰਜੀਤ ਦੇਵਲ ਦੀਆਂ ਕਵਿਤਾਵਾਂ ਛਪੀਆਂ ਹਨ। ਕੁਝ ਬਾਲ ਪੁਸਤਕਾਂ ਦੇ ਰੀਵਿਊ ਵੀ ਛਾਪੇ ਗਏ ਹਨ। ਰਸਾਲਾ ਮਿਆਰੀ ਮੈਟਰ ਦੀ ਚੋਣ ਕਰਨ ਵਿੱਚ ਸਫ਼ਲ ਹੋਇਆ ਹੈ।

ਇਸ ਅੰਕ ਦੇ ਸਫ਼ੇ : 48 ਅਤੇ ਮੁੱਲ : 50 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ 'ਨਿੱਕੀਆਂ ਕਰੂੰਬਲਾਂ', ਕਰੂੰਬਲਾਂ ਭਵਨ, ਗੜ੍ਹਸ਼ੰਕਰ ਰੋਡ, ਮਾਹਿਲਪੁਰ-146105, ਪਰਚੇ ਦੇ ਮੁੱਖ ਸੰਪਾਦਕ: ਬਲਜਿੰਦਰ ਮਾਨ, ਸੰਪਰਕ 98150-18947

## ਸ਼ਬਦ ਤ੍ਰਿੰਜਣ : ਹਾਸ ਵਿਅੰਗ ਰਸਾਲਾ




'ਸ਼ਬਦ ਤ੍ਰਿੰਜਣ' ਦਾ ਜੁਲਾਈ-ਸਤੰਬਰ, 24 ਅੰਕ ਛਪ ਗਿਆ ਹੈ। ਰਸਾਲੇ ਵਿੱਚ ਹਾਸ ਵਿਅੰਗ ਦੀ ਸਮੱਗਰੀ ਛਾਪੀ ਗਈ ਹੈ। ਸੰਪਾਦਕੀ ਵਿੱਚ 'ਸਾਲ ਦਾ ਚੋਣਵਾਂ ਹਾਸ ਵਿਅੰਗ' 'ਚ ਹਾਸ ਵਿਅੰਗ ਵਿਧਾ ਦੇ ਵਿਕਾਸ, ਨਿਕਾਸ ਤੇ ਉਭਾਰ ਦੀ ਗੱਲ ਕੀਤੀ ਹੈ। ਜਿਸ ਵਿੱਚ ਵੱਖ ਵੱਖ ਮਸਲਿਆਂ ਉੱਤੇ ਤਿੱਖੀ ਟਕੋਰ ਕੀਤੀ ਗਈ ਹੈ। ਸਨਕੀ (ਕਨ੍ਹਈਆ ਲਾਲ ਕਪੂਰ), ਸ਼ਾਨ ਨਾਲ ਮਰਨਾ (ਰਜਿੰਦਰ ਪਾਲ ਸ਼ਰਮਾ), ਜਦੋਂ ਸਾਡੀ ਅਕਲ ਦਾੜ੍ਹ ਉੱਗੀ (ਤਰਸੇਮ ਸਿੰਘ ਭੰਗੂ), ਸੁਖੀ ਰਾਮ ਸ਼ਾਇਰ ਦੀ ਡਾਇਰੀ ਤੇ ਸ਼ਾਇਰੀ (ਸੁਖਮਿੰਦਰ ਸੇਖੋਂ), ਰੂੜ੍ਹਾ ਸਿਉਂ ਸ਼ੌਂਕੀ (ਹਰਮੀਤ ਅਟਵਾਲ), ਹੁਣ ਪ੍ਰੀਖਿਆ ਦੇਣ ਲਈ ਪੜ੍ਹਨ ਦੀ ਕੀ ਲੋੜ ਹੈ ? (ਪ੍ਰਿੰ. ਵਿਜੈ ਕੁਮਾਰ), ਚਾਬੀ ਆਲਾ ਬਾਂਦਰ (ਮਾਲਵਿੰਦਰ ਸ਼ਾਇਰ), ਇਕੱਤੀ ਫਰਵਰੀ (ਜਗਦੀਸ਼ ਰਾਏ ਕੁਲਰੀਆਂ), ਸ਼ੌਂਕ ਤਖ਼ਲਸ ਲਿਖਣ ਦਾ (ਲਖਵੀਰ ਸਿੰਘ ਭੱਟੀ) ਆਦਿ ਵਿਅੰਗ ਛਪੇ ਹਨ।

ਮਿੰਨੀ ਵਿਅੰਗ ਤਹਿਤ ਬਲਜੀਤ ਕੌਰ (ਪੂੰਨ), ਤਰਲੋਚਨ ਸਿੰਘ ਦੁਪਾਲਪੁਰ (ਠੰਢੂ ਰਾਮ ਦੇਖਣ ਆਇਆ ਲਸੰਸ!), ਸੁਰਜੀਤ ਦੇਵਲ (ਭੁੱਖ ਸਨਮਾਨ ਦੀ), ਰਮੇਸ਼ ਗਰਗ (ਇਹਨੂੰ ਕਹਿੰਦੇ ਐ ਜ਼ਿੰਦਗੀ) ਦੇ ਮਿੰਨੀ ਵਿਅੰਗ ਵੀ ਆਪਣੀ ਪੜ੍ਹਨਯੋਗਤਾ ਪੂਰੀ ਕਰਦੇ ਹਨ। ਹਰੀ ਸਿੰਘ ਸੰਧੂ, ਸੁਖਚਰਨ ਸਿੰਘ ਸੱਦੇਵਾਲੀਆ, ਸੋਢੀ ਸੱਤੋਵਾਲੀ, ਨਿਰਮਲ ਸਿੰਘ ਕੰਧਾਲਵੀ, ਸੁੰਦਰਪਾਲ ਪ੍ਰੇਮਾ, ਅਨੰਤ ਗਿੱਲ, ਨਵਰਾਹੀ ਘੁਗਿਆਣਵੀ, ਪਾਲ ਗੁਰਦਾਸਪੁਰੀ, ਦਾਤਾਰ ਸਿੰਘ, ਰਾਜਿੰਦਰ ਵਰਮਾ, ਡਾ. ਮੋਹਜੀਤ, ਜਸਵੀਰ ਸਿੰਘ ਭਲੂਰੀਆ, ਹਰਭਜਨ ਖੇਮਕਰਨੀ, ਬਿਕਰ ਸਿੰਘ ਮਾਣਕ, ਸੁਖਦਰਸ਼ਨ ਗਰਗ, ਸੁਖਦੇਵ ਸਿੰਘ ਔਲਖ, ਸਰਦਾਰ ਪੰਛੀ, ਜਸਵੰਤ ਸਿੰਘ ਕੈਲਵੀ ਆਦਿ ਨੇ ਕਾਵਿ ਵਿਅੰਗ, ਹਾਸਰਸੀ ਕਵਿਤਾ, ਗੀਤ, ਗ਼ਜ਼ਲ, ਰੁਬਾਈ, ਹਾਇਕੂ, ਬੋਲੀਆਂ ਅਤੇ ਵਿਅੰਗ ਚੌਂਕੇ ਛਾਪ ਕੇ ਪਾਠਕਾਂ ਲਈ ਭਰਪੂਰ ਸਮੱਗਰੀ ਪੇਸ਼ ਕੀਤੀ ਹੈ। ਅੰਤ ਵਿੱਚ ਕੁਝ ਕਿਤਾਬਾਂ ਦੇ ਰੀਵਿਊ ਵੀ ਛਪੇ ਹਨ। ਇਸ ਅੰਕ ਦੇ ਸਫ਼ੇ : 48 ਅਤੇ ਮੁੱਲ: 30 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ 'ਸ਼ਬਦ ਤ੍ਰਿੰਜਣ', ਬਠਿੰਡਾ, ਪਰਚੇ ਦੇ ਸੰਪਾਦਕ: ਮੰਗਤ ਰਾਏ ਮਿੱਤਲ, ਸੰਪਰਕ 94177-53892

- ਭਗਵੰਤ ਰਸੂਲਪੁਰੀ

20-Oct-Sunday.qxd 10/19/2024 9:31 PM Page 3



*ਜਗਵਿੰਦਰ ਜੋਧਾ ਪੰਜਾਬੀ ਗਜ਼ਲ ਦਾ ਚਰਚਿਤ ਹਸਤਾਖਰ ਹੈ। ਭਾਵੇਂ ਕਿ ਉਸ ਨੇ ਕੁਝ ਚਰਚਿਤ ਕਿਤਾਬਾਂ ਅਨੁਵਾਦ ਕਰਕੇ ਬਤੌਰ ਅਨੁਵਾਦਕ ਵੀ ਆਪਣਾ ਨਾਂਅ ਬਣਾ ਲਿਆ ਹੈ। ਉਹ ਆਪਣੀ ਗਜ਼ਲ 'ਚ ਸਮਾਜਿਕ ਚਿਹਨਾਂ ਦੇ ਨਾਲ-ਨਾਲ ਰਾਜਨੀਤਕ ਚਿਹਨ ਇਸ ਅੰਦਾਜ਼ 'ਚ ਵਰਤ ਜਾਂਦਾ ਹੈ ਕਿ ਜਿਸ ਨਾਲ .ਗਜ਼ਲ ਦੇ ਅਰਥ ਗਹਿਰੇ ਹੋ ਜਾਂਦੇ ਹਨ। ਆਪਣੀ ਸ਼ਾਇਰੀ 'ਚ ਅਜਿਹੇ ਭਟਕ ਰਹੇ ਮਨੁੱਖ ਦਾ ਬਿੰਬ ਸਿਰਜ ਦਿੰਦਾ ਹੈ, ਜੋ ਸਮੂਹ ਦਾ ਬਿੰਬ ਬਣ ਜਾਂਦਾ ਹੈ। ਜਗਵਿੰਦਰ ਜੋਧਾ ਦੀਆਂ ਨਵੀਆਂ .ਗਜ਼ਲਾਂ ਦਾ ਸਵਾਗਤ ਹੈ।*

***- ਸੰਪਾਦਕ***

# ਜਗਵਿੰਦਰ ਜੋਧਾ ਦੀਆਂ ਨਵੀਆਂ .ਗਜ਼ਲਾਂ

ਕੀ ਪੁੱਛਦੇ ਹੋ, ਕੀ ਦੱਸਾਂਗੇ, ਸਾਡੇ ਪਿੰਡ ਦੀ ਬਾਤ ਮੀਆਂ
ਇਸ ਵਾਰੀ ਤਾਂ ਸਾਵਣ ਵਿਚ ਵੀ ਨਾ ਹੋਈ ਬਰਸਾਤ ਮੀਆਂ

ਤੇਰਾ ਸਾਰਾ ਅਦਬ, ਲਿਆਕਤ, ਇਲਮ ਪਵੇਗਾ ਚੁੱਲ੍ਹੇ ਵਿਚ
ਉਹ ਤੈਨੂੰ ਗਲਮੇਂ ਤੋਂ ਫੜ ਕੇ ਜਦ ਪਰਖਣਗੇ ਜਾਤ ਮੀਆਂ

ਤੂੰ ਮੈਨੂੰ ਜੰਨਤ ਦੇ ਲਾਰੇ ਲਾ ਕੇ ਕਿੰਝ ਵਰਚਾਏਂਗਾ
ਮੈਂ ਉਸ ਦਾ ਹੱਥ ਫੜ ਕੇ ਪਲ ਵਿਚ ਦੇਖੀ ਕੁਲ ਕਾਇਨਾਤ ਮੀਆਂ

ਮਿੱਟੀ 'ਚੋਂ ਜੰਮੇ, ਮਿੱਟੀ ਨੇ ਪਾਲੇ, ਮਿੱਟੀ ਨਾਲ ਰਹੇ
ਇਕ ਸਰਕਾਰੀ ਤਮਗੇ ਖ਼ਾਤਰ ਬਦਲੀ ਨਾ ਔਕਾਤ ਮੀਆਂ

ਜਦ ਵੀ ਅੱਖ ਖੁੱਲ੍ਹੇਗੀ ਤੇਰੀ, ਉੱਠੀਂ ਤੇ 'ਗਾਂਹ ਤੁਰ ਜਾਈਂ
ਏਥੇ ਨਾ ਸੂਰਜ ਚੜ੍ਹਨਾ ਤੇ ਨਾ ਹੋਣੀ ਪ੍ਰਭਾਤ ਮੀਆਂ

'ਹਮ ਹਿੰਦੀ' ਦਾ ਨਾਅਰਾ ਚੁੱਭਣ ਲਗਦਾ, ਜਦ ਚੇਤੇ ਆਉਂਦੇ
ਧੂੰ ਧੂੰ ਕਰਕੇ ਧੁਖਦੀ ਦਿੱਲੀ ਤੇ ਸੜਦਾ ਗੁਜਰਾਤ ਮੀਆਂ

ਧੂੜ 'ਚ ਲਿਪਟੀ, ਬੰਦ ਪਈ ਖਿੜਕੀ ਨੇ ਸੈਨਤ ਨਾਲ ਕਿਹਾ
ਚਿਰ ਹੋਇਆ ਇਸ ਕੂਚੇ ਵਿੱਚੋਂ ਗੁਜ਼ਰੀ ਨਾ ਬਾਰਾਤ ਮੀਆਂ

(2)

ਗਾਹੇ ਰਾਹਾਂ 'ਚ ਬਿਖਰੀ ਪਈ ਧੂੜ ਚਿਹਰੇ 'ਤੇ ਮਲ ਜਾਣ ਤੱਕ
ਇਸ਼ਕ ਕਰਦੀ ਰਹੀ ਉਹ ਮੇਰੇ ਨਾਲ, ਸੂਰਤ ਬਦਲ ਜਾਣ ਤੱਕ

ਮੈਨੂੰ ਤੋਹਫ਼ੇ 'ਚ ਬੇੜੀ ਦੇ ਕਿੱਲ ਤੋਂ ਬਣਾਈ ਅੰਗੂਠੀ ਮਿਲੀ
ਰੋਜ਼ ਠਿੱਲਣਾ ਪਿਆ ਦੋਵਾਂ ਕੰਢਿਆਂ 'ਤੇ ਲਹਿਰਾਂ 'ਚ ਰਲ ਜਾਣ ਤੱਕ

ਤਪਦੀਆਂ ਛੱਤਾਂ ਵਾਲੇ ਘਰਾਂ ਦੇ ਨਗਰ ਵਿਚ ਰਿਹਾਂ ਕੁਝ ਸਮਾਂ
ਹੁਣ ਕਿਤੇ ਵੀ ਰਹਾਂ ਮਚਦਾ ਰਹਿੰਦਾ ਹਾਂ, ਸੂਰਜ ਦੇ ਢਲ ਜਾਣ ਤੱਕ

ਮੇਰੇ ਅੰਦਰ ਤੇਰੀ ਤਾਂਘ ਕਰਦਾ ਇਕ ਅੱਲ੍ਹੜ ਜਿਹਾ ਛੋਹਰ ਸੀ
ਵਰ੍ਹਿਆਂ ਮਗਰੋਂ ਪਤੀ ਤੇ ਪਿਤਾ ਦੇ ਚਰਿੱਤਰ 'ਚ ਢਲ ਜਾਣ ਤੱਕ

ਦੋ ਪਲਾਂ ਦੀ ਉਡੀਕ ਉਮਰ ਭਰ ਦੀ ਉਦਾਸੀ 'ਚ ਵਟਦੀ ਗਈ
ਸੁਰਖ਼ ਫੁੱਲਾਂ ਦੇ ਮੁਰਝਾ ਕੇ ਕਾਲਖ਼ ਜਿਹੀ ਵਿਚ ਬਦਲ ਜਾਣ ਤੱਕ

(3)

ਬਿਹਤਰ ਹੋਣ ਦੇ ਖ਼ਬਤ 'ਚ ਫਸ ਕੇ
ਕੈਸੇ ਮੰਜ਼ਰ ਸਿਰਜ ਲਏ ਨੇ
ਜਿਹਨਾਂ ਨੇ ਰਸਤੇ ਬਣਨਾ ਸੀ,
ਉਹਨਾਂ ਨੇ ਘਰ ਸਿਰਜ ਲਏ ਨੇ

ਮੇਰੀਆਂ ਗ਼ਜ਼ਲਾਂ ਵਿਚ ਵੀ ਅੱਜਕੱਲ੍ਹ
ਉਸ ਦੇ ਨਕਸ਼ ਨਹੀਂ ਮਿਲਦੇ, ਤੇ
ਸੁਣਿਆ ਉਸ ਦੇ ਰੰਗਾਂ ਨੇ ਵੀ
ਵੱਖਰੇ ਚਿੱਤਰ ਸਿਰਜ ਲਏ ਨੇ

ਬੁੱਤਘਾੜੇ ਨੇ ਇਕ ਪੱਥਰ 'ਚੋਂ
ਜਿੱਡਾ ਵੱਡਾ ਬੁੱਤ ਘੜਿਆ ਸੀ
ਦਰਸ਼ਕ ਨੇ ਉਸ ਨਾਲੋਂ ਵੱਡੇ
ਤਿੜਕਣ ਦੇ ਡਰ ਸਿਰਜ ਲਏ ਨੇ

ਤੇਰੀ ਦੁਨੀਆ ਅੰਦਰ
ਬੰਦੇ ਹੋਣ ਦੀ ਕੀਮਤ ਔਖੀ, ਰੱਬਾ
ਆਪਾਂ ਆਪਣੀ ਦੁਨੀਆ, ਆਪਣੇ
ਪਰਬਤ, ਸਾਗਰ ਸਿਰਜ ਲਏ ਨੇ

ਪਹਿਲੀ ਸਫ਼ ਦੇ ਮੋਮਨ ਹੋ ਕੇ
ਪੇਸ਼ ਨਮਾਜ਼ ਦੇ ਸੌ ਖ਼ਤਰੇ ਸਨ
ਏਸੇ ਕਰਕੇ ਸਭ ਤੋਂ ਅੰਤਿਮ
ਸਫ਼ ਦੇ ਅੱਖਰ ਸਿਰਜ ਲਏ ਨੇ

(4)

ਉਮਰ ਗੁਜ਼ਰੀ ਹੈ ਬੇਕਰਾਰਾਂ ਵਾਂਗ
ਆਪਣੇ ਘਰ ਵਿਚ ਕਿਰਾਏਦਾਰਾਂ ਵਾਂਗ

ਲੋਕ ਦਫ਼ਤਰ ਤੋਂ ਪਰਤਦੇ ਘਰ ਨੂੰ
ਕਿਸ਼ਤੀਆਂ ਢੋਅ ਰਹੇ ਸਵਾਰਾਂ ਵਾਂਗ

ਖੁਸ਼ ਦਿਸਣ ਦੀ ਨਾਕਾਮ ਕੋਸ਼ਿਸ਼ ਵਿਚ
ਕੰਧ 'ਤੇ ਚਿਪਕੇ ਹਾਂ ਇਸ਼ਤਿਹਾਰਾਂ ਵਾਂਗ

ਆਪਣਾ ਹਰ ਰਾਜ਼ ਨਸ਼ਰ ਕੀਤਾ ਮੈਂ
ਖ਼ੁਦ ਚੁਗਲਖੋਰ ਰਾਜ਼ਦਾਰਾਂ ਵਾਂਗ

ਸਜ ਕੇ ਸ਼ੋਅ ਕੇਸ ਵਿਚ ਖੜ੍ਹੇ ਹਾਂ ਅਸੀਂ
ਲਾਲ ਪੱਥਰ ਦੀਆਂ ਸਿਤਾਰਾਂ ਵਾਂਗ

ਸੁਣ ਕੇ ਭੂਚਾਲ ਦੀ ਖ਼ਬਰ ਕੁਝ ਲੋਕ
ਥਰਥਰਾ ਕੇ ਡਿੱਗੇ ਮੀਨਾਰਾਂ ਵਾਂਗ

(5)

ਕੈਦੀ ਨੇ ਏਹੀ ਸੋਚ ਕੇ ਦੀਵਾਰ 'ਤੇ ਉਕਾਬ ਦੀ
ਮੂਰਤ ਬਣਾਈ ਹੋਏਗੀ
ਇਕ ਦਿਨ ਤਾਂ ਏਸ ਜੇਲ੍ਹ ਵਿਚ ਵਰ੍ਹਿਆਂ ਤੋਂ ਜਾਰੀ ਕੈਦ ਤੋਂ
ਤਨ ਦੀ ਰਿਹਾਈ ਹੋਏਗੀ

ਕਿੰਨਾ ਹੀ ਕੁਝ ਜੋ ਵੇਖਿਆ, ਕਿੰਨਾ ਹੀ ਕੁਝ ਜੋ ਜੀਵਿਆ
ਇਕ ਦੂਸਰੇ ਦੇ ਸਾਥ ਵਿਚ
ਸਭ ਯਾਦ ਆਉਂਦਾ ਹੋਏਗਾ ਉਸ ਨੂੰ ਵੀ ਫਿਲਮ ਵਾਂਗ, ਜਦ
ਗਿਆਰਾਂ ਜੁਲਾਈ ਹੋਏਗੀ

ਮੇਰੇ ਰਕੀਬ ਤੂੰ ਜਦੋਂ ਉਸ ਨੀਮ ਸਬਜ਼ ਵਰਕ 'ਤੇ
ਲਿਖਣੀ ਹੈ ਪਿਆਰ ਦੀ ਗ਼ਜ਼ਲ
ਭੁੱਲੀਂ ਨਾ ਉਥੇ ਹੀ ਕਿਤੇ ਕਾਹਲੀ 'ਚ ਮੇਟ'ਤੀ ਗਈ
ਮੇਰੀ ਲਿਖਾਈ ਹੋਏਗੀ

ਆਖ਼ਰਲੀ ਲਾਰੀ ਤੁਰਨ ਤੇ ਸੂਰਜ ਵੀ ਸਾਵੇ ਧਾਨ ਦੇ
ਖੇਤਾਂ 'ਚ ਛਿਪਦਾ ਹੋਏਗਾ
ਧਾਹ ਕੇ ਮਿਲਣ ਦੇ ਵਕਤ ਇਹ, ਚਿੱਤ ਚੇਤੇ ਵੀ ਨਹੀਂ ਸੀ ਕਿ
ਏਦਾਂ ਵਿਦਾਈ ਹੋਏਗੀ

ਹਰ ਸਾਲ ਵਾਂਗ ਦੇਖਣਾ ਇਸ ਵਾਰ ਵੀ ਜਨਮ ਦਾ ਦਿਨ
ਅਣਗੌਲਿਆ ਹੀ ਜਾਏਗਾ
ਰੱਖਦੀ ਸੀ ਜਿਹੜੀ ਯਾਦ, ਉਹ ਬੀਵੀ ਕਿਸੇ ਦੀ ਬਣ ਗਈ
ਔਰਤ ਪਰਾਈ ਹੋਏਗੀ

(6)

ਮੀਂਹ ਦਾ ਮੌਸਮ, ਘੁੱਪ ਹਨੇਰੀ ਰਾਤ, ਬੁਝੀ ਕੰਦੀਲ.. ਓ ਯਾਰ
ਡੱਬੀ ਵਿਚ ਬਚੀ ਹੋਈ ਹੈ ਇਕ ਆਖ਼ਰਲੀ ਤੀਲ੍ਹ ... ਓ ਯਾਰ

ਮਿਰਗ ਤ੍ਰਿਸ਼ਨਾ ਅੱਖਾਂ ਤੋਂ ਲੈ ਕੇ ਸੋਚਾਂ ਤੱਕ ਫੈਲ ਗਈ
ਤਪਦੀ ਰੇਤ ਨਜ਼ਰ ਆਉਂਦੀ ਹੈ ਨਖ਼ਲਿਸਤਾਨੀ ਝੀਲ..ਓ ਯਾਰ

ਚੁੰਝ ਵਿਚ ਮਾਸ ਦਾ ਟੁਕੜਾ ਲੈ ਕੇ ਆਣ ਬਨੇਰੇ ਬਹਿ ਜਾਂਦੀ
ਸ਼ਹਿਰ 'ਤੇ ਮੰਡਰਾਉਂਦੀ ਦਿਸਦੀ ਹੈ ਸ਼ਾਮ-ਸੁਬਹ ਇਕ ਚੀਲ...ਓ ਯਾਰ

ਫੁੱਲਾਂ ਲੱਦੇ ਟਾਹਣ ਸਵੇਰੇ ਤੀਕਰ ਰੁੰਡ-ਮਰੁੰਡੇ ਸਨ
ਇੱਕੋ ਰਾਤ 'ਚ ਮੌਸਮ ਹੋਇਆ ਕੁਝ ਏਦਾਂ ਤਬਦੀਲ.. ਓ ਯਾਰ

ਸਾਲਾਂ ਵਿਚ ਗੁਜ਼ਾਰੀ ਉਮਰਾ ਅੱਜ ਵੀ ਏਦਾਂ ਮਿਣਦੇ ਹਾਂ
ਤੇਰੇ ਸ਼ਹਿਰੋਂ ਕਿਹੜੀ ਵੱਖੀ, ਕਿੱਥੇ, ਕਿੰਨੇ ਮੀਲ.. ਓ ਯਾਰ

ਤੂੰ ਲਿਖਦਾ ਰਹਿ .ਗਜ਼ਲਾਂ ਬਹਿ ਕੇ ਪਰ ਤੇਰੇ ਸਮਕਾਲੀ ਤਾਂ
ਅੱਧੇ ਸੱਤਾਧਾਰੀ ਹੋਏ, ਬਾਕੀ ਪ੍ਰਗਤੀਸ਼ੀਲ...ਓ ਯਾਰ




# ਮਹਾਨ .ਗਦਰੀ ਜਰਨੈਲ ਬਾਬਾ ਹਰੀ ਸਿੰਘ ਉਸਮਾਨ (ਬੱਦੋਵਾਲ)

ਬਾਬਾ ਹਰੀ ਸਿੰਘ ਉਸਮਾਨ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਬੱਦੋਵਾਲ ਵਿਖੇ 20 ਅਕਤੂਬਰ 1879 ਨੂੰ ਹੋਇਆ। ਪੂਰੇ 19 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਕੇ 20-10-1898 ਤੋਂ ਲੈ ਕੇ 01-04-1905 ਤੱਕ ਕਰੀਬ ਸਾਢੇ ਛੇ ਸਾਲ ਸਰਕਾਰੀ ਨੌਕਰੀ ਕੀਤੀ । ਅਣਖੀਲੇ ਸੁਭਾਅ ਦੇ ਮਾਲਕ ਹੋਣ ਕਰਕੇ ਫੌਜੀ ਗੁਲਾਮੀ ਨੂੰ ਲੱਤ ਮਾਰ ਕੇ ਪਿੰਡ ਵਾਪਸ ਆ ਗਏ ਤੇ ਢਾਈ ਸਾਲ ਖੇਤੀਬਾੜੀ ਦਾ ਕੰਮ ਕੀਤਾ । 30 ਅਕਤੂਬਰ 1907 ਨੂੰ ਰੋਟੀ-ਰੋਜ਼ੀ ਦੀ ਭਾਲ ਵਿੱਚ ਫਿਲਪਾਈਨ ਲਈ ਰਵਾਨਾ ਹੋ ਗਏ। ਦੋ ਸਾਲ ਫਿਲਪਾਈਨ ਦੇ ਸ਼ਹਿਰ ਮਨੀਲਾ ਵਿੱਚ ਮਜ਼ਦੂਰੀ ਤੇ ਪਹਿਰੇਦਾਰੀ ਕੀਤੀ। ਅੱਗੋਂ ਅਮਰੀਕਾ ਜਾ ਕੇ ਕੈਲੀਫੋਰਨੀਆ, ਇੰਪੀਰੀਅਲ ਵੈਲੀ 'ਚ ਮਜ਼ਦੂਰੀ ਕਰਨ ਪਿੱਛੋਂ ਅਮਰੀਕਾ-ਮੈਕਸੀਕੋ ਹੱਦ 'ਤੇ ਮੈਕਸੀਕਾਲੀ ਕਸਬੇ ਨੇੜੇ 200 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗੇ। ਬੇਹੱਦ ਤੇ ਮਿਹਨਤੀ ਤੇ ਸਿਰੜੀ ਸੀ ਹਰੀ ਸਿੰਘ। ਖੂਨ-ਪਸੀਨਾ ਇੱਕ ਕਰਕੇ ਸਾਢੇ ਚਾਰ ਸਾਲਾਂ ਵਿੱਚ ਜਮ੍ਹਾਂ ਕੀਤੇ ਕਾਫੀ ਡਾਲਰ। ਦੂਜੇ ਪਾਸੇ ਗੋਰਿਆਂ ਵੱਲੋਂ ਪੈਰ-ਪੈਰ 'ਤੇ ਗੁਲਾਮੀ ਵਾਲੇ ਸਲੂਕ ਦੇ ਸ਼ੇਲੇ ਅਣਖੀ ਹਰੀ ਸਿੰਘ ਦੇ ਦਿਲ, ਦਿਮਾਗ ਨੂੰ ਕਰਦੇ ਸਨ ਜ਼ਖਮੀ। ਅਜਿਹੇ ਹਾਲਾਤ ਅੰਦਰ ਸਾਨਫਰਾਂਸਿਸਕੋ ਦੇ 'ਯੁਗਾਂਤਰ ਆਸ਼ਰਮ' (ਹੈੱਡਕੁਆਟਰ .ਗਦਰ ਪਾਰਟੀ) 'ਚੋਂ ਨਿਕਲਦੇ '.ਗਦਰ' ਅਖਬਾਰ ਦਾ ਪਹਿਲਾ ਪਰਚਾ ਹਰੀ ਸਿੰਘ ਨੂੰ ਮਿਲਿਆ। ਆਪ ਨੇ ਪੜ੍ਹੇ ਹੇਠ ਲਿਖੇ ਚਾਰ ਸਬਕ :

ਪਹਿਲਾ ਸਬਕ : ਹਥਿਆਰਬੰਦ ਇਨਕਲਾਬ, ਦੂਜਾ ਸਬਕ : ਧਰਮ ਆਪੋ ਆਪਣਾ, ਤੀਜਾ ਸਬਕ : ਸਭ ਗੁਲਾਮ ਦੇਸ਼ਾਂ ਦੀ ਆਜ਼ਾਦੀ ਦੇ ਘੋਲਾਂ ਵਿੱਚ ਹਿੱਸਾ ਲੈਣਾ, ਚੌਥਾ ਸਬਕ : ਤਨਖਾਹ ਮੌਤ ਤੇ ਇਨਾਮ ਆਜ਼ਾਦੀ । ਚਾਰੇ ਸਬਕ ਕਰ ਲਏ ਹਰੀ ਸਿੰਘ ਨੇ ਪਾਠ ਦੀ ਤਰ੍ਹਾਂ ਯਾਦ। ਲੱਗਾ ਕੰਮ ਕਰਦਾ '.ਗਦਰ ਦੀ ਕਵਿਤਾ ਗਾਉਣ' : '.ਗਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ, ਆਓ ਸ਼ੇਰੋ .ਗਦਰ ਮਚਾਈਏ ਵੇਲਾ ਨਹੀਂ ਖੁੰਝਾਵਣ ਦਾ।'

ਆਜ਼ਾਦੀ ਦੀ ਮਚਦੀ ਲਾਟ ਦੇ ਸੱਜਰੇ ਬਣੇ ਪਰਵਾਨੇ ਨੇ ਸੋਚਿਆ ਕਿ ਹੁਣ ਵੇਲਾ ਖੁੰਝਣ ਨਹੀਂ ਦੇਣਾ। 15 ਅਕਤੂਬਰ 1914 ਨੂੰ 'ਯੁਗਾਂਤਰ ਆਸ਼ਰਮ' ਪੁੱਜ ਕੇ ਬਣ ਗਏ .ਗਦਰ ਪਾਰਟੀ ਦੇ ਪੱਕੇ ਮੈਂਬਰ ਤੇ ਬੰਦ ਪਏ ਅਖਬਾਰ '.ਗਦਰ' ਨੂੰ ਮੁੜ ਚਾਲੂ ਕਰਨ ਵਾਲੇ ਨਵੇਂ ਸੰਪਾਦਕ। .ਗਦਰ ਪਾਰਟੀ ਦੇ ਫੈਸਲੇ ਮੁਤਾਬਕ ਆਪਣੇ ਸਾਥੀਆਂ ਹਰਨਾਮ ਚੰਦ, ਕਿਸ਼ਨ ਚੰਦ, ਮੰਗੂ ਤੇ ਰਘਵੀਰ ਸਮੇਤ ਆਪ 'ਜਹਾਂਗੀਰ' ਗੁਪਤ ਨਾਂਅ ਹੇਠ 15 ਅਪ੍ਰੈਲ 1915 ਨੂੰ ਜਰਮਨ ਕੌਂਸਲ ਦੀ ਮਦਦ ਨਾਲ ਅਮਰੀਕਾ ਤੋਂ ਹਿੰਦ ਦੀ .ਗਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆ ਸਮੁੰਦਰੀ ਜਹਾਜ਼ ਲੈ ਕੇ ਰਵਾਨਾ ਹੋ ਗਏ । 5 ਮਹੀਨੇ ਦੀਆਂ ਘੁੰਮਣਘੇਰੀਆਂ ਪਿੱਛੋਂ ਫੜੇ ਗਏ ਸਤੰਬਰ 1915 'ਚ, ਪਰ ਜਕਾਰਤਾ (ਜਾਵਾ) ਵਿਖੇ ਜਰਮਨ ਕੌਂਸਲ ਦੀ ਸਹਾਇਤਾ ਨਾਲ ਬਚ ਨਿਕਲੇ। ਜਾਵਾ ਦੇ ਪੱਛਮੀ ਹਿੱਸੇ ਦੇ ਪਹਾੜੀ ਖੇਤਰ 'ਗੰਗਹਾਲੂ' ਦੇ ਜੰਗਲਾਂ ਵਿੱਚ 01-01-16 ਤੋਂ 01-01-38 ਤੱਕ 'ਉਸਮਾਨ ਖਾਂ' ਦੇ ਨਾਂਅ ਹੇਠ ਤੀਜੇ ਰੂਪ 'ਚ ਗੁਪਤਵਾਸ ਜੀਵਨ ਬਤੀਤ ਕਰਦੇ ਰਹੇ। ਉਥੋ ਦੇ 'ਸੂਡਾਨਿਸ਼' ਲੋਕਾਂ ਦੀ ਬੋਲੀ / ਸੱਭਿਆਚਾਰ ਨੂੰ ਬਹੁਤ ਹੀ ਜਲਦੀ ਗ੍ਰਹਿਣ ਕਰਨ ਉਪਰੰਤ ਇੱਕ ਬੀਬੀ ਨਾਲ ਵਿਆਹ ਕਰਵਾਇਆ, ਜਿਸ ਦੀ ਕੁੱਖੋਂ ਤਿੰਨ ਧੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ । ਆਪ ਨੇ ਇਸ ਵਕਤ 25 ਏਕੜ ਦੀ ਜ਼ਮੀਨ 'ਤੇ ਖੇਤੀ ਕੀਤੀ। ਸ਼ੰਘਾਈ ਦੀ ਅੰਗਰੇਜ ਪੁਲਸ ਤੇ ਸੀ ਆਈ ਡੀ ਤਿੰਨ ਸਾਲ ਆਪ ਨੂੰ ਜਾਵਾ 'ਚ ਭਾਲ-ਭਾਲ ਕੇ ਫੇਲ੍ਹ ਹੋ ਗਈ ਤੇ ਵਾਪਸ ਮੁੜ ਗਈ। ਆਪ ਦੇ ਰੌਸ਼ਨ ਦਿਮਾਗ 'ਚ .ਗਦਰ ਸੁਪਨਾ ਸਦਾ ਜਿਉਂਦਾ ਰਿਹਾ।

ਇੰਗਲੈਂਡ ਤੇ ਜਾਪਾਨ ਦੇ ਵਿਚਕਾਰ ਜੰਗ ਦੇ ਆਸਾਰ ਬਣਦੇ ਹੀ ਆਪ ਨੇ ਹਿੰਦ 'ਚ .ਗਦਰ ਕਰਨ ਦੇ ਦੂਜੇ ਮੌਕਾ ਮੇਲ ਨੂੰ ਬੁੱਝ ਲਿਆ। ਸਿੱਟੇ ਵਜੋਂ 01-01-1938 ਨੂੰ ਆਪ ਆਪਣੀ ਪਤਨੀ ਤੇ ਬੱਚਿਆਂ ਨੂੰ ਸੁੱਤੇ ਪਏ ਹੀ ਛੱਡ ਗਏ। .ਗਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ। ਸ਼ੰਘਾਈ ਤੇ ਸਿੰਘਾਪੁਰ ਨੂੰ ਗੜ੍ਹ ਬਣਾਉਂਦੇ ਹੋਏ ਆਜ਼ਾਦ ਹਿੰਦ ਲੀਗ ਤੇ ਫੌਜ 'ਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਹੋਏ ਜਨਵਰੀ 1938 ਤੋਂ ਨਵੰਬਰ 1944 ਤੱਕ ਅਨੇਕਾਂ ਰਾਜਸੀ ਤੌਰ 'ਤੇ ਚੇਤਨ .ਗਦਰੀ ਫੌਜੀ ਤਿਆਰ ਕੀਤੇ ਅਤੇ ਹਾਂਗਕਾਂਗ, ਪਿਨਾਂਗ, ਸਿੰਘਾਪੁਰ, ਰੰਗੂਨ ਤੇ ਬੈਂਕਾਕ 'ਚ ਪ੍ਰਚਾਰ ਕਰਨ ਲਈ ਅਤੇ ਹਿੰਦ 'ਚ .ਗਦਰ ਦਾ ਯੁੱਧ ਕਰਨ ਲਈ ਭੇਜੇ, ਜਿਹਨਾਂ 'ਚੋਂ ਕਈ ਅੰਗਰੇਜ ਹਕੂਮਤ ਨੇ ਫਾਂਸੀ ਲਾਏ, ਗੋਲੀਆਂ ਨਾਲ ਸ਼ਹੀਦ ਕੀਤੇ ਤੇ ਕਾਲੇ ਪਾਣੀ ਭੇਜੇ। ਬਾਕੀ .ਗਦਰ ਲਈ ਜੂਝਦੇ ਰਹੇ। ਆਪ ਦਾ ਪਹਿਲਾ ਸਪੁੱਤਰ ਵੱਡਾ ਹੈਰੀ (ਵੱਡਾ ਹਰੀ ਸਿੰਘ) ਆਜ਼ਾਦ ਹਿੰਦ ਫੌਜ ਦੇ ਲੈਫਟੀਨੈਂਟ ਦੇ ਰੂਪ 'ਚ ਇੰਫਾਲ ਫਰੰਟ 'ਤੇ ਅੰਗਰੇਜ਼ਾਂ ਵਿਰੁੱਧ ਹਿੰਦ ਦੀ ਮੁਕਤੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਦੂਜਾ ਸਪੁੱਤਰ ਛੋਟਾ ਹੈਰੀ (ਛੋਟਾ ਹਰੀ ਸਿੰਘ) ਨੇ ਫੌਜ ਦੇ ਖੁਫੀਆ ਕਾਰਜਾਂ ਬਦਲੇ ਅੰਗਰੇਜ਼, ਡੱਚ ਤੇ ਜਾਵਾ ਹਾਕਮਾਂ ਦੇ ਅਸਹਿ ਤੇ ਅਕਹਿ ਤਸੀਹੇ ਝੱਲੇ। 1945 'ਚ ਮੁੜ ਜਾਵਾ ਵਾਪਸੀ 'ਤੇ ਨਵੰਬਰ 1945 'ਚ ਮੁਸਲਿਮ ਕੱਟੜਪੰਥੀਆਂ ਵੱਲੋਂ ਸੁਣਾਈ ਸਜ਼ਾ ਏ ਮੌਤ ਹੋਣ ਤੋਂ ਪਹਿਲਾਂ ਆਪ ਤੇ ਛੋਟਾ ਹੈਰੀ ਦੋਨੋਂ ਬਚਣ 'ਚ ਸਫਲ ਹੋ ਗਏ। ਜਨਵਰੀ ਤੋਂ ਸਤੰਬਰ 1948 ਤੱਕ ਡੱਚ ਸਾਮਰਾਜੀਆਂ ਦੀ ਕੈਦ ਕੱਟੀ ਤੇ 1 ਅਕਤੂਬਰ 1948 ਨੂੰ ਵਾਪਸ ਬੱਦੋਵਾਲ ਪਰਤੇ। ਗੁੰਮਨਾਮ, ਪ੍ਰੰਤੂ ਚੜ੍ਹਦੀ ਕਲਾ ਵਾਲਾ, ਲੋਕ ਸੇਵਾ ਵਾਲਾ , ਕ੍ਰਾਂਤੀ 'ਚ ਅਟੱਲ ਵਿਸ਼ਵਾਸ ਵਾਲਾ, ਦੇਸ਼ ਨੂੰ ਸਮਰਪਣ ਵਾਲਾ ਫਕੀਰੀ ਜੀਵਨ ਜਿਉਂਦੇ ਹੋਏ 15 ਅਗਸਤ 1969 ਨੂੰ ਬੱਦੋਵਾਲ ਵਿਖੇ ਵਤਨ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ । ਆਪ ਜੀ ਦਾ ਮਹਾਨ ਤੇ ਉੱਚੇ-ਸੁੱਚੇ ਕਿਰਦਾਰ ਵਾਲਾ ਜੀਵਨ ਤੇ ਬੇਮਿਸਾਲ ਕੁਰਬਾਨੀਆਂ ਸੂਹੇ ਰਾਹਾਂ ਦੇ ਰਾਹੀਆਂ ਨੂੰ ਸਦਾ-ਸਦਾ ਲਈ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਅਮੁੱਖ ਸੋਮਾ ਬਣੀਆਂ ਰਹਿਣਗੀਆਂ



ਅੱਜ ਮਹਾਨ ਕਰਾਂਤੀਕਾਰੀ ਜਰਨੈਲ ਨੂੰ ਉਨ੍ਹਾ ਦੇ ਵਾਰਿਸ ਪਿੰਡ ਬੱਦੋਵਾਲ ਵਿਖੇ ਜਨਮ ਦਿਵਸ ਮੌਕੇ ਸਾਲਾਨਾ ਸਮਾਗਮ ਰਚ ਕੇ ਸ਼ਰਧਾਂਜਲੀਆਂ ਭੇਟ ਕਰਨਗੇ।

**—ਜਸਦੇਵ ਸਿੰਘ ਲਲਤੋਂ**
**ਫੋਨ. 96464-02470**

# ਸਦਭਾਵਨਾ ਤੇ ਸਾਂਝੀਵਾਲਤਾ ਦਾ ਪ੍ਰਤੀਕ ਗਦਰੀ ਹਰੀ ਸਿੰਘ ਉਸਮਾਨ

**ਅਮੋਲਕ ਸਿੰਘ**

ਪਿੰਡ ਬੱਦੋਵਾਲ (ਲੁਧਿਆਣਾ) ਦੇ ਗਦਰੀ ਹਰੀ ਸਿੰਘ ਉਸਮਾਨ ਦਾ ਇਹ ਨਾਂਅ ਪਰਵਾਰ ਨੇ ਨਹੀਂ ਸੀ ਰੱਖਿਆ। ਇਸ ਨਾਂਅ ਦੀ ਕਹਾਣੀ ਗਦਰ ਲਹਿਰ ਦੀ ਕਹਾਣੀ ਨਾਲ ਜੁੜੀ ਹੈ। ਊਧਮ ਸਿੰਘ ਉਧੋ ਜਿਵੇਂ ਮੁਹੰਮਦ ਸਿੰਘ ਆਜ਼ਾਦ ਕਹਾਉਣ ਲੱਗਾ, ਆਜ਼ਾਦੀ ਦੀ ਜੱਦੋਜਹਿਦ ਦਾ ਲਾਮਿਸਾਲ ਸੰਗਰਮੀਆ ਹਰੀ ਸਿੰਘ ਉਸਮਾਨ ਵੀ ਗਦਰ ਲਹਿਰ ਦੀਆਂ ਲੋੜਾਂ 'ਚੋਂ ਉੱਕਰਿਆ ਨਾਮਕਰਨ ਹੈ।

ਮੁਲਕ ਦੀ ਆਜ਼ਾਦੀ ਲਈ ਅਮਰੀਕਾ ਦੀ ਧਰਤੀ 'ਤੇ ਪਈ '.ਗਦਰ ਦੀ ਗੂੰਜ' ਨੇ ਜੰਗਲਾਂ, ਪਹਾੜਾਂ, ਝੀਲਾਂ ਅਤੇ ਸਾਗਰਾਂ ਅੰਦਰ ਨਵੇਂ ਗੀਤ ਛੇੜ ਦਿੱਤੇ। ਰੋਟੀ-ਰੋਜ਼ੀ ਦੀ ਭਾਲ਼ 'ਚ ਪ੍ਰਦੇਸੀ ਹੋਏ ਪੰਜਾਬੀ ਨੌਜਵਾਨਾਂ ਦੀ ਚੇਤਨਾ 'ਚ ਆਜ਼ਾਦੀ ਦੀ ਨਵੀਂ ਲਿਸ਼ਕੋਰ ਪਈ। ਉਹਨਾਂ ਵਤਨ ਨੂੰ ਚਾਲੇ ਪਾਏ। '.ਗਦਰ' ਅਖ਼ਬਾਰ ਨੇ ਜੰਗਲ 'ਚ ਚੰਗਿਆੜੀ ਦਾ ਕੰਮ ਕੀਤਾ। ਹਜ਼ਾਰਾਂ ਨੌਜਵਾਨਾਂ ਦੀ ਜ਼ਿੰਦਗੀ ਦੇ ਸਫ਼ਰ ਦੀ ਨਵੀਂ ਦਿਸ਼ਾ ਬਣੀ। ਵਤਨੋਂ ਦੂਰ ਤੋਂ ਕਾਫ਼ਲੇ .ਗੁਲਾਮੀ ਦੀਆਂ ਬੇੜੀਆਂ ਵਗਾਹ ਮਾਰ ਕੇ ਆਜ਼ਾਦੀ ਦੀ ਬਹਾਰ ਲਿਆਉਣ ਲਈ ਸਿਰਾਂ 'ਤੇ ਕੱਫ਼ਣ ਬੰਨ੍ਹ ਕੇ ਸੂਹੇ ਮਾਰਗ 'ਤੇ ਤੁਰ ਪਏ।

ਇਹਨਾਂ .ਗਦਰੀ ਕਾਫ਼ਲਿਆਂ ਤੋਂ ਪ੍ਰਭਾਵਿਤ ਹੋ ਕੇ ਇੱਕ ਫੌਜੀ ਕਾਮਾ-ਕਿਸਾਨ, ਕੈਲੇਫੋਰਨੀਆਂ ਦੀ ਇੰਪੀਰੀਅਲ ਘਾਟੀ ਤੇ ਮੈਕਸੀਕੋ ਦੀ ਹੱਦ ਉਤਲੇ ਮੈਕਸੀਕਾਲੀ ਦੇ ਕਸਬੇ ਵਿੱਚ ਕਪਾਹ ਦੀ ਖੇਤੀ ਕਰਦਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੱਦੋਵਾਲ ਦਾ ਹਰੀ ਸਿੰਘ, ਆਜ਼ਾਦੀ ਸੰਗਰਾਮ ਦਾ ਫਰੇਰਾ ਲੈ ਤੁਰਿਆ।

ਹਰੀ ਸਿੰਘ ਨੇ ਸਖ਼ਤ ਮਿਹਨਤ ਕਰਕੇ ਸੈਂਕੜੇ ਏਕੜ ਦੇ ਫਾਰਮ ਵਿੱਚ ਜੋ ਕਪਾਹ ਖਿੜਨ ਲਾਈ, ਉਸ ਤੋਂ ਮੂਲੋਂ ਵੱਖਰੀ ਕਪਾਹ (ਆਜ਼ਾਦੀ) ਦੀਆਂ ਫੁੱਟੀਆਂ ਉਸ ਦੇ ਖਿਆਲਾਂ ਵਿੱਚ ਖਿੜ ਪਈਆਂ। ਉਸ ਨੇ '.ਗਦਰ' ਅਖ਼ਬਾਰ ਦੇ ਮੁੱਖ ਪੰਨਿਆਂ 'ਤੇ ਉੱਕਰੇ ਸ਼ਬਦ ਸਬਕਾਂ ਦੇ ਰੂਪ ਵਿੱਚ ਮਨ ਦੀ ਡਾਇਰੀ 'ਤੇ ਉਤਾਰ ਲਏ :

ਪਹਿਲਾ ਸਬਕ : ਇਨਕਲਾਬ
ਦੂਜਾ ਸਬਕ : ਮਜ਼ਹਬ ਆਪੋ ਆਪਣਾ ।
ਤੀਜਾ ਸਬਕ : .ਗੁਲਾਮ ਦੇਸ਼ਾਂ ਦੀ ਆਜ਼ਾਦੀ ਦੀ ਜੱਦੋ-ਜਹਿਦ 'ਚ ਭਾਗ ਲੈਣਾ, ਸਾਥ ਦੇਣਾ ਹਰ ਗਦਰੀ ਦਾ ਮੁਢਲਾ ਫਰਜ਼ ।
ਚੌਥਾ ਸਬਕ : ਤਨਖਾਹ: ਮੌਤ ਅਤੇ ਇਨਾਮ : ਆਜ਼ਾਦੀ

ਉਹ .ਗਦਰੀ ਗੂੰਜਾਂ ਗਾਉਂਦਾ ਲਾਸ ਏਂਜਲਸ ਹੁੰਦਾ ਹੋਇਆ ਸਾਨ ਫਰਾਂਸਿਸਕੋ ਆ ਕੇ ਯੁਗਾਂਤਰ ਆਸ਼ਰਮ ਪੁੱਜਾ। ਉਹਨੂੰ .ਗਦਰ ਪਾਰਟੀ ਦੇ ਮੁੱਖ ਕੇਂਦਰ ਪੁੱਜ ਕੇ ਨੇੜਿਓਂ ਪਤਾ ਲੱਗਾ ਕਿ .ਗਦਰ ਲਈ ਸਮਰਪਤ ਹੋਣਾ ਕਿੰਨਾ ਜ਼ਰੂਰੀ ਹੈ। ਉਹ .ਗਦਰ ਦਾ ਅਤੇ .ਗਦਰ ਉਸ ਦਾ ਹੋ ਗਿਆ। ਜਦੋਂ 1913-14 ਵਿੱਚ .ਗਦਰ ਅਖ਼ਬਾਰ ਦੀਆਂ ਚਾਰੇ ਪਾਸੇ ਧੁੰਮਾਂ ਪਈਆਂ ਹੋਈਆਂ ਸਨ ਤਾਂ ਬੱਦੋਵਾਲ ਦਾ ਇਹ ਚੜ੍ਹਦੀ ਉਮਰ ਦਾ ਗੱਭਰੂ ਹਰੀ ਸਿੰਘ ਬੱਦੋਵਾਲੀਆ, ਮਾਂ ਧਰਤੀ ਦੀ .ਗੁਲਾਮੀ ਦੀਆਂ ਬੇੜੀਆਂ ਚੂਰ-ਚੂਰ ਕਰਕੇ ਆਜ਼ਾਦੀ ਦੀ ਰੁੱਤ ਲਿਆਉਣ ਲਈ ਮਾਂ ਧਰਤੀ ਦਾ ਵਫ਼ਾਦਾਰ ਸਪੂਤ ਹੋ ਗਿਆ।

ਗਦਰ ਪਾਰਟੀ ਦੀ ਯੋਜਨਾ ਅਨੁਸਾਰ ਉਸ ਦਾ ਈਰਾਨ ਦਾ ਪਾਸਪੋਰਟ ਬਣਾਇਆ ਗਿਆ। ਆਜ਼ਾਦੀ ਦੇ ਬੀਜ ਬੀਜਣ ਲਈ ਹਰੀ ਸਿੰਘ ਬੱਦੋਵਾਲ ਹੁਣ 'ਜਹਾਂਗੀਰ' ਦੇ ਨਾਂਅ ਨਾਲ ਜਾਣਿਆ ਜਾਣਨ ਲੱਗਾ।

ਉਹਨਾਂ ਦੇ ਜੀਵਨ ਸਫ਼ਰ ਦੇ ਪਿਛੋਕੜ ਉਪਰ ਝਾਤ ਮਾਰੀਏ ਤਾਂ ਪੈੜਾਂ ਬੋਲਦੀਆਂ ਹਨ ਕਿ 20 ਅਕਤੂਬਰ 1879 ਨੂੰ ਬੱਦੋਵਾਲ (ਲੁਧਿਆਣਾ) ਪਿੰਡ 'ਚ ਜਨਮਿਆ ਹਰੀ ਸਿੰਘ 20 ਅਕਤੂਬਰ 1898 ਨੂੰ ਫੌਜ ਵਿੱਚ ਭਰਤੀ ਹੋਇਆ। ਉਸ ਨੇ 1905 ਤੱਕ ਫੌਜ ਦੀ ਨੌਕਰੀ ਕੀਤੀ। ਜ਼ਿੰਦਗੀ ਦੇ ਤਲਖ਼ ਤਜਰਬੇ ਝੋਲੀ ਪਾਏ। ਉਹ ਅਖੀਰ ਘਰ ਦੀ ਦਸ਼ਾ ਬਦਲਣ ਲਈ 30 ਅਕਤੂਬਰ 1907 ਨੂੰ ਵਿਦੇਸ਼ਾਂ ਦੀ ਧਰਤੀ 'ਤੇ 'ਕਮਾਈਆਂ' ਦੀ ਭਾਲ 'ਚ ਨਿਕਲਿਆ। ਅਮਰੀਕਾ ਵਿੱਚ ਚੰਗੀ ਕਮਾਈ ਕਰਨ ਉਪਰੰਤ ਉਸ ਨੇ ਗਦਰ ਲਹਿਰ ਦੇ ਪਰਵਾਰ ਨੂੰ ਆਪਣਾ ਘਰ ਅਤੇ ਵਡੇਰਾ ਪਰਵਾਰ ਸਮਝ ਕੇ .ਗਦਰ ਪਾਰਟੀ ਲਈ ਸਭ ਕੁੱਝ ਸਮਰਪਤ ਕਰ ਦਿੱਤਾ। ਉਸ ਨੂੰ .ਗਦਰ ਪਾਰਟੀ ਦੇ ਮੂਲ ਵਿਚਾਰ ਪੜ੍ਹ ਕੇ ਪਤਾ ਲੱਗਾ ਕਿ ਏਕਤਾ ਦਾ ਫਲ : ਸ਼ਕਤੀ ਅਤੇ ਆਜ਼ਾਦੀ, ਅਨੇਕਤਾ ਦਾ ਸਿੱਟਾ : ਦੁਰਬਲਤਾ ਅਤੇ ਗੁਲਾਮੀ, ਏਕਤਾ ਦਾ ਮੂਲ : ਸਮਾਜਵਾਦ ਅਤੇ ਅਨੇਕਤਾ ਦਾ ਮੂਲ : ਸਾਮਰਾਜਵਾਦ ਹੁੰਦਾ ਹੈ। ਹਰੀ ਸਿੰਘ ਨੇ ਇਹ ਵਿਚਾਰ ਲੜ ਬੰਨ੍ਹ ਲਏ ਕਿ ਦੁਨੀਆ ਭਰ ਦੇ ਲੋਕਾਂ ਦੀ ਆਜ਼ਾਦੀ, ਨਿਹੱਕੀਆਂ ਜੰਗਾਂ ਦਾ ਖਾਤਮਾ, ਨਿਆਂ, ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਲੁੱਟ, ਦਾਬੇ ਅਤੇ ਜਬਰ 'ਤੇ ਟਿਕੇ ਰਾਜ ਭਾਗ ਨੂੰ ਮੂਲੋਂ ਬਦਲਣਾ ਬਹੁਤ ਜ਼ਰੂਰੀ ਹੈ। ਇਹੋ ਹੀ ਮਨੁੱਖਤਾ ਦਾ ਸਰਵਉੱਚਤਮ ਧਰਮ ਹੈ।

ਹਰੀ ਸਿੰਘ ਬੱਦੋਵਾਲ ਨੇ 'ਫਕੀਰ' ਦੇ ਤਖੱਲਸ ਹੇਠਾਂ ਪੰਜਾਬੀ ਵਿੱਚ ਕਵਿਤਾਵਾਂ ਲਿਖੀਆਂ, ਜਿਨ੍ਹਾਂ ਦੀ ਇੱਕ ਵੰਨਗੀ ਇਸ ਤਰ੍ਹਾਂ ਹੈ :

ਨਾਮ .ਗਦਰ ਬਕਾਮ .ਗਦਰ
ਡਾਕਖਾਨਾ ਹਿੰਦੋਸਤਾਨ .ਗਦਰ
ਚਲੇ ਆਓ ਜਿਸਕੋ ਹੈ
.ਗਦਰ ਕੀ ਕਦਰ।

ਨਯਾ ਜ਼ਮਾਨਾ ਨਈ ਕਿਤਾਬੇਂ
ਨਯੇ ਅਸੂਲ ਬਨਾਏਂਗੇ
ਊਚ ਨੀਚ ਕਾ ਭੇਦ ਮਿਟਾ ਕਰ
ਸਭ ਕੋ ਇਲਮ ਪੜ੍ਹਾਏਂਗੇ

.ਗਦਰ ਹਮਾਰਾ ਮਜ਼੍ਹਬ ਹੈ
.ਗਦਰ ਹਮਾਰੀ ਜਾਤ
.ਗਦਰ ਪਾਰਟੀ ਵਾਲਿਓ
ਸੁਨੋ ਹਮਾਰੀ ਬਾਤ

ਅਮਰੀਕਾ, ਜਾਵਾ (ਇੰਡੋਨੇਸ਼ੀਆ) ਅਤੇ ਜਾਪਾਨ ਆਦਿ ਮੁਲਕਾਂ 'ਚ .ਗਦਰ ਪਾਰਟੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹਰੀ ਸਿੰਘ ਨੇ .ਗਦਰ ਲਹਿਰ ਦੀ ਸਿਰਜਣਾ ਵਿੱਚ ਅਮਿੱਟ ਯੋਗਦਾਨ ਪਾਇਆ। ਥਾਂ-ਥਾਂ ਤਕਰੀਰਾਂ ਕਰਕੇ ਜੱਥੇਬੰਦੀਆਂ ਉਸਾਰਨ, ਫੰਡ ਇਕੱਤਰ ਕਰਨ ਦਾ ਕੰਮ ਕੀਤਾ। ਉਹਨਾਂ ਨਾਲ ਮੰਗੂ, ਰਘਬੀਰ, ਕਿਸ਼ਨ ਚੰਦ ਅਤੇ ਹਰਨਾਮ ਚੰਦ ਦੀ ਜੋਟੀ ਰਹੀ। ਹਰੀ ਸਿੰਘ ਆਪਣੀ ਡਾਇਰੀ 'ਚ ਲਿਖਦੇ ਨੇ ਕਿ .ਗਦਰ ਪਾਰਟੀ ਦੇ ਅਸੂਲਾਂ ਕਾਰਨ ਮੈਨੂੰ ਅੰਗ-ਸੰਗ ਰਹੇ ਇਹਨਾਂ ਚਾਰਾਂ ਸਾਥੀਆਂ ਦੇ ਪਿੰਡਾਂ ਦਾ ਨਾਂਅ ਨਹੀਂ ਪਤਾ। ਇੱਕ ਜਹਾਜ਼ ਤੋਂ ਦੂਜੇ ਜਹਾਜ਼ ਹਥਿਆਰਾਂ ਦੀ ਖੇਪ ਇੱਕ ਥਾਂ ਤੋਂ ਦੂਜੀ ਥਾਂ ਪੁੱਜਦੀ ਕਰਨ ਲਈ ਸੀਸ ਤਲੀ 'ਤੇ ਟਿਕਾ ਕੇ ਆਪਣੇ ਆਪ ਨੂੰ .ਗਦਰ ਲਈ ਸਮਰਪਿਤ ਕੀਤਾ।

ਇੰਡੋਨੇਸ਼ੀਆ ਦੇ ਜਕਾਰਤਾ ਸ਼ਹਿਰ ਵਿੱਚ ਰਹਿੰਦੇ ਹਰੀ ਸਿੰਘ ਦਾ ਮੇਲ-ਮਿਲਾਪ ਇੱਕ ਮੁਸਲਮਾਨ ਪਰਵਾਰ ਦੇ ਅਲੀ ਮੁਹੰਮਦ ਨਾਲ ਹੋਇਆ। ਉਸ ਨੇ ਡੇਅਰੀ 'ਚ ਕੋਈ 150 ਗਾਵਾਂ ਰੱਖੀਆਂ ਸਨ। ਉਸ ਦੇ ਇੱਕ ਕਾਮੇ ਦਾ ਨਾਂਅ ਉਸਮਾਨ ਖਾਂ ਸੀ, ਜੋ ਅਫ਼ਗਾਨਿਸਤਾਨ ਤੋਂ ਸੀ ਅਤੇ ਕੁੱਝ ਸਮਾਂ ਪਹਿਲਾਂ ਉਹ ਫੌਤ ਹੋ ਚੁੱਕਾ ਸੀ। ਉਸ ਦਾ ਕੱਦ ਵੀ ਹਰੀ ਸਿੰਘ ਨਾਲ ਮਿਲਦਾ ਸੀ। ਪਾਸਪੋਰਟ 'ਤੇ ਉਹਨਾਂ ਸਮਿਆਂ ਵਿੱਚ ਤਸਵੀਰ ਨਹੀਂ ਸੀ ਹੋਇਆ ਕਰਦੀ। ਸਿਰਫ਼ ਅੰਗੂਠੇ ਦਾ ਨਿਸ਼ਾਨ ਜਾਂ ਦਸਤਖ਼ਤ ਹੁੰਦੇ ਸੀ। ਹਰੀ ਸਿੰਘ ਇਹ ਪਾਸਪੋਰਟ ਲੈ ਕੇ ਆਪਣਾ ਨਾਂਅ ਬਦਲ ਕੇ 'ਉਸਮਾਨ ਖਾਂ' ਬਣ ਗਿਆ। ਪੁਲਸ, ਹਰੀ ਸਿੰਘ ਜਾਂ ਪਹਿਲਾਂ ਬਦਲ ਕੇ ਰੱਖੇ ਨਾਂਅ ਜਹਾਂਗੀਰ ਨੂੰ ਲੱਭਦੀ ਰਹੀ। ਹਰੀ ਸਿੰਘ ਤਾਂ ਵਾਇਆ ਜਹਾਂਗੀਰ ਹੁੰਦਾ ਹੋਇਆ ਉਸਮਾਨ ਖਾਂ ਬਣ ਚੁੱਕਾ ਸੀ। ਹਰੀ ਸਿੰਘ ਦੀ ਪੈੜ ਨੱਪਣੀ ਮੁਸ਼ਕਲ ਹੋ ਗਈ। ਇਉਂ ਪਿੱਛੋਂ ਆ ਕੇ ਸਭ ਦੀ ਪ੍ਰਤੀਨਿਧਤਾ ਕਰਦਾ ਉਸ ਦਾ ਨਾਂਅ ਹੋ ਗਿਆ: ਹਰੀ ਸਿੰਘ ਉਸਮਾਨ ।

ਹਰੀ ਸਿੰਘ ਉਸਮਾਨ ਦੀ ਡਾਇਰੀ ਦੇ ਪੰਨਿਆਂ 'ਤੇ ਉੱਕਰੇ ਇਹ ਸ਼ਬਦ ਸਾਡੇ ਸਮਿਆਂ ਵਿੱਚ ਬੇਹੱਦ ਅਰਥ ਭਰਪੂਰ ਹਨ ਜਦੋਂ ਮੁਲਕ ਅੰਦਰ ਵੰਡੀਆਂ ਪਾਉਣ, ਜ਼ਹਿਰ ਘੋਲਣ, ਲੋਕਾਂ ਨੂੰ ਲੋਕਾਂ ਨਾਲ ਲੜਾ ਕੇ ਲੋਕਾਂ ਦੀ ਸੁਰਤ ਮਾਰਨ ਅਤੇ ਲੁੱਟ, ਜਬਰ 'ਤੇ ਅਧਾਰਤ ਰਾਜ-ਭਾਗ ਸਲਾਮਤ ਰੱਖਣ ਲਈ ਮੁਲਕ ਦੀਆਂ ਪੌਣਾਂ ਨੂੰ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਭਾਈਚਾਰੇ ਨੂੰ ਨਫਰਤ, ਮਾਰ-ਧਾੜ, ਉਜਾੜੇ ਅਤੇ ਕਤਲੇਆਮ ਲਈ ਫਿਰਕੂ ਹਮਲਿਆਂ ਦਾ ਚੌਣਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹਨਾਂ ਦੀ ਡਾਇਰੀ ਬੋਲਦੀ ਹੈ :

ਜਾਗੋ ! ਸੁੱਤਿਓ ਸੁਣੋ ਪੁਕਾਰ ਮੇਰੀ,
ਕੇਹੜੀ ਗੱਲ 'ਤੇ ਹੋਏ .ਗਮਖ਼ਾਰ ਲੋਕੋ।
ਝੂਠੇ ਝਗੜਿਆਂ ਨੂੰ ਦਿਲੋਂ ਕੱਢ ਦੇਵੋ,
ਇੱਕ ਦੂਸਰੇ ਦੇ ਬਣੋ ਯਾਰ ਲੋਕੋ।

ਅੱਜ 20 ਅਕਤੂਬਰ ਨੂੰ ਹਰੀ ਸਿੰਘ ਉਸਮਾਨ ਦੇ ਜਨਮ ਦਿਹਾੜੇ ਮੌਕੇ ਪਿੰਡ ਬੱਦੋਵਾਲ (ਲੁਧਿਆਣਾ) ਅਤੇ ਹੋਰਨਾਂ ਥਾਵਾਂ 'ਤੇ ਸਮਾਗਮ ਕਰਕੇ ਉਹਨਾਂ ਦੇ ਰੌਸ਼ਨ ਮਿਸਾਲ ਜੀਵਨ ਸੰਗਰਾਮ ਤੋਂ ਅਮੁੱਲੜੇ ਸਬਕ ਹਾਸਲ ਕੀਤੇ ਜਾਣਗੇ।

ਸਾਡੇ ਸਮਿਆਂ ਅੰਦਰ ਹਰੀ ਸਿੰਘ ਉਸਮਾਨ ਖਾਸ ਕਰਕੇ ਉਹਨਾਂ ਵਿਦਿਆਰਥੀਆਂ, ਨੌਜਵਾਨਾਂ ਲਈ ਜਗਦੀ ਮਸ਼ਾਲ ਹੈ, ਜਿਹੜੇ ਬੇਵਤਨ ਹੋਏ ਅੱਜ ਕੈਨੇਡਾ ਵਰਗੇ ਮੁਲਕਾਂ ਵਿੱਚ ਇੱਕ ਵਾਰ ਫੇਰ ਉਜਾੜੇ, ਬੇਦਖਲੀ ਦੀ ਲਟਕਦੀ ਨੰਗੀ ਤਲਵਾਰ ਦੇ ਹੇਠ ਮਾਨਸਿਕ ਪੀੜਾ ਹੰਢਾ ਰਹੇ ਹਨ। ਰੋਟੀ-ਰੋਜ਼ੀ ਲਈ ਸੰਘਰਸ਼ ਕਰ ਰਹੇ ਹਨ। ਉਹਨਾਂ ਨੂੰ ਗਦਰ ਲਹਿਰ ਦੇ ਅਸਮਾਨ, ਹਰੀ ਸਿੰਘ ਉਸਮਾਨ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ ਕਿ ਜੇਕਰ ਉਹਨਾਂ ਦੇ ਸੁਪਨਿਆਂ ਦਾ ਆਪਣਾ ਦੇਸ਼ ਸਿਰਜਿਆ ਹੁੰਦਾ ਤਾਂ ਸਾਨੂੰ ਪ੍ਰਦੇਸ਼ ਧੱਕੇ ਨਾ ਖਾਣੇ ਪੈਂਦੇ।

ਖੂਬਸੂਰਤ ਦੁਨੀਆ ਸਿਰਜਣ ਲਈ ਅੱਜ ਅਤੇ ਆਉਣ ਵਾਲਾ ਕੱਲ੍ਹ ਸਾਨੂੰ ਸੰਗਰਾਮ ਲਈ ਗਦਰੀ ਪੈੜਾਂ 'ਚੋਂ ਆਪਣੇ ਨਵੇਂ ਮਾਰਗ ਤਲਾਸ਼ਣ ਦੀ ਲੋੜ ਹੈ।

**ਸੰਪਰਕ : 98778-68710**

## ਸ.ਫਾ 2 ਦੀ ਬਾਕੀ

## 'ਮਹਾਨ ਕੋਸ਼' ਇੱਕ 'ਮਹਾਨ ਵਿਦਵਾਨ'...

ਭਾਗਾਂ ਵਿਚ ਛਪਿਆ ਸੀ ਅਤੇ ਕੁੱਲ ਪੰਨੇ 3,338 ਸਨ। ਕੁਝ ਖਰਚੇ ਅੰਦਾਜ਼ਿਉਂ ਵੱਧ ਨਿਕਲਣ ਕਾਰਨ ਲਾਗਤ ਆਸ ਤੋਂ ਵਧੀਕ, 51,000 ਰੁਪਏ ਹੋ ਗਈ। ਇਹਦੇ ਨਾਲ ਹੀ ਸੋਚ-ਸੋਚ ਕੇ ਇਹ ਫ਼ੈਸਲਾ ਵੀ ਕਰਨਾ ਪਿਆ ਕਿ ਛਾਪ ਕੇ ਢੇਰ ਲਾ ਰੱਖਣ ਦੀ ਥਾਂ ਛਪਣ-ਗਿਣਤੀ ਇਕ ਹਜ਼ਾਰ ਤੋਂ ਘਟਾ ਕੇ ਪੰਜ ਸੌ ਹੀ ਰੱਖੀ ਜਾਵੇ। ਇਸੇ ਹਿਸਾਬ ਪਟਿਆਲਾ ਦਰਬਾਰ ਨੇ ਕੋਸ਼ ਦਾ ਮੁੱਲ, ਕਿਸੇ ਨਫ਼ੇ ਤੋਂ ਬਿਨਾਂ, ਭਿਜਵਾਈ ਦਾ ਥੋੜ੍ਹਾ ਜਿਹਾ ਖਰਚ ਪਾ ਕੇ, 110 ਰੁਪਏ ਰੱਖਿਆ। ਭਾਈ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਇਸ ਲੇਖੇ ਵਿਚ ਲੇਖਕ ਦੀ ਮਿਹਨਤ ਸ਼ਾਮਲ ਨਹੀਂ। ਅਗਸਤ 1948 ਵਿਚ ਪੰਜਾਬ ਦੀਆਂ ਰਿਆਸਤਾਂ ਖ਼ਤਮ ਕਰਕੇ ਉਹਨਾਂ ਦੇ ਮਿਲਵੇਂ ਇਲਾਕੇ ਦਾ ਨਵਾਂ ਰਾਜ, ਪੈਪਸੂ ਸਿਰਜਿਆ ਗਿਆ, ਜਿਸ ਨੇ 'ਮਹਿਕਮਾ ਪੰਜਾਬੀ' ਕਾਇਮ ਕੀਤਾ। ਇਕ ਹਜ਼ਾਰ ਦੀ ਥਾਂ ਪੰਜ ਸੌ ਕੋਸ਼ ਛਾਪਣ ਦਾ 1930 ਵਾਲਾ ਫ਼ੈਸਲਾ ਸਹੀ ਸਿੱਧ ਹੋਇਆ ਸੀ। ਅਠਾਰਾਂ ਸਾਲਾਂ ਮਗਰੋਂ ਵੀ ਇਕ ਸੌ ਦੇ ਕਰੀਬ ਕੋਸ਼ ਬਚੇ ਪਏ ਸਨ। ਇਹ ਕੋਸ਼ ਪਟਿਆਲਾ ਦਰਬਾਰ ਨੇ ਪੈਪਸੂ ਦੇ 'ਮਹਿਕਮਾ ਪੰਜਾਬੀ' ਨੂੰ ਸੌਂਪ ਦਿੱਤੇ, ਜੋ ਤੁਰੰਤ ਵਿਕ ਗਏ। ਅੱਗੇ ਚੱਲ ਕੇ 'ਮਹਿਕਮਾ ਪੰਜਾਬੀ' ਤੋਂ ਬਣੇ 'ਭਾਸ਼ਾ ਵਿਭਾਗ, ਪੰਜਾਬ' ਦੇ ਡਾਇਰੈਕਟਰ, ਗਿਆਨੀ ਲਾਲ ਸਿੰਘ ਦੀ ਅਗਵਾਈ ਵਿਚ ਇਸ ਦਾ ਨਵਾਂ ਸੰਸਕਰਣ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਵਿਉਂਤ ਦੀ ਸੂਚਨਾ ਅਖ਼ਬਾਰਾਂ ਵਿਚ ਛਪਵਾ ਕੇ ਸਲਾਹਾਂ ਮੰਗੀਆਂ ਗਈਆਂ ਅਤੇ ਅੰਤ ਨੂੰ ਵਿਦਵਾਨਾਂ ਦੀ ਇਕ ਬੈਠਕ ਬੁਲਾਈ ਗਈ। ਕੁਝ ਵਿਦਵਾਨਾਂ ਨੇ ਕੋਸ਼ ਦੀ ਸੋਧ-ਸੁਧਾਈ ਦਾ ਸੁਝਾਅ ਦਿੱਤਾ, ਜੋ ਖ਼ੁਸ਼ਕਿਸਮਤੀ ਨੂੰ ਇਸ ਸਹੀ ਦਲੀਲ ਨਾਲ ਰੱਦ ਹੋ ਗਿਆ ਕਿ ਰਚਨਾ ਲੇਖਕ ਵਾਲੇ ਰੂਪ ਵਿਚ ਹੀ ਰੱਖੀ ਜਾਣੀ ਚਾਹੀਦੀ ਹੈ, ਨਹੀਂ ਤਾਂ ਸੋਧਾਂ ਦਾ ਕੋਈ ਅੰਤ ਹੀ ਨਹੀਂ ਹੋਵੇਗਾ! ਹਾਂ, ਜੋ ਵਾਧੇ 1930-1938 ਦੇ ਸਮੇਂ ਵਿਚ ਭਾਈ ਸਾਹਿਬ ਨੇ ਆਪ ਕੀਤੇ ਸਨ। ਸਿੱਟੇ ਵਜੋਂ 1960 ਵਿਚ ਪ੍ਰਕਾਸ਼ਿਤ ਹੋਏ ਇਸ ਸੰਸਕਰਣ ਵਿਚ ਇਹਨਾਂ ਵਾਧਿਆਂ ਦੇ 99 ਪੰਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਨਵੇਂ ਵਾਧੇ' ਸਿਰਲੇਖ ਹੇਠ ਅੰਤ ਵਿਚ ਜੋੜ ਦਿੱਤੇ ਗਏ। ਇਸ ਸੰਸਕਰਣ ਦਾ ਆਕਾਰ ਪਹਿਲੇ, 1930 ਦੇ ਪਟਿਆਲਾ ਦਰਬਾਰੀ ਸੰਸਕਰਣ ਵਾਲਾ, ਭਾਵ ਪੌਣੇ ਤੇਰਾਂ ਇੰਚ ਅਤੇ ਸਾਢੇ ਨੌਂ ਇੰਚ ਹੀ ਰੱਖਿਆ ਗਿਆ। ਦੋ ਹਜ਼ਾਰ ਦੀ ਗਿਣਤੀ ਵਿਚ ਛਾਪੇ ਗਏ ਕੋਸ਼ ਦਾ ਮੁੱਲ ਕੇਵਲ 42 ਰੁਪਏ ਸੀ। ਇਸ ਸੰਸਕਰਣ ਦੀ ਛਪਾਈ ਲਈ ਚਾਰ ਸੈਂਚੀਆਂ ਵਾਲੇ ਮੂਲ ਸੰਸਕਰਣ ਦੇ ਦੋ ਪੰਨੇ ਪਹਿਲੇ ਕਾਲਮ ਵਿਚ ਅਤੇ ਦੋ ਪੰਨੇ ਦੂਜੇ ਕਾਲਮ ਵਿਚ ਹੇਠ-ਉੱਤੇ ਚੇਪ ਕੇ ਇਕ ਪੰਨਾ ਬਣਾਇਆ ਗਿਆ। ਚਾਰ ਪੰਨੇ ਚੇਪ ਕੇ ਬਣਾਏ ਗਏ ਵੱਡੇ ਆਕਾਰ ਦੇ ਇਸ ਦੋ-ਕਾਲਮੀ ਪੰਨੇ ਨੂੰ ਇਕ ਮੂਲ ਪੰਨੇ ਦੇ ਆਕਾਰ ਤੱਕ ਘਟਾਉਣਾ ਆਮ ਛਾਪਾਖਾਨਿਆਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਕੰਮ ਵਾਸਤੇ ਗਵਰਨਮੈਂਟ ਸਰਵੇ ਆਫ਼ ਇੰਡੀਆ ਪ੍ਰੈੱਸ, ਦੇਹਰਾਦੂਨ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ। ਪ੍ਰੈੱਸ ਨੇ ਲੱਗਭੱਗ ਇਕ ਹਜ਼ਾਰ ਵੱਡ-ਆਕਾਰੀ ਪੰਨਿਆਂ ਨੂੰ ਫ਼ੋਟੋ-ਵਿਧੀ ਰਾਹੀਂ ਲੋੜੀਂਦੇ ਛੋਟੇ ਆਕਾਰ ਵਿਚ ਲਿਆਉਣ ਮਗਰੋਂ ਤੇਰਾਂ ਮਹੀਨਿਆਂ ਦੇ ਸਮੇਂ ਵਿਚ ਪੂਰਾ ਕੋਸ਼ ਛਾਪ ਦਿੱਤਾ। ਉਸ ਤੋਂ ਬਾਅਦ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੁਆਰਾ ਇਸ ਮਹਾਨ ਕੋਸ਼ ਨੂੰ ਇਕ ਜਿਲਦ ਵਿਚ ਛਾਪ ਦਿੱਤਾ ਗਿਆ। ਇਸ ਵਿਚ ਸ਼ਬਦ ਦੀ ਵਿਉਂਤਪਤੀ ਅਤੇ ਉਸ ਦੇ ਵੱਖਰੇ-ਵੱਖਰੇ ਅਰਥਾਂ ਨੂੰ ਵੱਖਰੀਆਂ-ਵੱਖਰੀਆਂ ਥਾਵਾਂ 'ਤੇ ਕਿਵੇਂ ਵਰਤਿਆ ਜਾਂਦਾ ਹੈ, ਰਚਨਾਵਾਂ ਵਿੱਚੋਂ ਹਵਾਲੇ ਦੇ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਰਚਨਾ ਵਿਚ ਫਾਰਸੀ-ਅਰਬੀ ਮੂਲ ਦੇ 7,000 ਤੋਂ ਵੱਧ ਸ਼ਬਦਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹਨਾਂ ਸ਼ਬਦਾਂ ਦੇ ਨਾਲ-ਨਾਲ ਅਤੇ ਉਹ ਸ਼ਬਦ ਜੋ ਸੰਸਕ੍ਰਿਤ ਮੂਲ ਵਿੱਚੋਂ ਆਏ ਹਨ, ਉਹਨਾਂ ਨੂੰ ਉਹਨਾਂ ਦੀ ਨਿੱਜੀ ਲਿਪੀਆਂ ਵਿਚ ਹੀ ਪੇਸ਼ ਕੀਤਾ ਗਿਆ ਹੈ ਤਾਂ ਕਿ ਪਾਠਕ ਇਹਨਾਂ ਦੇ ਸਹੀ ਉਚਾਰਨ ਅਤੇ ਸਪੱਸ਼ਟ ਭਾਵਾਰਥ ਨੂੰ ਸਮਝ ਸਕਣ। ਭੂਗੋਲਿਕ ਅਸਥਾਨਾਂ ਦੇ ਨਾਵਾਂ ਸਮੇਂ, ਵਿਸ਼ੇਸ਼ ਕਰਕੇ ਜਿਨ੍ਹਾਂ ਥਾਵਾਂ 'ਤੇ ਇਤਿਹਾਸਕ ਗੁਰਦੁਆਰੇ ਹਨ, ਉਹਨਾਂ ਦਾ ਬਿਓਰਾ ਦੇਣ ਸਮੇਂ ਵੀ ਇੰਨੇ ਹੀ ਧਿਆਨ ਅਤੇ ਗੰਭੀਰਤਾ ਦੀ ਵਰਤੋਂ ਕੀਤੀ ਗਈ ਹੈ। ਹਰ ਇਕ ਗੁਰਦੁਆਰੇ ਨਾਲ ਸੰਬੰਧਤ ਕਥਾਵਾਂ ਅਤੇ ਉਹਨਾਂ ਦੇ ਅਸਥਾਨ ਦੇ ਵੇਰਵਿਆਂ ਨੂੰ ਵੀ ਦਰਜ ਕੀਤਾ ਗਿਆ ਹੈ। ਤੀਰਥ ਅਸਥਾਨਾਂ ਨਾਲ ਸੰਬੰਧਤ ਪ੍ਰਮੁੱਖ ਅਸਥਾਨਾਂ ਨੂੰ ਪੇਸ਼ ਕਰਦੇ ਸਮੇਂ ਚਿੱਤਰਾਂ ਅਤੇ ਨਕਸ਼ਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹਨਾਂ ਸਿੱਖ ਗੁਰਦੁਆਰਿਆਂ ਵਿਚ ਇਕ ਪੜਤਾਲੀਆ ਗਿਆ, ਜਿਸ ਨੇ ਲੇਖਕ ਦੀ ਸਲਾਹ ਅਤੇ ਰਹਿਨੁਮਾਈ ਅਧੀਨ ਵੇਰਵਾ ਦਰਜ ਕੀਤਾ ਹੈ। ਇਸ ਰਚਨਾ ਵਿਚ ਰੁੱਖਾਂ ਅਤੇ ਜੜੀ-ਬੂਟੀਆਂ ਸੰਬੰਧੀ ਵੀ ਇੰਦਰਾਜ਼ ਮਿਲਦੇ ਹਨ। ਉਹਨਾਂ ਦੇ ਬਨਸਪਤੀ ਸੰਬੰਧੀ ਲਾਤੀਨੀ ਸਮਾਨਾਰਥਕ ਸ਼ਬਦ ਵੀ ਪੇਸ਼ ਕੀਤੇ ਗਏ ਹਨ। ਇਸ ਤੋਂ ਬਿਨਾਂ ਬਿਮਾਰੀਆਂ ਦਵਾਈਆਂ ਨਾਲ ਸੰਬੰਧਤ ਇੰਦਰਾਜ਼ ਹਨ ਅਤੇ ਦਰਸ਼ਨ, ਸੰਗੀਤ, ਛੰਦ ਸ਼ਾਸਤਰ ਅਤੇ ਸਾਹਿਤ-ਸ਼ਾਸਤਰ ਸੰਬੰਧੀ ਪਰਿਭਾਸ਼ਿਕ ਸ਼ਬਦ ਵੀ ਪੇਸ਼ ਕੀਤੇ ਗਏ ਹਨ। ਧਰਮ, ਇਤਿਹਾਸ, ਭੂਗੋਲ, ਵਿਗਿਆਨ ਔਸਧੀ ਅਤੇ ਭਾਸ਼ਾ ਸੰਬੰਧੀ ਵੱਖ-ਵੱਖ ਰਚਨਾਵਾਂ ਵਿੱਚੋਂ ਢੁਕਵੇਂ ਹਵਾਲੇ ਅਤੇ ਦ੍ਰਿਸ਼ਟਾਂਤ ਵੀ ਦਿੱਤੇ ਗਏ ਹਨ। ਵੇਦਾਂ, ਬਾਈਬਲ, ਕੁਰਾਨ ਅਤੇ ਹੋਰ ਧਾਰਮਿਕ ਪੁਸਤਕਾਂ ਵਿਚਲੇ ਹਵਾਲਿਆਂ ਨੂੰ ਧਿਆਨ ਨਾਲ ਪੇਸ਼ ਕੀਤਾ ਗਿਆ ਹੈ। ਵੱਖਰੇ-ਵੱਖਰੇ ਧਰਮਾਂ ਅਤੇ ਉਹਨਾਂ ਦੇ ਮਤਾਂ ਅਤੇ ਉਹਨਾਂ ਵਿਚ ਵਰਤੇ ਗਏ ਵਿਸ਼ੇਸ਼ ਪਰਿਭਾਸ਼ਿਕ ਸ਼ਬਦ ਅਤੇ ਚਿੰਨ੍ਹਾਂ ਦੀ ਪੇਸ਼ਕਾਰੀ ਕਰਦੇ ਸਮੇਂ ਢੁਕਵਾਂ ਵਿਸਤਾਰ ਦਿੱਤਾ ਗਿਆ ਹੈ। ਇਤਿਹਾਸਕ ਅਤੇ ਜੀਵਨੀ ਸੰਬੰਧੀ ਰਚਨਾਵਾਂ ਦੀ ਬਾਬਤ ਸ਼ੁੱਧਤਾ ਨੂੰ ਪ੍ਰਮੁੱਖ ਆਧਾਰ ਬਣਾਇਆ ਗਿਆ ਹੈ। 19ਵੀਂ ਸਦੀ ਦੇ ਅੱਧ ਤੱਕ ਲਿਖੇ ਗਏ ਸਿੱਖ ਗ੍ਰੰਥਾਂ ਨੂੰ ਵੀ ਵਿਸਤਾਰਪੂਰਵਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸੇ ਵਿਸ਼ਾਲ ਰੂਪ ਕਰਕੇ ਭਾਈ ਸਾਹਿਬ ਦੀ ਇਹ ਰਚਨਾ ਮਹਾਨ ਕੋਸ਼ ਇੱਕ ਮਹਾਨ ਰਚਨਾ ਹੋ ਨਿੱਬੜਦੀ ਹੈ।

## ਲਘੂ ਕਥਾ (ਮਿੰਨੀ ਕਹਾਣੀ)

# ਦਰਦੀ ਬਾਬਲ

'ਜੋ ਕੁਛ ਤੂੰ ਕਰ ਰਿਹੈਂ, ਇਹ ਇੱਕ ਡਾਕਟਰ ਦੀ ਫਿਤਰਤ ਨੂੰ ਸ਼ੋਭਾ ਨਹੀਂ ਦਿੰਦਾ।' ਸਤੀਸ਼ ਨੇ ਸ਼ਹਿਰ ਦੇ ਮਸ਼ਹੂਰ ਡਾਕਟਰ ਓਮ ਪ੍ਰਕਾਸ਼ ਖੁਰਾਣਾ ਨੂੰ ਖਿਝ ਕੇ ਕਿਹਾ।

'ਵੇਖ ਯਾਰ, ਪਰ ਇਹਦੇ ਵਿਚ ਕੁੱਛ .ਗਲਤ ਵੀ ਤੇ ਨਹੀਂ।' ਡਾ. ਖੁਰਾਣਾ ਆਪਣਾ ਪੱਖ ਰੱਖਦਾ ਹੋਇਆ ਬੋਲਿਆ।

'ਕਿਸੇ ਦੀ ਜਾਨ ਨਾਲ ਖਿਲਵਾੜ ਕਰਨਾ ਇਹ ਤੈਨੂੰ .ਗਲਤ ਨਹੀਂ ਲਗਦਾ ?' ਸ਼ਾਬਾਸ਼ ਤੇਰੇ, ਇਸ ਵਾਰੀ ਹੋਰ ਖਿਝ ਕੇ ਸਤੀਸ਼ ਨੇ ਕਿਹਾ।

'ਸਿੱਧੀ ਜਿਹੀ ਗੱਲ ਏ ਸਤੀਸ਼ ਕੁਮਾਰ ਜੀ, ਕਿ ਬੰਦਾ ਇਕ ਕਿਡਨੀ ਨਾਲ ਵੀ ਜ਼ਿੰਦਾ ਰਹਿ ਸਕਦੈ। ਕਿਸੇ ਗਰੀਬ ਨੂੰ ਕਿਡਨੀ ਦੇ ਇਵਜ਼ 'ਚ ਪੈਸੇ ਤੇ ਅਮੀਰ ਦੇ ਬੱਚੇ ਦੀ ਜਾਨ ਬਚ ਜਾਂਦੀ ਏ। ਇਹ ਤਾਂ ਉਹੀ ਕੰਮ ਹੋਇਆ, ਨਾਲੇ ਪੁੰਨ ਨਾਲੇ ਫਲੀਆਂ।'

'ਅਜਬ ਦੁਕਾਨਦਾਰੀ ਏ ਤੇਰੀ, ਗਰੀਬ ਮਰਦਾ ਏ ਤੇ ਮਰੇ, ਪਰ ਕਿਸੇ ਰਈਸਜ਼ਾਦੇ ਨੂੰ ਤੱਤੀ ਹਵਾ ਨਾ ਲੱਗੇ। ਧਰਤੀ ਦਾ ਯਮਰਾਜ ਬਣਿਆ ਫਿਰਦਾਂ ਤੂੰ .... ' ਕਹਿ ਕੇ ਸਤੀਸ਼ ਗੁੱਸੇ ਨਾਲ ਉਠਿਆ ਤੇ ਡਾ. ਖੁਰਾਣਾ ਦੇ ਕਲੀਨਿਕ ਤੋਂ ਬਾਹਰ ਚਲਾ ਗਿਆ।

ਕੈਸਾ ਜੱਲਾਦ ਡਾਕਟਰ ਏ...ਉਹਨੂੰ ਕੀ ਹੱਕ ਏ ਕਿਸੇ ਦੀ ਜ਼ਿੰਦਗੀ ਨਾਲ ਖੇਡਣ ਦਾ...ਬੇਰਹਿਮ ...ਬੇਵਕੂਫ...ਕਈ ਇਸ ਤਰ੍ਹਾਂ ਦੇ ਵਿਚਾਰਾਂ ਨਾਲ ਜੂਝਦਾ ਹੋਇਆ ਸਤੀਸ਼ ਆਪਣੇ ਘਰ ਵੱਲ ਤੁਰਿਆ ਜਾ ਰਿਹਾ ਸੀ। ਲੋਕ ਵੀ ਕੈਸੇ ਜਾਹਿਲ ਨੇ ਪੈਸੇ ਬਦਲੇ ਕਿਡਨੀ ...ਮਨ ਹੀ ਮਨ ਉਹਨੇ ਗਰੀਬ ਲੋਕਾਂ ਨੂੰ ਵੀ ਤਾੜਿਆ, ਜਿਹੜੇ ਮਾਸੂਮ ਪਤਾ ਨਹੀਂ ਕਿਸ ਮਜਬੂਰੀਵੱਸ ਜ਼ਿੰਦਗੀ ਨੂੰ ਮਖੌਲ ਜਿਹਾ ਕਰਦੇ ਨੇ।

'ਹਰਮਨ ਆਈ ਏ ਘਰੇ' ਘਰ ਪੁੱਜਿਆ ਤੇ ਸਤੀਸ਼ ਦੀ ਬੀਵੀ ਵਿਮਲਾ ਨੇ ਕਿਹਾ।

'ਅੱਛਾ ? ਸਭ ਸੁੱਖ ਤੇ ਹੈ ?' ਸਤੀਸ਼ ਨੇ ਪੁੱਛਿਆ।

'ਕਾਰ ਮੰਗਦਾ ਪ੍ਰਾਹੁਣਾ ਹੁਣ, ਰੋ ਰਹੀ ਏ ਜਦੋਂ ਦੀ ਆਈ ਆ।'

ਕਾਰ ? ਅਜੇ ਤਿੰਨ-ਚਾਰ ਮਹੀਨੇ ਤਾਂ ਹੋਏ ਨੇ ਮੋਟਰਸਾਈਕਲ ਦਿੱਤੇ ਨੂੰ ਤੇ ਹੁਣ ਕਾਰ।' ਸਤੀਸ਼ ਨੇ ਮੱਥੇ 'ਤੇ ਹੱਥ ਮਾਰ ਕੇ ਕਿਹਾ।

'ਵੱਡਾ ਘਰ ਵੇਖ ਕੇ ਤੁਸੀਂ ਹੀ ਬਹੁਤੇ ਖੁਸ਼ ਹੋਏ ਸੀ, ਹੁਣ ਭੁਗਤੋ ਨਤੀਜੇ। ਐਨਾ ਪੈਸਾ ਲਾਇਆ ਤੁਸਾਂ ਵਿਆਹ 'ਤੇ ਅਗਲਿਆਂ ਤਾਂ ਕਹਿਣਾ ਈ ਆ ਕਿ ਪਤਾ ਨ੍ਹੀਂ ਕਿੰਨੀਆਂ ਤਿਜੌਰੀਆਂ ਦੇ ਮਾਲਕ ਹੋਣਗੇ।' ਚੁੰਨੀ ਨਾਲ ਅੱਖਾਂ ਪੂੰਝਦੀ ਵਿਮਲਾ ਨੇ ਕਿਹਾ।

'ਸੋਚਿਆ ਸੀ ਵੱਡਾ ਘਰ ਏ ਧੀ ਖੁਸ਼ ਰਹੂ, ਮੈਨੂੰ ਕੀ ਪਤਾ ਸੀ ਨੀਤ ਮਾੜੀ ਤੇ ਦਿਲ ਛੋਟੇ ਵਾਲੇ ਹੁੰਦੇ ਨੇ ਇਹ ਵੱਡੇ ਲੋਕ। ਜਿਉਂਦੇ ਜੀ ਦੋਜਖ਼ 'ਚ ਧਕੇਲਤਾ ਮੈਂ ਆਪਣੀ ਧੀ ਨੂੰ। ਕਰਜ਼ਾ ਚੁੱਕ ਕੇ ਸ਼ਾਨੋ-ਸ਼ੌਕਤ ਨਾਲ ਵਿਆਹ ਕੀਤਾ, ਕੋਈ ਕਸਰ ਨਹੀਂ ਛੱਡੀ। ਕਹਿੰਦੇ ਸਨ ਧੀ ਹੀ ਦਾਜ ਹੈ, ਸਾਨੂੰ ਕੁਝ ਨਹੀਂ ਚਾਹੀਦਾ, ਮਹੀਨੇ ਬਾਅਦ ਦੋ ਲੱਖ ਮੰਗਿਆ, ਅਖੇ ਮੁੰਡੇ ਨੇ ਨਵਾਂ ਕੰਮ ਸ਼ੁਰੂ ਕਰਨਾ, ਦੇ ਦਿਓ, ਫੇਰ ਮੋਟਰਸਾਈਕਲ ਤੇ ਹੁਣ ਮਹਾਰਾਜ ਜੀ ਨੂੰ ਕਾਰ ਚਾਹੀਦੀ ਏ... ਲੱਖ ਲਾਹਨਤ। ਨਹੀਂ ਦੇਣੀ ਕਾਰ ਜਾ ਆਖਦੇ ਹਰਮਨ ਨੂੰ ...' ਅੱਗ ਭਰੀਆਂ ਅੱਖਾਂ ਕਰਕੇ ਉਹ ਗਰਜਿਆ।

ਹਰਮਨ ਜੋ ਕੰਧ ਓਹਲੇ ਸਾਰੀਆਂ ਗੱਲਾਂ ਸੁਣ ਰਹੀ ਸੀ, ਇਕਦਮ ਅੰਦਰ ਆਉਂਦੀ ਏ, ਸਤੀਸ਼ ਦੇ ਲਾਗੇ ਬਹਿ ਕੇ ਹੱਥ ਫੜ ਕੇ ਕਹਿੰਦੀ ਏ 'ਡੈਡੀ ! ਤੁਸੀਂ ਠੀਕ ਕਹਿੰਦੇ ਓ, ਆਪਾਂ ਨਹੀਂ ਦੇਣੀ ਕਾਰ, ਪਰ ਇਸ ਸਭ ਦਾ ਨਤੀਜਾ ਜੇਕਰ ਤਲਾਕ ਨਿਕਲਿਆ ਤਾਂ ਕੀ ਤੁਸੀਂ ਸੰਤੁਸ਼ਟ ਹੋਵੋਗੇ ਇਸ ਫੈਸਲੇ ਤੋਂ ? ਮੈਂ ਹੁਣ ਇਕੱਲੀ ਨਹੀਂ ਹਾਂ, ਇਕ ਨੰਨ੍ਹੀ ਜਾਨ ਵੀ ਹੈ ਮੇਰੀ ਕੁੱਖ 'ਚ। ਮੈਂ ਰੁਲ ਜਾਵਾਂਗੀ ਡੈਡੀ...।' ਹਰਮਨ ਦਾ ਬੁਝਿਆ ਜਿਹਾ ਚਿਹਰਾ ਤੇ ਉਸ ਦੀਆਂ ਡੂੰਘੀਆਂ-ਡੂੰਘੀਆਂ ਅੱਖਾਂ ਜੋ ਘਰੇਲੂ ਹਿੰਸਾ ਦੀਆਂ ਗਵਾਹ ਸਨ, ਬਿਲਕੁਲ ਲਾਲ ਸੀ। ਉਹਦੇ ਚੂੜੇ ਦੀ ਤਰ੍ਹਾਂ। ਕੋਈ ਹੰਝੂ ਵੀ ਨਹੀਂ ਸੀ ਉਹਦੀਆਂ ਅੱਖਾਂ 'ਚ, ਸ਼ਾਇਦ ਰੋ-ਰੋ ਕੇ ਉਹਦੇ ਸਾਰੇ ਹੰਝੂ ਮੁੱਕ ਗਏ ਸੀ।

'ਪਰ ਮੈਂ ਕਿਥੋਂ ਲੈਦਾਂ ਕਾਰ, ਤੂੰ ਤੇ ਚੰਗੀ ਤਰ੍ਹਾਂ ਵਾਕਿਫ ਏ ਘਰ ਦੇ ਹਾਲਾਤ ਤੋਂ, ਮੇਰੀ ਆਮਦਨ ਤੇ ਤੇਰਾ ਨਸ਼ਈ ਵੀਰ, ਤੂੰ ਹੀ ਦੱਸ ਮੈਂ ਕੀ ਕਰਾਂ ? ਮੇਰੀ ਖੱਲ ਦੀ ਬਣਾ ਕੇ ਲੈਜਾ ਕਾਰ।' ਸਤੀਸ਼ ਨੇ ਉੱਚੀ-ਉੱਚੀ ਰੋ ਕੇ ਕਿਹਾ।

'ਜਾਂ ਤਾਂ ਗੱਡੀ ਦੇ ਦਿਓ ਉਹਨਾਂ ਲਾਲਚੀਆਂ ਨੂੰ, ਨਹੀਂ ਤਾਂ ਮੈਂ ਪੱਖੇ ਨਾਲ ਫਾਹਾ ਲੈ ਕੇ ਮਰ ਜਾਊਂ, ਇਹ ਬੇਤਰਤੀਬੀ ਜਿਹੀ ਗੱਲ ਕਹਿ ਹਰਮਨ ਕਮਰੇ 'ਚ ਚਲੀ ਗਈ।

ਸਾਰੀ ਰਾਤ ਸਤੀਸ਼ ਉੱਪਰ ਛੱਤ 'ਤੇ ਲੱਗੇ ਪੱਖੇ ਵੱਲ ਦੇਖਦਾ ਰਿਹਾ। ਕਈ ਤਰ੍ਹਾਂ ਦੀਆਂ ਉਲਝਣਾਂ ਉਹਦੇ ਜ਼ਿਹਨ 'ਚ ਸੀ। ਅੱਖਾਂ ਬੰਦ ਕਰਦਾ ਤੇ ਹਰਮਨ ਪੱਖੇ ਨਾਲ ਲਟਕਦੀ ਉਸ ਨੂੰ ਦਿਖਦੀ। ਆਤਮਹੱਤਿਆ ਦਾ ਖਿਆਲ ਆਇਆ ਤੇ ਸੋਚਣ ਲੱਗਾ ਕਿ ਨਹਿਰ 'ਚ ਡੁੱਬ ਕੇ ਮਰਾਂ ਜਾਂ ਟਰੱਕ ਹੇਠਾਂ ਆਵਾਂ, ਪਰ ਆਤਮਹੱਤਿਆ ਨਾਲ ਵੀ ਇਹ ਮਸਲਾ ਹੱਲ ਨਹੀਂ ਹੋਣਾ। ਇਹ ਸੋਚ ਕੇ ਉਹ ਹੋਰ ਦੁਖੀ ਹੋ ਗਿਆ। ਉਹ ਨਿਰੰਤਰ ਪੱਖੇ ਵੱਲ ਨਿਹਾਰ ਰਿਹਾ ਸੀ।

ਸਵੇਰੇ ਉਠਿਆ ਤੇ ਸਭ ਤੋਂ ਪਹਿਲਾਂ ਫੋਨ ਵੱਲ ਦੌੜਿਆ। ਡਾ. ਸਾਬ ! ਮੈਂ ਆਪਣੀ ਕਿਡਨੀ ਵੇਚਣਾ ਚਾਹੁੰਦਾ ਹਾਂ।' ਡਾ. ਖੁਰਾਣਾ ਨੂੰ ਫੋਨ ਕਰਕੇ ਸਤੀਸ਼ ਕਹਿ ਰਿਹਾ ਸੀ।

**—ਅੰਮ੍ਰਿ ਰੰਧਾਵਾ**
**ਸੰਪਰਕ : 70400-00052**

20-Oct-Sunday.qxd 10/19/2024 9:31 PM Page 2



# ਪ੍ਰੋਫੈਸਰ ਸਾਈਬਾਬਾ ਦਾ ਸੰਸਥਾਗਤ ਕਤਲ

**ਬੂਟਾ ਸਿੰਘ ਮਹਿਮੂਦਪੁਰ**

10 ਸਾਲ ਜੇਲ੍ਹ ਦੇ ਭਿਆਨਕ ਤਸੀਹੇ ਝੱਲਣ ਵਾਲੇ ਪ੍ਰੋਫੈਸਰ ਜੀ.ਐੱਨ. ਸਾਈਬਾਬਾ 12 ਅਕਤੂਬਰ ਨੂੰ ਨਿਜ਼ਾਮ ਮੈਡੀਕਲ ਇੰਸਟੀਚਿਊਟ ਹੈਦਰਾਬਾਦ 'ਚ ਇਲਾਜ ਦੌਰਾਨ ਦਮ ਤੋੜ ਗਏ। ਪਿੱਤੇ ਦੀ ਸਧਾਰਨ ਸਰਜਰੀ ਤੋਂ ਬਾਅਦ ਉਨ੍ਹਾਂ ਦੀ ਹਾਲਤ ਵਿਗੜ ਗਈ, ਕਿਉਂਕਿ ਜੇਲ੍ਹ ਜ਼ੁਲਮਾਂ ਦਾ ਪਿੰਜਿਆ ਉਨ੍ਹਾਂ ਦਾ ਸਰੀਰ ਸਾਧਾਰਨ ਅਪਰੇਸ਼ਨ ਦਾ ਕਸ਼ਟ ਸਹਿਣ ਦੀ ਹਾਲਤ 'ਚ ਵੀ ਨਹੀਂ ਸੀ। ਅਜੇ ਸੱਤ ਮਹੀਨੇ ਪਹਿਲਾਂ ਹੀ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਵੱਲੋਂ ਪ੍ਰੋਫੈਸਰ ਸਾਈਬਾਬਾ, ਪੱਤਰਕਾਰ ਪ੍ਰਸ਼ਾਂਤ ਰਾਹੀ, ਇਨਕਲਾਬੀ ਕਲਾਕਾਰ (ਅਤੇ ਜੇ.ਐੱਨ.ਯੂ. ਦੇ ਵਿਦਿਆਰਥੀ ਕਾਰਕੁਨ) ਹੇਮ ਮਿਸ਼ਰਾ ਸਮੇਤ ਪੰਜ ਜਣਿਆਂ ਨੂੰ ਬਾਇੱਜ਼ਤ ਬਰੀ ਕੀਤੇ ਜਾਣ ਦੇ ਅਦਾਲਤੀ ਫ਼ੈਸਲੇ ਅਨੁਸਾਰ ਜੇਲ੍ਹ 'ਚੋਂ ਰਿਹਾਅ ਕੀਤਾ ਗਿਆ ਸੀ। ਮਹਾਰਾਸ਼ਟਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਉਨ੍ਹਾਂ ਦੀ ਰਿਹਾਈ ਨੂੰ ਰੋਕਣ ਦੀ ਸਿਰਤੋੜ ਕੋਸ਼ਿਸ਼ ਕੀਤੀ, ਜੋ ਸਫ਼ਲ ਨਾ ਹੋਈ। ਸੱਤ ਸਾਲ ਕਾਲ-ਕੋਠੜੀ (ਅੰਡਾ ਸੈੱਲ) ਵਿਚ ਕੈਦ ਰਹੇ ਪ੍ਰੋਫੈਸਰ ਸਾਈਬਾਬਾ ਜਾਨਲੇਵਾ ਬੀਮਾਰੀਆਂ ਦੇ ਭੰਨੇ ਜੇਲ੍ਹ ਤੋਂ ਬਾਹਰ ਆਏ। ਉਨ੍ਹਾਂ ਦੱਸਿਆ, 'ਇਹ ਮਹਿਜ਼ ਇਤਫ਼ਾਕ ਹੈ ਕਿ ਮੈਂ ਜੇਲ੍ਹ ਵਿੱਚੋਂ ਜਿਉਂਦਾ ਬਾਹਰ ਆ ਗਿਆ ਹਾਂ।' 'ਕੈਦ ਦੌਰਾਨ ਮੇਰੇ ਨਾਲ ਕੀਤੇ ਕਰੂਰ ਵਿਹਾਰ ਨਾਲ ਮੇਰੀ ਜ਼ਿੰਦਗੀ ਖ਼ਤਰੇ 'ਚ ਪੈ ਗਈ ਹੈ, ਜੋ ਤਸੀਹੇ ਦੇਣ ਬਰਾਬਰ ਸੀ। ਮੇਰਾ ਇਲਾਜ ਨਹੀਂ ਹੋਣ ਦਿੱਤਾ ਗਿਆ। ਇਸ ਨੇ ਮੇਰਾ ਸਰੀਰ ਤਬਾਹ ਕਰ ਦਿੱਤਾ। ਅੱਜ ਮੈਂ ਤੁਹਾਡੇ ਸਾਹਮਣੇ ਜ਼ਿੰਦਾ ਤਾਂ ਹਾਂ, ਪਰ ਮੇਰੇ ਅੰਗ ਮੇਰਾ ਸਾਥ ਛੱਡਦੇ ਜਾਂਦੇ ਹਨ।' ਆਖ਼ਿਰ ਉਹੀ ਹੋਇਆ, ਜਿਸ ਦਾ ਡਰ ਲੰਮੇ ਸਮੇਂ ਤੋਂ ਸੀ।

ਦਿੱਲੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਸਾਹਿਤ ਦੇ ਪ੍ਰੋਫੈਸਰ ਸਾਈਬਾਬਾ ਨੂੰ ਜੇਲ੍ਹ 'ਚ ਡੱਕਣ ਲਈ ਕਹਾਣੀ ਇਹ ਘੜੀ ਗਈ ਕਿ ਉਹ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦਾ ਮੈਂਬਰ ਹੈ ਅਤੇ ਸ਼ਹਿਰੀ ਨਕਸਲੀ ਤਾਣੇਬਾਣੇ ਦਾ ਹਿੱਸਾ ਹੈ। ਇਹ ਦੋਸ਼ ਹੁਣ ਕਿਸੇ ਨੂੰ ਵੀ ਫਸਾਉਣ ਲਈ ਭਗਵਾਂ ਹਕੂਮਤ ਵੱਲੋਂ ਅੱਜਕੱਲ੍ਹ ਆਮ ਵਰਤਿਆ ਜਾ ਰਿਹਾ ਹੈ। ਹਕੀਕਤ ਇਹ ਸੀ ਕਿ ਪ੍ਰੋਫੈਸਰ ਸਾਈਬਾਬਾ ਤੇ ਹੋਰ ਜਮਹੂਰੀ ਕਾਰਕੁਨ ਭਾਰਤੀ ਹਕੂਮਤ ਦੇ ਨਿਸ਼ਾਨੇ 'ਤੇ ਸਨ, ਕਿਉਂਕਿ ਉਹ ਇਨਕਲਾਬੀ ਬਦਲਾਓ ਨੂੰ ਪ੍ਰਣਾਈ ਮਾਓਵਾਦੀ ਲਹਿਰ ਉੱਪਰ ਕਰੂਰ ਜਬਰ, ਕਸ਼ਮੀਰ ਤੇ ਸਵੈਨਿਰਣੇ ਲਈ ਹੋਰ ਕੌਮੀਅਤ ਲਹਿਰਾਂ ਦੇ ਦਮਨ, ਕਥਿਤ ਵਿਕਾਸ ਪ੍ਰੋਜੈਕਟਾਂ ਰਾਹੀਂ ਆਦਿਵਾਸੀਆਂ ਦੇ ਉਜਾੜੇ ਅਤੇ ਸਲਵਾ ਜੁਡੂਮ ਤੇ ਅਪਰੇਸ਼ਨ ਗ੍ਰੀਨ ਹੰਟ ਆਦਿ ਨਾਵਾਂ ਹੇਠ ਆਪਣੇ ਹੀ ਲੋਕਾਂ ਵਿਰੁੱਧ ਸਟੇਟ ਵੱਲੋਂ ਵਿੱਢੇ ਯੁੱਧ ਵਿਰੁੱਧ ਨਿਧੜਕ ਆਵਾਜ਼ ਉਠਾ ਰਹੇ ਸਨ। ਉਨ੍ਹਾਂ ਦੀ ਜ਼ੁਬਾਨਬੰਦੀ ਲਈ ਹੁਕਮਰਾਨਾਂ ਵੱਲੋਂ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ, ਕਿਉਂਕਿ ਉਹ ਦੇਸ਼-ਵਿਦੇਸ਼ ਵਿਚ ਅਪਰੇਸ਼ਨ ਗ੍ਰੀਨ ਹੰਟ ਵਿਰੁੱਧ ਲੋਕ-ਰਾਇ ਲਾਮਬੰਦ ਕਰਨ ਵਾਲੀਆਂ ਜਮਹੂਰੀ ਸ਼ਖ਼ਸੀਅਤਾਂ 'ਚੋਂ ਇਕ ਸਨ। 12 ਸਤੰਬਰ 2013 ਨੂੰ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਦੀ ਪੁਸਿ ਨੇ ਇਕ ਝੂਠਾ ਕੇਸ ਤਿਆਰ ਕਰਕੇ ਪ੍ਰੋਫੈਸਰ ਦੇ ਘਰ ਛਾਪਾ ਮਾਰਿਆ। ਛੇ ਮਹੀਨਿਆਂ 'ਚ ਉਨ੍ਹਾਂ ਤੋਂ ਚਾਰ ਵਾਰ ਪੁੱਛਗਿੱਛ ਕੀਤੀ ਗਈ। ਫਿਰ ਮਈ 2014 'ਚ ਗੜ੍ਹਚਿਰੌਲੀ ਪੁਲਸ ਨੇ ਸਾਈਬਾਬਾ ਨੂੰ ਉਦੋਂ ਰਸਤੇ 'ਚੋਂ ਅਗਵਾ ਕਰ ਲਿਆ, ਜਦੋਂ ਉਹ ਕਾਲਜ ਤੋਂ ਘਰ ਵਾਪਸ ਜਾ ਰਿਹਾ ਸੀ। ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਨੂੰ ਢਾਈ ਸਾਲ ਜੇਲ੍ਹ 'ਚ ਰੱਖਿਆ ਗਿਆ, ਇਸ ਦੌਰਾਨ ਸਿਰਫ਼ 3 ਮਹੀਨੇ ਹੀ ਉਹ ਜ਼ਮਾਨਤ 'ਤੇ ਬਾਹਰ ਰਹੇ। ਸਾਈਬਾਬਾ ਸਮੇਤ ਛੇ ਕਾਰਕੁਨਾਂ ਉੱਪਰ ਰਾਜਧ੍ਰੋਹ ਅਤੇ ਯੂ ਏ ਪੀ ਏ ਵਰਗੇ ਕਾਲੇ ਕਾਨੂੰਨ ਲਗਾ ਕੇ ਸਟੇਟ ਵਿਰੁੱਧ ਯੁੱਧ ਛੇੜਨ ਦਾ ਮੁਕੱਦਮਾ ਚਲਾਇਆ ਗਿਆ ਅਤੇ 7 ਮਾਰਚ 2017 ਨੂੰ ਸੈਸ਼ਨ ਜੱਜ ਵੱਲੋਂ ਸਰਕਾਰ ਨੂੰ ਖ਼ੁਸ਼ ਕਰਨ ਲਈ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ।

ਗੜ੍ਹਚਿਰੌਲੀ ਸੈਸ਼ਨ ਜੱਜ ਦਾ ਫ਼ੈਸਲਾ ਸ਼ਰੇਆਮ ਪੱਖਪਾਤੀ ਅਤੇ ਹਕੂਮਤ ਦੇ ਕਾਰਪੋਰੇਟ ਏਜੰਡੇ ਦੀ ਵਕਾਲਤ ਸੀ। ਫ਼ੈਸਲੇ ਦਾ ਮੁੱਖ ਨੁਕਤਾ ਇਹ ਸੀ ਕਿ ਨਕਸਲੀ ਹਿੰਸਾ ਕਾਰਨ ਗੜ੍ਹਚਿਰੌਲੀ ਵਿਚ ਵਿਕਾਸ ਨਹੀਂ ਹੋ ਰਿਹਾ। ਜੱਜ ਨੇ ਫ਼ੈਸਲੇ 'ਚ ਜ਼ੋਰ ਦਿੱਤਾ ਕਿ ਇਹ ਨਾ ਦੇਖੋ ਕਿ ਪ੍ਰੋਫੈਸਰ ਸਾਈਬਾਬਾ 90 ਫੀਸਦੀ ਅਪਾਹਜ ਹੈ, ਉਹ ਦਿਮਾਗੀ ਤੌਰ 'ਤੇ ਤੇਜ਼-ਤਰਾਰ ਵਿਅਕਤੀ ਹੈ, ਜੋ ਮਾਓਵਾਦੀਆਂ ਦਾ ਥਿੰਕ-ਟੈਂਕ, ਸਿਰਕੱਢ ਆਗੂ ਹੈ। 827 ਪੰਨਿਆਂ ਦੇ ਫ਼ੈਸਲੇ ਵਿਚ ਜੱਜ ਨੇ 11 ਵਾਰ ਸੂਰਜਗੜ੍ਹ ਪ੍ਰੋਜੈਕਟ ਦਾ ਜ਼ਿਕਰ ਕੀਤਾ। ਕਾਰਪੋਰੇਟ ਪ੍ਰੋਜੈਕਟ ਵਿਚ ਜੱਜ ਦੀ ਦਿਲਚਸਪੀ ਇਸ ਦਾ ਸਬੂਤ ਸੀ ਕਿ ਇਹ ਰਾਜਨੀਤਕ ਅਦਾਲਤੀ ਫ਼ੈਸਲਾ ਭਾਰਤ ਦੇ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੇ ਹਕੂਮਤੀ ਦਹਿਸ਼ਤਵਾਦੀ ਯੁੱਧ ਦਾ ਹਿੱਸਾ ਸੀ।

ਸੈਸ਼ਨ ਕੋਰਟ ਦੇ ਫ਼ੈਸਲੇ ਨੂੰ ਬੰਬੇ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ। ਜਦੋਂ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ 14 ਅਕਤੂਬਰ 2022 ਨੂੰ ਬੰਬੇ ਹਾਈਕੋਰਟ ਦੇ ਨਾਗਪੁਰ ਬੈਂਚ ਨੇ ਉਨ੍ਹਾਂ ਨੂੰ ਬਰੀ ਕਰਨ ਦਾ ਆਦੇਸ਼ ਦੇ ਦਿੱਤਾ ਤਾਂ ਇਸ ਫ਼ੈਸਲੇ ਨੂੰ ਰੁਕਵਾਉਣ ਲਈ ਮਹਾਰਾਸ਼ਟਰ ਸਰਕਾਰ ਤੁਰੰਤ ਸੁਪਰੀਮ ਕੋਰਟ ਵਿਚ ਚਲੀ ਗਈ। ਸੁਪਰੀਮ ਕੋਰਟ ਨੇ ਐਨੀ ਤੱਤਪਰਤਾ ਦਿਖਾਈ ਕਿ ਅਗਲੇ ਦਿਨ ਹੀ (ਸ਼ਨੀਵਾਰ, ਅਦਾਲਤਾਂ 'ਚ ਛੁੱਟੀ ਵਾਲੇ ਦਿਨ) ਵਿਸ਼ੇਸ਼ ਸੁਣਵਾਈ ਕਰਕੇ ਰਿਹਾਈ ਦੇ ਆਦੇਸ਼ ਉੱਪਰ ਇਹ ਕਹਿ ਕੇ ਰੋਕ ਲਾ ਦਿੱਤੀ ਕਿ ਉਹ "ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਬਹੁਤ ਹੀ ਗੰਭੀਰ ਜੁਰਮ" ਦੇ ਦੋਸ਼ੀ ਹਨ। ਜਦੋਂ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਬੰਬੇ ਹਾਈਕੋਰਟ ਦੇ ਨਵੇਂ ਬੈਂਚ ਨੇ ਇਸ ਕੇਸ ਦੀ ਦੁਬਾਰਾ ਸੁਣਵਾਈ ਕਰਕੇ ਉਨ੍ਹਾਂ ਨੂੰ ਮੁੜ ਬਰੀ ਕਰ ਦਿੱਤਾ ਤਾਂ ਭਗਵਾਂ ਹਕੂਮਤ ਨੇ 'ਕੌਮੀ ਸੁਰੱਖਿਆ' ਦੀ ਦੁਹਾਈ ਦੇ ਕੇ ਇਸ ਫ਼ੈਸਲੇ ਉੱਪਰ ਰੋਕ ਲਗਵਾਉਣ ਲਈ ਵੀ ਪੂਰੀ ਤਾਕਤ ਝੋਕ ਦਿੱਤੀ।

ਇਸ ਦੌਰਾਨ ਭਾਰਤੀ ਸਟੇਟ ਦਾ ਬੇਹੱਦ ਕਰੂਰ ਚਿਹਰਾ ਸਾਰੇ ਮੁਖੌਟੇ ਲਾਹ ਕੇ ਸਾਹਮਣੇ ਆਇਆ। ਛੇਵੇਂ 'ਦੋਸ਼ੀ' ਪਾਂਡੂ ਨਰੋਟੇ ਦੀ ਜਾਨ ਜੇਲ੍ਹ ਪ੍ਰਬੰਧ ਦੀ ਕਰੂਰਤਾ ਨੇ ਲੈ ਲਈ। ਇਹ ਆਦਿਵਾਸੀ ਨੌਜਵਾਨ ਮਾਮੂਲੀ ਬੁਖ਼ਾਰ ਦਾ ਇਲਾਜ ਨਾ ਕੀਤੇ ਜਾਣ ਕਾਰਨ ਅਗਸਤ 2022 'ਚ ਜੇਲ੍ਹ ਦੇ ਅੰਦਰ ਦਮ ਤੋੜ ਗਿਆ। ਐਨ ਉਸੇ ਤਰ੍ਹਾਂ ਜਿਵੇਂ ਸਰਕਾਰ ਦੇ ਇਸ਼ਾਰੇ 'ਤੇ ਹੱਕਾਂ ਦੇ ਉੱਘੇ ਕਾਰਕੁਨ ਸਟੇਨ ਸਵਾਮੀ (84), ਜੋ ਪਾਰਕਿਨਸਨ ਦੇ ਮਰੀਜ਼ ਸਨ, ਨੂੰ ਬਿਨਾਂ ਇਲਾਜ ਜੇਲ੍ਹ ਵਿਚ ਮਾਰਿਆ ਗਿਆ। ਜੇਲ੍ਹ ਅਧਿਕਾਰੀਆਂ ਨੇ ਸਾਈਬਾਬਾ ਪ੍ਰਤੀ ਹੋਰ ਵੀ ਕਰੂਰਤਾ ਦਿਖਾਉਂਦਿਆਂ ਉਸ ਨੂੰ ਨਾਗਪੁਰ ਜੇਲ੍ਹ ਦੇ ਅੰਦਰ ਅੰਗਰੇਜ਼ ਹਕੂਮਤ ਦੇ ਬਣਾਏ ਸਪੈਸ਼ਲ 'ਅੰਡਾ ਸੈੱਲ', ਜੋ ਦਰਅਸਲ ਵਿਸ਼ੇਸ਼ ਤਸੀਹਾ ਚੈਂਬਰ ਹੈ, ਵਿਚ ਬੰਦ ਰੱਖਿਆ ਗਿਆ ਤਾਂ ਜੋ ਸਰੀਰਕ ਤੌਰ 'ਤੇ ਅਪਾਹਜ ਪ੍ਰੋਫੈਸਰ ਨੂੰ ਇਕੱਲਤਾ 'ਚ ਰੱਖ ਕੇ ਬਿਨਾਂ ਇਲਾਜ ਮਾਰਿਆ ਜਾ ਸਕੇ। ਉਸ ਦੇ ਸਰੀਰ ਦਾ ਖੱਬਾ ਪਾਸਾ ਲਕਵਾਗ੍ਰਸਤ ਹੋ ਜਾਣ ਦੇ ਬਾਵਜੂਦ ਉਸ ਨੂੰ ਨੌਂ ਮਹੀਨੇ ਹਸਪਤਾਲ ਨਹੀਂ ਲਿਜਾਇਆ ਗਿਆ। ਬੇਰਹਿਮੀ ਨਾਲ ਘੜੀਸ ਕੇ ਉਸ ਦੀ ਵੀਲ੍ਹ ਚੇਅਰ ਵੀ ਤੋੜ ਦਿੱਤੀ ਗਈ ਅਤੇ ਉਸ ਦੀਆਂ ਪੱਸਲੀਆਂ ਟੁੱਟ ਕੇ ਅੰਦਰ ਧੱਸ ਗਈਆਂ। ਚਿੱਠੀ-ਪੱਤਰ ਉੱਪਰ ਸੈਂਸਰਸ਼ਿਪ ਰਾਹੀਂ ਪਰਵਾਰ ਨੂੰ ਬੇਖ਼ਬਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸਹਾਰੇ ਲਈ ਮੁਥਾਜ ਹੋਣ ਦੇ ਬਾਵਜੂਦ ਉਸ ਨੂੰ ਦੇਖਭਾਲ ਲਈ ਸਹਾਇਕ ਨਹੀਂ ਦਿੱਤਾ ਗਿਆ। ਪੈਂਕਰੀਜ਼, ਪਿੱਤੇ ਦੀ ਪੱਥਰੀ, ਪ੍ਰਾਸਟੇਟ ਦੇ ਰੋਗ, ਦਿਲ ਦੀਆਂ ਗੰਭੀਰ ਸਮੱਸਿਆਵਾਂ ਵਰਗੇ ਗੰਭੀਰ ਰੋਗਾਂ ਦੇ ਬਾਵਜੂਦ ਨਾ ਤਾਂ ਹਸਪਤਾਲ ਲਿਜਾ ਕੇ ਉਸ ਦਾ ਇਲਾਜ ਕਰਵਾਇਆ ਗਿਆ ਅਤੇ ਨਾ ਹੀ ਉਸ ਦੇ ਪਰਵਾਰ ਵੱਲੋਂ ਭੇਜੀਆਂ ਜਾਂਦੀਆਂ ਜੀਵਨ-ਬਚਾਊ ਦਵਾਈਆਂ ਉਸ ਨੂੰ ਦਿੱਤੀਆਂ ਗਈਆਂ।

90 ਫੀਸਦੀ ਅਪਾਹਜ ਹੋਣ ਕਾਰਨ ਇਨਸਾਨੀਅਤ ਦੇ ਆਧਾਰ 'ਤੇ ਸਾਈਬਾਬਾ ਜ਼ਮਾਨਤ ਅਤੇ ਵਿਸ਼ੇਸ਼ ਟਰੀਟਮੈਂਟ ਦਾ ਹੱਕਦਾਰ ਸੀ, ਪਰ ਕੈਂਸਰ ਤੋਂ ਪੀੜਤ ਮਾਂ ਮੌਤ ਦੇ ਬਿਸਤਰੇ 'ਤੇ ਪਈ ਆਪਣੇ ਪੁੱਤਰ ਨੂੰ ਮਿਲਣ ਲਈ ਤਰਸਦੀ ਮਰ ਗਈ। ਅਜਿਹੇ ਅਸਹਿ ਸਦਮੇ ਦੀ ਹਾਲਤ 'ਚ ਵੀ ਸਾਈਬਾਬਾ ਨੂੰ ਆਪਣੀ ਮਾਂ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਕੁਝ ਦਿਨਾਂ ਦੀ ਪੈਰੋਲ ਵੀ ਨਹੀਂ ਦਿੱਤੀ ਗਈ। ਸਾਈਬਾਬਾ ਦੀ ਪਤਨੀ ਅਤੇ ਹੋਰ ਪਰਵਾਰਕ ਮੈਂਬਰਾਂ ਵੱਲੋਂ 'ਅੰਡਾ ਸੈੱਲ' ਵਿਚ ਤਨਹਾਈ ਕੈਦ ਦੌਰਾਨ ਉਸ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਅਤੇ ਉਸ ਦੀ ਦਿਨੋ-ਦਿਨ ਵਿਗੜ ਰਹੀ ਸਿਹਤ ਦਾ ਮਾਮਲਾ ਵਾਰ-ਵਾਰ ਅਦਾਲਤ ਦੇ ਧਿਆਨ 'ਚ ਲਿਆਂਦਾ ਗਿਆ। ਦੁਨੀਆ ਭਰ 'ਚ ਉਸ ਦੀ ਰਿਹਾਈ ਦੀ ਮੰਗ ਕਰਦਿਆਂ ਵਿਆਪਕ ਆਵਾਜ਼ ਉੱਠੀ। ਕੈਨੇਡਾ ਦੀ ਸੰਸਦ 'ਚ ਵੀ ਮਾਮਲਾ ਉੱਠਿਆ। ਯੂ.ਐੱਨ. ਦੀ ਵਿਸ਼ੇਸ਼ ਮਾਹਰਾਂ ਦੀ ਕਮੇਟੀ ਨੇ ਉਸ ਦੀ ਹਾਲਤ ਦੇ ਮੱਦੇਨਜ਼ਰ ਤੁਰੰਤ ਜ਼ਮਾਨਤ ਦਿੱਤੇ



ਜਾਣ ਲਈ ਜ਼ੋਰ ਪਾਇਆ। ਪਰ ਜਾਬਰ ਹਕੂਮਤ ਉੱਪਰ ਕੋਈ ਅਸਰ ਨਹੀਂ ਹੋਇਆ ਅਤੇ ਇਸ ਨੇ ਤਮਾਮ ਇਨਸਾਨੀਅਨ ਆਧਾਰਤ ਅਪੀਲਾਂ ਨੂੰ ਕਰੂਰਤਾ ਨਾਲ ਠੁਕਰਾ ਕੇ ਉਸ ਨੂੰ ਮੌਤ ਦੇ ਮੂੰਹ 'ਚ ਧੱਕਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਦੱਬੇਕੁਚਲੇ ਲੋਕਾਂ ਦੇ ਹੱਕਾਂ ਲਈ ਜੂਝਣ ਦੀ ਦ੍ਰਿੜ੍ਹ ਵਚਨਬੱਧਤਾ ਦੇ ਸਹਾਰੇ ਸਾਈਬਾਬਾ ਜੇਲ੍ਹ ਜ਼ੁਲਮਾਂ ਦਾ ਮੁਕਾਬਲਾ ਜ਼ਰੂਰ ਕਰਦੇ ਰਹੇ, ਪਰ ਬਚਪਨ ਤੋਂ ਹੀ ਪੋਲੀਓ ਨਾਲ ਅਪਾਹਜ ਉਨ੍ਹਾਂ ਦਾ ਸਰੀਰ ਬੁਰੀ ਤਰ੍ਹਾਂ ਤਬਾਹ ਹੋ ਗਿਆ, ਪਰ ਉਨ੍ਹਾਂ ਨੇ ਕਾਲ ਕੋਠੜੀ ਵਿਚ ਵੀ ਉਮੀਦ ਨਹੀਂ ਛੱਡੀ ਅਤੇ ਬਹੁਤ ਹੀ ਖ਼ੂਬਸੂਰਤ ਕਵਿਤਾਵਾਂ ਤੇ ਆਪਣੀ ਜੀਵਨ-ਸਾਥਣ ਨੂੰ ਲਿਖੀਆਂ ਚਿੱਠੀਆਂ ਦੇ ਰੂਪ 'ਚ ਆਪਣੀ ਸੰਵੇਦਨਸ਼ੀਲਤਾ ਨੂੰ ਜ਼ਿੰਦਾ ਰੱਖਿਆ। ਜਦੋਂ ਉਹ ਜ਼ਿੰਦਾ ਸੀ ਤਾਂ ਲੋਕਾਂ 'ਚ ਚੇਤਨਾ ਦਾ ਚਾਨਣ ਵੰਡਿਆ, ਦੇਹਾਂਤ ਉਪਰੰਤ ਉਨ੍ਹਾਂ ਦਾ ਸਰੀਰ ਮੈਡੀਕਲ ਖੋਜ ਲਈ ਅਤੇ ਅੱਖਾਂ ਕਿਸੇ ਲੋੜਵੰਦ ਲਈ ਦੇ ਦਿੱਤੀਆਂ ਗਈਆਂ।

ਜੇਲ੍ਹ ਵਿੱਚੋਂ ਵੀ ਸਾਈਬਾਬਾ ਨੇ ਕਈ ਵਾਰ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਸ ਦੀ ਵਿਗੜ ਰਹੀ ਸਿਹਤ ਇਨ੍ਹਾਂ ਕਰੂਰ ਹਾਲਤਾਂ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕੇਗੀ। ਹਕੂਮਤ ਅਤੇ ਜੇਲ੍ਹ ਅਧਿਕਾਰੀਆਂ ਦਾ ਇਹੀ ਕਰੂਰ ਵਤੀਰਾ ਅਸੀਂ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹਬੰਦ ਹੱਕਾਂ ਦੇ ਕਾਰਕੁਨਾਂ ਪ੍ਰਤੀ ਵੀ ਦੇਖ ਚੁੱਕੇ ਹਾਂ, ਜਦੋਂ 84 ਸਾਲ ਦੇ ਬਜ਼ੁਰਗ ਸਟੇਨ ਸਵਾਮੀ ਨੂੰ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਬਿਨਾਂ ਇਲਾਜ ਕੋਹ-ਕੋਹ ਕੇ ਮਾਰਿਆ ਗਿਆ ਅਤੇ ਕਵੀ ਵਰਵਰਾ ਰਾਓ ਦੀ ਜ਼ਿੰਦਗੀ ਵੀ ਬਹੁਤ ਮੁਸ਼ਕਲ ਨਾਲ ਬਚਾਈ ਜਾ ਸਕੀ। ਨਜ਼ਰ ਦੀਆਂ ਐਨਕਾਂ, ਸਿੱਪਰ, ਮੱਛਰਦਾਨੀ ਆਦਿ ਤੋਂ ਕਾਰਕੂਨਾਂ ਨੂੰ ਵਾਂਝੇ ਕਰਨਾ ਆਮ ਹੈ। ਇਹ ਵਤੀਰਾ ਬਾਦਸਤੂਰ ਜਾਰੀ ਹੈ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇ ਕਰਨ ਵਾਲੇ ਸਟੇਟ ਦਾ ਅਸਲ ਚਿਹਰਾ ਹੈ, ਜੋ ਆਪਣੇ ਚਹੇਤੇ ਮੁਜਰਮਾਂ ਨੂੰ ਨਾ ਸਿਰਫ਼ ਵਾਰ-ਵਾਰ ਪੈਰੋਲ ਦੀ ਸਹੂਲਤ ਦਿੰਦਾ ਹੈ ਅਤੇ ਜੋ ਦਹਿਸ਼ਤਵਾਦੀ ਜੁਰਮਾਂ 'ਚ ਸਜ਼ਾਯਾਫਤਾ ਮੁਜਰਮਾਂ ਦੀਆਂ ਸਜ਼ਾਵਾਂ ਮਾਫ਼ ਕਰਨਾ ਆਪਣਾ ਰਾਜ-ਧਰਮ ਸਮਝਦਾ ਹੈ, ਜਿਵੇਂ ਅਸੀਂ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ, ਯੂ.ਪੀ. ਵਿਚ ਬਲਾਤਕਾਰੀ ਭਾਜਪਾ ਆਗੂਆਂ ਵਿਰੁੱਧ ਸੰਗੀਨ ਦੋਸ਼ ਵਾਪਸ ਲੈਣ, ਹਿੰਦੂਤਵੀ ਦਹਿਸ਼ਤਵਾਦੀ ਸਾਜ਼ਿਸ਼ਘਾੜਿਆਂ (ਬਾਬੂ ਬਜਰੰਗੀ, ਮਾਇਆ ਕੋਡਨਾਨੀ, ਸਾਧਵੀ ਪ੍ਰੱਗਿਆ, ਅਸੀਮਾਨੰਦ ਵਗੈਰਾ) ਦੀ ਰਿਹਾਈ ਅਤੇ ਬਿਲਕਿਸ ਬਾਨੋ ਕੇਸ ਦੇ ਬਲਾਤਕਾਰੀ ਕਾਤਲਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਦਿ ਬਹੁਤ ਸਾਰੇ ਕੇਸਾਂ 'ਚ ਦੇਖ ਚੁੱਕੇ ਹਾਂ।

ਪ੍ਰੋਫੈਸਰ ਸਾਈਬਾਬਾ ਦੇ ਕੇਸ ਦਾ ਨੋਟ ਕਰਨ ਵਾਲਾ ਪਹਿਲੂ ਇਹ ਵੀ ਹੈ ਕਿ ਬੈਂਚ ਨੇ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਾਵਚੇ ਵੱਲੋਂ ਕੀਤੀ ਤਫ਼ਤੀਸ਼ ਨੂੰ ਸ਼ੱਕੀ ਕਰਾਰ ਦਿੱਤਾ। ਆਰ.ਐੱਸ.ਐੱਸ.-ਭਾਜਪਾ ਸਰਕਾਰ ਦੇ ਇਸੇ ਚਹੇਤੇ ਪੁਲਸ ਅਧਿਕਾਰੀ ਨੇ ਪ੍ਰੋਫੈਸਰ ਸਾਈਬਾਬਾ ਦਾ ਕੇਸ ਲੜਨ ਵਾਲੇ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਅਦਾਲਤ ਵਿਚ ਧਮਕੀ ਦਿੱਤੀ ਸੀ ਕਿ "ਸਾਈਬਾਬਾ ਤੋਂ ਬਾਅਦ ਜੇਲ੍ਹ 'ਚ ਜਾਣ ਦੀ ਵਾਰੀ ਤੇਰੀ ਹੈ।" ਆਖ਼ਿਰਕਾਰ ਉਸ ਨੂੰ ਭੀਮਾ-ਕੋਰੇਗਾਓਂ ਸਾਜ਼ਿਸ਼ ਦਾ ਹਿੱਸਾ ਕਰਾਰ ਦੇ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਆਲਮੀ ਪੱਧਰ ਦੀਆਂ ਫੋਰੈਂਸਿਕ ਲੈਬਾਂ/ਮਾਹਰਾਂ ਦੀਆਂ ਪੈਗਾਸਸ ਅਤੇ ਹੋਰ ਹੈਕਿੰਗ ਸਾਫ਼ਟਵੇਅਰਾਂ ਰਾਹੀਂ ਕੰਪਿਊਟਰਾਂ ਵਿਚ ਜਾਅਲੀ ਸਬੂਤ ਪਲਾਂਟ ਕੀਤੇ ਜਾਣ ਦੀਆਂ ਰਿਪੋਰਟਾਂ ਜੱਗ ਜ਼ਾਹਿਰ ਹਨ। ਇਸ ਸੰਬੰਧ 'ਚ ਉੱਚ ਅਦਾਲਤ ਦੀ ਉਪਰੋਕਤ ਤਫ਼ਤੀਸ਼ੀ ਅਧਿਕਾਰੀ ਦੀ ਭੂਮਿਕਾ ਬਾਰੇ ਟਿੱਪਣੀ ਗ਼ੌਰ ਕਰਨ ਵਾਲੀ ਹੈ ਕਿਉਂਕਿ ਇਹ ਅਧਿਕਾਰੀ 2018 'ਚ ਕੋਰੇਗਾਓਂ-ਭੀਮਾ ਕੇਸ 'ਚ ਪ੍ਰੋਫੈਸਰ ਵਰਵਰਾ ਰਾਓ ਸਮੇਤ ਸਾਰੇ ਹੀ ਬੁੱਧੀਜੀਵੀਆਂ ਦੇ ਘਰਾਂ ਉੱਪਰ ਛਾਪੇਮਾਰੀ ਅਤੇ ਗ੍ਰਿਫ਼ਤਾਰੀਆਂ ਸਮੇਂ ਉਚੇਚੇ ਤੌਰ 'ਤੇ ਪੁਣੇ ਪੁਲਸ ਦੇ ਨਾਲ ਸੀ ਜਦਕਿ ਉਸ ਦਾ ਇਸ ਕੇਸ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ। ਸੁਪਰੀਮ ਕੋਰਟ ਵਿਚ ਇਤਿਹਾਸਕਾਰ ਰੋਮਿਲਾ ਥਾਪਰ ਸਮੇਤ ਉੱਘੇ ਬੁੱਧੀਜੀਵੀਆਂ ਵੱਲੋਂ ਇਨ੍ਹਾਂ ਗ੍ਰਿਫ਼ਤਾਰੀਆਂ ਵਿਰੁੱਧ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਦੀ ਸੁਣਵਾਈ ਸਮੇਂ ਵੀ ਇਹ ਅਧਿਕਾਰੀ ਮੌਜੂਦ ਸੀ। ਹਾਈਕੋਰਟ ਦੇ ਬੈਂਚ ਵੱਲੋਂ ਇਸ ਅਧਿਕਾਰੀ ਦੀ ਤਫ਼ਤੀਸ਼ ਨੂੰ ਸ਼ੱਕੀ ਕਰਾਰ ਦਿੱਤੇ ਜਾਣ ਨਾਲ ਭੀਮਾ-ਕੋਰੇਗਾਓਂ ਕੇਸ ਦੇ ਮਨਘੜਤ ਅਤੇ ਝੂਠਾ ਹੋਣ ਦੀ ਵੀ ਪੁਸ਼ਟੀ ਹੋ ਗਈ ਹੈ, ਕਿਉਂਕਿ ਪੁਣੇ ਪੁਲਸ ਨੇ ਆਪਣੀ ਚਾਰਜਸ਼ੀਟ ਦਾ ਆਧਾਰ ਸਾਈਬਾਬਾ ਕੇਸ 'ਚ ਉਨ੍ਹਾਂ ਨੂੰ ਦੋਸ਼ੀ ਕਰਾਰ ਦੇਣ ਦੇ ਟਰਾਇਲ ਅਦਾਲਤ ਦੇ ਫ਼ੈਸਲੇ ਨੂੰ ਬਣਾਇਆ ਹੈ ਅਤੇ ਉਨ੍ਹਾਂ ਦਾ ਸਿੱਧਾ ਸੰਬੰਧ ਪ੍ਰੋਫੈਸਰ ਸਾਈਬਾਬਾ ਨਾਲ ਹੋਣ ਦਾ ਦਾਅਵਾ ਕੀਤਾ ਸੀ। ਤ੍ਰਾਸਦੀ ਇਹ ਹੈ ਕਿ ਅਜਿਹੇ ਝੂਠੇ ਕੇਸ ਬਣਾਉਣ ਵਾਲੇ ਅਧਿਕਾਰੀਆਂ ਅਤੇ ਹਕੂਮਤ ਦੀ ਜਵਾਬਦੇਹੀ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ ਜਿਸ ਨਾਲ ਇਨ੍ਹਾਂ ਦੀਆਂ ਮਨਮਾਨੀਆਂ ਨੂੰ ਠੱਲ੍ਹ ਪੈ ਸਕੇ।

ਦਲਿਤ ਪਰਵਾਰ ਦੇ ਜਾਏ ਸਾਈਬਾਬਾ ਨੇ 90 ਪ੍ਰਤੀਸ਼ਤ ਅਪਾਹਜ ਹੋਣ ਦੀ ਚੁਣੌਤੀ ਦਾ ਮੁਕਾਬਲਾ ਕਰਦਿਆਂ ਬਿਹਤਰੀਨ ਕਾਰਗੁਜ਼ਾਰੀ ਦਿਖਾਉਂਦਿਆਂ ਡਾਕਟਰੇਟ ਪੱਧਰ ਦੀ ਉਚੇਰੀ ਪੜ੍ਹਾਈ ਕੀਤੀ ਸੀ ਅਤੇ ਆਪਣੀ ਬੌਧਿਕ ਕਾਬਲੀਅਤ ਦੱਬੇਕੁਚਲੇ ਲੋਕਾਂ ਨੂੰ ਜ਼ਲਾਲਤ ਭਰੀ ਅਣਮਨੁੱਖੀ ਜ਼ਿੰਦਗੀ ਤੋਂ ਮੁਕਤ ਕਰਾਉਣ ਦੇ ਲੇਖੇ ਲਾ ਦਿੱਤੀ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਤੰਦਰੁਸਤ ਹੋ ਕੇ ਪਹਿਲਾਂ ਵਾਂਗ ਹੀ ਰਾਜਸੀ ਕੈਦੀਆਂ ਅਤੇ ਜੇਲ੍ਹ ਦੇ ਅਣਮਨੁੱਖੀ ਹਾਲਾਤ ਵਿਰੁੱਧ ਜੂਝਣ ਦੀ ਦ੍ਰਿੜ੍ਹ ਇੱਛਾ ਜ਼ਾਹਿਰ ਕੀਤੀ ਸੀ। ਇਹੀ ਰੌਸ਼ਨ-ਖ਼ਿਆਲੀ ਅਤੇ ਵਚਨਬੱਧਤਾ ਦੁਸ਼ਟ ਹਕੂਮਤ ਨੂੰ ਅੱਖ ਦੇ ਰੋੜ ਵਾਂਗ ਚੁਭਦੀ ਸੀ।

ਅਕਸਰ ਹੀ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪੂਰੀ ਤਰ੍ਹਾਂ ਝੂਠੇ ਕੇਸਾਂ 'ਚ ਜੇਲ੍ਹੀਂ ਡੱਕੇ ਜ਼ਹੀਨ ਬੁੱਧੀਜੀਵੀ ਤੇ ਹੱਕਾਂ ਦੇ ਕਾਰਕੁਨ ਬੇਕਸੂਰ ਹਨ। ਸਟੇਟ ਦੀਆਂ ਨਜ਼ਰਾਂ 'ਚ ਉਨ੍ਹਾਂ ਦਾ ਜੁਰਮ ਬੇਹੱਦ ਸੰਗੀਨ ਹੈ, ਅਰਥਾਤ ਉਹ ਆਪਣੀ ਜ਼ਮੀਰ ਦੀ ਆਵਾਜ਼ ਕਿਉਂ ਸੁਣਦੇ ਹਨ। ਉਹ ਇਸ ਆਦਮਖ਼ੋਰ ਪ੍ਰਬੰਧ ਦਾ ਸੰਚਾਲਨ ਕਰ ਰਹੀ ਗ਼ੁਲਾਮ ਜ਼ਿਹਨੀਅਤ ਵਾਲੀ ਨੌਕਰਸ਼ਾਹੀ ਅਤੇ ਇਸ ਦੇ ਮਨੁੱਖਤਾ ਵਿਰੋਧੀ ਕੁਕਰਮਾਂ ਨੂੰ ਲੋਕਤੰਤਰ ਦੇ ਭਰਮਾਊ ਮਖੌਟੇ ਨਾਲ ਸ਼ਿੰਗਾਰ ਕੇ ਅਵਾਮ ਦੇ ਅੱਖੀਂ ਘੱਟਾ ਪਾਉਣ ਲਈ ਆਪਣੀ ਬੌਧਿਕ ਕਾਬਲੀਅਤ ਵਰਤਣ ਵਾਲੇ ਬੁੱਧੀਜੀਵੀ ਲਾਣੇ ਦੇ ਨਕਸ਼ੇ-ਕਦਮਾਂ 'ਤੇ ਕਿਉਂ ਨਹੀਂ ਤੁਰਦੇ। ਭਾਰਤੀ ਹੁਕਮਰਾਨ ਜਮਾਤ ਅਜਿਹੇ 'ਦੇਸ਼ਧ੍ਰੋਹੀ ਦਿਮਾਗਾਂ' ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨ 'ਚ ਹੀ ਆਪਣੀ ਸੁਰੱਖਿਆ ਦੇਖਦੀ ਹੈ। ਹਾਕਮ ਜਮਾਤ ਤਾਂ ਉਨ੍ਹਾਂ ਜੱਜਾਂ ਨੂੰ ਵੀ ਬਰਦਾਸ਼ਤ ਨਹੀਂ ਕਰਦੀ, ਜੋ ਨਿਆਂਸ਼ਾਸਤਰੀ ਸੂਝ ਅਨੁਸਾਰ ਨਿਰਪੱਖ ਫ਼ੈਸਲੇ ਦਿੰਦੇ ਜਾਂ ਦੇਣ ਦੀ ਕੋਸ਼ਿਸ਼ ਕਰਦੇ ਹਨ। ਅਮਿਤ ਸ਼ਾਹ ਦੇ ਕੇਸ ਵਿਚ ਜੱਜ ਲੋਇਆ ਨੂੰ ਸਟੈਂਡ ਲੈਣ ਦਾ ਮੁੱਲ ਤਾਰਨਾ ਪਿਆ ਸੀ। ਬੰਬੇ ਹਾਈਕੋਰਟ ਦੇ ਜਿਸ ਜਸਟਿਸ ਰੋਹਿਤ ਬੀ ਦੇਓ ਨੇ 2022 'ਚ ਪ੍ਰੋਫੈਸਰ ਸਾਈਬਾਬਾ ਤੇ ਸਾਥੀਆਂ ਨੂੰ ਤਕਨੀਕੀ ਆਧਾਰ 'ਤੇ ਬਰੀ ਕਰਨ ਦਾ ਫ਼ੈਸਲਾ ਦਿੱਤਾ ਸੀ, ਉਨ੍ਹਾਂ ਨੂੰ ਇਸ ਦਾ ਮੁੱਲ ਸੁਪਰੀਮ ਕੋਰਟ ਦੇ ਕਾਲਜੀਅਮ ਵੱਲੋਂ ਤਬਾਦਲਾ ਕੀਤੇ ਜਾਣ ਦੇ



ਰੂਪ 'ਚ ਤਾਰਨਾ ਪਿਆ ਸੀ ਅਤੇ ਆਖ਼ਿਰਕਾਰ ਅਗਸਤ 2023 'ਚ ਆਪਣੀ ਰਿਟਾਇਰਮੈਂਟ ਤੋਂ 2 ਸਾਲ ਪਹਿਲਾਂ ਹੀ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ ਸੀ। ਬੇਸ਼ੱਕ ਉਨ੍ਹਾਂ ਨੇ 'ਨਿੱਜੀ ਕਾਰਨਾਂ' ਕਰਕੇ ਅਸਤੀਫ਼ਾ ਦੇਣ ਦੀ ਗੱਲ ਕਹੀ ਸੀ ਪਰ ਸਭ ਨੂੰ ਪਤਾ ਸੀ ਕਿ ਮਹਾਰਾਸ਼ਟਰ ਹਾਈ ਕੋਰਟ ਤੋਂ ਉਨ੍ਹਾਂ ਦਾ ਅਲਾਹਾਬਾਦ ਹਾਈਕੋਰਟ ਵਿਚ ਤਬਾਦਲਾ "ਖ਼ੁਫ਼ੀਆ ਇਨਪੁੱਟ" ਦੇ ਆਧਾਰ 'ਤੇ ਕੀਤਾ ਗਿਆ ਸੀ।

ਬੇਸ਼ੱਕ ਪ੍ਰੋਫੈਸਰ ਦੀ ਮੌਤ ਦਾ ਫੌਰੀ ਕਾਰਨ ਇਲਾਜ ਦੌਰਾਨ ਦਿਲ ਦਾ ਦੌਰਾ ਪੈਣਾ ਬਣਿਆ, ਦਰਅਸਲ ਇਹ ਭਾਰਤੀ ਸਟੇਟ ਵੱਲੋਂ ਕੀਤਾ ਸੰਸਥਾਗਤ ਕਤਲ ਹੈ। ਜੇਲ੍ਹ ਭੇਜੇ ਜਾਣ ਸਮੇਂ ਸਾਈਬਾਬਾ ਦਾ ਸਰੀਰ 90 ਪ੍ਰਤੀਸ਼ਤ ਅਪਾਹਜ ਜ਼ਰੂਰ ਸਨ, ਪਰ ਬਹੁਤ ਹਿੰਮਤ ਅਤੇ ਦਲੇਰੀ ਨਾਲ ਕੰਮ ਕਰਦੇ ਸਨ। ਉਨ੍ਹਾਂ ਨੂੰ ਚਿੰਬੜੀਆਂ ਜਾਨਲੇਵਾ ਬੀਮਾਰੀਆਂ ਜੇਲ੍ਹ ਪ੍ਰਬੰਧ ਦੇ ਕਰੂਰ ਜ਼ੁਲਮਾਂ ਦਾ ਸਿੱਟਾ ਸਨ। ਭਾਰਤ ਦੇ ਸੰਵਿਧਾਨ ਦੀ ਧਾਰਾ 21 ਤਹਿਤ ਜ਼ਿੰਦਗੀ ਦੇ ਮੂਲ ਹੱਕ ਦੀ ਵਿਵਸਥਾ ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਵੀ ਮੰਨਿਆ ਹੈ, ਪਰ ਭਾਰਤੀ ਹੁਕਮਰਾਨ ਤੇ ਸਟੇਟ ਦੇ ਵੱਖ-ਵੱਖ ਅੰਗ ਇਸ ਸੰਵਿਧਾਨਕ ਵਿਵਸਥਾ ਦਾ ਮਜ਼ਾਕ ਉਡਾ ਕੇ ਕੈਦੀਆਂ/ਨਜ਼ਰਬੰਦਾਂ ਦੀਆਂ ਜਾਨਾਂ ਲੈਂਦੇ ਅਕਸਰ ਦੇਖੇ ਜਾ ਸਕਦੇ ਹਨ।

ਯੂ ਏ ਪੀ ਏ ਵਰਗੇ ਕਾਨੂੰਨਾਂ ਤਹਿਤ ਬਿਨਾਂ ਮੁਕੱਦਮਾ ਚਲਾਏ, ਬਿਨਾਂ ਜ਼ਮਾਨਤ ਦਿੱਤੇ ਕਈ-ਕਈ ਸਾਲ ਦੀ ਜੇਲ੍ਹਬੰਦੀ ਆਪਣੇ-ਆਪ 'ਚ ਹੀ ਬਹੁਤ ਸੰਤਾਪ ਦੇਣ ਵਾਲੀ ਸਜ਼ਾ ਹੈ। ਐਸੀਆਂ ਸਜ਼ਾਵਾਂ ਦਾ ਮੂਲ ਮਨੋਰਥ ਹੀ ਆਲੋਚਕ ਆਵਾਜ਼ਾਂ ਅਤੇ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਕੁਚਲਣਾ ਹੈ। ਭਾਰਤ ਦੇ ਵਿਸ਼ੇਸ਼ ਕਾਨੂੰਨ ਅਤੇ ਕੇਸਾਂ ਦੀ ਸੁਣਵਾਈ ਕਰਨ ਵਾਲਾ ਅਦਾਲਤੀ ਪ੍ਰਬੰਧ ਅਜਿਹਾ ਹੈ ਕਿ ਬੇਸ਼ੱਕ ਸੰਗੀਨ ਕੇਸ ਦੀ ਐੱਫ ਆਈ ਆਰ ਵਿਚ ਕਿਸੇ ਵਿਅਕਤੀ ਦਾ ਨਾਂਅ ਨਹੀਂ ਹੈ, ਪਰ ਜੇ ਉਹ ਹਕੂਮਤ ਨੂੰ ਨਾਪਸੰਦ ਹੈ ਤਾਂ ਉਸ ਨੂੰ ਮਹਿਜ਼ ਗ਼ੈਰਕਾਨੂੰਨੀ ਵਿਚਾਰ ਰੱਖਣ ਦੇ ਆਧਾਰ 'ਤੇ ਜਾਂ ਮਹਿਜ਼ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸੰਬੰਧਤ ਹੋਣ ਦਾ ਸ਼ੱਕ ਹੋਣ ਦਾ ਦੋਸ਼ ਲਗਾ ਕੇ ਬਿਨਾਂ ਮੁਕੱਦਮਾ ਚਲਾਏ ਬਿਨਾਂ ਜ਼ਮਾਨਤ 10-15 ਸਾਲ ਜੇਲ੍ਹ ਵਿਚ ਬੰਦ ਰੱਖਿਆ ਜਾ ਸਕਦਾ ਹੈ। ਯਾਨੀ ਨਿਆਂ ਦਾ ਪ੍ਰਾਸੈਸ ਹੀ ਆਪਣੇ ਆਪ 'ਚ ਸਜ਼ਾ ਹੈ। ਸਾਈਬਾਬਾ ਤੇ ਸਾਥੀਆਂ ਦਾ ਝੂਠੇ ਕੇਸਾਂ 'ਚੋਂ ਬਰੀ ਹੋਣਾ ਫਾਸ਼ੀਵਾਦੀ ਹਕੂਮਤ ਤੋਂ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਦੀ ਲੰਮੀ ਲੜਾਈ 'ਚ ਇਕ ਮਹੱਤਵਪੂਰਨ ਹੌਸਲਾ ਵਧਾਊ ਜਿੱਤ ਸੀ, ਪਰ ਸਾਈਬਾਬਾ ਨੂੰ ਜੇਲ੍ਹ ਤੋਂ ਬਾਹਰ ਆ ਕੇ ਲੋਕ ਹੱਕਾਂ ਲਈ ਮੁੜ ਕੰਮ ਕਰਨ ਦਾ ਮੌਕਾ ਨਹੀਂ ਮਿਲਿਆ।

ਇਹ ਸਪੱਸ਼ਟ ਹੈ ਕਿ ਹਕੂਮਤ ਦੀ ਫਾਸ਼ੀਵਾਦੀ ਜ਼ਿਹਨੀਅਤ ਬੇਹੱਦ ਘਿਣਾਉਣੀਆਂ ਸਾਜ਼ਿਸ਼ਾਂ ਤੋਂ ਬਾਜ਼ ਆਉਣ ਵਾਲੀ ਨਹੀਂ ਹੈ। ਫਾਸ਼ੀਵਾਦੀ ਮਨਸ਼ਿਆਂ ਨੂੰ ਦੇਖਦਿਆਂ ਹੱਕਾਂ ਦੇ ਪਹਿਰੇਦਾਰਾਂ ਦੀ ਜ਼ਿੰਦਗੀਆਂ ਨੂੰ ਬਚਾਉਣ ਦੀ ਇਹ ਲੜਾਈ ਭਵਿੱਖ ਵਿਚ ਹੋਰ ਵੀ ਜੋਖ਼ਮ ਭਰੀ ਅਤੇ ਹੋਰ ਵੀ ਸਖ਼ਤ ਹੋਣ ਦੇ ਆਸਾਰ ਹਨ। ਅਜੇ ਪਤਾ ਨਹੀਂ ਇਸ ਧਰਤੀ ਉੱਪਰ ਇਨਸਾਨ ਲਈ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇ ਲਾਇਕ ਹਾਲਾਤ ਪੈਦਾ ਕਰਨ ਲਈ ਪ੍ਰੋਫੈਸਰ ਸਾਈਬਾਬਾ ਵਰਗੀਆਂ ਕਿੰਨੀਆਂ ਜ਼ਹੀਨ ਸ਼ਖ਼ਸੀਅਤਾਂ ਨੂੰ ਆਪਣੀਆਂ ਜ਼ਿੰਦਗੀ ਵਾਰ ਕੇ ਇਸ ਦਾ ਮੁੱਲ ਤਾਰਨਾ ਪਵੇਗਾ। ਸਾਈਬਾਬਾ, ਸਟੇਨ ਸਵਾਮੀ ਵਰਗੇ ਯੋਧਿਆਂ ਦੀ ਕੁਰਬਾਨੀ ਇਸ ਜਾਨ-ਹੂਲਵੀਂ ਲੜਾਈ 'ਚ ਹਮੇਸ਼ਾ ਪ੍ਰੇਰਨਾ ਬਣੀ ਰਹੇਗੀ।

———————

*ਕਵਿਤਾ*

*ਮੈਂ ਮਰਨ ਤੋਂ ਇਨਕਾਰ ਕਰ ਦਿੱਤਾ*

*ਜੀ.ਐੱਨ. ਸਾਈਬਾਬਾ*

*ਜਦੋਂ ਮੈਂ ਮਰਨ ਤੋਂ ਇਨਕਾਰ ਕਰ ਦਿੱਤਾ,*
*ਮੇਰੇ ਬੰਧਨ ਖੋਲ੍ਹ ਦਿੱਤੇ ਗਏ,*
*ਮੈਂ ਘਾਹ ਦੀਆਂ ਪੱਤੀਆਂ 'ਤੇ ਮੁਸਕਰਾਉਂਦੇ ਹੋਏ*
*ਲੰਮੇ-ਚੌੜੇ ਘਾਹ ਦੇ ਮੈਦਾਨ 'ਚ ਆ ਗਿਆ*
*ਉਹ ਮੇਰੀ ਮੁਸਕਰਾਹਟ ਨੂੰ ਸਹਿਣ ਨਹੀਂ ਕਰ ਸਕੇ*
*ਤੇ ਮੈਨੂੰ ਦੁਬਾਰਾ ਬੰਨ੍ਹ ਦਿੱਤਾ*
*ਜਦੋਂ ਮੈਂ ਮੁੜ ਮਰਨ ਤੋਂ ਇਨਕਾਰ ਕਰ ਦਿੱਤਾ*
*ਕਿ ਮੈਂ ਥੱਕ ਗਿਆ ਹਾਂ ਆਪਣੀ ਜ਼ਿੰਦਗੀ ਤੋਂ*
*ਤਾਂ ਕੈਦ ਕਰਨ ਵਾਲਿਆਂ ਨੇ ਮੈਨੂੰ ਆਜ਼ਾਦ ਕਰ ਦਿੱਤਾ*
*ਮੈਂ ਬਾਹਰ ਉੱਗਦੇ ਸੂਰਜ ਦੀ ਲੋਅ 'ਚ ਨਹਾਈਆਂ ਹਰੀਆਂ-ਭਰੀਆਂ ਘਾਟੀਆਂ ਵੱਲ ਚਲ ਪਿਆ*
*ਮੁਸਕਰਾਉਂਦੇ ਹੋਏ ਘਾਹ ਦੀਆਂ ਤਿੜਾਂ ਨੂੰ ਉੱਛਲਦੇ ਦੇਖਣ ਲਈ*
*ਮੇਰੇ ਚਿਹਰੇ 'ਤੇ ਖਿੜੀ ਮੁਸਕਰਾਹਟ ਦੇਖ ਕੇ ਉਹ ਗੁੱਸੇ ਨਾਲ ਪਾਗਲ ਹੋ ਗਏ*
*ਉਨ੍ਹਾਂ ਨੇ ਮੈਨੂੰ ਮੁੜ ਕੈਦ ਕਰ ਲਿਆ*
*ਮੈਂ ਅਜੇ ਵੀ ਹੱਠ ਨਾਲ ਮਰਨ ਤੋਂ ਇਨਕਾਰੀ ਹਾਂ*
*ਦੁੱਖ ਦੀ ਗੱਲ ਹੈ ਕਿ ਉਹ ਨਹੀਂ ਜਾਣਦੇ ਕਿ ਮੈਨੂੰ ਕਿਵੇਂ ਮਰਨ ਦੇਣ*
*ਇਸ ਲਈ ਕਿ ਮੈਨੂੰ ਵਧ ਰਹੇ ਘਾਹ ਦੀਆਂ ਆਵਾਜ਼ਾਂ ਨਾਲ ਲੋਹੜੇ ਦੀ ਮੁਹੱਬਤ ਹੈ।*

## ਬਾਲ ਕੋਨਾ

# ਚੰਦਰਮਾ 'ਤੇ ਦਿਨ 'ਚ ਦਿਖਦੇ ਹਨ ਤਾਰੇ, ਪਰ ਇਹ ਟਿਮਟਿਮਾਉਂਦੇ ਨਹੀਂ

ਅਕਸਰ ਹੀ ਜਦੋਂ ਅਸੀਂ ਰਾਤ ਨੂੰ ਆਕਾਸ਼ ਵੱਲ ਨੂੰ ਦੇਖਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਤਾਰੇ ਦਿਖਾਈ ਦਿੰਦੇ ਹਨ। ਜੇਕਰ ਰਾਤ ਮੱਸਿਆ ਦੀ ਹੋਵੇ, ਭਾਵ ਪੂਰੀ ਤਰ੍ਹਾਂ ਹਨੇਰਾ ਹੋਵੇ ਤਾਂ ਸਾਨੂੰ ਤਾਰੇ ਜ਼ਿਆਦਾ ਚਮਕਦਾਰ ਅਤੇ ਜ਼ਿਆਦਾ ਗਿਣਤੀ ਵਿੱਚ ਦਿਖਾਈ ਦਿੰਦੇ ਹਨ। ਇਸ ਸਭ ਨੂੰ ਦੇਖਦੇ ਸੋਚਦੇ ਹੋਏ ਦਿਮਾਗ ਵਿੱਚ ਕਈ ਤਰ੍ਹਾਂ ਦੇ ਪ੍ਰਸ਼ਨ ਉੱਠਦੇ ਹਨ ਕਿ ਜਿਵੇਂ ਅਸੀਂ ਧਰਤੀ ਤੋਂ ਰਾਤ ਨੂੰ ਤਾਰਿਆਂ ਨੂੰ ਦੇਖਦੇ ਹਾਂ, ਕੀ ਚੰਦਰਮਾ 'ਤੇ ਵੀ ਸਾਨੂੰ ਤਾਰੇ ਦਿਖਾਈ ਦਿੰਦੇ ਹਨ? ਧਰਤੀ ਤੋਂ ਦੇਖਣ 'ਤੇ ਸਾਨੂੰ ਤਾਰੇ ਟਿਮਟਿਮਾਉਂਦੇ ਹੋਏ ਦਿਖਾਈ ਦਿੰਦੇ ਹਨ। ਕੀ ਚੰਦਰਮਾ 'ਤੇ ਵੀ ਅਜਿਹਾ ਹੀ ਵਰਤਾਰਾ ਹੋਵੇਗਾ? ਉਥੇ ਵੀ ਸਾਨੂੰ ਤਾਰੇ ਜਗਦੇ-ਬੁਝਦੇ ਟਿਮਟਿਮਾਉਂਦੇ ਦਿਖਾਈ ਦੇਣਗੇ?



ਇਸ ਸਭ ਨੂੰ ਸਮਝਣ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਕੀ ਤਾਰੇ ਆਖਰ ਹੁੰਦੇ ਕੀ ਹਨ? ਅਤੇ ਕੀ ਇਹ ਅਸਲ ਵਿੱਚ ਟਿਮਟਿਮਾਉਂਦੇ ਆਉਂਦੇ ਹਨ? ਸਾਨੂੰ ਜਿੰਨੇ ਵੀ ਤਾਰੇ ਦਿਖਾਈ ਦਿੰਦੇ ਹਨ, ਅਸਲ ਵਿੱਚ ਇਹ ਸਾਰੇ ਸੂਰਜ ਹੀ ਹਨ। ਸਾਡਾ ਸੂਰਜ ਵੀ ਇੱਕ ਤਾਰਾ ਹੈ, ਪਰ ਦੂਜੇ ਤਾਰਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਨੇੜੇ ਹੋਣ ਦੇ ਕਾਰਨ ਇਹ ਸਾਨੂੰ ਇੰਨਾ ਵੱਡਾ ਅਤੇ ਚਮਕਦਾਰ ਦਿਖਾਈ ਦਿੰਦਾ ਹੈ। ਦੂਜੇ ਪਾਸੇ ਦਿਖਣ ਵਾਲੇ ਸਾਰੇ ਤਾਰੇ ਸਾਡੇ ਤੋਂ ਬਹੁਤ ਜ਼ਿਆਦਾ ਦੂਰ ਹਨ। ਇੰਨੀ ਜ਼ਿਆਦਾ ਦੂਰ ਹਨ ਕਿ ਇਹਨਾਂ ਤੋਂ ਸਾਡੇ ਤੱਕ ਪ੍ਰਕਾਸ਼ ਪਹੁੰਚਣ ਨੂੰ ਵੀ ਕਈ-ਕਈ ਵਰ੍ਹੇ ਲੱਗ ਜਾਂਦੇ ਹਨ।

ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਇਹਨਾਂ ਵਿੱਚੋਂ ਕੋਈ ਵੀ ਤਾਰਾ ਜਗਮਗ-ਜਗਮਗ ਨਹੀਂ ਕਰਦਾ, ਭਾਵ ਟਿਮਟਿਮਾਉਂਦਾ ਨਹੀਂ। ਇਹਨਾਂ ਦੇ ਸਾਨੂੰ ਟਿਮਟਿਮਾਉਂਦੇ ਦਿਖਣ ਦਾ ਕਾਰਨ ਅਸਲ ਵਿੱਚ ਇੱਕ ਵਾਯੂਮੰਡਲੀ ਵਰਤਾਰਾ ਹੈ। ਸਾਡੀ ਧਰਤੀ ਕੋਲ ਵਾਯੂਮੰਡਲ ਹੈ। ਜਦੋਂ ਸੂਰਜ ਦਾ ਪ੍ਰਕਾਸ਼ ਧਰਤੀ ਵੱਲ ਆਉਂਦਾ ਹੈ ਤਾਂ ਇਸ ਨੂੰ ਇਸ ਵਾਯੂਮੰਡਲ ਵਿੱਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ, ਇਸ ਦੌਰਾਨ ਇਹ ਕਦੇ ਸੰਘਣੇ ਮਾਧਿਅਮ ਵਿੱਚੋਂ ਅਤੇ ਕਦੇ ਵਿਰਲੇ ਮਾਧਿਅਮ ਵਿੱਚੋਂ ਲੰਘਦਾ ਹੈ। (ਸੰਘਣਾ ਮਤਲਬ ਜਿੱਥੇ ਹਵਾ, ਗੈਸਾਂ ਜ਼ਿਆਦਾ ਹੋਣ ਅਤੇ ਵਿਰਲਾ ਮਤਲਬ ਜਿੱਥੇ ਇਹਨਾਂ ਦੀ ਸੰਘਣਤਾ ਘੱਟ ਹੋਵੇ) ਜਦੋਂ ਪ੍ਰਕਾਸ਼ ਇੱਕ ਮਾਧਿਅਮ ਤੋਂ ਦੂਜੇ ਮਾਧਿਅਮ ਵਿੱਚ ਜਾਂਦਾ ਹੈ ਤਾਂ ਇਹ ਆਪਣਾ ਰਸਤਾ ਬਦਲ ਲੈਂਦਾ ਹੈ। ਭਾਵ ਪ੍ਰਕਾਸ਼ ਦਾ ਅਪਵਰਤਨ ਹੋ ਜਾਂਦਾ ਹੈ। ਜਦੋਂ ਇਹ ਵਿਰਲੇ ਤੋਂ ਸੰਘਣੇ ਮਾਧਿਅਮ ਵਿੱਚ ਜਾਂਦਾ ਹੈ ਤਾਂ ਅਭਿਲੰਬ ਵੱਲ ਭਾਵ ਅੰਦਰ ਨੂੰ ਮੁੜ ਜਾਂਦਾ ਹੈ ਅਤੇ ਜਦੋਂ ਸੰਘਣੇ ਮਾਧਿਅਮ ਤੋਂ ਵਿਰਲੇ ਮਾਧਿਅਮ ਵੱਲ ਜਾਂਦਾ ਹੈ ਤਾਂ ਅਭਿਲੰਬ ਤੋਂ ਪਰ੍ਹਾਂ ਭਾਵ ਰਸਤਾ ਬਦਲ ਕੇ ਬਾਹਰ ਵੱਲ ਨੂੰ ਚਲਾ ਜਾਂਦਾ ਹੈ। ਇਸੇ ਕਰਕੇ ਪ੍ਰਕਾਸ਼ ਦੇ ਕਦੇ ਇਧਰ ਕਦੇ ਉਧਰ ਹੋ ਕੇ ਸਾਡੀ ਅੱਖ ਤੱਕ ਪਹੁੰਚਣ 'ਤੇ ਇਹ ਟੁੱਟ-ਟੁੱਟ ਕੇ ਪਹੁੰਚਦਾ ਜਾਪਦਾ ਹੈ। ਇਸੇ ਕਾਰਨ ਉਹ ਤਾਰਾ ਜਿਸ ਤੋਂ ਇਹ ਪ੍ਰਕਾਸ਼ ਆ ਰਿਹਾ ਹੁੰਦਾ ਹੈ, ਸਾਨੂੰ ਟਿਮਟਿਮਾਉਂਦਾ ਹੋਇਆ ਦਿਖਾਈ ਦਿੰਦਾ ਹੈ। ਇਹ ਸਾਰਾ ਕੁਝ ਵਾਯੂਮੰਡਲ ਵਿਚ ਮੌਜੂਦ ਗੈਸਾਂ ਹਵਾ ਆਦਿ ਦੇ ਕਾਰਨ ਹੀ ਹੈ।

ਹੁਣ ਚੰਦਰਮਾ ਦੀ ਗੱਲ ਕਰਦੇ ਹਾਂ। ਚੰਦਰਮਾ 'ਤੇ ਧਰਤੀ ਵਾਂਗ ਵਾਯੂਮੰਡਲ ਹੈ ਹੀ ਨਹੀਂ। ਵਾਯੂਮੰਡਲ ਦੀ ਅਣਹੋਂਦ ਦੇ ਕਾਰਨ ਚੰਦਰਮਾ 'ਤੇ ਸੂਰਜ ਤੋਂ ਆਣ ਵਾਲੇ ਪ੍ਰਕਾਸ਼ ਦਾ ਅਪਵਰਤਨ ਹੁੰਦਾ ਹੀ ਨਹੀਂ। ਭਾਵ ਨਾ ਇਸ ਨੂੰ ਵਿਰਲੇ ਤੋਂ ਸੰਘਣੇ ਮਾਧਿਅਮ ਵੱਲ ਜਾਣਾ ਪੈਂਦਾ ਹੈ ਅਤੇ ਨਾ ਸੰਘਣੇ ਤੋਂ ਵਿਰਲੇ ਵੱਲ, ਜਿਸ ਕਾਰਨ ਪ੍ਰਕਾਸ਼ ਸਿੱਧਾ ਵੇਖਣ ਵਾਲੇ ਦੀ ਅੱਖ ਤੱਕ ਪਹੁੰਚਦਾ ਹੈ ਅਤੇ ਨਿਰਵਿਘਨ ਲਗਾਤਾਰ ਪਹੁੰਚਦਾ ਹੈ। ਇਸੇ ਕਾਰਨ ਤਾਰਾ ਉੱਥੇ ਟਿਮਟਿਮਾਉਂਦਾ ਹੋਇਆ ਦਿਖਾਈ ਨਹੀਂ ਦਿੰਦਾ।

ਸੂਰਜ ਦਾ ਪ੍ਰਕਾਸ਼ ਜਦੋਂ ਧਰਤੀ ਤੋਂ ਟਕਰਾਅ ਕੇ ਵਾਪਸ ਮੁੜਦਾ ਹੈ ਭਾਵ ਪਰਾਵਰਤਿਤ ਹੁੰਦਾ ਹੈ ਤਾਂ ਵਾਯੂਮੰਡਲ ਵਿੱਚ ਇਸ ਦਾ ਖੰਡਰਾਓ ਹੋ ਜਾਂਦਾ ਹੈ, ਜਿਸ ਕਾਰਨ ਧਰਤੀ ਤੋਂ ਬਾਹਰੋਂ ਪੁਲਾੜ ਵਿੱਚ ਦੇਖਣ 'ਤੇ ਸਾਨੂੰ ਇੱਥੇ ਜ਼ਿਆਦਾ ਚਮਕ ਦਿਖਾਈ ਦਿੰਦੀ ਹੈ।

ਚੰਦਰਮਾ 'ਤੇ ਅਜਿਹਾ ਕੁਝ ਨਹੀਂ ਹੁੰਦਾ, ਇਸੇ ਕਾਰਨ ਚੰਦਰਮਾ ਤੋਂ ਧਰਤੀ ਨੂੰ ਦੇਖਣ 'ਤੇ ਧਰਤੀ ਚੰਦਰਮਾ ਤੋਂ ਕਈ ਗੁਣਾਂ ਜ਼ਿਆਦਾ ਚਮਕਦਾਰ ਦਿਖਾਈ ਦਿੰਦੀ ਹੈ। ਇਸੇ ਕਾਰਨ ਸਾਨੂੰ ਦਿਨ ਵਿੱਚ ਧਰਤੀ ਉੱਤੇ ਤਾਰੇ ਦਿਖਾਈ ਨਹੀਂ ਦਿੰਦੇ, ਜਦਕਿ ਜੇ ਅਸੀਂ ਦਿਨ ਵਿੱਚ ਚੰਦਰਮਾ ਤੇ ਚੰਦਰਮਾ ਦੀ ਸਤ੍ਹਾ 'ਤੇ ਖੜ ਕੇ ਦੇਖੀਏ ਤਾਂ ਸਾਨੂੰ ਉੱਥੇ ਤਾਰੇ ਦਿਖਾਈ ਦੇਣਗੇ। ਭਾਵ ਚੰਦਰਮਾ 'ਤੇ ਦਿਨ ਵਿੱਚ ਵੀ ਤਾਰੇ ਦਿਖਾਈ ਦਿੰਦੇ ਹਨ ਅਤੇ ਚੰਦਰਮਾ 'ਤੇ ਤਾਰੇ ਟਿਮਟਿਮਾਉਂਦੇ ਹੋਏ ਵੀ ਦਿਖਾਈ ਨਹੀਂ ਦਿੰਦੇ।

**—ਸੰਜੀਵ ਝਾਂਜੀ, ਜਗਰਾਉਂ**

ਮੋਬਾ : +91 80049 10000

*ਪ੍ਰੇਰਕ ਪ੍ਰਸੰਗ*

## ਨਿਰਮਾਣਤਾ

ਬੜੇ ਗੁਲਾਮ ਅਲੀ ਖਾਂ (1902-1968) ਸੰਗੀਤ-ਕਲਾ ਦੇ ਸਿਖਰ 'ਤੇ ਪੁੱਜ ਚੁੱਕੇ ਸਨ ਤੇ ਲੋਕ ਉਨ੍ਹਾਂ ਨੂੰ ਮਹਿਫ਼ਿਲਾਂ ਵਿੱਚ ਗਾਉਂਦਿਆਂ ਸੁਣ ਕੇ ਮੰਤਰ-ਮੁਗਧ ਹੋ ਜਾਂਦੇ ਸਨ।

ਇੱਕ ਵਾਰ ਪਟਨਾ ਦੇ ਇੱਕ ਸੰਗੀਤ-ਵਿਦਿਆਲੇ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ ਤਾਂ ਜੋ ਵਿਦਿਆਰਥੀ ਉਨ੍ਹਾਂ ਨੂੰ ਸੁਣਨ ਅਤੇ ਹੋਰ ਕੁਝ ਜਾਨਣ-ਸਿੱਖਣ ਦਾ ਮੌਕਾ ਪ੍ਰਾਪਤ ਕਰ ਸਕਣ। ਇਸ ਸੰਸਥਾ ਦੇ ਵਿਦਿਆਰਥੀਆਂ ਦਾ ਪੱਧਰ ਆਮ ਨਾਲੋਂ ਕਾਫੀ ਉੱਚਾ ਸੀ। ਬੜੇ ਗੁਲਾਮ ਅਲੀ ਖਾਂ ਨੇ ਵਿਦਿਆਰਥੀਆਂ ਨਾਲ ਰਸਮੀ ਗੱਲਾਂ ਦੌਰਾਨ ਪੁੱਛਿਆ ਕਿ ਉਨ੍ਹਾਂ ਨੇ ਕੀ ਕੁਝ ਸਿੱਖਿਆ ਹੈ? ਇੱਕ ਵਿਦਿਆਰਥੀ ਨੇ ਬੜੇ ਮਾਣ ਨਾਲ ਦੱਸਿਆ ਕਿ ਉਹ ਸੱਠ ਰਾਗਾਂ ਵਿੱਚ ਨਿਪੁੰਨ ਹੋ ਚੁੱਕਾ ਹੈ। ਫਿਰ ਇੱਕ ਹੋਰ ਵਿਦਿਆਰਥੀ ਨੇ ਉਸ ਤੋਂ ਵੀ ਵਧ-ਚੜ੍ਹ ਕੇ ਆਪਣੀ ਯੋਗਤਾ ਬਾਰੇ ਦੱਸਿਆ। ਇਸ ਪਿੱਛੋਂ ਤਾਂ ਕੁਝ ਹੋਰ ਵਿਦਿਆਰਥੀਆਂ ਨੇ ਉਸੇ ਅੰਦਾਜ਼ ਵਿੱਚ ਦੱਸਣਾ ਸ਼ੁਰੂ ਕਰ ਦਿੱਤਾ।

ਬੜੇ ਗੁਲਾਮ ਅਲੀ ਖਾਂ ਚੁੱਪਚਾਪ ਬੈਠੇ ਸੁਣਦੇ ਰਹੇ। ਉਨ੍ਹਾਂ ਨੂੰ ਹੈਰਾਨੀ ਸੀ ਕਿ ਇੰਨਾ ਕੁਝ ਸਿੱਖਣ 'ਤੇ ਵੀ ਉਨ੍ਹਾਂ ਵਿੱਚ ਹਉਮੈ ਭਰੀ ਹੋਈ ਹੈ। ਸੰਗੀਤ ਤਾਂ ਕਲਾਕਾਰਾਂ ਵਿੱਚ ਨਿਰਮਾਣਤਾ ਪੈਦਾ ਕਰਦਾ ਹੈ ਤੇ ਵਿਦਿਆਰਥੀ ਸਨ ਕਿ ਉਨ੍ਹਾਂ ਦੇ ਸਾਹਮਣੇ ਆਪਣਾ ਵਿਖਾਵਾ ਕਰੀ ਜਾ ਰਹੇ ਸਨ।

ਕੁਝ ਚਿਰ ਪਿੱਛੋਂ ਬੜੇ ਗੁਲਾਮ ਅਲੀ ਖਾਂ ਨੇ ਆਪਣੇ ਸਾਜ਼ਿੰਦਿਆਂ ਨੂੰ ਸਾਜ਼ ਬੰਨ੍ਹਣ ਤੇ ਵਾਪਸ ਚੱਲਣ ਲਈ ਕਿਹਾ। ਪ੍ਰਬੰਧਕਾਂ ਨੂੰ ਹੈਰਾਨੀ ਹੋਈ। ਪੁੱਛਣ 'ਤੇ ਬੜੇ ਗੁਲਾਮ ਅਲੀ ਖਾਂ ਨੇ ਕਿਹਾ, 'ਲੱਗਦਾ ਹੈ ਕਿ ਏਥੇ ਸਾਰੇ ਹੀ ਪਹੁੰਚੇ ਹੋਏ ਕਲਾਕਾਰ ਹਨ। ਇਨ੍ਹਾਂ ਨੇ ਕੀ ਸਿੱਖਣਾ ਹੈ? ਸਭ ਤੋਂ ਪਹਿਲਾਂ ਤਾਂ ਨਿਰਮਾਣਤਾ ਸਿੱਖਣ ਦੀ ਲੋੜ ਹੈ।' ਪ੍ਰਬੰਧਕਾਂ ਵੱਲੋਂ ਮਾਫ਼ੀ ਮੰਗਣ ਅਤੇ ਮਿੰਨਤਾਂ ਕਰਨ ਦੇ ਬਾਵਜੂਦ ਬੜੇ ਗੁਲਾਮ ਅਲੀ ਖਾਂ ਉੱਥੇ ਨਹੀਂ ਰੁਕੇ।

**—ਪ੍ਰੋ. ਨਵ ਸੰਗੀਤ ਸਿੰਘ**